PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
16th - 23rd July 2026 • Issue No. 3139
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!


Immigration Advice Bureau
Tel: 020 8571 6680
www.iabl.co.uk

## ਗੱਤਕਾ ਫੈਡਰੇਸ਼ਨ ਯੂ ਕੇ ਵੱਲੋਂ ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਅਤੇ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਕਰਵਾਈ ਗਈ 12ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਵਿੱਚ ਵੱਖ-ਵੱਖ ਸ਼ਹਿਰਾਂ ਦੇ 9 ਗੱਤਕਾ ਅਖਾੜਿਆਂ ਨੇ ਭਾਗ ਲਿਆ

### ਜੇਤੂਆਂ ਅਤੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਗਤਕਾਬਾਜ਼ਾਂ ਦਾ ਟਰਾਫੀਆਂ ਅਤੇ ਮੈਡਲਾਂ ਨਾਲ ਕੀਤਾ ਮਾਣ-ਸਨਮਾਨ




ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ ਦੇਖੋ:

# ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਵੱਲੋਂ, ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਬਾਰਕਿੰਗ ਅਤੇ ਸੈਵਨ ਕਿੰਗਜ਼ ਦੇ ਪ੍ਰਬੰਧ ਅਤੇ ਸੰਗਤਾਂ ਦੇ ਸਹਿਯੋਗ ਨਾਲ ਪ੍ਰੀਵਾਰਿਕ ਖੇਡ ਮੇਲਾ ਕਰਵਾਇਆ ਗਿਆ

## ਖੇਡ ਮੇਲੇ ਵਿੱਚ ਢਾਡੀ ਜੱਥੇ, ਕਵਿਸ਼ਰੀ ਜੱਥੇ ਨੇ ਯੋਧਿਆਂ ਦੀਆਂ ਵਾਰਾਂ ਗਾ ਕੇ ਰੰਗ ਬੰਨਿਆਂ, ਗਤੱਕਾ, ਕਬੱਡੀ, ਰੱਸਾਕਸੀ, ਦੌੜਾਂ ਦੇ ਹੋਏ ਮੁਕਾਬਲੇ, ਗਿੱਧਾ ਭੰਗੜਾ ਤੋਂ ਇਲਾਵਾ ਬੱਚਿਆਂ ਲਈ ਪੰਘੂੜੇ ਅਤੇ ਵੱਖ ਵੱਖ ਸਟਾਲ ਲਗਾਏ ਗਏ, ਬੱਚਿਆਂ ਅਤੇ ਬੀਬੀਆਂ ਲਈ ਖਾਸ ਪ੍ਰਬੰਧ ਕੀਤੇ




ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਦੇਖੋ

ਜਾਰੀ ਕਰਤਾ:– ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ, ਬਾਰਕਿੰਗ ਅਤੇ ਸੈਵਨ ਕਿੰਗਜ਼

# ਹਰੀਕੇ ਪੱਤਣ ’ਤੇ ਜਥੇਦਾਰ ਗੜਗੱਜ ਦੀ ਗਰਜ

# ‘ਇਹ ਲਾਵਾਰਸ ਨਹੀਂ, ਇਹ ਗੁਰੂ ਪੰਥ ਦੇ ਲਾਡਲੇ ਸ਼ਹੀਦ ਹਨ!’

- ਆਪਣੇ ਗੁਨਾਹ ਛੁਪਾਉਣ ਲਈ ਪੁਲੀਸ ਨੇ ਭਾਈ ਖਾਲੜਾ ਨੂੰ ਕੀਤਾ ਸ਼ਹੀਦ-ਮੁੱਖ ਗਵਾਹ ਰਾਜੀਵ ਰੰਧਾਵਾ
- ਸੱਤਾ ਦੇ ਹੰਕਾਰ ਨੇ ਪੰਜਾਬ ਦੇ ਪਾਣੀ ਕੀਤੇ ਲਾਲ; ਜਥੇਦਾਰ ਵੱਲੋਂ ਹਰੀਕੇ ਵਿਖੇ ਸ਼ਹੀਦੀ ਸਮਾਰਕ ਬਣਾਉਣ ਦਾ ਐਲਾਨ
- ਤਸਵੀਰਾਂ ਹੱਥਾਂ ਚ ਫੜ ਪੁੱਜੇ ਪੀੜਤ ਪਰਿਵਾਰ, ਖਾਲੜਾ ਕੇਸ ਦੇ ਮੁੱਖ ਗਵਾਹਾਂ ਅਤੇ ਪਰਿਵਾਰਾਂ ਦਾ ਜਥੇਦਾਰ ਵੱਲੋਂ ਵਿਸ਼ੇਸ਼ ਸਨਮਾਨ
- ਕਾਤਲ ਅਫ਼ਸਰਾਂ ਨੂੰ ਚੋਰੀ-ਛੁਪੇ ਜ਼ਮਾਨਤਾਂ ਅਤੇ ਬੰਦੀ ਸਿੱਖਾਂ ਦੀ ਨਜ਼ਰਬੰਦੀ ’ਤੇ ਜਥੇਦਾਰ ਗੜਗੱਜ ਦਾ ਸਰਕਾਰ ’ਤੇ ਤਿੱਖਾ ਹਮਲਾ
- ਸ਼੍ਰੋਮਣੀ ਕਮੇਟੀ ਨੂੰ ਸਖ਼ਤ ਆਦੇਸ਼: 1982 ਤੋਂ 1995 ਤੱਕ ਦੇ ਪੰਜਾਬ ਸੰਤਾਪ ਦੇ ਦੌਰ ਦਾ ਦਸਤਾਵੇਜ਼ ਤੁਰੰਤ ਕੀਤਾ ਜਾਵੇ ਤਿਆਰ












ਪੰਜਾਬ ਟਾਈਮਜ਼ – ਸ: ਜਸਵੰਤ ਸਿੰਘ ਖਾਲੜਾ 1995 ਵਿੱਚ ਜਦੋਂ ਯੂ ਕੇ ਦੌਰੇ ਸਮੇਂ ਡਰਬੀ ਪਹੁੰਚੇ ਸਨ ਤਾਂ ਇਥੇ ਉਹਨਾਂ ਨਾਲ ਮੀਡੀਆ ਵਜੋਂ ਪੰਜਾਬ ਟਾਈਮਜ਼ ਨੇ ਮੁਲਾਕਾਤ ਕਰਕੇ ਛਾਪੀ ਸੀ, ਇਸੇ ਦੌਰਾਨ ਉਹਨਾਂ ਨ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਵਿਖੇ ਭਾਸ਼ਨ ਦਿੱਤਾ ਸੀ, ਜੋ ਉਹਨਾਂ ਦਾ ਆਖਰੀ ਭਾਸ਼ਨ ਹੋ ਨਿੱਬੜਿਆ। ਇਸ ਦੌਰਾਨ ਉਹਨਾਂ ਨੇ ਬਹੁਤ ਸਾਰੇ ਖੁਲਾਸੇ ਕੀਤੇ ਸਨ ਤੇ ਆਪਣੀ ਜਾਨ ਨੂੰ ਖਤਰੇ ਬਾਰੇ ਵੀ ਖੁਲਾਸਾ ਕੀਤਾ ਸੀ, ਪਰ ਉਹ ਪੰਜਾਬ ਜਾਣ ਲਈ ਦ੍ਰਿੜ ਸਨ। ਉਹੀ ਹੋਇਆ ਜੀ ਉਹਨਾਂ ਕਿਆਸਿਆ ਸੀ, ਪੰਜਾਬ ਪਹੁੰਣ ਤੋਂ ਕੁੱਝ ਹੀ ਦਿਨਾਂ ਬਾਅਦ ਉਹਨਾਂ ਨੂੰ ਘਰੋਂ ਅਗਵਾ ਕਰਕੇ ਤਸੀਹੇ ਦੇਣ ਉਪਰੰਤ ਸ਼ਹੀਦ ਕਰ ਦਿੱਤਾ ਗਿਆ ਸੀ। ਇਹ ਉਕਤ ਸਮਾਗਮ ਉਸ ਮਨੁੱਖੀ ਅਧਿਕਾਰਾਂ ਦੇ ਰਾਖੇ ਭਾਈ ਖਾਲੜਾ ਤੇ ਸਮੂਹ ਸ਼ਹੀਦਾਂ ਦੀ ਯਾਦ ਕੀਤਾ ਗਿਆ।

ਪੰਜਾਬ ਦੇ ਕਾਲੇ ਦੌਰ (1982 ਤੋਂ 1995) ਦੌਰਾਨ ਝੂਠੇ ਪੁਲੀਸ ਮੁਕਾਬਲਿਆਂ ਅਤੇ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਹੋਏ ਨਿਰਦੋਸ਼ ਲੋਕਾਂ ਦੇ ਇਨਸਾਫ਼ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੱਦੇ ’ਤੇ ਸਤਲੁਜ ਦਰਿਆ ਦੇ ਕੰਢੇ (ਹਰੀਕੇ ਹੈੱਡ ਵਰਕਸ) ਇੱਕ ਇਤਿਹਾਸਕ ’ਸ਼ਹੀਦੀ ਅਰਦਾਸ ਸਮਾਗਮ’ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ, ਜਿੱਥੇ ਪੰਜਾਬ ਦੇ ਕੋਨੇ-ਕੋਨੇ ਤੋਂ ਆਏ ਪੀੜਤ ਪਰਿਵਾਰ ਆਪਣੇ ਲਾਪਤਾ ਜੀਆਂ ਦੀਆਂ ਤਸਵੀਰਾਂ ਹੱਥਾਂ ਵਿੱਚ ਫੜੀ ਇਨਸਾਫ਼ ਦੀ ਆਸ ਨਾਲ ਬਹੁਤ ਹੀ ਭਾਵੁਕ ਮਾਹੌਲ ਵਿੱਚ ਇਕੱਠੇ ਹੋਏ ਸਨ। ਇਹ ਸਮਾਗਮ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਆਧਾਰਿਤ ਫ਼ਿਲਮ ‘ਸਤਲੁਜ’ (ਪਹਿਲਾ ਨਾਂ ਪੰਜਾਬ 95) ਦੇ ਵਿਵਾਦ ਦਰਮਿਆਨ ਕਰਵਾਇਆ ਗਿਆ।

## ਸ਼ਹੀਦਾਂ ਦੀ ਅਰਦਾਸ ਦੇ ਅਰਥ ਅਤੇ ਮਨੋਰਥ

ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਹੋਈ ਇਸ ਅਰਦਾਸ ਦੇ ਡੂੰਘੇ ਅਧਿਆਤਮਕ ਅਤੇ ਕੌਮੀ ਮਨੋਰਥ ਸਨ। ਜਥੇਦਾਰ ਨੇ ਐਲਾਨ ਕੀਤਾ ਕਿ ਜਿਨ੍ਹਾਂ ਨੌਜਵਾਨਾਂ ਨੂੰ ਸੱਤਾ ਦੇ ਹੰਕਾਰ ਤਹਿਤ ਪੁਲੀਸ ਮੁਕਾਬਲਿਆਂ ਰਾਹੀਂ ਮਾਰ ਕੇ “ਲਾਵਾਰਸ ਅਤੇ ਅਣਪਛਾਤੇ” ਕਹਿ ਕੇ ਹਰੀਕੇ ਪੱਤਣ ਵਿਚ ਵਹਾ ਦਿੱਤਾ ਗਿਆ ਸੀ, ਉਹ ਲਾਵਾਰਸ ਨਹੀਂ ਹਨ। ਸਮੁੱਚਾ ਗੁਰੂ ਪੰਥ ਉਨ੍ਹਾਂ ਦਾ ਵਾਰਸ ਹੈ।

ਇਸ ਅਰਦਾਸ ਦਾ ਮੁੱਖ ਮਨੋਰਥ ਧਰਮ ਦੀਆਂ ਦੀਵਾਰਾਂ ਤੋਂ ਉੱਪਰ ਉੱਠ ਕੇ ਹਰ ਉਸ ਬੇਗੁਨਾਹ ਪੀੜਤ ਨੂੰ ਯਾਦ ਕਰਨਾ ਸੀ ਜਿਸ ਨੇ ਉਸ ਦੌਰ ਵਿੱਚ ਜਾਨ ਗਵਾਈ ਸੀ।

ਬਾਕੀ ਹਿੱਸਾ ਪੰਨਾ 6 ‘ਤੇ

# ਸੁਪਰੀਮ ਸਿੱਖ ਕੌਂਸਲ ਯੂ.ਕੇ. ਵੱਲੋਂ 12 ਜੁਲਾਈ 2026 ਨੂੰ ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ ਵਿਸ਼ਾਲ ਪੰਥਕ ਕਾਨਫਰੰਸ ਕਰਵਾਈ



## ਅਹਿਮ ਸ਼ਖਸੀਅਤਾਂ ਦਾ ਵਿਸ਼ੇਸ਼ ਮਾਣ ਸਨਮਾਨ ਕੀਤਾ ਗਿਆ

















ਉਪਰ ਤਸਵੀਰਾਂ 'ਚ ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ ਪੰਥਕ ਕਾਨਫਰੰਸ ਸਮੇਂ ਸੁਪਰੀਮ ਸਿੱਖ ਕੌਂਸਲ ਵੱਲੋਂ ਅਹਿਮ ਸ਼ਖਸੀਅਤਾਂ ਦਾ ਉਹਨਾਂ ਦੀਆਂ ਪੰਥਕ ਸੇਵਾਵਾਂ ਲਈ ਸਿਰੋਪਾਓ ਦੇ ਕੇ ਸਨਮਾਨ ਕੀਤਾ ਜਾ ਰਿਹਾ ਹੈ

ਡਰਬੀ: ਐਤਵਾਰ 12 ਜੁਲਾਈ 2026 ਨੂੰ ਖਾਲਸਾ ਦਰਬਾਰ ਗੁਰਦੁਆਰਾ, ਡਰਬੀ ਵਿਖੇ "ਸੁਪਰੀਮ ਸਿੱਖ ਕੌਂਸਲ ਯੂ.ਕੇ." ਅਤੇ "ਖਾਲਸਾ ਦਰਬਾਰ ਗੁਰਦੁਆਰਾ ਡਰਬੀ" ਦੇ ਸਾਂਝੇ ਯਤਨਾਂ ਸਦਕਾ ਇਕ ਵਿਸ਼ਾਲ ਅਤੇ ਮਹੱਤਵਪੂਰਨ ਪੰਥਕ ਕਾਨਫਰੰਸ ਬੜੀ ਸਫਲਤਾ ਪੂਰਬਕ ਆਯੋਜਿਤ ਕੀਤੀ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਬਾਣੀ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਤੋਂ ਬਾਅਦ ਸ੍ਰੀ ਨਨਕਾਣਾ ਸਾਹਿਬ ਦੇ ਹੈਡ ਗਰੰਥੀ ਗਿਆਨੀ ਦਯਾ ਸਿੰਘ ਜੀ ਨੇ ਅਰਦਾਸ ਅਤੇ ਪਵਿੱਤਰ ਹੁਕਮਨਾਮੇ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਉਪਰੰਤ ਖਾਲਸਾ ਦਰਬਾਰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਸੁਪਰੀਮ ਸਿੱਖ ਕੌਂਸਲ ਦੇ ਸਬ-ਕੌਨਟੀਨੈਂਟ ਅਫੇਅਰਜ਼ ਕਮੇਟੀ ਦੇ ਚੇਅਰਮੈਨ ਸ. ਹਰਦਿਆਲ ਸਿੰਘ ਧਮੜੈਤ ਜੀ ਨੇ ਕਾਨਫਰੰਸ ਦਾ ਆਗਾਜ਼ ਕਰਦਿਆਂ ਸਮੂਹ ਸੰਗਤਾਂ ਅਤੇ ਪੰਥਕ ਸਖਸ਼ੀਅਤਾਂ ਨੂੰ ਜੀ ਆਇਆਂ ਆਖਿਆ ਅਤੇ ਸੁਪਰੀਮ ਸਿੱਖ ਕੌਂਸਲ ਦੇ ਸਕੱਤਰ ਜਨਰਲ ਸ. ਸੁਰਿੰਦਰ ਸਿੰਘ ਜੰਡੂ ਐਮ ਬੀ ਈ (ਭਓ) ਨੂੰ ਆਪਣੇ ਵਿਚਾਰ ਸਾਂਝੇ ਕਰਨ ਲਈ ਸਟੇਜ ਤੇ ਆਉਣ ਦਾ ਸੱਦਾ ਦਿੱਤਾ।

ਸ. ਸੁਰਿੰਦਰ ਸਿੰਘ ਜੰਡੂ ਨੇ ਪਾਕਿਸਤਾਨ ਤੋਂ ਆਏ ਸ੍ਰੀ ਨਨਕਾਣਾ ਸਾਹਿਬ ਦੇ ਹੈਡ ਗਰੰਥੀ ਗਿਆਨੀ ਦਯਾ ਸਿੰਘ ਜੀ, ਗੁਰਦੁਆਰਾ ਪ੍ਰਬੰਧਕ ਕਮੇਟੀ ਪਾਕਿਸਤਾਨ ਦੀ ਜਨਰਲ ਸਕੱਤਰ ਪ੍ਰੋ. ਬੀਬੀ ਸਤਵੰਤ ਕੌਰ, ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪ੍ਰੋਫੈਸਰ ਡਾ. ਕਲਿਆਣ ਸਿੰਘ ਕਲਿਆਣ ਅਤੇ ਗਵਰਨਮੈਂਟ ਔਫ ਪਾਕਿਸਤਾਨ ਦੇ ਚੀਫ ਅਕਾਊਂਟੈਂਟ ਸ. ਅਮਰੀਕ ਸਿੰਘ ਦਾ ਨਿੱਘਾ ਸਵਾਗਤ ਕਰਦਿਆਂ ਜੀ-ਆਇਆਂ ਆਖਿਆ ਅਤੇ ਉਨ੍ਹਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ।

ਸ. ਜੰਡੂ ਹੁਰਾਂ ਨੇ ਸੁਪਰੀਮ ਸਿੱਖ ਕੌਂਸਲ ਦਾ ਸੰਖੇਪ ਇਤਿਹਾਸ ਸਾਂਝਾ ਕਰਦਿਆਂ, ਉਨ੍ਹਾਂ ਨੇ ਪਾਕਿਸਤਾਨ ਵਿੱਚ ਸਥਿੱਤ ਗੁਰਧਾਮਾਂ, ਇਤਿਹਾਸਕ ਸਥਾਨਾਂ ਦੀ ਮਹੱਤਤਾ ਅਤੇ ਉਥੇ ਵਸਦੇ ਸਿੱਖ ਪਰਿਵਾਰਾਂ ਦੀ ਸਥਿਤੀ ਬਾਰੇ ਚਿੰਤਾ ਜ਼ਾਹਰ ਕਰਦਿਆਂ ਪਾਕਿ-ਸਤਾਨ ਤੋਂ ਆਏ ਮਹਿਮਾਨਾਂ ਅੱਗੇ ਕੁਝ ਅਹਿਮ ਸੁਆਲ ਵੀ ਰੱਖੇ ਅਤੇ ਸੁਪਰੀਮ ਸਿੱਖ ਕੌਂਸਲ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਪੂਰਨ ਵਿਸ਼ਵਾਸ ਦਿਵਾਇਆ । ਸੁਪਰੀਮ ਸਿੱਖ ਕੌਂਸਲ ਦੇ ਬੋਰਡ ਔਫ ਜਥੇਦਾਰਜ਼ ਦੇ ਕਨਵੀਨਰ ਚੰਦਰ ਸ਼ੇਖਰ ਸਿੰਘ ਗੁਰੂ ਨੇ ਬੜੇ ਪ੍ਰਭਾਵਸ਼ਾਲੀ ਅਤੇ ਨਿੱਘੇ ਢੰਗ ਨਾਲ ਪਾਕਿਸਤਾਨ ਤੋਂ ਆਏ ਡਾ. ਕਲਿਆਣ ਸਿੰਘ ਦਾ ਰਸਮੀ ਸਵਾਗਤ ਤੇ ਜਾਣ-ਪਛਾਣ ਕਰਵਾਉਂਦਿਆਂ ਉਨ੍ਹਾਂ ਨੂੰ ਸਟੇਜ 'ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ । ਡਾ. ਕਲਿਆਣ ਸਿੰਘ ਨੇ ਬੜੇ ਵੇਰਵੇ ਸਹਿਤ ਦੇਸ਼ ਦੀ ਵੰਡ (1947) ਤੋਂ ਲੈ ਕੇ ਹੁਣ ਤੱਕ ਪਾਕਿਸਤਾਨ ਵਿਚਲੇ ਸਿੱਖ ਗੁਰਧਾਮਾਂ, ਧਾਰਮਿਕ ਅਸਥਾਨਾਂ ਅਤੇ ਸਿੱਖ ਭਾਈਚਾਰੇ ਦਾ ਦਿਲ ਛੂਹ ਲੈਣ ਵਾਲਾ ਇਤਿਹਾਸ ਬੜੇ ਸੁੰਦਰ ਢੰਗ ਨਾਲ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਨੇ ਖਾਲਸਾ ਦਰਬਾਰ ਗੁਰਦੁਆਰਾ ਡਰਬੀ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦਾ ਇਕ ਨਿੱਜੀ ਅਤੇ ਬਹੁਤ ਖੂਬਸੂਰਤ ਚਿਰਾਗ (ਦੀਵਾ) ਭੇਟ ਕੀਤਾ।

ਪ੍ਰੋ. ਬੀਬੀ ਸਤਵੰਤ ਕੌਰ ਨੇ ਪਾਕਿਸਤਾਨ ਵਿੱਚ ਸਿੱਖ ਬੀਬੀਆਂ ਨੂੰ ਉੱਚ ਵਿੱਦਿਆ ਪ੍ਰਾਪਤ ਕਰਨ ਦੌਰਾਨ ਆਉਂਦੀਆਂ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਕਈ ਅਹਿਮ ਸੁਝਾਅ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਹੁਣ ਜਥੇਦਾਰ ਭਾਈ ਜੋਗਾ ਸਿੰਘ ਅਤੇ ਹੋਰ ਦਾਨੀ ਸੱਜਣਾਂ ਦੇ ਉਦਮ, ਉਪਰਾਲਿਆਂ ਸਦਕਾ, 'ਸ਼ਹੀਦ ਸਿੰਘ ਸਿੰਘਣੀਆਂ ਗੁਰੂ ਘਰ' ਲਾਹੌਰ ਵਿਖੇ ਪੜ੍ਹਨ ਵਾਲੀਆਂ ਬੀਬੀਆਂ ਲਈ ਸ਼ਾਨਦਾਰ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਜਿਸ ਦੀ ਦੇਖ-ਰੇਖ ਬੀਬੀ ਸਤਵੰਤ ਕੌਰ ਖੁਦ ਕਰ ਰਹੇ ਹਨ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਪਾਕਿਸਤਾਨ ਸਰਕਾਰ ਨੇ ਆਉਣ ਵਾਲੇ ਸਾਲਾਂ ਵਿੱਚ 72 ਗੁਰਦੁਆਰੇ ਅਤੇ ਇਤਿਹਾਸਕ ਸਥਾਨ ਸੰਗਤਾਂ ਦੇ ਦਰਸ਼ਨ-ਦੀਦਾਰਿਆਂ ਲਈ ਖੋਹਲਣ ਦਾ ਵਿਸ਼ਵਾਸ ਦਿਵਾਇਆ ਹੈ । ਪਰ ਇਸ ਵੇਲੇ ਹੁਣ ਤੱਕ 23 ਅਸਥਾਨਾਂ ਦੀ ਸੇਵਾ ਚੱਲ ਰਹੀ ਹੈ ਅਤੇ ਬਹੁਤਿਆਂ ਦੀ ਸੇਵਾ ਮੁਕੰਮਲ ਹੋ ਚੁੱਕੀ ਹੈ ।

ਇਸ ਉਪਰੰਤ ਜਥੇਦਾਰ ਭਾਈ ਜੋਗਾ ਸਿੰਘ ਨੇ ਦੱਸਿਆ ਕਿ ਜੋ ਅੱਜ ਜੋ ਗੁਰਧਾਮਾਂ, ਧਾਰਮਿਕ ਅਸਥਾਨਾਂ ਦੀ ਸਥਿੱਤੀ ਹੈ ਉਹ 40-45 ਸਾਲ ਪਹਿਲਾਂ ਨਹੀਂ ਸੀ, ਪਰ ਉਨ੍ਹਾਂ ਨੇ ਬਾਕੀ ਗੁਰਸਿੱਖਾਂ ਜਿਨ੍ਹਾਂ ਵਿਚ ਸ. ਰਾਜਿੰਦਰ ਸਿੰਘ ਪੁਰੇਵਾਲ, ਸ. ਬਲਬੀਰ ਸਿੰਘ ਬੱਬਰ, ਸ. ਅਵਤਾਰ ਸਿੰਘ ਸੰਘੇੜਾ, ਸ. ਬਲਵਿੰਦਰ ਸਿੰਘ ਨੰਨੂਆ ਅਤੇ ਪਾਕਿ-ਸਤਾਨ ਵਿਚ ਵਸਦੇ ਸਿੱਖਾਂ ਨਾਲ ਰਲਕੇ ਪਾਕਿਸਤਾਨ ਸਰਕਾਰ ਨਾਲ ਗੱਲ-ਬਾਤ ਰਾਹੀਂ ਬਹੁਤ ਸਾਰੀਆਂ ਮੁਸ਼ਕਲਾਂ ਨੂੰ ਹੱਲ ਕੀਤਾ। ਸ. ਰਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਕਰਤਾਰਪੁਰ ਕੋਰੀਡੋਰ ਲਾਂਘਾ ਖੋਹਲਣ ਅਤੇ ਪਾਕਿਸਤਾਨ ਵਿਚਲੇ ਗੁਰਧਾਮਾਂ ਦੀਆਂ ਲੋਕਾਂ ਵੱਲੋਂ ਦੱਬੀਆਂ ਹੋਈਆਂ ਜ਼ਮੀਨਾਂ ਛਡਾਉਣ ਲਈ ਇੰਗਲੈਂਡ ਦੀਆਂ ਸੰਗਤਾਂ ਦਾ ਅਹਿਮ ਰੋਲ ਰਿਹਾ ਹੈ । ਕੌਂਸਲ ਦੇ ਬੁਲਾਰੇ ਸ੍ਰ. ਬੀਰਬਹਾਦਰ ਸਿੰਘ ਬੈਂਸ ਨੇ ਆਏ ਸੱਜਣਾਂ ਦਾ ਧੰਨਵਾਦ ਕਰਦਿਆਂ ਯਾਦ ਦਿਵਾਇਆ ਕਿ ਸਾਨੂੰ ਆਪਣੇ ਇਤਿਹਾਸ ਨਾਲ ਜੁੜਨਾ ਕਿਉਂ ਜ਼ਰੂਰੀ ਹੈ। ਉਨ੍ਹਾਂ ਬੜੇ ਸੁਚੱਜੇ ਸ਼ਬਦਾਂ ਵਿੱਚ ਕਿਹਾ, "ਆਪਣੇ ਇਤਿਹ-ਾਸ ਨਾਲ ਜੁੜਨਾ ਉਨ੍ਹਾਂ ਤਾਕਤਵਰ ਰੁੱਖਾਂ ਵਾਂਗ ਹੈ, ਜੋ ਝੁਕ ਕੇ ਆਪਣੀਆਂ ਜੜ੍ਹਾਂ ਨੂੰ ਛੂਹ ਲੈਂਦੇ ਹਨ ਅਤੇ ਸਦਾ ਹਰੇ-ਭਰੇ ਰਹਿੰਦੇ ਹਨ।"

ਗਿਆਨੀ ਦਯਾ ਸਿੰਘ ਜੀ, ਮੁੱਖ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ ਨੇ ਸਮੁੱਚੀ ਸੁਪਰੀਮ ਕੌਂਸਲ ਯੂ ਕੇ ਅਤੇ ਖਾਲਸਾ ਦਰਬਾਰ ਗੁਰਦੁਆਰਾ ਡਰਬੀ ਦਾ ਧੰਨਵਾਦ ਕੀਤਾ ਕਿ ਜਿਨ੍ਹਾਂ ਨੇ ਸੰਗਤਾਂ ਦੇ ਦਰਸ਼ਨ ਕਰਨ ਦਾ ਸੁਭਾਗ ਸਮਾਂ ਮੁਹੱਈਆ ਕਰਵਾਇਆ । ਇਸ ਮੌਕੇ ਤੇ ਗਿਆਨੀ ਤਰਬੇਦੀ ਸਿੰਘ, ਜੋ ਕਿ ਪਾਕਿਸਤਾਨ ਵਿਚ ਇਕ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਵੀ ਕਰਵਾ ਰਹੇ ਹਨ ਨੇ ਆਪਣੇ ਚੰਗੇ ਮਾੜੇ ਤਜ਼ਰਬੇ ਸੰਗਤਾਂ ਨਾਲ ਸਾਂਝੇ ਕੀਤੇ। ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਕਨਵੀਨਰ ਬੋਰਡ ਔਫ ਜਥੇਦਾਰ ਨੇ ਗੁਰਦੁਆਰਾ ਖਾਲਸਾ ਦਰਬਾਰ ਡਰਬੀ, ਪਾਕਿਸਤਾਨ ਤੋਂ ਆਏ ਸਾਰੇ ਮਹਿਮਾਨਾਂ ਅਤੇ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਕਿਹਾ ਕਿ ਸਭ ਤੋਂ ਵੱਧ ਧੰਨਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ ਜਿਨ੍ਹਾਂ ਨੇ ਅਜ ਦਾ ਇਹ ਸੁਭਾਗਾ ਸਮਾਂ ਸਾਨੂੰ ਬਖਸ਼ਿਸ਼ ਕੀਤਾ ਹੈ ।

ਇਸ ਮੌਕੇ ਸੁਪਰੀਮ ਸਿੱਖ ਕੌਂਸਲ ਦੇ ਆਗੂਆਂ— ਸ੍ਰ. ਸੁਰਿੰਦਰ ਸਿੰਘ ਜੰਡੂ, ਸ੍ਰ. ਹਰਦਿਆਲ ਸਿੰਘ ਧਮੜੈਤ, ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਸ੍ਰ. ਚੰਦਰ ਸ਼ੇਖਰ ਸਿੰਘ ਗੁਰੂ, ਭਾਈ ਜੋਗਾ ਸਿੰਘ ਅਤੇ ਸ. ਰਾਜਿੰਦਰ ਸਿੰਘ ਪੁਰੇਵਾਲ, ਡਾ: ਦਲਜੀਤ ਸਿੰਘ ਵਿਰਕ, ਰਣਜੀਤ ਸਿੰਘ ਸੀਹਰਾ ਅਤੇ ਹਰਭਜਨ ਸਿੰਘ ਦਈਆ ਵੱਲੋਂ ਪਾਕਿ-ਸਤਾਨ ਤੋਂ ਆਏ ਸਾਰੇ ਮਹਿਮਾਨਾਂ ਨੂੰ ਗੁਰੂ ਦੀ ਬਖਸ਼ਿਸ਼ ਸਿਰੋਪਾਓ ਤੇ ਟਰਾਫ਼ੀਆਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਦੀ ਨਵੀਂ ਪ੍ਰਕਾਸ਼ਿਤ ਪੁਸਤਕ 'ਅੰਗਦ ਦਰਪਣ' ਵੀ ਭੇਟ ਕੀਤੀ ਗਈ ।

ਪਾਕਿਸਤਾਨ ਤੋਂ ਆਏ ਸਤਿਕਾਰਯੋਗ ਸੱਜਣਾਂ ਵੱਲੋਂ ਵੀ ਸੁਪਰੀਮ ਸਿੱਖ ਕੌਂਸਲ ਦੇ ਸੈਕਟਰੀ ਜਨਰਲ ਸ. ਸੁਰਿੰਦਰ ਸਿੰਘ ਜੰਡੂ, ਸਪੋਕਸਮੈਨ ਸ. ਬੀਰਬਹਾਦਰ ਸਿੰਘ ਬੈਂਸ, ਇੰਡੀਅਨ ਸਬ-ਕੌਂਟੀਨੈਂਟ ਦੇ ਚੇਅਰਮੈਨ ਅਤੇ ਖਾਲਸਾ ਦਰਬਾਰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ. ਹਰਦਿਆਲ ਸਿੰਘ ਧਮੜੈਤ, ਬੋਰਡ ਔਫ ਜਥੇਦਾਰ ਦੇ ਮੈਂਬਰ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਸ. ਚੰਦਰ ਸ਼ੇਖਰ ਸਿੰਘ ਗੁਰੂ, ਭਾ. ਜੋਗਾ ਸਿੰਘ, ਸ. ਰਜਿੰਦਰ ਸਿੰਘ ਪੁਰੇਵਾਲ ਨੂੰ "ਗੁਰਮੁਖੀ ਅਦਬ ਦਾ ਖ਼ਜ਼ਾਨਾ" ਅਤੇ "ਗੁਰਮੁਖੀ ਉਸਤਾਦ" ਪੁਸਤਕਾਂ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਉਪਰੋਕਤ ਦੂਸਰੇ ਸੈਸ਼ਨ ਵਿਚ ਇਕ ਖਾਸ ਮੀਟਿੰਗ ਰਾਹੀਂ ਬੜੀ ਗਹਿਰਾਈ ਵਿਚ ਲੋੜੀਂਦੇ ਵਿਸ਼ਿਆਂ ਉਪਰ ਵਿਚਾਰਾਂ ਕੀਤੀਆਂ ਗਈਆਂ, ਜਿਨ੍ਹਾਂ ਵਿਚ ਗੁਰਦੁਆਰਾ ਸਾਹਿਬਾਨਾਂ ਦੀ ਸੁਰੱਖਿਆਂ, ਸੇਵਾ ਸੰਭਾਲ ਤੋਂ ਇਲਾਵਾ ਗ੍ਰੰਥੀ ਸਿੰਘਾਂ ਨੂੰ ਅਗੇਰੀ ਟਰੇਨਿੰਗ, ਨੌਜਵਾਨ ਪੀੜ੍ਹੀ ਨੂੰ ਗੁਰਦੁਆਰਾ ਸਾਹਿਬ ਅਤੇ ਗੁਰਮੁਖੀ ਨਾਲ ਜੋੜਨ ਦੀ ਵਿਧੀ, ਰਹਿਤ ਮਰਯਾਦਾ ਦਾ ਉਰਦੂ ਵਿਚ ਤਰਜ਼ਮਾਂ ਕਰਵਾ ਕੇ ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਤੋਂ ਪਾਸ ਕਰਵਾ ਕੇ ਛਪਵਾਉਣਾ ਆਦਿ ਸ਼ਾਮਿਲ ਸਨ। ਫੈਸਲਾ ਲਿਆ ਗਿਆ ਕਿ ਪਾਕਿਸਤਾਨ ਤੋਂ ਆਏ ਮਹਿਮਾਨ ਸੱਜਣ ਅਤੇ ਸੁਪਰੀਮ ਸਿੱਖ ਕੌਂਸਲ ਵੱਲੋਂ ਪਾਸ ਕੀਤੇ ਮਤੇ ਇਕ ਦੂਜੇ ਨਾਲ ਸਾਂਝੇ ਕਰਕੇ ਅੰਤਿਮ ਫੈਸਲੇ ਤੇ ਪਹੁੰਚਣਗੇ। ਸਾਰੇ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਾਕਿਸਤਾਨ ਸ਼੍ਰੋਮਣੀ ਕਮੇਟੀ ਦੇ ਸਲਾਹ-ਮਸ਼ਵਰੇ ਨਾਲ ਕਾਨੂੰਨੀ ਦਾਇਰੇ ਵਿਚ ਰਹਿ ਕੇ ਕੀਤੇ ਜਾਣਗੇ।

ਅੰਤ ਵਿਚ ਪਾਕਿਸਤਾਨ ਤੋਂ ਆਏ ਸਤਿਕਾਰਯੋਗ ਮਹਿਮਾਨਾਂ ਵੱਲੋਂ ਸੁਪਰੀਮ ਸਿੱਖ ਕੌਂਸਲ ਅਤੇ ਖਾਲਸਾ ਦਰਬਾਰ ਗੁਰਦੁਆਰਾ ਸਾਹਿਬ ਦੇ ਸਾਰੇ ਸੇਵਾਦਾਰਾਂ ਨੂੰ ਸਿਰੋਪਾਓ ਅਤੇ 555ਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਯਾਦਗਾਰੀ ਪਾਕਿਸਤਾਨੀ ਸਿੱਕੇ ਨਾਲ ਸਨਮਾਨਿਤ ਕੀਤਾ ਗਿਆ। ਸ. ਸੁਰਿੰਦਰ ਸਿੰਘ ਜੰਡੂ ਨੇ ਖਾਲਸਾ ਦਰਬਾਰ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵਲੋਂ ਲੰਗਰ ਅਤੇ ਮੀਟਿੰਗ ਦੌਰਾਨ ਕੀਤੀ ਗਈ ਚਾਹ-ਪਾਣੀ ਦੀ ਅਟੁੱਟ, ਨਿਸ਼ਕਾਮ ਅਤੇ ਪਿਆਰ-ਭਰੀ ਸੇਵਾ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਸਮੁੱਚੇ ਸਮਾਗਮ ਦੀ ਮੀਡੀਆ ਕਵਰੇਜ 'ਅਕਾਲ ਚੈਨਲ' ਵੱਲੋਂ ਕੀਤੀ ਗਈ। ਪ੍ਰੋਗਰਾਮ ਨੂੰ ਰਿਕਾਰਡ ਕਰਨ ਅਤੇ ਯੂ ਟਿਊਬ 'ਤੇ ਲਾਈਵ ਪ੍ਰਸਾਰਨ ਰਾਹੀਂ ਸੰਸਾਰ ਭਰ ਦੀਆਂ ਸੰਗਤਾਂ ਤੱਕ ਪਹੁੰਚਾਉਣ ਲਈ ਅਕਾਲ ਚੈਨਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਹ ਸਫ਼ਲ ਕਾਨਫਰੰਸ ਸਮੁੱਚੀ ਕੌਮ ਲਈ ਇੱਕ ਯਾਦਗਾਰੀ ਅਤੇ ਮਾਰਗਦਰਸ਼ਕ ਹੋ ਨਿਬੜੀ।

## ਗਿਆਨੀ ਗੁਲਸ਼ਨ ਜੀ ਵੱਲੋਂ ਮਹਿਮਾਨਾਂ ਨੂੰ ਗੁਰਮਤਿ ਪੁਸਤਕਾਂ ਭੇਟ













ਸੁਪਰੀਮ ਸਿੱਖ ਕੌਂਸਲ ਵੱਲੋਂ ਸੁਰਿੰਦਰ ਸਿੰਘ ਜੰਡੂ, ਚੰਦਰ ਸ਼ੇਖਰ ਸਿੰਘ ਗੁਰੂ, ਹਰਦਿਆਲ ਸਿੰਘ ਧਮੜੈਤ ਅਤੇ ਬੀਰਬਹਾਦਰ ਸਿੰਘ ਬੈਂਸ ਵੱਲੋਂ ਗਿ: ਗੁਰਬਖਸ਼ ਸਿੰਘ ਗੁਲਸ਼ਨ ਅਤੇ ਹੋਰ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ ਅਤੇ ਹਾਜ਼ਰ ਸੰਗਤਾਂ

**ਜਾਰੀ ਕਰਤਾ: ਸੁਪਰੀਮ ਸਿੱਖ ਕੌਂਸਲ ਯੂ ਕੇ** — ਬੀਰਬਹਾਦਰ ਸਿੰਘ ਬੈਂਸ – ਸਪੋਕਸਪਰਸਨ, ਸੁਪਰੀਮ ਸਿੱਖ ਕੌਂਸਲ ਯੂ.ਕੇ., ਸ. ਹਰਦਿਆਲ ਸਿੰਘ ਧਮੜੈਤ ਮੁੱਖ ਸੇਵਾਦਾਰ, ਖਾਲਸਾ ਦਰਬਾਰ ਗੁਰਦੁਆਰਾ, ਡਰਬੀ

# ਪੰਜਾਬ ਕਾਂਗਰਸ ’ਚ ਆਰ-ਪਾਰ ਦੀ ਜੰਗ

**✪ ਭੂਪੇਸ਼ ਬਘੇਲ ਦੀ ‘ਚੰਡੀਗੜ੍ਹ ਫੇਰੀ’ ਬੇਅਸਰ, ਦਿੱਲੀ ਦਰਬਾਰ ਪੁੱਜਾ ਕਲੇਸ਼ ! ✪ ਵੜਿੰਗ ਨੂੰ ਹਟਾਉਣ ’ਤੇ ਅੜਿਆ ਚੰਨੀ ਗੁੱਟ, ਹਾਈਕਮਾਂਡ ਅੱਗੇ ਫਸਿਆ ਪੇਚ ✪ ਕਾਂਗਰਸੀ ਖਾਨਾਜੰਗੀ ਨੇ ਵਧਾਈ ਹਾਈਕਮਾਂਡ ਦੀ ਚਿੰਤਾ; ਰਾਹੁਲ ਗਾਂਧੀ ਦੇ ਦਖ਼ਲ ’ਤੇ ਟਿਕੀਆਂ ਨਜ਼ਰਾਂ**



## >> ਨਿਊਜ਼ ਵਿਸ਼ਲੇਸ਼ਣ <<

ਪੰਜਾਬ ਵਿਧਾਨ ਸਭਾ ਚੋਣਾਂ 2027 ਵਿੱਚ ਭਾਵੇਂ ਅਜੇ ਛੇ ਮਹੀਨਿਆਂ ਤੋਂ ਘੱਟ ਦਾ ਸਮਾਂ ਬਾਕੀ ਹੈ, ਪਰ ਪੰਜਾਬ ਕਾਂਗਰਸ ਅੰਦਰ ਚੱਲ ਰਹੀ ਖਾਨਾਜੰਗੀ ਅਤੇ ਸੱਤਾ ਦੀ ਖਿੱਚੋਤਾਣ ਹੁਣ ਪੂਰੀ ਤਰ੍ਹਾਂ ਚੌਰਾਹੇ ’ਤੇ ਆ ਗਈ ਹੈ। ਹਾਲਾਤ ਇੰਨੇ ਨਾਜ਼ੁਕ ਹੋ ਚੁੱਕੇ ਹਨ ਕਿ ਪਾਰਟੀ ਹਾਈਕਮਾਂਡ ਵੱਲੋਂ ਤਾਇਨਾਤ ਕੀਤੇ ਗਏ ਸੂਬਾ ਇੰਚਾਰਜ ਭੂਪੇਸ਼ ਬਘੇਲ ਦੀ 5-6 ਦਿਨਾਂ ਦੀ ‘ਚੰਡੀਗੜ੍ਹ ਫੇਰੀ’ ਵੀ ਪੂਰੀ ਤਰ੍ਹਾਂ ਬੇਅਸਰ ਸਾਬਤ ਹੋਈ ਹੈ।

ਬਘੇਲ ਦੀਆਂ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਨਤੀਜਾ ‘ਸਿ਼ਫਰ’ ਰਿਹਾ ਹੈ ਅਤੇ ਪਾਰਟੀ ਅੰਦਰ ਬ਼ਗਾਵਤ ਦੀ ਅੱਗ ਲਗਾਤਾਰ ਭੜਕ ਰਹੀ ਹੈ। ਹੁਣ ਪੰਜਾਬ ਕਾਂਗਰਸ ਦੀ ਇਹ ਅੰਦਰੂਨੀ ਲੜਾਈ ਦਿੱਲੀ ਦਰਬਾਰ ਪਹੁੰਚ ਚੁੱਕੀ ਹੈ, ਜਿੱਥੇ ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਇੱਕ ਹੰਗਾਮੀ ਬੈਠਕ ਕਰਕੇ ਸਥਿਤੀ ਦੀ ਸਮੀਖਿਆ ਸ਼ੁਰੂ ਕਰ ਦਿੱਤੀ ਹੈ।

### ਬਘੇਲ ਕਿਉਂ ਨਾ ਸੁਲਝਾ ਸਕੇ ਮਸਲਾ ? ਚੰਨੀ ਚੱਕਰਵਿਊਹ ’ਚ ਫਸੀ ਲੀਡਰਸ਼ਿਪ

ਸੂਬਾ ਇੰਚਾਰਜ ਭੂਪੇਸ਼ ਬਘੇਲ ਨੇ ਚੰਡੀਗੜ੍ਹ ਵਿੱਚ ਡੇਰੇ ਲਾ ਕੇ ਨਾਰਾਜ਼ ਧੜੇ ਨੂੰ ਮਨਾਉਣ ਲਈ ਬ੍ਰੇਕਫਾਸਟ, ਲੰਚ ਅਤੇ ਡਿਨਰ ਡਿਪਲੋਮੇਸੀ ਦਾ ਸਹਾਰਾ ਲਿਆ, ਪਰ ਉਹ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਚੱਕਰਵਿਊ ਨੂੰ ਤੋੜਨ ਵਿੱਚ ਨਾਕਾਮ ਰਹੇ।

ਬੀਤੇ ਦਿਨੀਂ ਕਪੂਰਥਲਾ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਦੇ ਨਿਵਾਸ ’ਤੇ ਹੋਈ ਦੋ ਘੰਟੇ ਦੀ ਲੰਬੀ ਬੈਠਕ ਵਿੱਚ ਚੰਨੀ ਧੜੇ ਨੇ ਦੋ ਟੁੱਕ ਲ਼ਫਜ਼ਾਂ ਵਿੱਚ ਕਹਿ ਦਿੱਤਾ ਸੀ-“ਸਾਨੂੰ ਰਾਜਾ ਵੜਿੰਗ ਵਰਗਾ ਕਮਜ਼ੋਰ ਲੀਡਰ ਪ੍ਰਵਾਨ ਨਹੀਂ ਹੈ।”

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਪਰਗਟ ਸਿੰਘ ਅਤੇ ਅਰੁਣਾ ਚੌਧਰੀ ਸਮੇਤ 92 ਵਿਧਾਨ ਸਭਾ ਹਲਕਿਆਂ ਨਾਲ ਸਬੰਧਤ ਆਗੂਆਂ ਦਾ ਗੁੱਟ ਮੌਜੂਦਾ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ’ਤੇ ਅੜਿਆ ਹੋਇਆ ਹੈ।

ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਵੀ ਬੈਠਕ ਵਿੱਚ ਵੜਿੰਗ ਦੀ ਕਾਰਜਸ਼ੈਲੀ ’ਤੇ ਸਵਾਲ ਚੁੱਕਦਿਆਂ ਕਿਹਾ ਸੀ ਕਿ ਉਹ ਕਾਂਗਰਸ ਨੂੰ ਹਾਰਦੇ ਹੋਏ ਨਹੀਂ ਦੇਖ ਸਕਦੇ। ਆਗੂਆਂ ਦਾ ਤਰਕ ਹੈ ਕਿ ਜੇਕਰ ਵੜਿੰਗ ਪ੍ਰਧਾਨ ਰਹਿੰਦੇ ਹਨ, ਤਾਂ 2027 ਵਿੱਚ ਕਾਂਗਰਸ ਦੀਆਂ ਜਿੱਤਣ ਦੀਆਂ ਸੰਭਾਵਨਾਵਾਂ ਖ਼ਤਮ ਹੋ ਜਾਣਗੀਆਂ।

ਮੀਟਿੰਗ ਤੋਂ ਬਾਅਦ ਭੂਪੇਸ਼ ਬਘੇਲ ਨੇ ਇਹ ਕਹਿ ਕੇ ਮਾਮਲੇ ਨੂੰ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ “ਪੰਜਾਬ ਵਿੱਚ ਕਾਂਗਰਸ ਦਾ ਸਿਰ਼ਫ ਇੱਕ ਹੀ ਚਿਹਰਾ ਹੈ, ਅਤੇ ਉਹ ਹੈ ਰਾਹੁਲ ਗਾਂਧੀ।” ਪਰ ਸਿਆਸੀ ਮਾਹਿਰਾਂ ਅਨੁਸਾਰ, ਬਘੇਲ ਵੱਲੋਂ ਵੜਿੰਗ ਨੂੰ ਨਾ ਬਦਲਣ ਦੇ ਅੜੀਅਲ ਰੁਖ ਨੇ ਨਾਰਾਜ਼ਗੀ ਨੂੰ ਹੋਰ ਵਧਾ ਦਿੱਤਾ ਹੈ।

### ਵੜਿੰਗ ਨੂੰ ਕਿਉਂ ਨਹੀਂ ਬਦਲਿਆ ਜਾ ਰਿਹਾ ?

ਹਾਈਕਮਾਂਡ ਅੱਗੇ ਸਭ ਤੋਂ ਵੱਡਾ ਪੇਚ ਇਹ ਫਸਿਆ ਹੋਇਆ ਹੈ ਕਿ ਰਾਜਾ ਵੜਿੰਗ ਕੋਲ ਸੰਗਠਨ ਦੇ ਬਹੁਗਿਣਤੀ ਜ਼ਿਲ੍ਹਾ ਪ੍ਰਧਾਨਾਂ ਦਾ ਸਮਰਥਨ ਹਾਸਿਲ ਹੈ। ਕੇ.ਸੀ. ਵੇਣੂਗੋਪਾਲ ਰਾਹੀਂ ਹਾਈਕਮਾਂਡ ਤੱਕ ਇਹ ਫੀਡਬੈਕ ਪਹੁੰਚਿਆ ਹੈ ਕਿ ਜੇਕਰ ਚੋਣਾਂ ਦੇ ਐਨ ਮੌਕੇ ਪ੍ਰਧਾਨ ਬਦਲਿਆ ਗਿਆ, ਤਾਂ ਪਾਰਟੀ ਪੂਰੀ ਤਰ੍ਹਾਂ ਬਿਖਰ ਸਕਦੀ ਹੈ।

ਇਸ ਦੇ ਨਾਲ ਹੀ, ਹਾਈਕਮਾਂਡ 2027 ਦੀਆਂ ਚੋਣਾਂ ਕਿਸੇ ਇੱਕ ਚਿਹਰੇ (ਜਿਵੇਂ 2012/2017 ਵਿੱਚ ਕੈਪਟਨ ਅਤੇ 2022 ਵਿੱਚ ਚੰਨੀ) ਦੀ ਬਜਾਏ ‘ਸਾਂਝੀ ਲੀਡਰਸ਼ਿਪ’ ਦੇ ਫਾਰਮੂਲੇ ਨਾਲ ਲੜਨਾ ਚਾਹੁੰਦੀ ਹੈ। ਚੰਨੀ ਨੂੰ ਚੋਣ ਪ੍ਰਚਾਰ ਕਮੇਟੀ (ਕੈਂਪੇਨ ਕਮੇਟੀ) ਦਾ ਮੁਖੀ ਬਣਾ ਕੇ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਇਹ ਫਾਰਮੂਲਾ ਫੇਲ ਹੁੰਦਾ ਦਿਖਾਈ ਦੇ ਰਿਹਾ ਹੈ।

### ਕੀ ਰਾਹੁਲ ਗਾਂਧੀ ਕਰਨਗੇ ਉਪਰਾਲਾ ਜਾਂ ਫਿਰ ਕਰਨਗੇ ਨਜ਼ਰਅੰਦਾਜ਼ ?

ਰਾਹੁਲ ਗਾਂਧੀ ਇਸ ਮਸਲੇ ਨੂੰ ਬਿਲਕੁਲ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਪੰਜਾਬ ਨੂੰ ਲੈ ਕੇ ਉਹ ਪਹਿਲਾਂ ਹੀ ਬਹੁਤ ਸੰਵੇਦਨਸ਼ੀਲ ਹਨ, ਕਿਉਂਕਿ 2022 ਵਿੱਚ ਕੈਪਟਨ-ਸਿੱਧੂ-ਚੰਨੀ ਦੇ ਆਪਸੀ ਕਲੇਸ਼ ਕਾਰਨ ਹੱਥ ਵਿੱਚ ਆਈ ਸੱਤਾ ਗਵਾਉਣੀ ਪਈ ਸੀ। ਰਾਹੁਲ ਗਾਂਧੀ 2027 ਵਿੱਚ ਉਹ ਇਤਿਹਾਸ ਦੁਹਰਾਉਣਾ ਨਹੀਂ ਚਾਹੁੰਦੇ।

ਸੂਤਰਾਂ ਅਨੁਸਾਰ ਰਾਹੁਲ ਗਾਂਧੀ ਜਲਦ ਹੀ ਪੰਜਾਬ ਦੇ ਸੀਨੀਅਰ ਨੇਤਾਵਾਂ ਨੂੰ ਦਿੱਲੀ ਸੱਦ ਕੇ ਇੱਕ ਮੇਜ਼ ’ਤੇ ਬਿਠਾ ਸਕਦੇ ਹਨ। ਸਿਆਸੀ ਮਾਹਿਰਾਂ ਅਨੁਸਾਰ ਰਾਜਾ ਵੜਿੰਗ ਨੂੰ ਸ਼ਾਇਦ ਤੁਰੰਤ ਪ੍ਰਧਾਨਗੀ ਤੋਂ ਨਾ ਹਟਾਇਆ ਜਾਵੇ (ਕਿਉਂਕਿ ਇਸ ਨਾਲ ਹਾਈਕਮਾਂਡ ਕਮਜ਼ੋਰ ਦਿਖੇਗੀ), ਪਰ ਚੰਨੀ ਦੇ ਗੁੱਟ ਨੂੰ ਸ਼ਾਂਤ ਕਰਨ ਲਈ ਚੋਣ ਪ੍ਰਚਾਰ ਕਮੇਟੀ ਨੂੰ ਬਹੁਤ ਜ਼ਿਆਦਾ ਸ਼ਕਤੀਆਂ ਅਤੇ ਖ਼ੁਦਮੁਖਤਿਆਰੀ ਦਿੱਤੀ ਜਾ ਸਕਦੀ ਹੈ।

ਚੰਨੀ, ਰੰਧਾਵਾ ਅਤੇ ਪ੍ਰਤਾਪ ਸਿੰਘ ਬਾਜਵਾ (ਜੋ ਕਿ ਖ਼ੁਦ ਨੂੰ ਸੀ.ਐਮ. ਦੇ ਦਾਅਵੇਦਾਰ ਵਜੋਂ ਦੇਖਦੇ ਹਨ) ਦੇ ਧੜਿਆਂ ਨੂੰ 2027 ਦੀਆਂ ਟਿਕਟਾਂ ਦੀ ਵੰਡ ਵਿੱਚ ਬਰਾਬਰ ਦੀ ਹਿੱਸੇਦਾਰੀ ਦੇਣ ਦੀ ਲਿਖਤੀ ਜਾਂ ਪੱਕੀ ਗਾਰੰਟੀ ਦਿੱਤੀ ਜਾ ਸਕਦੀ ਹੈ।

ਹਾਈਕਮਾਂਡ ਵੜਿੰਗ-ਬਘੇਲ ਦੀ ਜੋੜੀ ਦੀ ਪਕੜ ਨੂੰ ਥੋੜ੍ਹਾ ਢਿੱਲਾ ਕਰਕੇ ਫੈਸਲਿਆਂ ਵਿੱਚ ਸਮੂਹਿਕ ਲੀਡਰਸ਼ਿਪ ਨੂੰ ਸ਼ਾਮਲ ਕਰਨ ਦਾ ਫਾਰਮੂਲਾ ਲਾਗੂ ਕਰ ਸਕਦੀ ਹੈ।

ਪੰਜਾਬ ਵਿੱਚ 32 ਫੀਸਦੀ ਤੋਂ ਵੱਧ ਦਲਿਤ ਆਬਾਦੀ ਹੋਣ ਕਾਰਨ ਚੰਨੀ ਕਾਂਗਰਸ ਅੰਦਰ ਰਹਿ ਕੇ ਹੀ ਆਪਣਾ ਸਿਆਸੀ ਮੁੱਲ ਵਧਾ ਰਹੇ ਹਨ ਅਤੇ ਫਿਲਹਾਲ ਉਨ੍ਹਾਂ ਦੇ ਭਾਜਪਾ ਵਿੱਚ ਜਾਣ ਦੀ ਸੰਭਾਵਨਾ ਘੱਟ ਹੈ। ਪਰ ਜੇਕਰ ਰਾਹੁਲ ਗਾਂਧੀ ਨੇ ਸਮਾਂ ਰਹਿੰਦੇ ਦਖ਼ਲ ਦੇ ਕੇ ਇਸ ਖਾਨਾਜੰਗੀ ਨੂੰ ਨਾ ਰੋਕਿਆ, ਤਾਂ ਪੰਜਾਬ ਕਾਂਗਰਸ ਚੋਣਾਂ ਜਿੱਤਣ ਦੇ ਸੁਪਨੇ ਦੇਖਦਿਆਂ-ਦੇਖਦਿਆਂ ਅੰਦਰੂਨੀ ਕਲੇਸ਼ ਕਾਰਨ ਦੋਫਾੜ ਹੋ ਸਕਦੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਾਂਗਰਸ ਹਾਈਕਮਾਂਡ ਨੂੰ ਇਹ ਸਮਝਣਾ ਹੋਵੇਗਾ ਕਿ ਸਥਾਨਕ ਲੀਡਰਸ਼ਿਪ ਦੀ ਬਗਾਵਤ ਨੂੰ ਦਬਾਉਣ ਲਈ ਕੇਂਦਰੀ ਚਿਹਰੇ ਦੀ ਆੜ ਲੈਣਾ ਕੋਈ ਪੱਕਾ ਇਲਾਜ ਨਹੀਂ ਹੈ। ਜੇਕਰ ਪਾਰਟੀ ਨੇ 2027 ਵਿੱਚ ਸੱਤਾ ਵਿੱਚ ਵਾਪਸੀ ਕਰਨੀ ਹੈ, ਤਾਂ ਉਸ ਨੂੰ ਅੰਦਰੂਨੀ ਕਲੇਸ਼ ਨੂੰ ਤੁਰੰਤ ਖ਼ਤਮ ਕਰਕੇ ਸੂਬੇ ਦੇ ਆਗੂਆਂ ਨੂੰ ਇੱਕ ਮੰਚ ’ਤੇ ਲਿਆਉਣਾ ਹੋਵੇਗਾ, ਨਾ ਕਿ ਜ਼ਮੀਨੀ ਹਕੀਕਤਾਂ ਤੋਂ ਅੱਖਾਂ ਫੇਰ ਕੇ ਸਿਰ਼ਫ ਇੱਕ ਚਿਹਰੇ ਦੇ ਭਰੋਸੇ ਚੋਣ ਮੈਦਾਨ ਵਿੱਚ ਉਤਰਨਾ ਚਾਹੀਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪਾਰਟੀ ਨੂੰ 2022 ਵਰਗੇ ਨਤੀਜਿਆਂ ਦਾ ਸਾਹਮਣਾ ਫਿਰ ਤੋਂ ਕਰਨਾ ਪੈ ਸਕਦਾ ਹੈ।

✪ ✪ ✪

## ਈਰਾਨੀ ਅਖ਼ਬਾਰ ਵੱਲੋਂ ਟਰੰਪ ਅਤੇ ਨੇਤਨਯਾਹੂ ਸਮੇਤ 13 ਨੇਤਾਵਾਂ ਦੀ ‘ਹਿੱਟ ਲਿਸਟ’ ਜਾਰੀ

ਤਹਿਰਾਨ-ਅਮਰੀਕਾ-ਈਰਾਨ ਜੰਗ ਦੇ ਵਿਚਕਾਰ, ਈਰਾਨ ਦੀ ਰਾਜਧਾਨੀ ਤਹਿਰਾਨ ਤੋਂ ਪ੍ਰਕਾਸ਼ਿਤ ਹੋਣ ਵਾਲੇ ਸਰਕਾਰੀ ਅਖ਼ਬਾਰ ‘ਹਮਸ਼ਹਰੀ’ ਨੇ ਇੱਕ ਪੋਸਟਰ ਛਾਪ ਕੇ ਦੁਨੀਆ ਦੇ 13 ਵੱਡੇ ਨੇਤਾਵਾਂ ਨੂੰ ਟਾਰਗੇਟ ਕਰਨ ਦੀ ਲਿਸਟ ਜਾਰੀ ਕੀਤੀ ਹੈ। ਇਹ ਲਿਸਟ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਦੀ ਮੌਤ/ ਹੱਤਿਆ ਦਾ ਬਦਲਾ ਲੈਣ ਲਈ ਛਾਪੀ ਗਈ ਹੈ, ਜਿਸ ਲਈ ਇਨ੍ਹਾਂ ਨੇਤਾਵਾਂ ਨੂੰ ਜ਼ਿੰਮੇਵਾਰ ਮੰਨਿਆ ਗਿਆ ਹੈ।

ਧਮਕੀ ਭਰੀ ਸੁਰਖੀ: ਅਖ਼ਬਾਰ ਨੇ ਇਸ ਗ੍ਰਾਫਿਕ ਪੋਸਟਰ ਦੇ ਨਾਲ ਹੈਡਲਾਈਨ ਦਿੱਤੀ ਹੈ- “ਅਚਾਨਕ ਮੌਤ ਲਈ ਤਿਆਰ ਰਹੋ।”

ਇਸ ਹਿੱਟ ਲਿਸਟ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਟਰੰਪ, ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਤੇ ਇਟਲੀ ਦੀ ਪ੍ਰਧਾਨ ਮੰਤਰੀ ਮੇਲੋਨੀ ਸਮੇਤ ਕਈ ਦੇਸ਼ਾਂ ਦੇ ਰੱਖਿਆ ਅਤੇ ਵਿਦੇਸ਼ ਮੰਤਰੀ ਸ਼ਾਮਲ ਹਨ। ਖਾਮੇਨੇਈ ਦੇ ਪੁੱਤਰ ਮੋਜਤਬਾ ਖਾਮੇਨੇਈ ਨੇ ਆਪਣੇ ਪਿਤਾ ਦੇ ਅੰਤਿਮ ਸਸਕਾਰ ਤੋਂ ਬਾਅਦ ਬਿਆਨ ਦਿੱਤਾ ਕਿ ਬਦਲਾ ਲੈਣਾ ਉਨ੍ਹਾਂ ਦੇ ਦੇਸ਼ ਦੀ ਇੱਛਾ ਹੈ ਅਤੇ ਇਸ ਨੂੰ ਹਰ ਹਾਲ ਵਿੱਚ ਪੂਰਾ ਕੀਤਾ ਜਾਵੇਗਾ।

# ਪੰਥਕ ਜਥੇਬੰਦੀਆਂ ਨੇ ਗ੍ਰਹਿ ਮੰਤਰੀ ਦੇ ਨਾਂ ਮੰਗ ਪੱਤਰ ਸੌਂਪੇ

## ✪ ਫ਼ਿਲਮ 'ਸਤਲੁਜ' ਰਿਲੀਜ਼ ਕਰਨ ਅਤੇ 'ਸੱਚ ਕਮਿਸ਼ਨ' ਬਣਾਉਣ ਦੀ ਮੰਗ



ਜਲੰਧਰ-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਸਮੇਤ ਪੰਜਾਬ ਦੀਆਂ ਪੰਜ ਪੰਥਕ ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਨਾਮ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਰਾਹੀਂ ਮੰਗ ਪੱਤਰ ਭੇਜੇ ਹਨ। ਇਸ ਰਾਹੀਂ ਪੰਜਾਬ ਦੇ ਇੱਕ ਖ਼ਾਸ ਦੌਰ ਦੀ ਜਾਂਚ ਅਤੇ ਇੱਕ ਫ਼ਿਲਮ ਦੀ ਰਿਲੀਜ਼ ਨੂੰ ਲੈ ਕੇ ਅਹਿਮ ਮੰਗਾਂ ਚੁੱਕੀਆਂ ਗਈਆਂ ਹਨ।

ਜਥੇਬੰਦੀ ਦੇ ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ ਨੇ ਮੰਗ ਕੀਤੀ ਹੈ ਕਿ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਸੰਘਰਸ਼ 'ਤੇ ਆਧਾਰਿਤ ਫ਼ਿਲਮ 'ਸਤਲੁਜ' ਨੂੰ ਬਿਨਾਂ ਕਿਸੇ ਸੈਂਸਰ ਕੱਟ ਦੇ ਸਿਨੇਮਾ ਘਰਾਂ ਵਿੱਚ ਰਿਲੀਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੁਝ ਲੋਕ ਇਸ 'ਤੇ ਹਲਕੀ ਰਾਜਨੀਤੀ ਕਰਕੇ ਹਿੰਦੂ-ਸਿੱਖ ਮੁੱਦਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਦਕਿ ਇਸ ਫ਼ਿਲਮ ਵਿੱਚ ਕਿਸੇ ਵੀ ਫ਼ਿਰਕੇ ਦੇ ਖ਼ਿਲਾਫ਼ ਕੋਈ ਭੜਕਾਹਟ ਨਹੀਂ ਹੈ।

ਸੱਚ ਕਮਿਸ਼ਨ ਦਾ ਗਠਨ: ਜਥੇਬੰਦੀਆਂ ਨੇ ਕੇਂਦਰੀ ਗ੍ਰਹਿ ਮੰਤਰੀ ਤੋਂ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਸੰਨ 1980 ਤੋਂ ਲੈ ਕੇ 1995 ਤੱਕ ਵਾਪਰੇ ਘਟਨਾਕ੍ਰਮ ਦੀ ਨਿਰਪੱਖ ਜਾਂਚ ਲਈ 'ਪੰਜਾਬ ਸੱਚ ਅਤੇ ਜਵਾਬਦੇਹੀ ਕਮਿਸ਼ਨ' ਬਣਾਇਆ ਜਾਵੇ, ਤਾਂ ਜੋ ਉਸ ਦੌਰ ਵਿੱਚ ਮਰਨ ਵਾਲੇ ਬੇਕਸੂਰ ਲੋਕਾਂ ਦਾ ਸਹੀ ਅੰਕੜਾ ਸਾਹਮਣੇ ਆ ਸਕੇ। ਦੋਸ਼ੀਆਂ ਖ਼ਿਲਾਫ਼ ਕਾਰਵਾਈ: ਮੰਗ ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਸਵੰਤ ਸਿੰਘ ਖਾਲੜਾ ਅਤੇ ਹੋਰ ਬੇਕਸੂਰਾਂ ਦੀਆਂ ਮੌਤਾਂ ਲਈ ਜ਼ਿੰਮੇਵਾਰ ਪੁਲੀਸ ਮੁਲਾਜ਼ਮਾਂ ਨੂੰ ਲੱਭ ਕੇ ਦੁਬਾਰਾ ਜੇਲ੍ਹ ਵਿੱਚ ਸੁੱਟਿਆ ਜਾਵੇ।

ਗੁਰਪ੍ਰਤਾਪ ਸਿੰਘ ਵਡਾਲਾ ਅਨੁਸਾਰ, ਇਸ ਫ਼ਿਲਮ ਵਿੱਚ ਪੁਲੀਸ ਵੱਲੋਂ ਲਾਪਤਾ ਕੀਤੇ ਗਏ ਆਮ ਲੋਕਾਂ ਦੀ ਗੱਲ ਕੀਤੀ ਗਈ ਹੈ, ਜਿਸ ਵਿੱਚ ਮਾਰੇ ਗਏ ਹਿੰਦੂ ਨੌਜਵਾਨਾਂ ਦੇ ਕੇਸ ਵੀ ਸ਼ਾਮਲ ਸਨ। ਇਸ ਲਈ ਇਸ ਨੂੰ ਫ਼ਿਰਕੂ ਰੰਗਤ ਦੇਣਾ ਗਲਤ ਹੈ।

### >> ਮਾਮਲਾ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕੁਰਸੀ ਲਗਾਉਣ ਦਾ <<

# ਗਿਆਨੀ ਰਘਬੀਰ ਸਿੰਘ ਦੀ ਮੌਜੂਦਗੀ ਅਤੇ ਚੁੱਪੀ 'ਤੇ ਪੰਥਕ ਹਲਕੇ ਹੈਰਾਨ

## ✪ ਸਾਬਕਾ ਜਥੇਦਾਰ 'ਤੇ ਉੱਠੇ ਸਵਾਲ, ਸੋਸ਼ਲ ਮੀਡੀਆ 'ਤੇ ਵਾਇਰਲ ਤਸਵੀਰ ਨੇ ਪੰਥਕ ਹਲਕਿਆਂ ਵਿਚ ਮਚਾਈ ਹਲਚਲ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਹਰਿਮੰਦਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨਾਲ ਸਬੰਧਤ ਇੱਕ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਪੰਥਕ ਹਲਕਿਆਂ ਵਿੱਚ ਵੱਡੀ ਹਲਚਲ ਮਚ ਗਈ ਹੈ। ਤਸਵੀਰ ਕਾਰਨ ਉਨ੍ਹਾਂ ਉੱਤੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਦੇ ਸਵਾਲ ਉੱਠ ਰਹੇ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਤਸਵੀਰ ਇੱਕ ਸਮਾਗਮ ਦੀ ਹੈ, ਜਿੱਥੇ ਗਿਆਨੀ ਰਘਬੀਰ ਸਿੰਘ ਸੰਬੋਧਨ ਕਰ ਰਹੇ ਹਨ। ਵਿਵਾਦ ਇਸ ਗੱਲ ਦਾ ਹੈ ਕਿ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੇ ਬਿਲਕੁਲ ਬਰਾਬਰ ਇੱਕ ਪ੍ਰਬੰਧਕ ਕੁਰਸੀ 'ਤੇ ਬੈਠਾ ਨਜ਼ਰ ਆ ਰਿਹਾ ਹੈ।

ਗਏਪੰਥਕ ਹਲਕਿਆਂ ਵਿੱਚ ਚਰਚਾ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਬਤੌਰ ਪਾਠੀ ਸੇਵਾ ਸ਼ੁਰੂ ਕਰਨ ਵਾਲੇ ਅਤੇ ਕਰੀਬ 19 ਸਾਲ ਪੰਜ ਪਿਆਰਿਆਂ ਦੀ ਸੇਵਾ ਨਿਭਾਉਂਦੇ ਹੋਏ ਅੰਮ੍ਰਿਤ ਅਭਿਲਾਖੀਆਂ ਨੂੰ ਮਰਿਆਦਾ ਦਾ ਪਾਠ ਪੜ੍ਹਾਉਣ ਵਾਲੇ ਗਿਆਨੀ ਰਘਬੀਰ ਸਿੰਘ ਦੀ ਮੌਜੂਦਗੀ ਵਿੱਚ ਅਜਿਹੀ ਕਥਿਤ ਉਲੰਘਣਾ ਕਿਵੇਂ ਹੋਈ। ਇਸ ਗੰਭੀਰ ਮਾਮਲੇ 'ਤੇ ਉਨ੍ਹਾਂ ਦੀ ਚੁੱਪੀ ਨੂੰ ਲੈ ਕੇ ਵੀ ਸਵਾਲ ਚੁੱਕੇ ਜਾ ਰਹੇ ਹਨ।

### ਕੀ ਕਹਿੰਦੀ ਹੈ ਸਿੱਖ ਰਹਿਤ ਮਰਿਆਦਾ?

ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ (ਪੰਨਾ ਨੰਬਰ 15) ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਮੇਂ-ਸਮੇਂ 'ਤੇ (1998, 2009 ਅਤੇ 2013 ਵਿੱਚ) ਜਾਰੀ ਹੁਕਮਨਾਮਿਆਂ ਅਨੁਸਾਰ:

ਗੁਰੂ ਰੂਪ ਸਾਧ ਸੰਗਤ ਵਿੱਚ ਕਿਸੇ ਵੀ ਮਨੁੱਖ ਦਾ ਗੱਦੇ, ਆਸਣ, ਕੁਰਸੀ, ਚੌਂਕੀ ਜਾਂ ਮੰਜੇ 'ਤੇ ਵੱਖਰਾ (ਜਾਂ ਗੁਰੂ ਸਾਹਿਬ ਦੇ ਬਰਾਬਰ) ਬੈਠਣਾ ਮਨਮੱਤ (ਮਰਿਆਦਾ ਦੇ ਉਲਟ) ਹੈ। ਸੰਗਤ ਅਤੇ ਪ੍ਰਬੰਧਕਾਂ ਨੂੰ ਹਮੇਸ਼ਾ ਬਰਾਬਰ (ਜ਼ਮੀਨ 'ਤੇ) ਬੈਠਣ ਦੇ ਨਿਰਦੇਸ਼ ਹਨ।



### ਗਿਆਨੀ ਰਘਬੀਰ ਸਿੰਘ ਦਾ ਸੇਵਾ ਕਾਲ

ਗਿਆਨੀ ਰਘਬੀਰ ਸਿੰਘ ਸਿੱਖ ਪੰਥ ਦੇ ਕਈ ਅਹਿਮ ਅਹੁਦਿਆਂ 'ਤੇ ਰਹੇ ਹਨ। ਉਹ 2014 ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਬਣੇ, 2017 ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਾਰਜਕਾਰੀ ਜਥੇਦਾਰ ਰਹੇ ਅਤੇ 16 ਜੂਨ 2023 ਨੂੰ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਸੀ।

## ਹਰੀਕੇ ਪੱਤਣ ਤੇ ਅਰਦਾਸ

–ਪੰਨਾ 3 ਦਾ ਬਾਕੀ ਹਿੱਸਾ

ਇਸ ਵਿੱਚ ਸਿੱਖਾਂ ਦੇ ਨਾਲ-ਨਾਲ ਮਾਰੇ ਗਏ ਅਤੇ ਲਾਪਤਾ ਹੋਏ ਹਿੰਦੂ ਪਰਿਵਾਰਾਂ ਦੇ ਮੈਂਬਰਾਂ ਨੂੰ ਵੀ ਯਾਦ ਕੀਤਾ ਗਿਆ। ਚੜ੍ਹਦੀ ਕਲਾ ਅਤੇ ਇਤਿਹਾਸ ਦੀ ਰਾਖੀ: ਇਸ ਅਰਦਾਸ ਦਾ ਮਨੋਰਥ ਕੌਮ ਨੂੰ ਨੈਤਿਕ ਫ਼ਰਜ਼ਾਂ ਪ੍ਰਤੀ ਜਗਾਉਣਾ, ਸ਼ਹੀਦਾਂ ਦੀ ਯਾਦ ਨੂੰ ਅਮਰ ਰੱਖਣਾ, ਕੌਮੀ ਏਕਤਾ ਸਿਰਜਣੀ ਅਤੇ ਜ਼ੁਲਮ ਦੇ ਹਨੇਰੇ ਵਿੱਚ ਵੀ ਚੜ੍ਹਦੀ ਕਲਾ ਦੀ ਉਮੀਦ ਜਗਾਉਣਾ ਹੈ।

### ਦਰਿਆਵਾਂ ਵਿੱਚ ਰੋੜ੍ਹੇ ਲਾਵਾਰਸਾਂ ਅਤੇ ਖਾਲੜਾ ਬਾਰੇ ਖੁੱਲ੍ਹੇ ਭੇਦ

ਸਮਾਗਮ ਦੌਰਾਨ ਪੰਜਾਬ ਦੇ ਦਰਦਨਾਕ ਇਤਿਹਾਸ ਦੇ ਕਈ ਭੇਦ ਅਤੇ ਤੱਥ ਸਾਹਮਣੇ ਆਏ। ਸਾਲ 1988 ਤੋਂ 1995 ਤੱਕ ਹਜ਼ਾਰਾਂ ਨੌਜਵਾਨਾਂ 'ਤੇ ਅਣਮਨੁੱਖੀ ਤਸ਼ੱਦਦ ਕਰਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਦੱਸ ਕੇ ਜਾਂ ਤਾਂ ਸਾੜ ਦਿੱਤਾ ਗਿਆ ਜਾਂ ਫਿਰ ਹਰੀਕੇ ਪੱਤਣ ਵਰਗੇ ਦਰਿਆਵਾਂ-ਨਹਿਰਾਂ ਵਿੱਚ ਰੋੜ੍ਹ ਦਿੱਤਾ ਗਿਆ। ਜਥੇਦਾਰ ਨੇ ਕਿਹਾ ਕਿ ਹਰ ਧਰਮ ਦੀ ਅੰਤਿਮ ਕਿਰਿਆ ਦੀ ਆਪੋ-ਆਪਣੀ ਮਰਿਆਦਾ ਹੁੰਦੀ ਹੈ, ਜਿਸ ਦਾ ਜ਼ਾਲਮਾਂ ਵੱਲੋਂ ਘਾਣ ਕੀਤਾ ਗਿਆ।

ਮਨੁੱਖੀ ਅਧਿਕਾਰ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਨੇ ਆਪਣੀ ਜਾਂਚ ਦੌਰਾਨ ਹਜ਼ਾਰਾਂ ਅਜਿਹੇ ਗੈਰ-ਕਾਨੂੰਨੀ ਸਸਕਾਰਾਂ ਅਤੇ ਲਾਪਤਾ ਲੋਕਾਂ ਦੇ ਸੱਚ ਨੂੰ ਦੁਨੀਆ ਸਾਹਮਣੇ ਲਿਆਂਦਾ ਸੀ, ਜਿਸ ਕਾਰਨ ਸਤੰਬਰ 1995 ਵਿੱਚ ਉਨ੍ਹਾਂ ਨੂੰ ਵੀ ਅਗਵਾ ਕਰਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਨੇ ਲਾਪਤਾ ਲੋਕਾਂ ਦੀ ਅਸਲ ਗਿਣਤੀ ਲਈ 'ਲੋਕ ਕਮਿਸ਼ਨ' ਬਣਾਉਣ ਦੀ ਮੰਗ ਕੀਤੀ ਹੈ।

ਹਰੀਕੇ ਪੱਤਣ ਵਿਖੇ ਖਾਲੜਾ ਕੇਸ ਦੇ ਮੁੱਖ ਗਵਾਹ ਰਾਜੀਵ ਸਿੰਘ ਰੰਧਾਵਾ ਨੇ ਹਕੂਮਤ ਅਤੇ ਦੋਸ਼ੀ ਪੁਲੀਸ ਅਫ਼ਸਰਾਂ ਦੇ ਗੁਨਾਹਾਂ ਦਾ ਪਰਦਾਫਾਸ਼ ਕਰਦਿਆਂ ਕਿਹਾ ਕਿ ਭਾਈ ਜਸਵੰਤ ਸਿੰਘ ਖਾਲੜਾ ਨੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਹਰੇਕ ਨਿਰਦੋਸ਼ ਵਿਅਕਤੀ ਦੀ ਹੱਤਿਆ ਦੇ ਖਿਲਾਫ਼ ਆਵਾਜ਼ ਬੁਲੰਦ ਕਰਨ ਲਈ ਆਪਣੀ ਜਾਨ ਦਿੱਤੀ। ਉਸ ਵਕਤ ਦੀ ਹਕੂਮਤ ਅਤੇ ਪੁਲੀਸ ਅਫ਼ਸਰਾਂ ਨੇ ਆਪਣੇ ਗੁਨਾਹਾਂ ਨੂੰ ਛੁਪਾਉਣ ਲਈ ਭਾਈ ਖਾਲੜਾ ਉਪਰ ਅਣਮਨੁੱਖੀ ਤਸ਼ੱਦਦ ਕਰਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਖਾਲੜਾ ਮਿਸ਼ਨ ਕਮੇਟੀ ਅਤੇ ਗਵਾਹਾਂ ਨੇ ਸ਼ਹੀਦ ਦੀ ਸੋਚ 'ਤੇ ਪਹਿਰਾ ਦਿੰਦਿਆਂ ਦੋਸ਼ੀ ਪੁਲੀਸ ਅਫਸਰਾਂ ਨੂੰ ਸਜ਼ਾਵਾਂ ਦਿਵਾ ਕੇ ਮਨੁੱਖੀ ਹੱਕਾਂ ਦੀ ਰਖਵਾਲੀ ਕੀਤੀ ਹੈ।

### ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕੌਮ ਦੇ ਨਾਮ ਹੇਠ ਲਿਖੇ ਅਹਿਮ ਐਲਾਨ ਕੀਤੇ:

ਸ਼ਹੀਦੀ ਪੱਤਣ ਅਤੇ ਸਮਾਰਕ: ਹੁਣ ਸਮੁੱਚੀ ਕੌਮ ਹਰੀਕੇ ਪੱਤਣ ਨੂੰ 'ਸ਼ਹੀਦੀ ਪੱਤਣ' ਵਜੋਂ ਯਾਦ ਕਰੇਗੀ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਕਿ ਇੱਥੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ 'ਸ਼ਹੀਦਗੰਜ ਸਮਾਰਕ' ਅਤੇ ਗੁਰਦੁਆਰਾ ਸਾਹਿਬ ਬਣਾਇਆ ਜਾਵੇ। ਇਤਿਹਾਸਕ ਦਸਤਾਵੇਜ਼ ਤਿਆਰ ਕਰਨ ਦੇ ਹੁਕਮ : ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਗਿਆ ਕਿ ਉਹ ਸਾਲ 1982 ਤੋਂ 1995 ਦੇ ਦਰਮਿਆਨ ਹੋਏ ਸਾਰੇ ਵੱਡੇ ਹਾਦਸਿਆਂ ਅਤੇ ਕਤਲੇਆਮ ਦੀ ਰਿਪੋਰਟ ਤੇ ਦਸਤਾਵੇਜ਼ ਤਿਆਰ ਕਰੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇਤਿਹਾਸ ਸੁਰੱਖਿਅਤ ਰਹੇ। ਜਥੇਦਾਰ ਨੇ ਸਰਕਾਰ ਵੱਲੋਂ ਨੌਜਵਾਨਾਂ ਦੇ ਕਾਤਲ ਜਸਪਾਲ ਸਿੰਘ ਵਰਗੇਪੁਲੀਸ ਅਫ਼ਸਰਾਂ ਨੂੰ ਕਥਿਤ ਤੌਰ 'ਤੇ ਚੋਰੀ-ਛੁਪੇ ਜ਼ਮਾਨਤਾਂ ਦੇਣ ਦਾ ਸਖ਼ਤ ਵਿਰੋਧ ਕੀਤਾ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ 'ਬੰਦੀ ਸਿੱਖਾਂ' ਦੀ ਰਿਹਾਈ ਨਾ ਕੀਤੇ ਜਾਣ 'ਤੇ ਸਰਕਾਰ ਨੂੰ ਘੇਰਿਆ।

### ਪੰਥਕ ਜਥੇਬੰਦੀਆਂ ਦੀ ਹਾਜ਼ਰੀ ਅਤੇ ਸਨਮਾਨ

ਇਸ ਇਤਿਹਾਸਕ ਮੌਕੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਜਥੇਦਾਰ ਸਾਹਿਬ ਦੇ ਫੈਸਲਿਆਂ ਦਾ ਸਮਰਥਨ ਕੀਤਾ। ਸਮਾਗਮ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਮਾਨ ਸਿੰਘ ਮਾਨ ਤੇ ਜਥੇਦਾਰ ਹਰਪਾਲ ਸਿੰਘ ਬਲੇਰ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰਸਾ ਸਿੰਘ ਵਲਟੋਹਾ, ਅਤੇ ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਦੇ ਤਰਸੇਮ ਸਿੰਘ, ਪਰਮਜੀਤ ਸਿੰਘ ਸਮੇਤ ਕਈ ਸਿੱਖ ਸੰਸਥਾਵਾਂ ਦੇ ਆਗੂ ਹਾਜ਼ਰ ਸਨ। ਜਥੇਦਾਰ ਗੜਗੱਜ ਵੱਲੋਂ ਖਾਲੜਾ ਮਿਸ਼ਨ ਕਮੇਟੀ ਦੇ ਮੈਂਬਰਾਂ (ਬਲਵਿੰਦਰ ਸਿੰਘ ਝਬਾਲ, ਐਡਵੋਕੇਟ ਸੁਰਿੰਦਰਪਾਲ ਸਿੰਘ ਘਰਿਆਲਾ) ਅਤੇ ਖਾਲੜਾ ਕੇਸ ਦੇ ਮੁੱਖ ਗਵਾਹਾਂ (ਕੰਵਲਜੀਤ ਕੌਰ ਬਚੜੇ, ਰਾਜੀਵ ਸਿੰਘ ਰੰਧਾਵਾ, ਲਖਵਿੰਦਰ ਕੌਰ ਰੰਧਾਵਾ) ਨੂੰ ਸਿਰਪਾਉ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

# ਸਿਸਟਮ 'ਤੇ ਖੜੇ ਹੋਏ ਵੱਡੇ ਸਵਾਲ: ਫ਼ਰਜ਼ੀ ਪਤੇ 'ਤੇ ਜ਼ਮਾਨਤ ਲੈ ਕੇ ਲਾਪਤਾ ਹੋਇਆ ਖਾਲੜਾ ਦਾ ਕਾਤਲ ਜਸਪਾਲ ਸਿੰਘ

**✪ ਜਸਪਾਲ ਸਿੰਘ ਦੀ ਰਿਹਾਈ 'ਤੇ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨੇ ਚੁੱਕੇ ਸਵਾਲ; 'ਆਪ' ਅਤੇ ਅਕਾਲੀ ਦਲ ਆਹਮੋ-ਸਾਹਮਣੇ ✪ ਖਾਲੜਾ ਕੇਸ ਦੇ ਕਾਤਲ ਪੁਲੀਸ ਅਫ਼ਸਰਾਂ ਕੋਲ ਅਜੇ ਵੀ ਨੇ 'ਰਾਸ਼ਟਰਪਤੀ ਪਦਕ', ਸਿਆਸਤ ਗਰਮਾਈ ✪ ਬੀਬੀ ਖਾਲੜਾ ਵੱਲੋਂ ਅਕਾਲ ਤਖ਼ਤ ਸਾਹਿਬ ਨੂੰ 'ਲੋਕ ਕਮਿਸ਼ਨ' ਬਣਾਉਣ ਦੀ ਅਪੀਲ**

## ਨਿਊਜ਼ ਵਿਸ਼ਲੇਸ਼ਣ

ਪੰਜਾਬ ਸੰਤਾਪ ਦੇ ਦੌਰ (1980-90ਵਿਆਂ) ਦੌਰਾਨ ਹੋਈਆਂ ਪੁਲੀਸ ਜ਼ਿਆਦਤੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਮੁੱਦਾ ਇੱਕ ਵਾਰ ਫਿਰ ਭਖ ਗਿਆ ਹੈ। ਮਨੁੱਖੀ ਅਧਿਕਾਰ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਦੇ ਅਗਵਾ ਅਤੇ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਯਾਫ਼ਤਾ (ਮੌਜੂਦਾ ਵੇਲੇ ਜ਼ਮਾਨਤ 'ਤੇ ਬਾਹਰ) ਸਾਬਕਾ ਡੀਐੱਸਪੀ ਜਸਪਾਲ ਸਿੰਘ ਦੇ 'ਗਾਇਬ' ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਜਸਪਾਲ ਸਿੰਘ ਵੱਲੋਂ ਸਰਕਾਰੀ ਰਿਕਾਰਡ ਵਿੱਚ ਦਰਜ ਕਰਵਾਇਆ ਗਿਆ ਪਤਾ ਪੂਰੀ ਤਰ੍ਹਾਂ ਝੂਠਾ ਹੈ, ਜਿਸ ਕਾਰਨ ਪੁਲੀਸ ਪ੍ਰਸ਼ਾਸਨ ਅਤੇ ਕਾਨੂੰਨੀ ਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ।

ਕਿਵੇਂ ਸਾਹਮਣੇ ਆਇਆ ਪਤੇ ਦਾ ਫ਼ਰਜ਼ੀਵਾੜਾ?-ਭਾਈ ਖਾਲੜਾ ਕਤਲ ਕੇਸ ਵਿੱਚ ਪਟਿਆਲਾ ਦੀ ਸੀਬੀਆਈ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਪਾ ਚੁੱਕੇ ਜਸਪਾਲ ਸਿੰਘ ਨੂੰ ਮਈ 2023 ਵਿੱਚ ਜ਼ਮਾਨਤ ਮਿਲੀ ਸੀ। ਹਾਲ ਹੀ ਵਿੱਚ ਨਾਭਾ ਓਪਨ ਜੇਲ੍ਹ ਪ੍ਰਸ਼ਾਸਨ ਨੇ ਜਸਪਾਲ ਸਿੰਘ ਵੱਲੋਂ ਦਿੱਤੇ ਗਏ ਪਤੇ (ਪਿੰਡ ਮਾਂਝੀ, ਹੁਸ਼ਿਆਰਪੁਰ) ਦੀ ਤਸਦੀਕ ਲਈ ਸਥਾਨਕ ਪੁਲੀਸ ਨੂੰ ਪੱਤਰ ਲਿਖਿਆ। ਜਦੋਂ ਪੁਲੀਸ ਜਾਂਚ ਲਈ ਪਿੰਡ ਪਹੁੰਚੀ ਤਾਂ ਖੁਲਾਸਾ ਹੋਇਆ ਕਿ ਉੱਥੇ ਇਸ ਨਾਮ ਦਾ ਕੋਈ ਵਿਅਕਤੀ ਜਾਂ ਪਰਿਵਾਰ ਕਦੇ ਇਥੇ ਦੇਖਿਆ ਹੀ ਨਹੀਂ ਸੀ।ਦੋਸ਼ੀ ਦੇ ਵਕੀਲ ਮੁਤਾਬਕ, 2023 ਵਿੱਚ ਜ਼ਮਾਨਤ ਮਿਲਣ ਵੇਲੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਨੇ ਪਤੇ ਦੀ ਤਸਦੀਕ ਦੀ ਆਮ ਸ਼ਰਤ ਤੋਂ ਛੂਟ ਦਿੱਤੀ ਸੀ, ਜਿਸ ਦਾ ਫਾਇਦਾ ਚੁੱਕਦਿਆਂ ਦੋਸ਼ੀ ਨੇ ਗਲਤ ਪਤਾ ਦਰਜ ਕਰਵਾਇਆ। ਇਸ ਲਾਪ੍ਰਵਾਹੀ ਕਾਰਨ ਸਿਸਟਮ 3 ਸਾਲਾਂ ਤੱਕ ਅਵੇਸਲਾ ਰਿਹਾ।





ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਰਹੇ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਮਾਤਾ ਨੂੰ ਅਗਵਾ ਕਰਕੇ ਲਾਪਤਾ ਕਰਨ ਦੇ ਗੰਭੀਰ ਮਾਮਲੇ ਵਿੱਚ ਉਸ ਸਮੇਂ ਦੇ ਐਸ.ਐਚ.ਓ. ਅਤੇ ਬਾਅਦ ਵਿੱਚ ਏ. ਆਈ. ਜੀ. ਵਜੋਂ ਸੇਵਾ ਮੁਕਤ ਹੋਏ ਜਗਦੀਪ ਸਿੰਘ ਨਾਮਜ਼ਦ ਹਨ। ਇਹ ਅਧਿਕਾਰੀ ਮੌਜੂਦਾ ਸਮੇਂ ਵਿੱਚ ਸੀ.ਬੀ.ਆਈ. ਵੱਲੋਂ ਭਗੌੜਾ ਐਲਾਨੇ ਹੋਏ ਹਨ।

ਬੀਬੀ ਪਰਮਜੀਤ ਕੌਰ ਖਾਲੜਾ ਨੇ ਮੌਜੂਦਾ ਸਰਕਾਰ 'ਤੇ ਸਪੱਸ਼ਟ ਅਤੇ ਗੰਭੀਰ ਦੋਸ਼ ਲਾਏ ਸਨ ਕਿ ਉਹ ਵੀ ਪੁਰਾਣੀਆਂ ਰਵਾਇਤੀ ਪਾਰਟੀਆਂ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੀ ਹੈ। ਸਭ ਤੋਂ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਜਿਨ੍ਹਾਂ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਣਾ ਚਾਹੀਦਾ ਸੀ, ਉਨ੍ਹਾਂ ਨੂੰ ਕਥਿਤ ਤੌਰ 'ਤੇ ਫਰਾਰ ਕਰਵਾਉਣ ਵਿੱਚ ਮਦਦ ਕੀਤੀ ਗਈ ਹੈ।

ਇਸ ਸੂਚੀ ਵਿੱਚ ਮਨੁੱਖੀ ਅਧਿਕਾਰਾਂ ਦੇ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਦੇ ਕਾਤਲ ਡੀ.ਐਸ.ਪੀ. ਜਸਪਾਲ ਸਿੰਘ ਸਮੇਤ ਸਬ-ਇੰਸਪੈਕਟਰ ਜਸਬੀਰ ਸਿੰਘ ਅਤੇ ਸਤਨਾਮ ਸਿੰਘ ਵਰਗੇ ਵੱਡੇ ਨਾਮ ਸ਼ਾਮਲ ਹਨ। ਅਦਾਲਤਾਂ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਅਜਿਹੇ ਅਧਿਕਾਰੀਆਂ ਦਾ ਫਰਾਰ ਹੋ ਜਾਣਾ, ਸੂਬੇ ਦੀ ਕਾਨੂੰਨ ਵਿਵਸਥਾ ਅਤੇ ਮੌਜੂਦਾ ਸਰਕਾਰ ਦੀ ਨੀਅਤ 'ਤੇ ਵੱਡੇ ਸਵਾਲੀਆ ਚਿੰਨ੍ਹ ਲਗਾਉਂਦਾ ਹੈ।

ਬੀਬੀ ਖਾਲੜਾ ਦਾ ਕਹਿਣਾ ਹੈ ਕਿ ਚੋਣ ਰੈਲੀਆਂ ਵਿੱਚ ਪੀੜਤਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਵਾਲੇ ਆਗੂ ਜਦੋਂ ਖ਼ੁਦ ਸੱਤਾ ਵਿੱਚ ਆਉਂਦੇ ਹਨ, ਤਾਂ ਜ਼ਮੀਨੀ ਪੱਧਰ 'ਤੇ ਦੋਸ਼ੀ ਬੁਚੜ ਪੁਲੀਸ ਅਫ਼ਸਰਾਂ ਦੀ ਪੁਸ਼ਤਪਨਾਹੀ ਕਰਦੇ ਹਨ। ਆਪ ਸਰਕਾਰ ਨੂੰ ਇਸ ਮਾਮਲੇ 'ਤੇ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ਅਤੇ ਫਰਾਰ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ।

ਸ਼ਹੀਦ ਭਗਤ ਸਿੰਘ ਦੇ ਪਰਿਵਾਰ ਵੱਲੋਂ ਤਿੱਖੇ ਸਵਾਲ-ਇਸੇ ਦੌਰਾਨ, ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਰਿਵਾਰ ਨੇ ਵੀ ਜਸਪਾਲ ਸਿੰਘ ਦੀ ਰਿਹਾਈ 'ਤੇ ਕਾਨੂੰਨੀ ਸਵਾਲ ਚੁੱਕੇ ਹਨ। ਦੱਸਣਯੋਗ ਹੈ ਕਿ ਭਗਤ ਸਿੰਘ ਦੇ ਰਿਸ਼ਤੇਦਾਰ ਕੁਲਜੀਤ ਸਿੰਘ ਢੱਠ ਨੂੰ 1989 ਵਿੱਚ ਮਾਰਨ ਦੀ ਮਨਸ਼ਾ ਨਾਲ ਅਗਵਾ ਕਰਨ ਦੇ ਦੋਸ਼ ਵਿੱਚ ਹੁਸ਼ਿਆਰਪੁਰ ਜ਼ਿਲ੍ਹਾ ਅਦਾਲਤ ਵੱਲੋਂ ਜਸਪਾਲ ਸਿੰਘ ਨੂੰ 5 ਸਾਲ ਦੀ ਵੱਖਰੀ ਸਜ਼ਾ ਸੁਣਾਈ ਗਈ ਸੀ।

ਪਰਿਵਾਰ ਦੇ ਵਕੀਲ ਸਰਬਜੋਤ ਸਿੰਘ ਚੀਮਾ ਨੇ ਮੁੱਖ ਮੰਤਰੀ ਦਫ਼ਤਰ ਅਤੇ ਏਡੀਜੀਪੀ ਜੇਲ੍ਹਾਂ ਨੂੰ ਪੱਤਰ ਲਿਖ ਕੇ ਖ਼ਦਸ਼ਾ ਜਤਾਇਆ ਹੈ ਕਿ ਜਸਪਾਲ ਸਿੰਘ ਨੂੰ 5 ਸਾਲ ਵਾਲੀ ਸਜ਼ਾ ਕਟਵਾਏ ਬਿਨਾਂ ਹੀ ਰਿਹਾਅ ਕਰ ਦਿੱਤਾ ਗਿਆ, ਜਦਕਿ ਉਸ ਨੂੰ ਜ਼ਮਾਨਤ ਸਿਰਫ਼ ਖਾਲੜਾ ਕੇਸ ਵਿੱਚ ਮਿਲੀ ਸੀ। ਕਾਨੂੰਨ ਮੁਤਾਬਕ ਦੋ ਵੱਖ-ਵੱਖ ਅਦਾਲਤਾਂ ਦੀਆਂ ਸਜ਼ਾਵਾਂ ਇਕੱਠੀਆਂ ਨਹੀਂ ਚੱਲ ਸਕਦੀਆਂ। ਸ਼ਹੀਦ ਭਗਤ ਸਿੰਘ ਦੀ ਭੈਣ ਦੇ ਜਵਾਈ ਹਰਭਜਨ ਸਿੰਘ ਢੱਠ ਅਤੇ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਉਹ ਪਿਛਲੇ 37 ਸਾਲਾਂ ਤੋਂ ਇਨਸਾਫ਼ ਲਈ ਲੜ ਰਹੇ ਹਨ।

ਆਪ ਸਰਕਾਰ ਕਿਉਂ ਘਿਰੀ-ਇਸ ਮਾਮਲੇ ਨੇ ਸਿਆਸੀ ਰੂਪ ਅਖਤਿਆਰ ਕਰ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਸਿਆਸੀ ਮਾਹਿਰ ਮਲਵਿੰਦਰ ਸਿੰਘ ਮਾਲੀ ਨੇ ਇਲਜ਼ਾਮ ਲਗਾਏ ਸਨ ਕਿ ਮੌਜੂਦਾ 'ਆਪ' ਸਰਕਾਰ ਨੇ ਸਾਲ 2022 ਵਿੱਚ ਜਸਪਾਲ ਸਿੰਘ ਦੀ ਸਜ਼ਾ ਮੁਆਫ਼ੀ (ਸਮੇਂ ਤੋਂ ਪਹਿਲਾਂ ਰਿਹਾਈ) ਦੀ ਫ਼ਾਈਲ 'ਤੇ ਦਸਤਖ਼ਤ ਕਰਕੇ ਰਾਜਪਾਲ ਨੂੰ ਭੇਜੀ ਸੀ।

ਦੂਜੇ ਪਾਸੇ, ਪੰਜਾਬ ਸਰਕਾਰ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਇਨ੍ਹਾਂ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਸਪਸ਼ਟ ਕੀਤਾ ਸੀ ਕਿ 'ਆਪ' ਸਰਕਾਰ ਨੇ ਅਜਿਹੀ ਕਿਸੇ ਫ਼ਾਈਲ 'ਤੇ ਦਸਤਖ਼ਤ ਨਹੀਂ ਕੀਤੇ, ਬਲਕਿ ਦੋਸ਼ੀ ਨੇ ਆਪਣੀ ਅਰਜ਼ੀ ਸਿੱਧੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੀ ਹੈ ਅਤੇ ਇਸ ਰਿਹਾਈ ਦੀ ਤਜਵੀਜ਼ ਪਿਛਲੀ ਕਾਂਗਰਸ ਸਰਕਾਰ ਦੇ ਸਮੇਂ ਸ਼ੁਰੂ ਹੋਈ ਸੀ।

ਦੋਸ਼ੀਆਂ ਕੋਲ ਅਜੇ ਵੀ ਨੇ 'ਰਾਸ਼ਟਰਪਤੀ ਪਦਕ'-ਇਸ ਮਾਮਲੇ ਦਾ ਸਭ ਤੋਂ ਪ੍ਰੇਸ਼ਾਨ ਕਰਨ ਵਾਲਾ ਪਹਿਲੂ ਇਹ ਹੈ ਕਿ ਭਾਈ ਖਾਲੜਾ ਦੇ ਅਗਵਾ ਅਤੇ ਕਤਲ ਦੇ ਦੋਸ਼ੀ ਪੁਲੀਸ ਅਫ਼ਸਰਾਂ (ਜਿਨ੍ਹਾਂ ਵਿੱਚ ਸਾਬਕਾ ਐੱਸਐੱਸਪੀ ਅਜੀਤ ਸਿੰਘ ਸੰਧੂ ਅਤੇ ਜਸਪਾਲ ਸਿੰਘ ਸ਼ਾਮਲ ਹਨ) ਕੋਲ ਅਜੇ ਵੀ ਉਨ੍ਹਾਂ ਦੇ 'ਰਾਸ਼ਟਰਪਤੀ ਪੁਲੀਸ ਵੀਰਤਾ ਮੈਡਲ' ਬਰਕਰਾਰ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੇ 2007 ਦੇ ਨਿਰਦੇਸ਼ਾਂ ਦੇ ਬਾਵਜੂਦ ਇਹ ਮੈਡਲ ਵਾਪਸ ਨਾ ਲਏ ਜਾਣਾ ਇਨਸਾਫ਼ ਦਾ ਅਪਮਾਨ ਹੈ, ਜਿਸ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਹੈ।

**ਬਾਕੀ ਹਿਸਾ ਸਫਾ 42 ਤੇ ਪੜ੍ਹੋ**


## ਖ਼ੁਦਕੁਸ਼ੀ ਜਾਂ ਸਿਆਸੀ ਡਰਾਮਾ ?

# 29 ਸਾਲ ਬਾਅਦ ਵੀ ਅਣਸੁਲਝੇ ਰਹੇ ਅਜੀਤ ਸੰਧੂ ਦੀ 'ਮੌਤ' ਬਾਰੇ ਸਵਾਲ

**✪ ਕੀ ਸਰਕਾਰੀ ਸੁਰੱਖਿਆ ਹੇਠ ਨਵੀਂ ਪਛਾਣ ਦੇ ਕੇ ਵਿਦੇਸ਼ ਭੇਜਿਆ ਗਿਆ ਸੀ ਅਜੀਤ ਸੰਧੂ ? ਚਰਚਾਵਾਂ ਦਾ ਬਾਜ਼ਾਰ ਮੁੜ ਗਰਮ**

ਹਾਲ ਹੀ ਵਿੱਚ ਰਿਲੀਜ਼ ਹੋਈ ਫ਼ਿਲਮ 'ਸਤਲੁਜ' (ਜੋ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਕਥਿਤ ਫਰਜ਼ੀ ਮੁਕਾਬਲਿਆਂ 'ਤੇ ਅਧਾਰਿਤ ਹੈ) ਨੇ ਇੱਕ ਵਾਰ ਫਿਰ ਪੰਜਾਬ ਪੁਲੀਸ ਦੇ ਸਭ ਤੋਂ ਵਿਵਾਦਗ੍ਰਸਤ ਚਿਹਰਿਆਂ ਵਿੱਚੋਂ ਇੱਕ, ਸਾਬਕਾ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ ਦੀ 1997 ਵਿੱਚ ਹੋਈ ਭੇਤਭਰੀ 'ਖ਼ੁਦਕੁਸ਼ੀ' ਨੂੰ ਸੁਰਖੀਆਂ ਵਿੱਚ ਲਿਆ ਦਿੱਤਾ ਹੈ। 23 ਮਈ 1997 ਨੂੰ ਡੇਰਾਬੱਸੀ ਨੇੜੇ ਰੇਲ ਗੱਡੀ ਅੱਗੇ ਕਥਿਤ ਤੌਰ 'ਤੇ ਛਾਲ ਮਾਰ ਕੇ ਜਾਨ ਦੇਣ ਵਾਲੇ ਅਜੀਤ ਸਿੰਘ ਸੰਧੂ ਦੀ ਮੌਤ ਨੂੰ ਪੁਲੀਸ ਨੇ ਭਾਵੇਂ ਖ਼ੁਦਕੁਸ਼ੀ ਕਰਾਰ ਦੇ ਕੇ ਫਾਈਲ ਬੰਦ ਕਰ ਦਿੱਤੀ ਸੀ, ਪਰ ਇਸ ਦੇ ਪਿੱਛੇ ਛੱਡੇ ਗਏ ਸਵਾਲ ਅੱਜ ਵੀ ਉਨੇ ਹੀ ਪ੍ਰਾਸੰਗਿਕ ਹਨ। ਸਭ ਤੋਂ ਵੱਡਾ ਸਵਾਲ ਜਾਂਚ ਦੀਆਂ ਉਨ੍ਹਾਂ ਖਾਮੀਆਂ 'ਤੇ ਉੱਠਦਾ ਹੈ ਜੋ ਆਮ ਤੌਰ 'ਤੇ ਕਿਸੇ ਹਾਈ-ਪ੍ਰੋਫਾਈਲ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਲਈ ਵਰਤੀਆਂ ਜਾਂਦੀਆਂ ਹਨ। ਇੱਕ ਸੀਨੀਅਰ ਪੁਲੀਸ ਅਧਿਕਾਰੀ, ਜਿਸ ਕੋਲ ਹਮੇਸ਼ਾ ਹਥਿਆਰ ਹੁੰਦੇ ਹਨ, ਉਹ ਖ਼ੁਦਕੁਸ਼ੀ ਲਈ ਰੇਲ ਅੱਗੇ ਛਾਲ ਮਾਰਨ ਵਰਗਾ ਖ਼ੌਫ਼ਨਾਕ ਰਸਤਾ ਕਿਉਂ ਚੁਣੇਗਾ? ਉਸ ਦੇ ਬਟੂਏ ਵਿੱਚੋਂ ਮਿਲੇ ਪੰਜਾਬੀ ਦੇ ਖ਼ੁਦਕੁਸ਼ੀ ਨੋਟ 'ਤੇ ਸਰਕਾਰੀ ਅਤੇ ਨਿੱਜੀ ਲਿਖਤ ਮਾਹਿਰਾਂ ਦੀ ਅਸਹਿਮਤੀ ਅਤੇ ਪੁਲੀਸ ਕੋਲ ਸੰਧੂ ਦੀ ਲਿਖਤ ਦੇ ਨਵੇਂ ਨਮੂਨੇ ਨਾ ਹੋਣਾ, ਜਾਂਚ ਦੀ ਗੰਭੀਰਤਾ 'ਤੇ ਸ਼ੱਕ ਪੈਦਾ ਕਰਦਾ ਹੈ। ਇਸ ਤੋਂ ਵੀ ਵੱਧ, ਸੰਧੂ ਦੀ ਮਾਂ ਵੱਲੋਂ ਲਗਾਏ ਗਏ ਕਤਲ ਦੇ ਦੋਸ਼ਾਂ ਨੂੰ ਬਿਨਾਂ ਕਿਸੇ ਡੂੰਘੀ ਪੜਤਾਲ ਦੇ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਪੰਜਾਬ ਵਿੱਚ ਇਹ ਚਰਚਾ ਅੱਜ ਵੀ ਆਮ ਹੈ ਕਿ ਸੰਧੂ ਮਰਿਆ ਨਹੀਂ ਸੀ, ਸਗੋਂ ਉਸ ਨੂੰ ਸਰਕਾਰੀ ਤੰਤਰ ਵੱਲੋਂ ਇੱਕ ਨਵੀਂ ਪਛਾਣ ਦੇ ਕੇ ਸੁਰੱਖਿਅਤ ਵਿਦੇਸ਼ ਭੇਜ ਦਿੱਤਾ ਗਿਆ ਸੀ ਤਾਂ ਜੋ ਅਦਾਲਤਾਂ ਵਿੱਚ ਚੱਲ ਰਹੇ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਵਿੱਚ ਕਈ ਵੱਡੇ ਸਿਆਸਤਦਾਨਾਂ ਅਤੇ ਉੱਚ ਅਧਿਕਾਰੀਆਂ ਦੇ ਨਾਮ ਸਾਹਮਣੇ ਨਾ ਆ ਸਕਣ।

**ਸੰਪਾਦਕੀ** **ਵਿਚਾਰ :–** ਜੇ ਸੁੱਖ ਅਤੇ ਦੁੱਖ ਦੀ ਆਸ ਨਾ ਹੁੰਦੀ ਤਾਂ ਸਾਧੂ ਦਾ ਪੈਰ ਅਸਮਾਨ 'ਤੇ ਹੁੰਦਾ। ਜੇ ਵਜ਼ੀਰ ਪ੍ਰਮਾਤਮਾ ਤੋਂ ਡਰਦਾ ਜਿੰਨਾ ਕਿ ਰਾਜੇ ਤੋਂ ਤਾਂ ਉਹ ਫਰਿਸ਼ਤਾ ਹੁੰਦਾ।



ਰਜਿੰਦਰ ਸਿੰਘ ਪੁਰੇਵਾਲ

# ਜ਼ੁਲਮ ਦੀ ਹਿੱਕ 'ਤੇ ਸੱਚ ਦੀ ਦਸਤਕ: ਹਰੀਕੇ ਪੱਤਣ ਹੁਣ ਕਹਾਏਗਾ 'ਸਿੱਖ ਸ਼ਹੀਦੀ ਪੱਤਣ'

ਹਰੀਕੇ ਪੱਤਣ ਦੇ ਸ਼ਾਂਤ ਵਹਿਣਾਂ 'ਤੇ ਅੱਜ ਸਿਰਫ਼ ਪਾਣੀ ਨਹੀਂ ਵਹਿ ਰਿਹਾ, ਸਗੋਂ ਪੰਜਾਬ ਦੇ ਸੰਤਾਪ ਦੀ ਉਹ ਦਾਸਤਾਨ ਤੈਰ ਰਹੀ ਹੈ, ਜਿਸ ਨੂੰ ਵਕਤ ਦੀਆਂ ਹਾਕਮ ਜਮਾਤਾਂ ਨੇ 'ਲਾਵਾਰਿਸ' ਆਖ ਕੇ ਮਿਟਾਉਣਾ ਚਾਹਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਹਰੀਕੇ ਵਿਖੇ ਹੋਈ 'ਸ਼ਹੀਦਾਂ ਦੀ ਅਰਦਾਸ' ਅਤੇ 1982 ਤੋਂ 1995 ਤੱਕ ਦੇ ਸਿੱਖ ਸ਼ਹੀਦਾਂ ਦਾ ਅਧਿਕਾਰਤ ਰਿਕਾਰਡ (ਆਰਕਾਈਵ) ਤਿਆਰ ਕਰਨ ਦਾ ਐਲਾਨ ਜ਼ੁਲਮ ਦੀ ਹਿੱਕ 'ਤੇ ਸੱਚ ਦੀ ਉਹ ਦਸਤਕ ਹੈ ਜਿਸ ਦੀ ਗੂੰਜ ਦੁਨੀਆ, ਸਰਕਾਰ ਅਤੇ ਸਿੱਖ ਪੰਥ ਲਈ ਵੱਖ-ਵੱਖ ਸੁਨੇਹੇ ਤੇ ਮਹੱਤਵ ਲੈ ਕੇ ਆਈ ਹੈ। ਦਰਿਆਵਾਂ ਦੇ ਪਾਣੀਆਂ ਵਿੱਚ ਲਾਸ਼ਾਂ ਰੋੜ੍ਹ ਕੇ ਇਤਿਹਾਸ ਨੂੰ ਗੁਮਨਾਮ ਕਰਨ ਵਾਲੀ ਸਿਆਸਤ ਨੂੰ ਇਸ ਅਰਦਾਸ ਨੇ ਸਪੱਸ਼ਟ ਕਹਿ ਦਿੱਤਾ ਹੈ ਕਿ 'ਗੁਰੂ ਕੇ ਲਾਡਲੇ ਕਦੇ ਲਾਵਾਰਿਸ ਨਹੀਂ ਹੁੰਦੇ।'

ਹਰੀਕੇ ਦੇ ਕਿਨਾਰੇ ਬਣਨ ਜਾ ਰਿਹਾ 'ਸ਼ਹੀਦੀ ਪੱਤਣ' ਅਤੇ ਤਿਆਰ ਹੋਣ ਵਾਲਾ ਰਿਕਾਰਡ ਤਿੰਨ ਅਹਿਮ ਧਿਰਾਂ ਦੇ ਸਨਮੁਖ ਇੱਕ ਵੱਡਾ ਸੁਨੇਹਾ ਪੇਸ਼ ਕਰਦਾ ਹੈ। ਇਹ ਅਰਦਾਸ ਕੌਮਾਂਤਰੀ ਭਾਈਚਾਰੇ ਲਈ ਇੱਕ ਜਗਾਉਣ ਵਾਲਾ ਹੋਕਾ ਹੈ। ਜਦੋਂ ਮਨੁੱਖੀ ਅਧਿਕਾਰਾਂ ਦੇ ਅਖੌਤੀ ਆਲਮਬਰਦਾਰ ਖ਼ਾਮੋਸ਼ ਸਨ, ਉਦੋਂ ਜਸਵੰਤ ਸਿੰਘ ਖਾਲੜਾ ਵਰਗੇ ਸਿਦਕੀ ਯੋਧਿਆਂ ਨੇ ਇਸ ਨਸਲਕੁਸ਼ੀ ਦੇ ਸੱਚ ਨੂੰ ਉਜਾਗਰ ਕੀਤਾ। ਦੁਨੀਆ ਲਈ ਮਹੱਤਵ ਇਹ ਹੈ ਕਿ ਮੌਤ ਤੋਂ ਬਾਅਦ ਵੀ ਮ੍ਰਿਤਕ ਦੇਹਾਂ ਦੀ ਬੇਅਦਬੀ ਕਰਨਾ ਬੁਨਿਆਦੀ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ। ਇਹ ਕਦਮ ਸੰਸਾਰ ਨੂੰ ਯਾਦ ਦਿਵਾਉਂਦਾ ਹੈ ਕਿ ਸੱਚ ਨੂੰ ਸਿਆਸੀ ਸਾਜ਼ਿਸ਼ਾਂ ਦੇ ਤਹਿਤ ਨਜ਼ਰਬੰਦ ਨਹੀਂ ਕੀਤਾ ਜਾ ਸਕਦਾ। ਦੁਨੀਆਂ ਦੇ ਇਨਸਾਫ਼ਪਸੰਦ ਲੋਕਾਂ ਅਤੇ ਮਨੁੱਖੀ ਅਧਿਕਾਰ ਮੰਚਾਂ ਵਿੱਚ ਇਸ ਕਦਮ ਨਾਲ ਬਹੁਤ ਡੂੰਘਾ ਅਤੇ ਸਪੱਸ਼ਟ ਸੁਨੇਹਾ ਗਿਆ ਹੈ ਕਿ ਸੰਸਾਰ ਨੇ ਦੇਖਿਆ ਹੈ ਕਿ ਜਿਨ੍ਹਾਂ ਮ੍ਰਿਤਕ ਦੇਹਾਂ ਨੂੰ ਸਰਕਾਰੀ ਤੰਤਰ ਨੇ 'ਲਾਵਾਰਿਸ' ਆਖ ਕੇ ਇਤਿਹਾਸ ਦੇ ਪੰਨਿਆਂ ਤੋਂ ਮਿਟਾਉਣਾ ਚਾਹਿਆ ਸੀ, ਤਿੰਨ ਦਹਾਕਿਆਂ ਬਾਅਦ ਵੀ ਉਨ੍ਹਾਂ ਦੀ ਯਾਦ ਅਤੇ ਹੋਂਦ ਨੂੰ ਮਿਟਾਇਆ ਨਹੀਂ ਜਾ ਸਕਿਆ। ਇਸ ਨਾਲ ਦੁਨੀਆਂ ਵਿੱਚ ਇਹ ਗੱਲ ਮੁੜ ਸਾਬਤ ਹੋਈ ਹੈ ਕਿ 1982 ਤੋਂ 1995 ਦੇ ਦੌਰ ਦਰਮਿਆਨ ਪੰਜਾਬ ਵਿੱਚ ਜੋ ਹੋਇਆ, ਉਹ ਮਹਿਜ਼ ਕਾਨੂੰਨ ਵਿਵਸਥਾ ਦੀ ਸਮੱਸਿਆ ਨਹੀਂ ਸੀ, ਬਲਕਿ ਇੱਕ ਯੋਜਨਾਬੱਧ ਤਰੀਕੇ ਨਾਲ ਕੀਤੀ ਗਈ ਨਸਲਕੁਸ਼ੀ ਸੀ, ਜਿੱਥੇ ਬੁਨਿਆਦੀ ਮਨੁੱਖੀ ਅਧਿਕਾਰਾਂ (ਮੌਤ ਤੋਂ ਬਾਅਦ ਸਸਕਾਰ ਦੇ ਹੱਕ) ਨੂੰ ਵੀ ਕੁਚਲਿਆ ਗਿਆ। ਦੁਨੀਆਂ ਵਿੱਚ ਸਿੱਖਾਂ ਦੇ ਸਿਦਕ ਅਤੇ ਜੀਵੰਤਤਾ ਦਾ ਸੁਨੇਹਾ ਗਿਆ ਹੈ ਕਿ ਇਹ ਕੌਮ ਆਪਣੇ ਸ਼ਹੀਦਾਂ ਦੀ ਘਾਲ-ਕਮਾਈ ਨੂੰ ਕਦੇ ਭੁਲਾਉਂਦੀ ਨਹੀਂ ਅਤੇ ਆਪਣੇ ਹੱਕਾਂ ਲਈ ਸਦੀਆਂ ਤੱਕ ਲੜਨਾ ਜਾਣਦੀ ਹੈ।

ਸੱਤਾ ਦੇ ਨਸ਼ੇ ਵਿੱਚ ਚੂਰ ਹਾਕਮਾਂ ਲਈ ਇਹ ਸਿੱਧੀ ਚੇਤਾਵਨੀ ਹੈ ਕਿ "ਸਮਾਂ ਹਰ ਜ਼ੁਲਮ ਦਾ ਹਿਸਾਬ ਰੱਖਦਾ ਹੈ।" ਲਾਸ਼ਾਂ ਦੇ ਸਸਕਾਰ ਗੁਪਤ ਤਰੀਕੇ ਨਾਲ ਕਰਕੇ ਜਾਂ ਉਨ੍ਹਾਂ ਨੂੰ ਦਰਿਆਵਾਂ ਦੀ ਨਜ਼ਰ ਕਰਕੇ ਸਰਕਾਰਾਂ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀਆਂ। ਇਹ ਸਰਕਾਰੀ ਤੰਤਰ ਦੀ ਅਸਫ਼ਲਤਾ ਅਤੇ ਅਣਮਨੁੱਖੀ ਵਤੀਰੇ 'ਤੇ ਇੱਕ ਕਰਾਰੀ ਚੋਟ ਹੈ, ਜੋ ਇਹ ਸਾਫ਼ ਕਰਦੀ ਹੈ ਕਿ ਸੱਤਾਧਾਰੀ ਜਵਾਬਦੇਹੀ ਤੋਂ ਮੁਕਤ ਨਹੀਂ ਹਨ; ਅੱਜ ਨਹੀਂ ਤਾਂ ਭਲਕੇ, ਇਤਿਹਾਸ ਦੀ ਕਚਹਿਰੀ ਵਿੱਚ ਉਨ੍ਹਾਂ ਦੇ ਗੁਨਾਹਾਂ ਦਾ ਲੇਖਾ-ਜੋਖਾ ਹੋ ਕੇ ਰਹੇਗਾ।

ਸਿੱਖ ਕੌਮ ਲਈ ਇਹ ਅਰਦਾਸ ਆਪਣੇ ਸਵੈ-ਮਾਣ, ਚੇਤਿਆਂ ਅਤੇ ਪਛਾਣ ਨੂੰ ਮੁੜ ਸੁਰਜੀਤ ਕਰਨ ਦਾ ਜ਼ਰੀਆ ਹੈ। ਇਹ ਸੁਨੇਹਾ ਦਿੰਦਾ ਹੈ ਕਿ ਕੌਮ ਆਪਣੀ ਘਾਲ-ਕਮਾਈ ਅਤੇ ਸ਼ਹੀਦਾਂ ਦੇ ਲਹੂ ਦੇ ਇੱਕ-ਇੱਕ ਕਤਰੇ ਦੀ ਵਾਰਸ ਹੈ। ਇਹ ਹਰ ਸਿੱਖ ਨੂੰ ਆਪਣੀਆਂ ਆਉਣ ਵਾਲੀਆਂ ਨਸਲਾਂ ਦੇ ਹਿਰਦਿਆਂ ਵਿੱਚ ਇਸ ਇਤਿਹਾਸ ਨੂੰ ਨਿੱਤਨੇਮ ਵਾਂਗ ਵਸਾਉਣ ਦੀ ਪ੍ਰੇਰਨਾ ਦਿੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 'ਸ਼ਹੀਦੀ ਪੱਤਣ ਯਾਦਗਾਰ' ਬਣਾਉਣ ਅਤੇ 1982-1995 ਦੇ ਦੌਰ ਦਾ ਸਰਕਾਰੀ/ਗ਼ੈਰ-ਸਰਕਾਰੀ ਜਬਰ ਦਾ ਅਧਿਕਾਰਤ ਰਿਕਾਰਡ ਤਿਆਰ ਕਰਨ ਦੇ ਫ਼ੈਸਲੇ ਦੇ ਪੰਥ ਉੱਪਰ ਡੂੰਘੇ ਅਤੇ ਇਤਿਹਾਸਕ ਪ੍ਰਭਾਵ ਪੈਣਗੇ। ਹੁਣ ਤੱਕ ਯੂ.ਐਨ.ਓ. (ਸੰਯੁਕਤ ਰਾਸ਼ਟਰ) ਜਾਂ ਕੌਮਾਂਤਰੀ ਅਦਾਲਤਾਂ ਵਿੱਚ ਇਹ ਮਸਲੇ ਇਸ ਲਈ ਕਮਜ਼ੋਰ ਰਹਿ ਜਾਂਦੇ ਸਨ ਕਿਉਂਕਿ ਸਾਡੇ ਕੋਲ ਕੋਈ ਸਾਂਝਾ ਅਤੇ ਅਧਿਕਾਰਤ 'ਦਸਤਾਵੇਜ਼ੀ ਰਿਕਾਰਡ' ਨਹੀਂ ਸੀ। ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ 1982 ਤੋਂ 1995 ਤੱਕ ਦੇ ਹਜ਼ਾਰਾਂ 'ਅਣਪਛਾਤੇ' ਕਹਿ ਕੇ ਮਾਰੇ ਗਏ ਸਿੱਖਾਂ ਦਾ ਪੂਰਾ ਵੇਰਵਾ, ਗਵਾਹੀਆਂ ਅਤੇ ਸਬੂਤ ਇਕੱਠੇ ਹੋ ਗਏ, ਤਾਂ ਇਸ ਪੂਰੇ ਦਸਤਾਵੇਜ਼ ਨੂੰ ਯੂ.ਐਨ.ਓ. ਦੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਲਿਜਾਇਆ ਜਾ ਸਕਦਾ ਹੈ। ਇਹ ਰਿਕਾਰਡ ਯੂ.ਐਨ.ਓ. ਵਿੱਚ ਪੰਜਾਬ ਸੰਤਾਪ ਨੂੰ ਅਧਿਕਾਰਤ ਤੌਰ 'ਤੇ 'ਸਿੱਖ ਨਸਲਕੁਸ਼ੀ' ਵਜੋਂ ਮਾਨਤਾ ਦਿਵਾਉਣ ਲਈ ਸਭ ਤੋਂ ਵੱਡਾ ਅਤੇ ਅਟੁੱਟ ਸਾਧਨ ਬਣੇਗਾ।

ਸਿੱਖ ਕੌਮ, ਖ਼ਾਸਕਰ ਦੇਸ਼-ਵਿਦੇਸ਼ ਵਿੱਚ ਬੈਠੇ ਪੰਥਕ ਦਰਦੀਆਂ ਨੂੰ ਹੇਠ ਲਿਖੇ ਫ਼ਰਜ਼ ਨਿਭਾਉਣੇ ਚਾਹੀਦੇ ਹਨ। ਜਿਨ੍ਹਾਂ ਪਰਿਵਾਰਾਂ ਦੇ ਜੀਅ ਉਸ ਦੌਰ ਵਿੱਚ ਲਾਪਤਾ ਹੋਏ ਜਾਂ ਜਿਨ੍ਹਾਂ ਦੀਆਂ ਲਾਸ਼ਾਂ ਨਹੀਂ ਮਿਲੀਆਂ, ਉਹ ਆਪੋ-ਆਪਣੇ ਇਲਾਕੇ ਦੇ ਵੇਰਵੇ, ਤਾਰੀਖਾਂ ਅਤੇ ਗਵਾਹੀਆਂ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਜਾਣ ਵਾਲੀ ਕਮੇਟੀ ਕੋਲ ਦਰਜ ਕਰਵਾਉਣ। ਇਹ ਰਿਕਾਰਡ ਜਿੰਨਾ ਮਜ਼ਬੂਤ ਹੋਵੇਗਾ, ਕੌਮ ਦਾ ਪੱਖ ਓਨਾ ਹੀ ਤਕੜਾ ਹੋਵੇਗਾ।

ਵਿਦੇਸ਼ਾਂ (ਕੈਨੇਡਾ, ਅਮਰੀਕਾ, ਯੂ.ਕੇ. ਆਦਿ) ਵਿੱਚ ਬੈਠੇ ਸਿੱਖ ਨੌਜਵਾਨ ਅਤੇ ਬੁੱਧੀਜੀਵੀ ਇਸ ਰਿਕਾਰਡ ਨੂੰ ਅੰਗਰੇਜ਼ੀ ਅਤੇ ਹੋਰ ਕੌਮਾਂਤਰੀ ਭਾਸ਼ਾਵਾਂ ਵਿੱਚ ਉਲਥਾ ਕਰਕੇ ਦੁਨੀਆਂ ਦੀਆਂ ਯੂਨੀਵਰਸਿਟੀਆਂ, ਲਾਇਬ੍ਰੇਰੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਤੱਕ ਪਹੁੰਚਾਉਣ।

ਬਾਕੀ ਹਿਸਾ ਸਫਾ 9 ਤੇ ਪੜ੍ਹੋ ⟶

## NEWS & VIEWS



Gurmukh Singh OBE

# THIRD GHALLUGHARA REMEMBRANCE IN DAILY ARDAS

*-Ardas is the one Record the Panth keeps which no state can hold, edit, or decline to keep.* (Gurjit Singh Sandhu, *PanthSeva*)

-The Record is that of thousands who lost their lives or disappeared from June 1984 through November 1984 to 1995.

The topic last week about commemorating in Khalsa Ji Ki Ardas, 1984 Ghallghara, continues in cyber forum discussions. There is a view that forty-two years on, the Third Ghallughara deserves remembrance in our daily Ardas.

This week, the column summarises some main points made in exchanges with by S Gurjit Singh Sandhu, a London based scholar. He is the founder of PanthSeva, an independent digital publication, platform, and resource dedicated to Sikh thought, governance, and Gurbani practice.

Gurjit Singh agrees that the Ardas has been amended under the weight of history within living memory: *the petition for the darshan and seva-sambhal of Sri Nankana Sahib and the gurdwaras from which the Panth was separated,* entered after 1947. A community wound carried into the daily prayer, by Panthic decision, in the language of the Ardas. What was done for the separation of 1947 can be done for the Ghallughara of 1984. The Ardas is the right place. It is the oldest register the Panth possesses and it is the one register no state can hold, edit, or decline to keep.

The *Satluj* film, generally accepted as depicting the brutal truth of the Third Ghallughara uncovered by Bhai Jaswant Singh Khalra, completed four years ago, never reached the screen. However, the state can keep a film from cinemas; it cannot keep out a clause from the Ardas.

There is the CBI report on the 2,097 cremations, the September 1995 inquiry file, the inquest registers, and evidence on oath, which one former District Magistrate has already offered to give.

In Babar Vani Guru Nanak Sahib laments that no one heeded the dead. ***The Ardas is how the Panth heeds them***. The files relating to the thousands who lost their lives are the account we require of the state; the Ardas is the account we keep ourselves. Historically, the Panth never depended on the state to keep that account.

It has been stressed by leading Sikhs that Punjab is not seeking an armed conflict; rather, it is continuously pushing Delhi for fair economic treatment, federal autonomy, and respect for its distinct cultural identity. Panjab seeks fair treatment and justice. Bhai Jaswant Singh Khalra, himself a victim, and thousands of families are still waiting justice, which has been delayed and, therefore, denied by the state.

The film Satluj (formerly Punjab 95) has intensified debate about state interference in Sikh affairs. We agree with an observation that *by chronicling the true story of activist Jaswant Singh Khalra, who exposed the extrajudicial killings and mass cremations of thousands of young men, the film has reignited raw historical trauma and discussions of accountability. The film brings academic and public focus to one of the most painful eras of the Punjab insurgency (1984–1995). It has educated a new generation on the specific human rights work of Khalra, who compiled data on thousands of unidentified bodies cremated by police.*

Memorializing Third Ghallughara will give relief to the families concerned and become a permanent part of Panthic record. Global Jathebandis would wish to consider imploring Sri Akal Takht Sahib to include suitable wording in the Ardas to commemorate those who lost their lives.

The timing is right.

Gurmukh Singh OBE, Ret'd Principal Civil Servant (UK) sewauk2005@yahoo.co.uk

## ਅਮਰੀਕਾ-ਇਰਾਨ ਵਿਚਾਲੇ ਸਮਝੌਤਾ ਟੁੱਟਿਆ

# ਸਟ੍ਰੇਟ ਆਫ਼ ਹਾਰਮੁਜ਼ 'ਤੇ ਕਬਜ਼ੇ ਲਈ ਜੰਗ ਦੁਬਾਰਾ ਸ਼ੁਰੂ

**✪ ਅਮਰੀਕੀ ਬੰਬਾਰੀ ਦੇ ਜਵਾਬ ਵਿਚ ਇਰਾਨ ਵੱਲੋਂ ਓਮਾਨ, ਕੁਵੈਤ ਅਤੇ ਬਹਿਰੀਨ 'ਤੇ ਮਿਸਾਈਲ ਹਮਲੇ ✪ 60 ਦਿਨਾਂ ਦਾ ਅਮਨ-ਸਮਝੌਤਾ 30 ਦਿਨਾਂ ਵਿਚ ਹੀ ਤਾਰ-ਤਾਰ, ਕੀ ਤੀਜੇ ਵਿਸ਼ਵ ਯੁੱਧ ਵੱਲ ਵਧ ਰਹੀ ਹੈ ਦੁਨੀਆ? ✪ ਗਲੋਬਲ ਊਰਜਾ ਸੰਕਟ ਦਾ ਡਰ: ਸਟ੍ਰੇਟ ਆਫ਼ ਹਾਰਮੁਜ਼ ਬੰਦ ਹੋਣ ਕਾਰਨ ਤੇਲ ਦੀ ਆਵਾਜਾਈ ਠੱਪ, ਸ਼ੇਅਰ ਬਾਜ਼ਾਰਾਂ ਵਿਚ ਹਲਚਲ**

## ਨਿਊਜ਼ ਵਿਸ਼ਲੇਸ਼ਣ

ਵੀਹਵੀਂ ਸਦੀ ਦੇ ਇਤਿਹਾਸ ਨੇ ਦੁਨੀਆ ਨੂੰ ਸਿਖਾਇਆ ਸੀ ਕਿ ਜੰਗਾਂ ਦਾ ਇੱਕ ਨਿਸ਼ਚਿਤ ਅੰਤ ਹੁੰਦਾ ਹੈ-ਇੱਕ ਤਾਰੀਖ਼ ਹੁੰਦੀ ਹੈ, ਇੱਕ ਸਮਝੌਤਾ ਹੁੰਦਾ ਹੈ ਅਤੇ ਆਗੂ ਹੱਥ ਮਿਲਾਉਂਦੇ ਹਨ। ਪਰ ਇਕੀਵੀਂ ਸਦੀ ਦੀ ਭੂ-ਰਾਜਨੀਤੀ ਨੇ ਇਸ ਧਾਰਨਾ ਨੂੰ ਬਦਲ ਦਿੱਤਾ ਹੈ। ਅੱਜ ਜੰਗਾਂ ਖ਼ਤਮ ਨਹੀਂ ਹੁੰਦੀਆਂ, ਉਹ ਸਿਰਫ਼ ਕੁਝ ਸਮੇਂ ਲਈ ਠਹਿਰਦੀਆਂ ਹਨ। ਅਮਰੀਕਾ ਅਤੇ ਇਰਾਨ ਦਰਮਿਆਨ ਹੋਏ ਅੰਤਰਿਮ ਸਮਝੌਤੇ ਦੀ ਸਿਆਹੀ ਅਜੇ ਸੁੱਕੀ ਵੀ ਨਹੀਂ ਸੀ ਕਿ 60 ਦਿਨਾਂ ਦੀ ਮਿਆਦ ਦੇ ਅੱਧ ਵਿਚਕਾਰ ਹੀ ਇਹ ਅਮਨ-ਮੁਆਇਦਾ ਤਾਰ-ਤਾਰ ਹੋ ਗਿਆ। ਸਟ੍ਰੇਟ ਆਫ਼ ਹਾਰਮੁਜ਼ ਦੇ ਪਾਣੀਆਂ ਤੋਂ ਸ਼ੁਰੂ ਹੋਈ ਇਹ ਚੰਗਿਆੜੀ ਹੁਣ ਓਮਾਨ, ਬਹਿਰੀਨ, ਕੁਵੈਤ, ਕਤਰ ਅਤੇ ਜਾਰਡਨ ਤੱਕ ਫੈਲ ਚੁੱਕੀ ਹੈ।

### ਜੰਗ ਦੁਬਾਰਾ ਕਿਉਂ ਛਿੜੀ ਅਤੇ ਕੌਣ ਹੈ ਜ਼ਿੰਮੇਵਾਰ?

ਇਸ ਜੰਗ ਦੇ ਦੁਬਾਰਾ ਭੜਕਣ ਦਾ ਤੁਰੰਤ ਕਾਰਨ ਸਟ੍ਰੇਟ ਆਫ਼ ਹਾਰਮੁਜ਼ ਦੀ ਮਲਕੀਅਤ ਅਤੇ ਕੰਟਰੋਲ ਦਾ ਵਿਵਾਦ ਹੈ। ਇਹ ਲੜਾਈ ਉਦੋਂ ਤੇਜ਼ ਹੋਈ ਜਦੋਂ ਇਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕਾਰਪਸ ਨੇ ਇੱਕ ਵਪਾਰਕ ਜਹਾਜ਼ ਨੂੰ ਨਿਸ਼ਾਨਾ ਬਣਾਇਆ, ਜਿਸ ਬਾਰੇ ਉਨ੍ਹਾਂ ਦਾ ਦਾਅਵਾ ਸੀ ਕਿ ਉਹ "ਗੈਰ-ਪ੍ਰਵਾਨਿਤ ਰੂਟ" ਦੀ ਵਰਤੋਂ ਕਰ ਰਿਹਾ ਸੀ। ਇਸ ਦੇ ਪਿੱਛੇ ਦੋਵੇਂ ਧਿਰਾਂ ਬਰਾਬਰ ਦੀਆਂ ਜ਼ਿੰਮੇਵਾਰ ਹਨ:

ਇਰਾਨ ਸਟ੍ਰੇਟ ਆਫ਼ ਹਾਰਮੁਜ਼ ਨੂੰ ਆਪਣੀ ਸੰਪਤੀ ਮੰਨਦਾ ਹੈ। ਇਰਾਨ ਦੇ ਨਵੇਂ ਸੁਪਰੀਮ ਲੀਡਰ ਆਇਤੁੱਲਾ ਮੁਜਤਬਾ ਖ਼ਾਮੇਨੇਈ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ ਹੈ, ਜਿਸ ਕਾਰਨ ਇਰਾਨੀ ਫੌਜ ਵਧੇਰੇ ਹਮਲਾਵਰ ਹੋ ਗਈ ਹੈ। ਇਰਾਨ ਦੇ ਸੰਸਦ ਸਪੀਕਰ ਮੁਹੰਮਦ ਬਘੇਰ ਕਾਲੀਬਾਫ ਦਾ ਬਿਆਨ ਕਿ "ਇੱਕਪਾਸੜ ਸੌਦਿਆਂ ਦਾ ਦੌਰ ਖ਼ਤਮ ਹੋ ਗਿਆ ਹੈ," ਇਹ ਸਾਫ਼ ਕਰਦਾ ਹੈ ਕਿ ਇਰਾਨ ਹੁਣ ਪਿੱਛੇ ਹਟਣ ਨੂੰ ਤਿਆਰ ਨਹੀਂ। ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ 'ਲੋਕਲੁਭਾਵੀ' ਰਾਜਨੀਤੀ ਜੰਗ ਨੂੰ ਖ਼ਤਮ ਕਰਨ ਦੀ ਬਜਾਏ ਉਸਨੂੰ ਇੱਕ ਸਿਆਸੀ ਹਥਿਆਰ ਵਜੋਂ ਵਰਤ ਰਹੀ ਹੈ। ਅਮਰੀਕਾ ਨੇ ਇਰਾਨ ਦੇ ਤੱਟਵਰਤੀ ਸ਼ਹਿਰਾਂ (ਬੰਦਰ ਅੱਬਾਸ, ਜਸਕ, ਕੈਸ਼ਮ ਆਈਲੈਂਡ) 'ਤੇ ਲਗਭਗ 140 ਠਿਕਾਣਿਆਂ 'ਤੇ ਭਾਰੀ ਬੰਬਾਰੀ ਕੀਤੀ। ਟਰੰਪ ਦਾ ਇਹ ਕਹਿਣਾ ਕਿ "ਅਸੀਂ ਉਨ੍ਹਾਂ ਦੀ ਰੂਹ ਕੰਬਾ ਦਿੱਤੀ," ਇਹ ਦਰਸਾਉਂਦਾ ਹੈ ਕਿ ਅਮਰੀਕਾ ਕੂਟਨੀਤੀ ਦੀ ਬਜਾਏ ਤਾਕਤ ਦੇ ਪ੍ਰਦਰਸ਼ਨ ਨੂੰ ਤਰਜੀਹ ਦੇ ਰਿਹਾ ਹੈ।

### ਕੀ ਇਹ ਜੰਗ ਰੁਕੇਗੀ?

ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਇਸ ਜੰਗ ਦੇ ਸਥਾਈ ਤੌਰ 'ਤੇ ਰੁਕਣ ਦੇ ਆਸਾਰ ਬਹੁਤ ਘੱਟ ਹਨ। ਹਾਲਾਂਕਿ ਪਾਕਿਸਤਾਨ, ਕਤਰ ਅਤੇ ਮਿਸਰ ਵਰਗੇ ਦੇਸ਼ ਵਿਚੋਲਗੀ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਸਮੱਸਿਆ ਇਹ ਹੈ ਕਿ ਅਜੋਕੀ ਕੂਟਨੀਤੀ ਦਾ ਮਕਸਦ "ਜੰਗ ਖ਼ਤਮ ਕਰਨਾ" ਨਹੀਂ, ਬਲਕਿ "ਸੰਕਟ ਦਾ ਪ੍ਰਬੰਧਨ" ਕਰਨਾ ਰਹਿ ਗਿਆ ਹੈ। ਰਾਜਨੇਤਾਵਾਂ ਨੂੰ ਆਪਣੀ ਘਰੇਲੂ ਰਾਜਨੀਤੀ ਚਮਕਾਉਣ ਲਈ ਇੱਕ ਸਥਾਈ ਦੁਸ਼ਮਣ ਦੀ ਲੋੜ ਹੈ। ਜੰਗ ਹੁਣ ਰਾਜਨੀਤੀ ਦੀ ਅਸਫ਼ਲਤਾ ਨਹੀਂ, ਬਲਕਿ ਰਾਜਨੀਤੀ ਦਾ ਇੱਕ ਪੱਕਾ ਹਿੱਸਾ ਬਣ ਚੁੱਕੀ ਹੈ। ਇਸ ਲਈ, ਜੇਕਰ ਕੋਈ ਸਮਝੌਤਾ ਹੁੰਦਾ ਵੀ ਹੈ, ਤਾਂ ਉਹ ਸਿਰਫ਼ ਕੁਝ



ਦਿਨਾਂ ਦਾ ਅਸਥਾਈ ਹੋਵੇਗਾ, ਪਰ ਸ਼ਾਂਤੀ ਨਹੀਂ।

### ਕੀ ਇਸ ਜੰਗ ਪਿੱਛੇ ਅਮਰੀਕਨ ਕਾਰਪੋਰੇਟ ਹੈ?

ਇਸ ਜੰਗ ਦੇ ਪਿੱਛੇ ਅਮਰੀਕੀ ਕਾਰਪੋਰੇਟ ਜਗਤ ਅਤੇ ਮਿਲਟਰੀ-ਇੰਡਸਟ੍ਰੀਅਲ ਕੰਪਲੈਕਸ ਦੇ ਹਿੱਤ ਬਹੁਤ ਵੱਡੇ ਹਨ। ਜਿੰਨੀ ਲੰਬੀ ਜੰਗ ਚੱਲੇਗੀ, ਅਮਰੀਕੀ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਦੇ ਸ਼ੇਅਰ ਓਨੇ ਹੀ ਉੱਪਰ ਜਾਣਗੇ। ਖਾੜੀ ਦੇਸ਼ ਆਪਣੀ ਸੁਰੱਖਿਆ ਲਈ ਅਮਰੀਕਾ ਤੋਂ ਅਰਬਾਂ ਡਾਲਰ ਦੇ ਐਂਟੀ-ਮਿਸਾਈਲ ਸਿਸਟਮ ਖਰੀਦਣ ਲਈ ਮਜਬੂਰ ਹੋਣਗੇ। ਸਟ੍ਰੇਟ ਆਫ਼ ਹਾਰਮੁਜ਼ ਬੰਦ ਹੋਣ ਨਾਲ ਤੇਲ ਦੀਆਂ ਕੀਮਤਾਂ ਵਧਦੀਆਂ ਹਨ। ਅਮਰੀਕਾ, ਜੋ ਖੁਦ ਹੁਣ ਇੱਕ ਵੱਡਾ ਤੇਲ ਅਤੇ ਗੈਸ ਉਤਪਾਦਕ ਹੈ, ਇਸ ਮਹਿੰਗਾਈ ਦਾ ਸਿੱਧਾ ਫਾਇਦਾ ਉਠਾਉਂਦਾ ਹੈ। ਇਰਾਨੀ ਤੇਲ ਨੂੰ ਬਾਜ਼ਾਰ 'ਚੋਂ ਬਾਹਰ ਰੱਖ ਕੇ ਅਮਰੀਕੀ ਕਾਰਪੋਰੇਟ ਕੰਪਨੀਆਂ ਗਲੋਬਲ ਐਨਰਜੀ ਸਪਲਾਈ 'ਤੇ ਆਪਣਾ ਏਕਾਧਿਕਾਰ ਕਾਇਮ ਰੱਖਣਾ ਚਾਹੁੰਦੀਆਂ ਹਨ।

### ਦੁਨੀਆ ਉੱਪਰ ਕੀ ਪ੍ਰਭਾਵ ਪਵੇਗਾ ਅਤੇ ਕੀ ਇਹ ਵਿਸ਼ਵ ਯੁੱਧ ਬਣੇਗਾ?

ਸਿੱਧੇ ਤੌਰ 'ਤੇ ਸ਼ਾਇਦ ਇਹ ਤੀਜਾ ਵਿਸ਼ਵ ਯੁੱਧ ਨਾ ਬਣੇ, ਕਿਉਂਕਿ ਰੂਸ ਜਾਂ ਚੀਨ ਵਰਗੀਆਂ ਮਹਾਂਸ਼ਕਤੀਆਂ ਅਜੇ ਇਸ ਵਿੱਚ ਸਿੱਧੀਆਂ ਨਹੀਂ ਕੁੱਦੀਆਂ। ਪਰ ਇਹ ਇੱਕ 'ਪ੍ਰੌਕਸੀ ਵਿਸ਼ਵ ਯੁੱਧ' ਦਾ ਰੂਪ ਜ਼ਰੂਰ ਲੈ ਰਿਹਾ ਹੈ। ਦੁਨੀਆ ਦਾ 20% ਕੱਚਾ ਤੇਲ ਅਤੇ ਗੈਸ ਇਸੇ ਰੂਟ ਤੋਂ ਲੰਘਦਾ ਹੈ। ਸਟ੍ਰੇਟ ਆਫ਼ ਹਾਰਮੁਜ਼ ਵਿੱਚ ਜਹਾਜ਼ਾਂ ਦੀ ਆਵਾਜਾਈ ਬਹੁਤ ਹੇਠਾਂ ਆ ਗਈ ਹੈ। ਇਸ ਨਾਲ ਪੂਰੀ ਦੁਨੀਆ ਵਿੱਚ ਮਹਿੰਗਾਈ ਵਧੇਗੀ ਅਤੇ ਸ਼ੇਅਰ ਬਾਜ਼ਾਰ ਕਰੈਸ਼ ਹੋਣਗੇ।

ਓਮਾਨ ਵਰਗਾ ਸ਼ਾਂਤ ਦੇਸ਼, ਜੋ ਹਮੇਸ਼ਾ ਅਮਰੀਕਾ ਅਤੇ ਇਰਾਨ ਵਿਚਕਾਰ ਸੰਤੁਲਨ ਬਣਾ ਕੇ ਰੱਖਦਾ ਸੀ, ਅੱਜ ਉਹ ਵੀ ਇਰਾਨੀ ਹਮਲਿਆਂ ਦਾ ਸ਼ਿਕਾਰ ਹੋ ਰਿਹਾ ਹੈ। ਬਹਿਰੀਨ, ਜਾਰਡਨ ਅਤੇ ਕੁਵੈਤ ਵਿੱਚ ਮਿਸਾਈਲ ਅਲਰਟ ਸਾਇਰਨ ਵੱਜ ਰਹੇ ਹਨ, ਜਿਸ ਨਾਲ ਪੂਰਾ ਮਿਡਲ ਈਸਟ ਬਾਰੂਦ ਦੇ ਢੇਰ 'ਤੇ ਬੈਠ ਗਿਆ ਹੈ।

## ਇੰਡੀਆ (ਭਾਰਤ) ਨੂੰ ਕੀ ਨੁਕਸਾਨ ਹੋਵੇਗਾ?

ਭਾਰਤ ਲਈ ਇਹ ਸਥਿਤੀ ਬਹੁਤ ਹੀ ਚਿੰਤਾਜਨਕ ਹੈ। ਭਾਰਤ ਨੂੰ ਮੁੱਖ ਤੌਰ 'ਤੇ ਇਹ ਤਿੰਨ ਵੱਡੇ ਨੁਕਸਾਨ ਹੋਣਗੇ: ਭਾਰਤ ਆਪਣੀ ਲੋੜ ਦਾ 80% ਤੋਂ ਵੱਧ ਤੇਲ ਬਾਹਰੋਂ ਮੰਗਵਾਉਂਦਾ ਹੈ। ਜੇਕਰ ਖਾੜੀ ਦੇਸ਼ਾਂ 'ਚ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਭਾਰਤ ਵਿੱਚ ਪੈਟਰੋਲ-ਡੀਜ਼ਲ ਮਹਿੰਗਾ ਹੋਵੇਗਾ ਅਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀ ਮਹਿੰਗਾਈ ਅਸਮਾਨੀ ਚੜ੍ਹ ਜਾਵੇਗੀ। ਖਾੜੀ ਦੇਸ਼ਾਂ (ਯੂਏਈ, ਸਾਊਦੀ ਅਰਬ, ਕੁਵੈਤ, ਬਹਿਰੀਨ) ਵਿੱਚ ਲੱਖਾਂ ਭਾਰਤੀ ਰਹਿੰਦੇ ਹਨ। ਜੇਕਰ ਕੁਵੈਤ ਅਤੇ ਬਹਿਰੀਨ ਵਰਗੇ ਖੇਤਰਾਂ 'ਤੇ ਹਮਲੇ ਹੁੰਦੇ ਹਨ, ਤਾਂ ਉੱਥੇ ਰਹਿੰਦੇ ਭਾਰਤੀਆਂ ਦੀ ਜਾਨ ਖ਼ਤਰੇ ਵਿੱਚ ਪਵੇਗੀ ਅਤੇ ਭਾਰਤ ਨੂੰ ਉਨ੍ਹਾਂ ਨੂੰ ਉੱਥੋਂ ਸੁਰੱਖਿਅਤ ਕੱਢਣ ਲਈ ਵੱਡੀ ਮੁਹਿੰਮ ਚਲਾਉਣੀ ਪਵੇਗੀ। ਭਾਰਤੀ ਜੋ ਖਾੜੀ ਦੇਸ਼ਾਂ ਤੋਂ ਅਰਬਾਂ ਡਾਲਰ ਕਮਾ ਕੇ ਭਾਰਤ ਭੇਜਦੇ ਹਨ, ਉਸ ਕਮਾਈ 'ਤੇ ਸਿੱਧਾ ਅਸਰ ਪਵੇਗਾ, ਜਿਸ ਨਾਲ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਵੱਡੀ ਢਾਹ ਲੱਗੇਗੀ। ਵਿਸ਼ਵ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਜੰਗ ਹੁਣ ਸਿਰਫ਼ ਦੋ ਦੇਸ਼ਾਂ ਦੀ ਲੜਾਈ ਨਹੀਂ ਰਹੀ, ਬਲਕਿ ਸਾਡੀ ਮੋਬਾਈਲ ਸਕ੍ਰੀਨ ਦੇ ਐਲਗੋਰਿਦਮ ਅਤੇ ਅੰਤਰਰਾਸ਼ਟਰੀ ਵਪਾਰ ਦੇ ਵਿਚਕਾਰ ਫਸੀ ਇੱਕ ਸਥਾਈ ਤਰਾਸਦੀ ਬਣ ਚੁੱਕੀ ਹੈ। ਇਰਾਨ ਅਤੇ ਅਮਰੀਕਾ ਦੋਵੇਂ ਹੀ ਜੰਗ ਦੇ ਇਸ ਖ਼ਤਰਨਾਕ ਖੇਡ ਵਿੱਚੋਂ ਮੁਨਾਫ਼ਾ ਅਤੇ ਸਿਆਸੀ ਰੋਟੀਆਂ ਸੇਕ ਰਹੇ ਹਨ।

## ਸੰਪਾਦਕੀ–8 ਸਫ਼ੇ ਦੀ ਬਾਕੀ

ਆਪਸੀ ਮੱਤਭੇਦ ਭੁਲਾ ਕੇ ਇਕਜੁੱਟ ਹੋਣ: ਸਭ ਤੋਂ ਵੱਡਾ ਕੰਮ ਇਹ ਹੈ ਕਿ ਸਿੱਖ ਧੜੇਬੰਦੀਆਂ, ਸਿਆਸੀ ਰੰਜਿਸ਼ਾਂ ਅਤੇ ਆਪਸੀ ਖਹਿਬਾਜ਼ੀ ਨੂੰ ਛੱਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਸ ਹੋਕੇ ਦੇ ਪਿੱਛੇ ਇੱਕਮੁੱਠ ਹੋ ਕੇ ਖੜ੍ਹੇ ਹੋਣ। ਜੇਕਰ ਕੌਮ ਨੇ ਇਸ ਵਾਰ ਸਹੀ ਰਣਨੀਤੀ, ਕਾਨੂੰਨੀ ਮਾਹਿਰਾਂ ਦੀ ਮਦਦ ਅਤੇ ਪੂਰੇ ਸਿਦਕ ਨਾਲ ਇਸ ਰਿਕਾਰਡ ਨੂੰ ਤਿਆਰ ਕਰਕੇ ਕੌਮਾਂਤਰੀ ਮੰਚਾਂ 'ਤੇ ਪੇਸ਼ ਕੀਤਾ, ਤਾਂ ਉਹ ਦਿਨ ਦੂਰ ਨਹੀਂ ਜਦੋਂ ਹਰੀਕੇ ਦੇ ਪਾਣੀਆਂ ਵਿੱਚ ਰੋੜ੍ਹੇ ਗਏ ਇੱਕ-ਇੱਕ ਸਾਹ ਦਾ ਹਿਸਾਬ ਦੁਨੀਆਂ ਦੀ ਕਚਹਿਰੀ ਵਿੱਚ ਹੋਵੇਗਾ।

ਪਿਛਲੇ ਕੁਝ ਸਮੇਂ ਤੋਂ ਆਪਸੀ ਮੱਤਭੇਦਾਂ ਵਿੱਚ ਉਲਝੀ ਕੌਮ ਨੂੰ ਇਹ ਕਦਮ ਇੱਕ ਸਾਂਝੇ ਦਰਦ ਅਤੇ ਸਾਂਝੇ ਸੰਕਲਪ ਦੇ ਸੂਤਰ ਵਿੱਚ ਪਰੋਵੇਗਾ। ਜਦੋਂ ਸਾਂਝੀ ਸ਼ਹੀਦੀ ਦਾ ਰਿਕਾਰਡ ਸਾਹਮਣੇ ਆਵੇਗਾ, ਤਾਂ ਆਪਸੀ ਵਖਰੇਵੇਂ ਮੁੱਕਣਗੇ ਅਤੇ ਕੌਮੀ ਪ੍ਰਭੁਸੱਤਾ ਦੀ ਰਾਖੀ ਲਈ ਇਕਜੁੱਟਤਾ ਵਧੇਗੀ। ਹੁਣ ਤੱਕ ਪੰਜਾਬ ਸੰਤਾਪ ਦਾ ਇਤਿਹਾਸ ਜ਼ਿਆਦਾਤਰ ਜ਼ੁਬਾਨੀ ਦਾਸਤਾਨਾਂ ਜਾਂ ਨਿੱਜੀ ਡਾਇਰੀਆਂ ਤੱਕ ਸੀਮਤ ਸੀ। ਅਕਾਲ ਤਖ਼ਤ ਸਾਹਿਬ ਵੱਲੋਂ ਤਿਆਰ ਹੋਣ ਵਾਲਾ ਇਹ ਅਧਿਕਾਰਤ ਆਰਕਾਈਵ ਭਵਿੱਖ ਦੀਆਂ ਨਸਲਾਂ ਲਈ ਇੱਕ ਅਟੁੱਟ ਇਤਿਹਾਸਕ ਢਾਲ ਬਣੇਗਾ, ਜਿਸ ਨੂੰ ਕੋਈ ਵੀ ਪੰਥ-ਵਿਰੋਧੀ ਤਾਕਤ ਝੁਠਲਾ ਨਹੀਂ ਸਕੇਗੀ।

ਇਹ ਫ਼ੈਸਲਾ ਪੰਥ ਵਿੱਚ ਸੋਗ ਦੀ ਭਾਵਨਾ ਨੂੰ ਬਦਲ ਕੇ 'ਚੜ੍ਹਦੀ ਕਲਾ' ਵਿੱਚ ਤਬਦੀਲ ਕਰਦਾ ਹੈ। ਇਹ ਸਿੱਖ ਮਾਨਸਿਕਤਾ ਵਿੱਚ ਇਹ ਵਿਸ਼ਵਾਸ ਪੱਕਾ ਕਰਦਾ ਹੈ ਕਿ ਕੌਮ ਆਪਣੇ ਮਜ਼ਲੂਮਾਂ ਅਤੇ ਯੋਧਿਆਂ ਦੀ ਪਿੱਠ 'ਤੇ ਹਮੇਸ਼ਾ ਚਟਾਨ ਵਾਂਗ ਖੜ੍ਹੀ ਹੈ। ਹਰੀਕੇ ਪੱਤਣ ਵਿਖੇ ਹੋਈ ਇਹ ਅਰਦਾਸ ਅਸਲ ਵਿੱਚ ਪੰਜਾਬ ਦੇ ਦਰਦ ਨੂੰ ਕੌਮੀ ਚੇਤਨਾ ਵਿੱਚ ਬਦਲਣ ਦਾ ਇਤਿਹਾਸਕ ਮੋੜ ਹੈ। 'ਸਿੱਖ ਸ਼ਹੀਦੀ ਪੱਤਣ' ਦੀ ਸਥਾਪਨਾ ਨਿਰੰਤਰ ਇਹ ਯਾਦ ਦਿਵਾਉਂਦੀ ਰਹੇਗੀ ਕਿ ਪਾਣੀ ਦੀਆਂ ਲਹਿਰਾਂ ਭਾਵੇਂ ਕਿੰਨੀਆਂ ਵੀ ਡੂੰਘੀਆਂ ਹੋਣ, ਉਹ ਸੱਚ ਦੇ ਸੂਰਜ ਨੂੰ ਕਦੇ ਡੋਬ ਨਹੀਂ ਸਕਦੀਆਂ।

-ਰਜਿੰਦਰ ਸਿੰਘ ਪੁਰੇਵਾਲ

# ਕੀ ਬਿਸ਼ਨੋਈ ਤੇ ਹੋਰ ਗੈਂਗਸਟਰਾਂ ਨੂੰ ਅਮਰੀਕਾ ਦੇ ਸਪੁਰਦ ਕਰੇਗਾ ਭਾਰਤ ?

## ✪ ਅਮਰੀਕਾ ਦੀ 'ਟਰਾਂਸਨੈਸ਼ਨਲ ਰੈਪ੍ਰੇਸ਼ਨ' ਨੀਤੀ: ਭਾਰਤ 'ਤੇ ਕੂਟਨੀਤਕ ਦਬਾਅ ਬਣਾਉਣ ਦੀ ਰਾਜਨੀਤੀ ?
## ✪ ਅਮਰੀਕਾ ਦਾ 'ਆਪ੍ਰੇਸ਼ਨ ਹਾਰਡ ਬਾਲ': ਗਲੋਬਲ ਗੈਂਗਸਟਰ ਨੈੱਟਵਰਕ 'ਤੇ ਵੱਡੀ ਸਟ੍ਰਾਈਕ, 24 ਗ੍ਰਿ.ਫਤਾਰ
## ✪ ਨਿੱਝਰ ਕਤਲ ਕਾਂਡ 'ਚ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਨਾਮਜ਼ਦ; ਐਫਬੀਆਈ ਦੀ ਚਾਰਜਸ਼ੀਟ ਨੇ ਹਿਲਾਈ ਸਿਆਸਤ.

ਅਮਰੀਕਾ ਦੇ ਨਿਆਂ ਮੰਤਰਾਲੇ ਅਤੇ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਚਲਾਏ ਗਏ 'ਆਪ੍ਰੇਸ਼ਨ ਹਾਰਡ ਬਾਲ' ਨੇ ਭਾਰਤ-ਅਮਰੀਕਾ ਅਤੇ ਭਾਰਤ-ਕੈਨੇਡਾ ਦੇ ਰਿਸ਼ਤਿਆਂ ਵਿੱਚ ਇੱਕ ਨਵੀਂ ਪੇਚੀਦਗੀ ਖੜ੍ਹੀ ਕਰ ਦਿੱਤੀ ਹੈ। ਅਮਰੀਕੀ ਸੰਘੀ ਵਕੀਲਾਂ ਵੱਲੋਂ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਸਮੇਤ 37 ਵਿਅਕਤੀਆਂ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਕਤਲ, ਜਬਰੀ ਵਸੂਲੀ , ਅਤੇ ਨਸ਼ਾ ਤਸਕਰੀ ਵਰਗੇ ਗੰਭੀਰ ਜੁਰਮਾਂ ਦੇ ਇਲਜ਼ਾਮ ਲਗਾਉਣਾ ਅਤੇ 24 ਸ਼ੱਕੀਆਂ ਨੂੰ ਗ੍ਰਿ.ਫਤਾਰ ਕਰਨਾ ਇਹ ਸਿੱਧ ਕਰਦਾ ਹੈ ਕਿ ਭਾਰਤੀ ਗੈਂਗਸਟਰਾਂ ਦਾ ਜਾਲ ਹੁਣ ਗਲੋਬਲ ਹੋ ਚੁੱਕਾ ਹੈ।

ਸਭ ਤੋਂ ਵੱਧ ਹੈਰਾਨੀਜਨਕ ਅਤੇ ਚਿੰਤਾਜਨਕ ਪਹਿਲੂ ਇਹ ਹੈ ਕਿ ਇਸ ਚਾਰਜਸ਼ੀਟ ਵਿੱਚ ਸਾਲ 2023 ਵਿੱਚ ਕੈਨੇਡਾ ਦੀ ਧਰਤੀ 'ਤੇ ਹੋਏ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਤਾਰ ਵੀ ਸਿੱਧੇ ਤੌਰ 'ਤੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਨਾਲ ਜੋੜੇ ਗਏ ਹਨ। ਪਰ ਇਸ ਕਾਰਵਾਈ ਨੇ ਜਿੱਥੇ ਅਪਰਾਧਿਕ ਗਿਰੋਹਾਂ ਦੀ ਕਮਰ ਤੋੜੀ ਹੈ, ਉੱਥੇ ਹੀ ਭਾਰਤ ਦੀ ਘਰੇਲੂ ਸੁਰੱਖਿਆ, ਨਿਆਂ ਪ੍ਰਣਾਲੀ ਅਤੇ ਅੰਤਰਰਾਸ਼ਟਰੀ ਅਕਸ ਦੇ ਸਾਹਮਣੇ ਕਈ ਤਿੱਖੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਅਮਰੀਕੀ ਜਾਂਚ ਏਜੰਸੀਆਂ ਦਾ ਇਹ ਦਾਅਵਾ ਭਾਰਤ ਲਈ ਬੇਹੱਦ ਅਸਹਿਜ ਕਰਨ ਵਾਲਾ ਹੈ ਕਿ ਲਾਰੈਂਸ ਬਿਸ਼ਨੋਈ ਗੁਜਰਾਤ ਦੀ ਉੱਚ ਸੁਰੱਖਿਆ ਵਾਲੀ ਸਾਬਰਮਤੀ ਜੇਲ੍ਹ ਵਿੱਚ ਬੰਦ ਹੋਣ ਦੇ ਬਾਵਜੂਦ, ਤਸਕਰੀ ਕੀਤੇ ਗਏ ਮੋਬਾਈਲ ਫ਼ੋਨਾਂ ਅਤੇ ਐਡਵਾਂਸਡ ਇੰਟਰਨੈੱਟ ਕਾਲਿੰਗ ਐਪਸ ਰਾਹੀਂ ਵਿਦੇਸ਼ਾਂ ਵਿੱਚ ਸੁਪਾਰੀ ਦੇ ਕੇ ਕਤਲ ਅਤੇ ਕਰੋੜਾਂ ਦੀ ਫ਼ਿਰੌਤੀ ਦੇ ਧੰਦੇ ਨੂੰ ਚਲਾ ਰਿਹਾ ਹੈ। ਇਹ ਭਾਰਤੀ ਜੇਲ੍ਹ ਪ੍ਰਬੰਧਾਂ ਦੀ ਭਰੋਸੇਯੋਗਤਾ 'ਤੇ ਵੱਡਾ ਪ੍ਰਸ਼ਨ ਚਿੰਨ੍ਹ ਹੈ।

ਇਸ ਤੋਂ ਵੀ ਵੱਧ ਗੰਭੀਰ ਮਾਮਲਾ ਪੰਜਾਬ ਪੁਲਿਸ ਦੇ ਇੱਕ ਸੇਵਾਮੁਕਤ/ਮੌਜੂਦਾ ਅਧਿਕਾਰੀ (ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ) 'ਤੇ ਲੱਗੇ ਇਲਜ਼ਾਮਾਂ ਦਾ ਹੈ। ਐਫਬੀਆਈ ਮੁਤਾਬਕ, ਇਸ ਅਧਿਕਾਰੀ ਨੇ ਅਮਰੀਕਾ ਵਿੱਚ ਬੈਠੇ ਭਗਵਾਨਪੁਰੀਆ ਗੈਂਗ ਦੇ ਮੈਂਬਰਾਂ ਨਾਲ ਮਿਲ ਕੇ, ਭਾਰਤ ਵਿੱਚ ਰਹਿ ਰਹੇ ਇੱਕ ਪੀੜਤ ਪ੍ਰਵਾਸੀ ਪੰਜਾਬੀ ਪਰਿਵਾਰ ਨੂੰ ਝੂਠੇ ਕਤਲ ਕੇਸ ਵਿੱਚ ਫਸਾਉਣ ਦੀ ਧਮਕੀ ਦੇ ਕੇ ਲੱਖਾਂ ਡਾਲਰ ਦੀ ਵਸੂਲੀ ਕਰਨ ਦੀ ਕੋਸ਼ਿਸ਼ ਕੀਤੀ। ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੀ ਅਪਰਾਧੀਆਂ ਨਾਲ ਅਜਿਹੀ ਕਥਿਤ ਮਿਲੀਭੁਗਤ ਭਾਰਤ ਦੀ ਅੰਦਰੂਨੀ ਪੁਲਿਸ ਵਿਵਸਥਾ ਦੇ ਅਕਸ ਨੂੰ ਕੌਮਾਂਤਰੀ ਪੱਧਰ 'ਤੇ ਢਾਹ ਲਗਾਉਂਦੀ ਹੈ। ਐਫਬੀਆਈ ਦੀ ਜਾਂਚ ਦੇ ਦਾਇਰੇ ਵਿੱਚ ਸਿਰ.ਫ ਇੰਸਪੈਕਟਰ ਗੁਰਿੰਦਰਜੀਤ ਸਿੰਘ ਹੀ ਨਹੀਂ ਹੈ। ਅਮਰੀਕਨ ਮੀਡੀਆ ਦੇ ਸੂਤਰਾਂ ਮੁਤਾਬਕ, ਅਮਰੀਕੀ ਏਜੰਸੀਆਂ ਕੋਲ ਕਈ ਹੋਰ ਕਾਲ ਰਿਕਾਰਡਸ, ਵਟਸਐਪ ਚੈਟਸ ਅਤੇ ਡਿਜੀਟਲ ਸਬੂਤ ਹਨ, ਜਿਨ੍ਹਾਂ ਵਿੱਚ ਪੰਜਾਬ ਦੇ ਕੁਝ ਹੋਰ ਮੌਜੂਦਾ ਅਤੇ ਸਾਬਕਾ ਪੁਲਿਸ ਅਧਿਕਾਰੀਆਂ ਦੇ ਨਾਮ ਸਾਹਮਣੇ ਆ ਰਹੇ ਹਨ।



ਅਮਰੀਕਾ ਵੱਲੋਂ ਜਲਦ ਹੀ ਲਾਰੈਂਸ ਬਿਸ਼ਨੋਈ ਅਤੇ ਪੁਲਿਸ ਅਧਿਕਾਰੀ ਦੀ ਹਵਾਲਗੀ ਦੀ ਰਸਮੀ ਬੇਨਤੀ ਭਾਰਤ ਸਰਕਾਰ ਨੂੰ ਭੇਜੀ ਜਾ ਸਕਦੀ ਹੈ। ਸਾਲ 1997 ਦੀ ਭਾਰਤ-ਅਮਰੀਕਾ ਹਵਾਲਗੀ ਸੰਧੀ ਮੁਤਾਬਕ, ਦੋਵੇਂ ਦੇਸ਼ ਅਪਰਾਧੀਆਂ ਨੂੰ ਸੌਂਪਣ ਲਈ ਕਾਨੂੰਨੀ ਤੌਰ 'ਤੇ ਪਾਬੰਦ ਹਨ, ਬਸ਼ਰਤੇ ਉਹ ਜੁਰਮ ਦੋਵਾਂ ਦੇਸ਼ਾਂ ਦੇ ਕਾਨੂੰਨ ਮੁਤਾਬਕ ਸਜ਼ਾਯੋਗ ਹੋਵੇ।

ਜੇਕਰ ਭਾਰਤ ਹਵਾਲਗੀ ਮੰਨਦਾ ਹੈ: ਤਾਂ ਇਸ ਨਾਲ ਅਮਰੀਕਾ ਨਾਲ ਰਣਨੀਤਕ ਅਤੇ ਸੁਰੱਖਿਆ ਸਬੰਧ ਹੋਰ ਮਜ਼ਬੂਤ ਹੋਣਗੇ (ਜਿਵੇਂ 2008 ਦੇ ਮੁੰਬਈ ਹਮਲਿਆਂ ਦੇ ਮੁਲਜ਼ਮ ਡੇਵਿਡ ਹੈਡਲੀ ਦੇ ਮਾਮਲੇ ਵਿੱਚ ਅਮਰੀਕਾ ਨੇ ਭਾਰਤ ਦੀ ਮਦਦ ਕੀਤੀ ਸੀ)।

ਜੇਕਰ ਭਾਰਤ ਹਵਾਲਗੀ ਤੋਂ ਇਨਕਾਰ ਕਰਦਾ ਹੈ: ਤਾਂ ਵਿਰੋਧੀ ਧਿਰ ਅਤੇ ਅੰਤਰਰਾਸ਼ਟਰੀ ਭਾਈਚਾਰਾ ਇਹ ਸਵਾਲ ਚੁੱਕੇਗਾ ਕਿ ਕੀ ਭਾਰਤ ਆਪਣੇ ਅਪਰਾਧੀਆਂ ਨੂੰ ਸਜ਼ਾ ਦੇਣ ਵਿੱਚ ਕਮਜ਼ੋਰ ਹੈ, ਜਾਂ ਉਹ ਅਪਰਾਧੀਆਂ ਨੂੰ ਨਹੀਂ ਸੌਂਪਣਾ ਚਾਹੁੰਦਾ। ਇਸ ਨਾਲ ਵਿਸ਼ਵ ਵਿਚ ਭਾਰਤ ਦੀ ਬਦਨਾਮੀ ਹੋਣ ਦਾ ਖਤਰਾ ਹੈ। ਕਾਨੂੰਨੀ ਮਾਹਿਰਾਂ ਮੁਤਾਬਕ ਇਹ ਪ੍ਰਕਿਰਿਆ ਕਾ.ਫੀ ਲੰਬੀ ਅਤੇ ਗੁੰਝਲਦਾਰ ਹੈ, ਜੋ ਪੂਰੀ ਤਰ੍ਹਾਂ ਭਾਰਤ ਸਰਕਾਰ ਦੀ ਸਿਆਸੀ ਇੱਛਾ ਸ਼ਕਤੀ 'ਤੇ ਨਿਰਭਰ ਕਰੇਗੀ।

ਇਸ ਪੂਰੇ ਘਟਨਾਕ੍ਰਮ ਨੂੰ ਸਿਰ.ਫ ਇੱਕ ਅਪਰਾਧਿਕ ਜਾਂਚ ਵਜੋਂ ਨਹੀਂ, ਬਲਕਿ ਅਮਰੀਕਾ ਅਤੇ ਕੈਨੇਡਾ ਦੀ ਇੱਕ ਵੱਡੀ ਕੂਟਨੀਤਕ ਰਣਨੀਤੀ ਦੇ ਰੂਪ ਵਿੱਚ ਵੀ ਦੇਖਿਆ ਜਾ ਰਿਹਾ ਹੈ।

ਕੈਨੇਡੀਅਨ ਅਧਿਕਾਰੀਆਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਲਗਾਤਾਰ ਇਹ ਸਵਾਲ ਚੁੱਕੇ ਜਾ ਰਹੇ ਹਨ ਕਿ ਇਸ ਚਾਰਜਸ਼ੀਟ ਵਿੱਚ 'ਭਾਰਤ ਸਰਕਾਰ ਦੇ ਏਜੰਟਾਂ' ਦੀ ਭੂਮਿਕਾ ਨੂੰ ਸਪੱਸ਼ਟ ਕਿਉਂ ਨਹੀਂ ਕੀਤਾ ਗਿਆ। ਹਾਲਾਂਕਿ, ਆਰਸੀਐਮਪੀ ਨੇ ਸਾ.ਫ ਕੀਤਾ ਹੈ ਕਿ ਇਸ ਅਪਰੇਸ਼ਨ ਦੌਰਾਨ ਭਾਰਤੀ ਅਧਿਕਾਰੀਆਂ ਦੇ ਸਿੱਧੇ ਸ਼ਾਮਲ ਹੋਣ ਦੇ ਸਬੂਤ ਨਹੀਂ ਮਿਲੇ, ਪਰ ਅਮਰੀਕੀ ਧਰਤੀ 'ਤੇ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਵਿੱਚ ਇੱਕ ਭਾਰਤੀ ਖੁਫੀਆ ਅਧਿਕਾਰੀ (ਵਿਕਾਸ ਯਾਦਵ) ਦਾ ਨਾਮ ਆਉਣਾ ਇਸੇ ਕੜੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਅਮਰੀਕਾ ਇਸ 'ਹਾਰਡ ਬਾਲ' ਨੀਤੀ ਰਾਹੀਂ ਭਾਰਤ ਨੂੰ ਇਹ ਸੁਨੇਹਾ ਦੇ ਰਿਹਾ ਹੈ ਕਿ ਉਹ ਆਪਣੀ ਸਰਜ਼ਮੀਨ 'ਤੇ ਕਿਸੇ ਵੀ ਦੇਸ਼ ਦੀ 'ਗੈਰ-ਕਾਨੂੰਨੀ ਦਖਲਅੰਦਾਜ਼ੀ' ਜਾਂ ਉਸ ਦੇ ਭਾਈਚਾਰੇ 'ਤੇ ਹਿੰਸਾ ਬਰਦਾਸ਼ਤ ਨਹੀਂ ਕਰੇਗਾ। ਇਹ ਇੱਕ ਤਰ੍ਹਾਂ ਨਾਲ ਭਾਰਤ 'ਤੇ ਨੈਤਿਕ ਅਤੇ ਕੂਟਨੀਤਕ ਦਬਾਅ ਬਣਾਉਣ ਦੀ ਰਾਜਨੀਤੀ ਹੈ, ਤਾਂ ਜੋ ਭਾਰਤ ਪੱਛਮੀ ਦੇਸ਼ਾਂ ਵਿੱਚ ਸਰਗਰਮ ਅਸੰਤੁਸ਼ਟਾਂ , ਖਾਲਿਸਤਾਨੀ ਪਖੀ ਸਿੱਖ ਆਗੂਆਂ ਖ਼ਿਲਾ.ਫ ਕੋਈ ਵੀ ਹਮਲਾਵਰ ਰੁ.ਖ਼ ਅਖਤਿਆਰ ਨਾ ਕਰ ਸਕੇ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਲਈ ਸਭ ਤੋਂ ਉਚਿਤ ਰਾਹ ਇਹੀ ਹੋਵੇਗਾ ਕਿ ਉਹ ਆਪਣੀ ਨਿਆਂ ਪ੍ਰਣਾਲੀ ਅਤੇ ਜੇਲ੍ਹ ਪ੍ਰਬੰਧਾਂ ਵਿੱਚ ਮੌਜੂਦ ਖਾਮੀਆਂ ਨੂੰ ਤੁਰੰਤ ਦੂਰ ਕਰੇ। ਜੇਲ੍ਹ ਵਿੱਚ ਬੈਠੇ ਅਪਰਾਧੀਆਂ ਦੇ ਅੰਤਰਰਾਸ਼ਟਰੀ ਸੰਪਰਕਾਂ ਨੂੰ ਤੋੜਨਾ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਬੇਹੱਦ ਜ਼ਰੂਰੀ ਹੈ। ਦੂਜੇ ਪਾਸੇ, ਕੂਟਨੀਤਕ ਪੱਧਰ 'ਤੇ ਭਾਰਤ ਨੂੰ ਹਵਾਲਗੀ ਸੰਧੀ ਦੇ ਤੱਥਾਂ ਅਤੇ ਸਬੂਤਾਂ ਦੇ ਆਧਾਰ 'ਤੇ ਹੀ ਆਪਣੀ ਪ੍ਰਭੂਸੱਤਾ ਨੂੰ ਕਾਇਮ ਰੱਖਦੇ ਹੋਏ ਕਾਨੂੰਨੀ ਪ੍ਰਕਿਰਿਆ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਭਾਰਤ ਅਮਰੀਕਾ ਦੀ ਇਸ ਕਾਰਵਾਈ ਦਾ ਤਿੱਖਾ ਵਿਰੋਧ ਕਰਦਾ ਹੈ ਜਾਂ ਹਵਾਲਗੀ ਦੀਆਂ ਬੇਨਤੀਆਂ ਨੂੰ ਪੂਰੀ ਤਰ੍ਹਾਂ ਖਾਰਜ ਕਰਕੇ 'ਉਲਝਣ' ਦਾ ਰਾਹ ਚੁਣਦਾ ਹੈ, ਤਾਂ ਇਸ ਦੇ ਕਈ ਗੰਭੀਰ ਸਿੱਟੇ ਨਿਕਲ ਸਕਦੇ ਹਨ:

ਅਮਰੀਕਾ ਆਪਣੇ ਪੱਛਮੀ ਸਹਿਯੋਗੀਆਂ (ਫਾਈਲ ਆਈਜ ਦੇਸ਼ - ਕੈਨੇਡਾ, ਬ੍ਰਿਟੇਨ, ਆਸਟ੍ਰੇਲੀਆ, ਨਿਊਜ਼ੀਲੈਂਡ) ਨਾਲ ਮਿਲ ਕੇ ਭਾਰਤ 'ਤੇ 'ਕੌਮਾਂਤਰੀ ਦਮਨ' (ਦੂਜੇ ਦੇਸ਼ਾਂ ਦੀ ਧਰਤੀ 'ਤੇ ਵਿਰੋਧੀਆਂ ਨੂੰ ਦਬਾਉਣ) ਦੇ ਦੋਸ਼ਾਂ ਤਹਿਤ ਦਬਾਅ ਵਧਾਏਗਾ। ਭਾਰਤ ਅਤੇ ਅਮਰੀਕਾ ਵਿਚਾਲੇ ਅੱਤਵਾਦ ਵਿਰੋਧੀ ਅਤੇ ਚੀਨ ਦੇ ਖ਼ਿਲਾ.ਫ ਜੋ ਸਾਂਝਾ ਖੁਫੀਆ ਨੈੱਟਵਰਕ (ਜਿਵੇਂ ਕਿ ਕਵਾਡ - ) ਕੰਮ ਕਰ ਰਿਹਾ ਹੈ, ਉਸ ਵਿੱਚ ਖੜੋਤ ਆ ਸਕਦੀ ਹੈ।ਹਾਲਾਂਕਿ ਵੱਡੇ ਵਪਾਰਕ ਸਮਝੌਤੇ ਪੂਰੀ ਤਰ੍ਹਾਂ ਰੱਦ ਨਹੀਂ ਹੁੰਦੇ, ਪਰ ਅਮਰੀਕਾ ਤਕਨਾਲੋਜੀ ਦੇ ਤਬਾਦਲੇ ਅਤੇ ਖਾਸ ਕਰਕੇ ਭਾਰਤੀ ਨਾਗਰਿਕਾਂ ਲਈ ਵੀਜ਼ਾ ਨਿਯਮਾਂ ਨੂੰ ਅਣਐਲਾਨੇ ਤੌਰ 'ਤੇ ਸ.ਖ਼ਤ ਕਰ ਸਕਦਾ ਹੈ।

ਐਫਬੀਆਈ ਅਤੇ ਅਮਰੀਕੀ ਜਸਟਿਸ ਡਿਪਾਰਟਮੈਂਟ ਹੁਣ ਸਿਰ.ਫ ਸ਼ੂਟਰਾਂ ਜਾਂ ਗੈਂਗਸਟਰਾਂ ਨੂੰ ਨਹੀਂ ਫੜ ਰਹੇ, ਬਲਕਿ ਉਹ ਹਵਾਲਾ ਨੈੱਟਵਰਕ ਅਤੇ ਉਨ੍ਹਾਂ ਬੈਂਕ ਖਾਤਿਆਂ ਦੀ ਪੈੜ ਨੱਪਣ ਵਿੱਚ ਲੱਗੇ ਹਨ ਜੋ ਭਾਰਤ ਅਤੇ ਅਮਰੀਕਾ/ਕੈਨੇਡਾ ਵਿਚਾਲੇ ਫੰਡ ਟ੍ਰਾਂਸਫਰ ਕਰਦੇ ਹਨ। ਅਮਰੀਕਾ ਇਸ ਨੈੱਟਵਰਕ ਨੂੰ 'ਗਲੋਬਲ ਟੈਰਰਿਸਟ ਸਿੰਡੀਕੇਟ' ਵਜੋਂ ਪੇਸ਼ ਕਰਕੇ ਇਸ ਨਾਲ ਜੁੜੇ ਲੋਕਾਂ ਦੀਆਂ ਕੌਮਾਂਤਰੀ ਸੰਪਤੀਆਂ ਨੂੰ ਜ਼ਬਤ ਕਰਨ ਦੀ ਨੀਤੀ 'ਤੇ ਕੰਮ ਕਰ ਰਿਹਾ ਹੈ। ਅਮਰੀਕਾ ਦਾ ਅਗਲਾ ਕਦਮ ਇਹ ਸਿੱਧ ਕਰਨਾ ਹੈ ਕਿ ਭਾਰਤ ਦਾ ਸਥਾਨਕ ਪ੍ਰਸ਼ਾਸਨ ਅਪਰਾਧੀਆਂ ਨੂੰ ਰੋਕਣ ਵਿੱਚ ਨਾਕਾਮ ਰਿਹਾ ਹੈ, ਜਿਸ ਨਾਲ ਭਾਰਤ ਦੇ 'ਕਾਨੂੰਨ ਦੇ ਰਾਜ' ਵਾਲੇ ਅਕਸ ਨੂੰ ਸੱਟ ਵੱਜੇਗੀ। ਭਾਵੇਂ ਅਮਰੀਕਾ ਨੇ ਚਾਰਜਸ਼ੀਟ ਵਿੱਚ ਭਾਰਤੀ ਏਜੰਸੀਆਂ ਦਾ ਨਾਮ ਸਿੱਧੇ ਤੌਰ 'ਤੇ ਨਹੀਂ ਲਿਆ, ਪਰ ਗੁਰਪਤਵੰਤ ਸਿੰਘ ਪੰਨੂ ਦੇ ਬਿਆਨ ਅਤੇ ਵਿਕਾਸ ਯਾਦਵ (ਭਾਰਤੀ ਖੁਫੀਆ ਅਧਿਕਾਰੀ) ਵਾਲੇ ਮਾਮਲੇ ਨੂੰ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਨਿੱਝਰ ਕੇਸ ਹੁਣ ਸਿਰ.ਫ ਇੱਕ ਕਤਲ ਕੇਸ ਨਹੀਂ ਰਿਹਾ, ਇਹ ਦੋਵਾਂ ਦੇਸ਼ਾਂ ਵਿਚਾਲੇ 'ਕੂਟਨੀਤਕ ਬਾਰਗੇਨਿੰਗ' ਦਾ ਸਭ ਤੋਂ ਵੱਡਾ ਹਥਿਆਰ ਬਣਿਆ ਰਹੇਗਾ।

# ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਵਿਖੇ ਬਰਤਾਨੀਆਂ ਦੇ ਆਟਰਨੀ ਜਨਰਲ ਨਾਲ ਸਿੱਖ ਭਾਈਚਾਰੇ ਦੀ ਕ੍ਰਿਪਾਨ ਸਬੰਧੀ ਮੀਟਿੰਗ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਅਟਾਰਨੀ ਜਨਰਲ ਲਾਰਡ ਹਰਮਰ ਬੀਤੇ ਦਿਨੀ ਗੁਰਦੁਆਰਾ ਸਿੰਘ ਸਭਾ ਲੰਡਨ ਈਸਟ (ਬਰਕਿੰਗ ਅਤੇ ਸੇਵਨ ਕਿੰਗਜ਼) ਵਿਖੇ ਨਤਮਸਤਕ ਹੋਏ ਅਤੇ ਉਹਨਾਂ ਨਾਲ ਸਥਾਨਿਕ ਸੰਸਦ ਮੈਂਬਰ ਜਸਬੀਰ ਸਿੰਘ ਜਸ ਅਠਵਾਲ ਵੀ ਪਹੁੰਚੇ।



ਅਟਾਰਨੀ ਜਨਰਲ ਲਾਰਡ ਹਰਮਰ ਨੂੰ ਕਿਤਾਬ ਭੇਟ ਕਰਦੇ ਹੋਏ ਪ੍ਰਧਾਨ ਸਤਨਾਮ ਸਿੰਘ ਸੰਧੂ ਅਤੇ ਐਮ ਪੀ ਜਸ ਅਠਵਾਲ ਅਤੇ ਹੋਰ

ਗੁਰਦੁਆਰਾ ਪ੍ਰਬੰਧਕੀ ਕਮੇਟੀ ਵੱਲੋਂ ਪ੍ਰਧਾਨ ਸਤਨਾਮ ਸਿੰਘ ਸੰਧੂ, ਗੁਰਦੀਪ ਸਿੰਘ ਹੁੰਦਲ ਦੀ ਅਗਵਾਈ ਵਿੱਚ ਸਥਾਨਿਕ ਸਿੱਖਾਂ ਨੇ ਬੀਤੇ ਦਿਨੀ ਸਾਊਥਹੈਂਪਟਨ ਵਿਖੇ ਵਾਪਰੀ ਘਟਨਾਂ ਤੋਂ ਬਾਅਦ ਸਿੱਖਾਂ ਦੀ ਕ੍ਰਿਪਾਨ ਸਬੰਧੀ ਉੱਠ ਰਹੇ ਵਿਵਾਦ ਬਾਰੇ ਚਰਚਾ ਕੀਤੀ। ਉਹਨਾਂ ਕਿਹਾ ਕਿ ਯੂ ਕੇ ਭਰ ਦੇ ਸਿੱਖਾਂ ਹੈਨਰੀ ਨੋਵਾਕ ਦੇ ਕਤਲ ਦੀ ਨਿੰਦਾ ਕੀਤੀ ਅਤੇ ਪ੍ਰੀਵਾਰ ਨਾਲ ਖੜ੍ਹੇ ਹਨ। ਪਰ ਕੁਝ ਲੋਕਾਂ ਵੱਲੋਂ ਫਿਰ ਵੀ ਕ੍ਰਿਪਾਨ ਨੂੰ ਲੈ ਕੇ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਭਾਈਚਾਰੇ ਨੂੰ ਠੇਸ ਪਹੁੰਚੀ ਹੈ। ਉਹਨਾਂ ਸਾਰੇ ਘਟਨਾਕ੍ਰਮ ਵਿੱਚ ਕਾਨੂੰਨੀ ਪੱਖ ਅਤੇ ਪੁਲਿਸ ਪੱਖ ਤੇ ਵੀ ਸਵਾਲ ਉਠਾਏ। ਪ੍ਰਧਾਨ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਕਿਸੇ ਸਮੇਂ 1947 ਤੋਂ ਪਹਿਲਾਂ ਬਰਤਾਨਵੀ ਫੌਜ਼ ਵਿੱਚ ਸਿੱਖਾਂ ਦੇ ਕਕਾਰਾਂ ਨੂੰ ਖਾਸ ਅਹਿਮੀਅਤ ਦਿੱਤੀ ਜਾਂਦੀ ਸੀ, ਦੋਵੇਂ ਵਿਸ਼ਵ ਯੁੱਧਾਂ ਦੇ ਦਸਤਾਵੇਜ਼ ਅੱਜ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ। ਉਹਨਾਂ ਇਤਰਾਜ਼ ਪ੍ਰਗਟ ਕੀਤਾ ਕਿ ਜਦੋਂ ਬਰਤਾਨੀਆਂ ਦੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਸ਼ਪਸ਼ਟ ਕਰ ਚੁੱਕੇ ਹਨ ਕਿ ਕ੍ਰਿਪਾਨ ਮਾਮਲੇ ਤੇ ਕੋਈ ਚਰਚਾ ਨਹੀਂ ਹੋਵੇਗੀ, ਪਾਬੰਦੀ ਤਾਂ ਦੂਰ ਦੀ ਗੱਲ ਰਹੀ। ਫਿਰ ਵੀ ਸੰਸਦ ਵਿੱਚ ਕ੍ਰਿਪਾਨ ਸਬੰਧੀ ਕੁਝ ਅਜੇਹੀਆਂ ਮੀਟਿੰਗਾਂ ਹੋਈਆਂ ਹਨ, ਜਿਹਨਾਂ ਵਿੱਚ ਕਿਸੇ ਵੱਡੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਸ: ਸੰਧੂ ਨੇ ਦੱਸਿਆ ਕਿ ਅਟਾਰਨੀ ਜਨਰਲ ਲਾਰਡ ਹਰਮਰ ਨੇ ਗੱਲਬਾਤ ਦਾ ਹਾਂ ਪੱਖੀ ਹੁੰਗਰਾ ਦਿੰਦਿਆਂ ਸਿੱਖਾਂ ਦੀ ਗੱਲ ਸਰਕਾਰ ਤੱਕ ਪਹੁੰਚਦੀ ਕਰਨ ਦਾ ਵਾਅਦਾ ਕੀਤਾ ਹੈ। ਗੁਰ-ਦੁਆਰਾ ਸਾਹਿਬ ਵੱਲੋਂ ਲਾਰਡ ਹਰਮਰ ਨੂੰ ਸਿੱਖ ਸੂਰਬੀਰਾਂ ਦੀ ਦਾਸਤਾਨ ਬਿਆਨ ਕਰਦੀ "ਵਾਰੀਅਰ ਸੰਤ" ਨਾਮ ਦੀ ਅੰਗਰੇਜ਼ੀ ਦੀ ਕਿਤਾਬ ਵੀ ਭੇਂਟ ਕੀਤੀ।

ਸਿੱਖ ਪ੍ਰਤੀਨਿਧਾਂ ਨੇ ਮੰਗ ਕੀਤੀ ਕਿ 'ਕਿਰਪਾਨ' ਦੀ ਮਰਿਆਦਾ 'ਤੇ ਸਵਾਲ ਨਹੀਂ ਚੁੱਕੇ ਜਾਣੇ ਚਾਹੀਦੇ। ਅਟਾਰਨੀ ਜਨਰਲ ਲਾਰਡ ਹਰਮਰ ਨੇ ਸਿੱਖ ਭਾਈਚਾਰੇ ਨੂੰ ਭਰੋਸਾ ਦਿਵਾਇਆ ਕਿ ਵਿਅਕਤੀਗਤ ਅਪਰਾਧਾਂ ਨੂੰ ਪੂਰੇ ਭਾਈਚਾਰੇ 'ਤੇ ਥੋਪਿਆ ਨਹੀਂ ਜਾਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਬ੍ਰਿਟਿਸ਼ ਸਰਕਾਰ ਦੀ ਕਿਰਪਾਨ ਨੂੰ ਮਿਲੀ ਕਾਨੂੰਨੀ ਸੁਰੱਖਿਆ ਦੀ ਸਮੀਖਿਆ ਕਰਨ ਦੀ ਕੋਈ ਯੋਜਨਾ ਨਹੀਂ ਹੈ, ਕਿਉਂਕਿ ਕ੍ਰਿਪਾਨ ਇੱਕ ਪਵਿੱਤਰ ਧਾਰਮਿਕ ਚਿੰਨ੍ਹ ਹੈ, ਜਿਸ ਤੋਂ ਜਨਤਕ ਸੁਰੱਖਿਆ ਲਈ ਕੋਈ ਖਤਰਾ ਨਹੀਂ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸਤਲੁਜ ਫਿਲਮ ਵਿਖਾਈ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਸਾਊਥਾਲ ਵਿਖੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਪਾਰਕਿੰਗ ਵਿੱਚ ਦਿਲਜੀਤ ਦੋਸਾਂਝ ਦੀ ਨਵੀਂ ਫ਼ਿਲਮ 'ਸਤਲੁਜ' ਦੀ ਇੱਕ ਵਿਸ਼ੇਸ਼ ਓਪਨ-ਏਅਰ (ਖੁੱਲ੍ਹੇ ਅਸਮਾਨ ਹੇਠ) ਸਕ੍ਰੀਨਿੰਗ



ਸਤਲੁਜ ਫਿਲਮ ਵੇਖ ਰਹੀ ਸੰਗਤ

ਕਰਵਾਈ ਗਈ, ਜਿਸ ਵਿੱਚ ਸੈਂਕੜੇ ਦੀ ਤਦਾਦ ਵਿੱਚ ਸੰਗਤਾਂ ਸ਼ਾਮਲ ਹੋਈਆਂ। ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਇਸ ਫ਼ਿਲਮ ਨੂੰ ਲੈ ਕੇ ਦਰਸ਼ਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਗੁਰਦੁਆਰਾ ਸਾਹਿਬ ਦੀ ਕਾਰ ਪਾਰਕਿੰਗ ਵਿੱਚ ਕਰਵਾਈ ਗਈ ਇਸ ਮੁਫ਼ਤ ਸਕ੍ਰੀਨਿੰਗ ਵਿੱਚ ਬੱਚੇ, ਨੌਜਵਾਨ, ਬਜ਼ੁਰਗ ਅਤੇ ਬੀਬੀਆਂ ਵੱਡੀ ਗਿਣਤੀ ਵਿੱਚ ਪਹੁੰਚੇ। ਸੰਗਤਾਂ ਦੀ ਗਿਣਤੀ ਇੰਨੀ ਜ਼ਿਆਦਾ ਸੀ ਕਿ ਸਕ੍ਰੀਨਿੰਗ ਸ਼ੁਰੂ ਹੋਣ ਤੋਂ ਬਾਅਦ ਵੀ ਵਾਧੂ ਕੁਰਸੀਆਂ ਦਾ ਪ੍ਰਬੰਧ ਕਰਨਾ ਪਿਆ। ਇਹ ਫ਼ਿਲਮ 3 ਜੁਲਾਈ ਨੂੰ ਓ.ਟੀ.ਟੀ. ਪਲੇਟਫਾਰਮ 'ਜ਼ੀ 5' 'ਤੇ ਰਿਲੀਜ਼ ਹੋਣ ਦੇ ਮਹਿਜ਼ 48 ਘੰਟਿਆਂ ਦੇ ਅੰਦਰ ਹੀ ਉੱਥੋਂ ਹਟਾ ਦਿੱਤੀ ਗਈ ਸੀ। ਭਾਰਤ ਵਿੱਚ ਅਧਿਕਾਰਤ ਰਿਲੀਜ਼ ਨਾ ਹੋਣ ਅਤੇ ਪਾਬੰਦੀ ਲਗਾਏ ਜਾਣ ਤੋਂ ਬਾਅਦ, ਪੰਜਾਬ, ਦਿੱਲੀ ਅਤੇ ਹੁਣ ਵਿਦੇਸ਼ਾਂ ਵਿੱਚ ਸਿੱਖ ਭਾਈਚਾਰੇ ਵੱਲੋਂ ਸੁਤੰਤਰ ਤੌਰ 'ਤੇ ਇਸ ਦੀਆਂ ਸਕ੍ਰੀਨਿੰਗਾਂ ਕੀਤੀਆਂ ਜਾ ਰਹੀਆਂਹਨ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ਼ ਗੁਰਮੇਲ ਸਿੰਘ ਮੱਲੀ ਨੇ ਕਿਹਾ ਕਿ ਉਹ ਹਾਲਾਤ ਸਿੱਖਾਂ ਲਈ ਕਿੰਨੇ ਭਿਆਨਕ ਸਨ ਸਭ ਨੇ ਦੇਖੇ ਹਨ। ਸੱਚ ਬਾਹਰ ਆ ਜਾਣ ਦੇ ਡਰੋਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਅਵਾਜ਼ ਨੂੰ ਉਸ ਸਮੇਂ ਵੀ ਦਬਾਇਆ ਗਿਆ ਅਤੇ ਅੱਜ ਵੀ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਈ ਜਸਵੰਤ ਸਿੰਘ ਖਾਲੜਾ ਦੇ ਭਰਾ ਅਮਰਜੀਤ ਸਿੰਘ ਖਾਲੜਾ ਨੇ ਹੱਡਬੀਤੀ ਸੁਣਾਉਂਦਿਆਂ ਕਿਹਾ ਕਿ ਸੱਚ ਨੂੰ ਲਕੋਇਆ ਨਹੀਂ ਜਾ ਸਕਦਾ। ਉਹਨਾਂ ਕਿਹਾ ਕਿ ਫਿਲਮ ਵੇਖ ਕੇ ਸਿੱਖਣ ਦੀ ਲੋੜ ਹੈ ਕਿ ਸਿੱਖ ਕੌਮ ਨੂੰ ਕਿਸ ਤਰ੍ਹਾਂ ਘੇਰਿਆ ਹੋਇਆ ਹੈ ਅਤੇ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਕਿਸ ਤਰ੍ਹਾਂ ਬਚਾ ਕੇ ਸਿੱਖੀ ਦੇ ਸਿਧਾਂਤ ਤੇ ਚੱਲਣ ਲਈ ਪ੍ਰੇਰਿਤ ਕਰਨਾ ਹੈ। ਉਹਨਾਂ ਕਿਹਾ ਕਿ ਇੱਕ ਪਾਸੇ ਸਰਕਾਰ ਬੰਦੀ ਸਿੰਘਾਂ ਨੂੰ ਪੈਰੋਲ ਦੇਣ ਲਈ ਵੀ ਤਿਆਰ ਨਹੀਂ ਜਦ ਕਿ ਦੂਜੇ ਪਾਸੇ ਭਾਈ ਜਸਵੰਤ ਸਿੰਘ ਖਾਲੜਾ ਦੇ ਕਾਤਲ ਪੁਲਿਸ ਅਫਸਰਾਂ ਨੂੰ ਤਿੰਨ ਤਿੰਨ ਸਾਲ ਤੋਂ ਗੁਪਤ ਤਰੀਕੇ ਨਾਲ ਜੇਲ੍ਹ ਤੋਂ ਬਾਹਰ ਰੱਖਿਆ ਜਾ ਰਿਹਾ ਹੈ। ਇਸ ਮੌਕੇ ਗਿਆਨੀ ਬਲਵਿੰਦਰ ਸਿੰਘ ਪੱਟੀ, ਭਾਈ ਮਨਦੀਪ ਸਿੰਘ ਸਿੱਧੂ, ਡਾਃ ਸੁਖਦੇਵ ਸਿੰਘ ਉਦੋਕੇ ਆਦਿ ਨੇ ਵੀ ਸੰਬੋਧਨ ਕੀਤਾ।

# ਯੂ ਕੇ ਦੇ ਸਾਬਕਾ ਮੰਤਰੀ ਦੇ ਕਤਲ ਦੀ ਜਾਂਚ ਅੱਤਵਾਦ ਵਿਰੋਧੀ ਪੁਲਿਸ ਨੇ ਸੰਭਾਲੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਅੱਤਵਾਦ ਵਿਰੋਧੀ ਪੁਲਿਸ ਨੇ ਸੋਮਵਾਰ ਨੂੰ ਇੱਕ ਸਾਬਕਾ ਕੰਜ਼ਰਵੇਟਿਵ ਮੰਤਰੀ ਦੇ ਕਤਲ ਦੀ ਚੱਲ ਰਹੀ ਜਾਂਚ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ ਹੈ, ਜੋ ਦੱਖਣ-ਪੱਛਮੀ ਇੰਗਲੈਂਡ ਵਿੱਚ ਆਪਣੇ ਘਰ ਵਿੱਚ ਮ੍ਰਿਤਕ ਪਾਈ ਗਈ ਸੀ।***



78 ਸਾਲਾ ਐਨ ਵਿਡੇਕੋਂਬੇ 'ਤੇ ਪਿਛਲੇ ਹਫ਼ਤੇ ਡੇਵੋਨ ਦੇ ਡਾਰਟਮੂਰ ਸਥਿਤ ਹੇਟਰ ਵੇਲ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਹਮਲਾ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਹੱਤਿਆ ਦੀ ਸਖ਼ਤ ਨਿੰਦਾ ਕੀਤੀ, ਜਿਸ ਨੇ ਪੂਰੇ ਸਿਆਸੀ ਜਗਤ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕਾਊਂਟਰ ਟੈਰੋਰਿਜ਼ਮ ਪੁਲਿਸਿੰਗ ਸਾਊਥ ਈਸਟ ਨੇ ਦੱਸਿਆ ਕਿ ਸ਼ਨੀਵਾਰ ਨੂੰ ਕਤਲ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤੇ ਗਏ ਸਾਊਥ ਯੌਰਕਸ਼ਾਇਰ ਦੇ ਰੋਦਰਹੈਮ ਦੇ ਰਹਿਣ ਵਾਲੇ ਇੱਕ 28 ਸਾਲਾ ਗੋਰੇ ਬਰਤਾਨਵੀ ਵਿਅਕਤੀ ਨੂੰ ਹੁਣ ਅੱਤਵਾਦ ਨਾਲ ਸਬੰਧਤ ਦੋਸ਼ਾਂ ਤਹਿਤ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਹੈ। ਜਿਕਰਯੋਗ ਹੈ ਕਿ ਐਨ ਵਿਡੇਕੋਂਬੇ 1987 ਤੋਂ 2010 ਤੱਕ ਮੇਡਸਟੋਨ ਤੋਂ ਕੰਜ਼ਰਵੇਟਿਵ ਪਾਰਟੀ ਦੀ ਸੰਸਦ ਮੈਂਬਰ ਰਹੀ ਅਤੇ ਜੌਹਨ ਮੇਜਰ ਦੀ ਸਰਕਾਰ ਮੌਕੇ ਮੰਤਰੀ ਵੀ ਬਣੇ। ਇਸ ਤੋਂ ਬਾਅਦ ਉਹ ਬ੍ਰੈਗਜ਼ਿਟ ਪਾਰਟੀ ਵੱਲੋਂ ਯੂਰਪੀਅਨ ਸੰਸਦ ਦੀ ਮੈਂਬਰ ਵੀ ਰਹੀ।

# ਗੋਲਡਨ ਸਟਾਰ ਮਲਕੀਤ ਸਿੰਘ ਦਾ ਨਵਾਂ ਗੀਤ "ਵਧਾਈਆਂ" ਜਾਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਗਾਇਕੀ ਦੇ ਖੇਤਰ ਵਿੱਚ ਬੀਤੇ ਕਈ ਦਹਾਕਿਆਂ ਤੋਂ ਸਦਾ ਬਹਾਰ ਗਾਇਕ ਵਜੋਂ ਚੋਟੀ 'ਤੇ ਬੈਠੇ ਗੋਲਡਨ ਸਟਾਰ ਮਲਕੀਤ ਸਿੰਘ ਨੇ



ਵਿਆਹਾਂ ਅਤੇ ਖੁਸ਼ੀਆਂ ਵਰਗੇ ਮਾਹੌਲ ਵਾਲਾ ਨਵਾਂ ਗੀਤ ਵਧਾਈਆਂ ਪੰਜਾਬੀਆਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਹੈ। ਗਿੱਧੇ ਅਤੇ ਭੰਗੜੇ ਨਾਲ ਸ਼ਿੰਗਾਰੇ ਨਵੇਂ ਗੀਤ ਦੇ ਵੀਡੀਓ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਇਹ ਗੀਤ ਦੇ ਲੇਖਕ, ਗਾਇਕ ਮਲਕੀਤ ਸਿੰਘ ਦੇ ਇਸ ਗੀਤ ਨੂੰ ਸੰਗੀਤਕ ਧੁੰਨਾ ਨਾਲ ਉਹਨਾਂ ਖੁਦ ਅਤੇ ਬੌਬ ਰਾਏ ਨੇ ਸ਼ਿੰਗਾਰਿਆ ਹੈ। ਗੀਤ ਦੇ ਵੀਡੀਓ ਵਿੱਚ ਉੱਘੇ ਅਦਾਕਾਰ ਮਲਕੀਤ ਸਿੰਘ ਰੌਣੀ, ਬਿੱਟੂ ਖੰਨੇਵਾਲਾ, ਮੋਨਿਕਾ ਰਾਵਾਨ, ਪੂਨਮ ਸੂਦ ਆਦਿ ਨੇ ਬਾਕਮਾਲ ਕੰਮ ਕੀਤਾ ਹੈ। ਗੱਲ ਕਰਦਿਆਂ ਮਲਕੀਤ ਸਿੰਘ ਨੇ ਆਸ ਪ੍ਰਗਟ ਕੀਤੀ ਕਿ ਇਸ ਗੀਤ ਨੂੰ ਵੀ ਪੰਜਾਬੀ ਹਮੇਸ਼ਾਂ ਵਾਂਗ ਪਿਆਰ ਦੇਣਗੇ ਅਤੇ ਵਿਆਹਾਂ ਵਿੱਚ ਇਹ ਗੀਤ ਗੂੰਜੇਗਾ।

# ਹੇਜ਼ ਵਿੱਚ ਪੰਜਾਬੀ ਮੂਲ ਦੀ ਮਹਿਲਾ ਕਿਰਨਦੀਪ ਕੌਰ ਕਤਲ ਮਾਮਲੇ 'ਚ -ਡੇਨੀਅਲ ਸੀਨ ਅਦਾਲਤ 'ਚ ਪੇਸ਼ ਸਿੱਖ ਭਾਈਚਾਰੇ ਵੱਲੋਂ ਉਕਤ ਮਾਮਲੇ ਨੂੰ ਨਸਲੀ ਨਫ਼ਰਤੀ ਹਮਲੇ ਵਜੋਂ ਵੇਖਣ ਦੀ ਮੰਗ


ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇਲਾਕੇ ਹੇਜ਼ ਵਿੱਚ ਹੋਏ ਇੱਕ ਦੋਹਰੇ ਚਾਕੂ ਹਮਲੇ ਦੇ ਸਬੰਧ ਵਿੱਚ ਇੱਕ ਵਿਅਕਤੀ 'ਤੇ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ ਸੀ ਅਤੇ ਇੱਕ ਹੋਰ ਵਿਅਕਤੀ ਜ਼ਖਮੀ ਹੋ ਗਿਆ ਸੀ। ਪਿੰਨਰ ਦੇ ਮਰਸਰ ਪਲੇਸ ਦੇ ਰਹਿਣ ਵਾਲੇ 44 ਸਾਲਾ ਡੇਨੀਅਲ ਸੀਨ ਜੇਮਸ 'ਤੇ ਸੋਮਵਾਰ, 13 ਜੁਲਾਈ ਨੂੰ ਕਤਲ, ਕਤਲ ਦੀ ਕੋਸ਼ਿਸ਼ ਅਤੇ ਤੇਜ਼ਧਾਰ ਹਥਿਆਰ ਰੱਖਣ ਦੇ ਦੋਸ਼ ਲਗਾਏ ਗਏ ਅਤੇ ਮੰਗਲਵਾਰ 14 ਜੁਲਾਈ ਨੂੰ ਵਿਲਸਡਨ ਮੈਜਿਸਟ੍ਰੇਟ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਐਤਵਾਰ, 12 ਜੁਲਾਈ ਨੂੰ ਸਵੇਰੇ ਲਗਭਗ 07:55 ਵਜੇ ਪੁਲਿਸ ਨੂੰ ਅਕਸਬ੍ਰਿਜ ਰੋਡ 'ਤੇ ਸਥਿਤ ਇੱਕ ਘਰ ਵਿੱਚ ਚਾਕੂਬਾਜ਼ੀ ਹੋਣ ਦੀ ਸੂਚਨਾ ਮਿਲੀ ਸੀ। ਪੁਲਿਸ ਅਧਿਕਾਰੀ ਲੰਡਨ ਐਂਬੂਲੈਂਸ ਸੇਵਾ ਦੇ ਨਾਲ ਮੌਕੇ 'ਤੇ ਪਹੁੰਚੇ। ਉੱਥੇ ਪਹੁੰਚਣ 'ਤੇ ਉਨ੍ਹਾਂ ਨੂੰ ਇੱਕ 24 ਸਾਲਾ ਮਹਿਲਾ ਮਿਲੀ, ਜਿਸ ਦੇ ਸਰੀਰ 'ਤੇ ਚਾਕੂ ਦੇ ਜ਼ਖ਼ਮ ਸਨ।

ਐਮਰਜੈਂਸੀ ਸੇਵਾਵਾਂ ਨੇ ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੀੜਤ ਮਹਿਲਾ ਦੀ ਪਛਾਣ ਕਿਰਨਦੀਪ ਕੌਰ ਵਜੋਂ ਹੋਈ ਹੈ। ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਮਾਹਰ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਮਦਦ ਕੀਤੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕਾ ਦਾ ਸਬੰਧ ਤਰਨਤਾਰਨ ਜ਼ਿਲ੍ਹੇ ਨਾਲ ਹੈ ਅਤੇ ਉਹ ਦੋ ਸਾਲ ਪਹਿਲਾਂ ਹੀ ਵਿਦਿਆਰਥੀ ਵੀਜ਼ੇ ਤੇ ਯੂ ਕੇ ਆਈ ਸੀ।


ਮ੍ਰਿਤਕਾ ਕਿਰਨਦੀਪ ਕੌਰ

ਇਸ ਤੋਂ ਇਲਾਵਾ, ਇੱਕ 20 ਸਾਲ ਦੇ ਕਰੀਬ ਨੌਜਵਾਨ ਨੂੰ ਵੀ ਉਸੇ ਘਰ ਦੇ ਬਾਹਰ ਚਾਕੂ ਦੇ ਜ਼ਖ਼ਮਾਂ ਨਾਲ ਪਾਇਆ ਗਿਆ ਸੀ। ਉਹ ਹਸਪਤਾਲ ਵਿੱਚ ਜ਼ੇਰੇ-ਇਲਾਜ ਹੈ, ਅਤੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਦੂਜੇ ਪਾਸੇ ਭਾਵੇਂ ਪੁਲਿਸ ਨੇ ਹਮਲੇ ਦੇ ਕਾਰਨਾਂ ਨੂੰ ਅਜੇ ਤੱਕ ਸਪੱਸ਼ਟ ਨਹੀਂ ਕੀਤਾ। ਪ੍ਰੰਤੂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਗੁਰਮੇਲ ਸਿੰਘ ਮੱਲੀ, ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਸਿੱਖ ਫੈਡਰੇਸ਼ਨ ਯੂ ਕੇ ਦੇ ਭਾਈ ਅਮਰੀਕ ਸਿੰਘ ਗਿੱਲ, ਦਬਿੰਦਰਜੀਤ ਸਿੰਘ ਸਿੱਧੂ, ਜੱਸ ਸਿੰਘ ਆਦਿ ਨੇ ਉਕਤ ਮਾਮਲੇ ਨੂੰ ਨਸਲੀ ਨਫ਼ਰਤੀ ਮਾਮਲੇ ਵਜੋਂ ਵੇਖਣ ਦੀ ਮੰਗ ਕੀਤੀ ਹੈ।

## ਬਰਨਹਮ ਬਣਨਗੇ ਅਗਲੇ ਪ੍ਰਧਾਨ ਮੰਤਰੀ; 322 ਲੇਬਰ ਮੈਂਬਰ ਪਾਰਲੀਮੈਂਟ ਵੱਲੋਂ ਸਮਰਥਨ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸਿਆਸਤ ਵਿੱਚ ਇਸ ਵੇਲੇ ਇੱਕ ਬਹੁਤ ਵੱਡਾ ਉਲਟਫੇਰ ਦੇਖਣ ਨੂੰ ਮਿਲ ਰਿਹਾ ਹੈ। ਐਂਡੀ ਬਰਨਹਮ ਦਾ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਬਣਨਾ ਲਗਭਗ ਤੈਅ ਹੋ ਚੁੱਕਾ ਹੈ। ਲੇਬਰ ਪਾਰਟੀ ਦੇ ਆਗੂ ਦੀ ਚੋਣ ਲਈ ਨਾਮਜ਼ਦਗੀਆਂ ਸ਼ੁਰੂ ਹੋਣ ਦੇ ਪਹਿਲੇ ਹੀ ਦਿਨ, ਪਾਰਟੀ ਦੇ 403 ਵਿੱਚੋਂ 322 ਮੈਂਬਰ ਪਾਰਲੀਮੈਂਟਾਂ ਨੇ ਖੁੱਲ੍ਹ ਕੇ ਬਰਨਹਮ ਦਾ ਸਮਰਥਨ ਕਰ ਦਿੱਤਾ ਹੈ। ਲੇਬਰ ਪਾਰਟੀ ਦੇ ਨਿਯਮਾਂ ਮੁਤਾਬਕ, ਚੋਣ ਮੈਦਾਨ ਵਿੱਚ ਉਤਰਨ ਲਈ ਕਿਸੇ ਵੀ ਉਮੀਦਵਾਰ ਨੂੰ ਘੱਟੋ-ਘੱਟ 20 ਫੀਸਦੀ (ਯਾਨੀ 81) ਸੰਸਦ ਮੈਂਬਰਾਂ ਦੇ ਸਮਰਥਨ ਦੀ ਲੋੜ ਹੁੰਦੀ ਹੈ। ਬਰਨਹਮ ਨੂੰ ਮਿਲੇ ਭਾਰੀ ਬਹੁਮਤ ਤੋਂ ਬਾਅਦ ਹੁਣ ਪਿੱਛੇ ਇੰਨੇ ਸੰਸਦ ਮੈਂਬਰ ਹੀ ਨਹੀਂ ਬਚੇ, ਜੋ ਕਿਸੇ ਦੂਜੇ ਆਗੂ ਨੂੰ ਚੋਣ ਮੈਦਾਨ ਵਿੱਚ ਉਤਾਰ ਸਕਣ। ਇਸ ਗਣਿਤ ਨੇ ਬਾਕੀ ਸਾਰੇ ਦਾਅਵੇਦਾਰਾਂ ਦੇ ਰਾਹ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਹਨ। ਜੇਕਰ ਕੋਈ ਬਹੁਤ ਵੱਡਾ ਉਲਟਫੇਰ ਨਹੀਂ ਹੁੰਦਾ, ਤਾਂ ਬ੍ਰਿਟੇਨ ਦੀ ਸੱਤਾ ਬਹੁਤ ਜਲਦ ਬਰਨਹਮ ਦੇ ਹੱਥਾਂ ਵਿੱਚ ਹੋਵੇਗੀ। ਸ਼ੁੱਕਰਵਾਰ, 17 ਜੁਲਾਈ:ਨਾਮਜ਼ਦਗੀਆਂ ਭਰਨ ਦੀ ਆਖਰੀ ਤਾਰੀਖ਼ ਹੈ। ਕਿਉਂਕਿ ਕੋਈ ਹੋਰ ਉਮੀਦਵਾਰ ਲੋੜੀਂਦਾ ਸਮਰਥਨ ਹਾਸਲ ਨਹੀਂ ਕਰ ਸਕਿਆ, ਇਸ ਲਈ ਇੱਕ ਵਿਸ਼ੇਸ਼ ਪਾਰਟੀ ਕਾਨਫਰੰਸ ਦੌਰਾਨ ਬਰਨਹਮ ਨੂੰ ਅਧਿਕਾਰਤ ਤੌਰ 'ਤੇ ਲੇਬਰ ਪਾਰਟੀ ਦਾ ਨਵਾਂ ਆਗੂ ਐਲਾਨ ਦਿੱਤਾ ਜਾਵੇਗਾ। ਮੌਜੂਦਾ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਧਿਕਾਰਤ ਤੌਰ 'ਤੇ ਕਿੰਗ ਚਾਰਲਸ ਤੀਜੇ ਨੂੰ ਆਪਣਾ ਅਸਤੀਫਾ ਸੌਂਪਣਗੇ। ਇਸ ਤੋਂ ਤੁਰੰਤ ਬਾਅਦ ਬਰਨਹਮ ਨੂੰ ਬਕਿੰਘਮ ਪੈਲੇਸ ਬੁਲਾਇਆ ਜਾਵੇਗਾ, ਜਿੱਥੇ ਉਹ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁ ਚੁੱਕਣਗੇ।

## ਜਸਵੰਤ ਸਿੰਘ ਖਾਲੜਾ ਦੀ ਯਾਦਗਾਰ ਲਈ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਦਾ 1 ਕਰੋੜ ਰੁਪਏ ਦੇਣ ਦਾ ਐਲਾਨ

ਬਠਿੰਡਾ-ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਸਮਾਰਕ ਬਣਾਉਣ ਲਈ ਆਪਣੇ ਸੰਸਦੀ ਖੇਤਰ ਵਿਕਾਸ ਫੰਡ ਵਿੱਚੋਂ 1 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਫ਼ਿਲਮ 'ਸਤਲੁਜ' ਨੂੰ ਲੈ ਕੇ ਚੱਲ ਰਹੀ ਚਰਚਾ ਦੇ ਦਰਮਿਆਨ ਕੀਤੇ ਇਸ ਐਲਾਨ ਵਿੱਚ ਸਰਬਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਉਹ ਹਰੀਕੇ ਪੱਤਣ ਨੇੜੇ ਸਤਲੁਜ ਦਰਿਆ ਦੇ ਕੰਢੇ ਜਸਵੰਤ ਸਿੰਘ ਖਾਲੜਾ ਦੀ ਯਾਦਗਾਰ ਬਣਾਉਣ ਲਈ ਇਹ ਰਕਮ ਜਾਰੀ ਕਰਨਗੇ। ਸੰਸਦ ਮੈਂਬਰ ਨੇ ਆਪਣੇ ਸੋਸ਼ਲ ਮੀਡੀਆ ਸੰਦੇਸ਼ ਰਾਹੀਂ ਇਹ ਵੀ ਸਪੱਸ਼ਟ ਕੀਤਾ ਕਿ ਸੰਸਦੀ ਖੇਤਰ ਵਿਕਾਸ ਫੰਡ ਦੀ ਰਕਮ ਨਿੱਜੀ ਮਲਕੀਅਤ ਵਾਲੀ ਜ਼ਮੀਨ 'ਤੇ ਖਰਚ ਨਹੀਂ ਕੀਤੀ ਜਾ ਸਕਦੀ। ਇਸ ਲਈ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਯਾਦਗਾਰ ਦੀ ਉਸਾਰੀ ਲਈ ਹਰੀਕੇ ਪੱਤਣ ਵਿਖੇ ਸਰਕਾਰੀ ਜ਼ਮੀਨ ਜਲਦੀ ਤੋਂ ਜਲਦੀ ਅਲਾਟ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਮੀਨ ਅਲਾਟ ਹੋਣ ਤੋਂ ਬਾਅਦ ਨਿਯਮਾਂ ਅਨੁਸਾਰ ਫੰਡ ਦੀ ਵਰਤੋਂ ਕਰਕੇ ਯਾਦਗਾਰ ਦਾ ਨਿਰਮਾਣ ਕੀਤਾ ਜਾ ਸਕੇਗਾ। ਇਸ ਐਲਾਨ ਤੋਂ ਬਾਅਦ ਖਾਲੜਾ ਦੀ ਯਾਦ ਵਿੱਚ ਸਮਾਰਕ ਬਣਾਉਣ ਦੇ ਮੁੱਦੇ ਨੂੰ ਲੈ ਕੇ ਸਿਆਸੀ ਅਤੇ ਸਮਾਜਿਕ ਪੱਧਰ 'ਤੇ ਨਵੀਂ ਚਰਚਾ ਸ਼ੁਰੂ ਹੋ ਗਈ ਹੈ।

## ਗਲੋਬਲ ਸਿੱਖ ਕੌਂਸਲ ਵੱਲੋਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਉੱਤੇ ਬਣੀ ਫ਼ਿਲਮ ਸਤਲੁਜ ਦੇ ਪ੍ਰਸਾਰਣ ਉੱਤੇ ਰੋਕ ਦੀ ਸਖਤ ਨਿੰਦਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗਲੋਬਲ ਸਿੱਖ ਕੌਂਸਲ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਉਨ੍ਹਾਂ ਵਲੋਂ ਮਨੁੱਖੀ ਅਧਿਕਾਰਾਂ ਲਈ ਕੀਤੇ ਸੰਘਰਸ਼ ਉੱਤੇ ਬਣੀ ਫ਼ਿਲਮ ਸਤਲੁਜ ਦੇ ਭਾਰਤ ਅੰਦਰ ਪ੍ਰਸਾਰਣ ਉੱਤੇ ਰੋਕ ਲਗਾਉਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਕੌਂਸਲ ਨੇ ਕਿਹਾ ਕਿ ਇਹ ਕਾਰਵਾਈ ਸੱਚ, ਇਤਿਹਾਸ ਅਤੇ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਨੂੰ ਦਬਾਉਣ ਵਾਲਾ ਕਦਮ ਹੈ। ਗਲੋਬਲ ਸਿੱਖ ਕੌਂਸਲ ਦਾ ਮੰਨਣਾ ਹੈ ਕਿ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ 1990 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਹੋਏ ਮਨੁੱਖੀ ਅਧਿਕਾਰਾਂ ਦੇ ਗੰਭੀਰ ਉਲੰਘਣਾਂ, ਸਿੱਖ ਨੌਜਵਾਨਾਂ ਦੇ ਕਤਲੇਆਮ ਅਤੇ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਜੋ ਸੱਚ ਦੁਨੀਆ ਸਾਹਮਣੇ ਰੱਖਿਆ, ਉਹ ਸਿਰਫ਼ ਸਿੱਖ ਕੌਮ ਦਾ ਮਸਲਾ ਨਹੀਂ, ਸਗੋਂ ਮਨੁੱਖਤਾ, ਇਨਸਾਫ਼ ਅਤੇ ਲੋਕਤੰਤਰਿਕ ਮੁੱਲਾਂ ਨਾਲ ਜੁੜਿਆ ਹੋਇਆ ਵਿਸ਼ਾ ਹੈ। ਅਜਿਹੇ ਸੱਚ ਨੂੰ ਫ਼ਿਲਮ ਰਾਹੀਂ ਲੋਕਾਂ ਤੱਕ ਪਹੁੰਚਣ ਤੋਂ ਰੋਕਣਾ ਲੋਕਤੰਤਰਿਕ ਅਤੇ ਸੰਵਿਧਾਨਕ ਅਸੂਲਾਂ ਦੇ ਵਿਰੁੱਧ ਹੈ। ਕੌਂਸਲ ਨੇ ਕਿਹਾ ਕਿ ਜਦੋਂ ਦੇਸ਼ ਵਿੱਚ ਵੱਖ ਵੱਖ ਇਤਿਹਾਸਕ, ਸਮਾਜਿਕ ਅਤੇ ਰਾਜਨੀਤਕ ਵਿਸ਼ਿਆਂ ਉੱਤੇ ਬਣੀਆਂ ਫ਼ਿਲਮਾਂ ਨੂੰ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ, ਤਾਂ ਘੱਟ ਗਿਣਤੀ ਸਿੱਖ ਭਾਈਚਾਰੇ ਉੱਤੇ ਹੋਏ ਤਸ਼ੱਦਦ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਬਣੀ ਫ਼ਿਲਮ ਨੂੰ ਰੋਕਣਾ ਪੱਖਪਾਤੀ ਅਤੇ ਅਨਿਆਇਕ ਕਾਰਵਾਈ ਹੈ। ਸੱਚ ਨੂੰ ਦਬਾਉਣ ਦੀ ਕੋਸ਼ਿਸ਼ ਕਦੇ ਵੀ ਇਨਸਾਫ਼ ਦਾ ਬਦਲ ਨਹੀਂ ਬਣ ਸਕਦੀ। ਗਲੋਬਲ ਸਿੱਖ ਕੌਂਸਲ ਨੇ ਇਹ ਵੀ ਕਿਹਾ ਹੈ ਭਾਰਤ ਸਰਕਾਰ ਨੂੰ ਸਦਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖੀ ਅਧਿਕਾਰਾਂ ਲਈ ਪਹਿਲੀ ਸ਼ਹਾਦਤ ਵੀ ਸਿੱਖਾਂ ਦੇ ਨੌਵੇਂ ਪਾਤਸ਼ਾਹ ਗੁਰੂ ਤੇਗਬਹਾਦਰ ਸਾਹਿਬ ਜੀ ਵਲੋਂ ਦਿੱਤੀ ਗਈ ਸੀ। ਜੇਕਰ ਅੱਜ ਸਰਕਾਰ ਅਜਿਹਾ ਸੱਚ ਦਿਖਾਉਣ ਤੇ ਕੋਈ ਵੀ ਰੋਕ ਲਗਾਉਂਦੀ ਹੈ ਤਾਂ ਉਹ ਗੁਰੂ ਸਾਹਿਬਾਨ ਵਲੋਂ ਕੀਤੇ ਪਰਉਪਕਾਰ ਨੂੰ ਭੁੱਲਣ ਦੇ ਬਰਾਬਰ ਹੈ। ਗਲੋਬਲ ਸਿੱਖ ਕੌਂਸਲ ਨੇ ਜੋਰਦਾਰ ਸ਼ਬਦਾਂ ਵਿੱਚ ਕਿਹਾ ਹੈ ਕਿ ਇਹ ਮਾਮਲਾ ਸਿਰਫ਼ ਇੱਕ ਫ਼ਿਲਮ ਦੇ ਪ੍ਰਸਾਰਣ ਤੱਕ ਸੀਮਤ ਨਹੀਂ ਹੈ, ਸਗੋਂ ਇਹ ਇਤਿਹਾਸਕ ਸੱਚਾਈ, ਵਿਚਾਰ ਪ੍ਰਗਟਾਉਣ ਦੀ ਅਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਪੀੜਤ ਪਰਿਵਾਰਾਂ ਦੇ ਇਨਸਾਫ਼ ਨਾਲ ਜੁੜਿਆ ਹੋਇਆ ਗੰਭੀਰ ਮਸਲਾ ਹੈ। ਜਿਹੜੀਆਂ ਘਟਨਾਵਾਂ ਨੇ ਹਜ਼ਾਰਾਂ ਪਰਿਵਾਰਾਂ ਦੀ ਜ਼ਿੰਦਗੀ ਉੱਤੇ ਡੂੰਘਾ ਅਸਰ ਪਾਇਆ, ਉਨ੍ਹਾਂ ਬਾਰੇ ਸੱਚ ਲੋਕਾਂ ਤੱਕ ਪਹੁੰਚਣਾ ਚਾਹੀਦਾ ਹੈ, ਨਾ ਕਿ ਉਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਗਲੋਬਲ ਸਿੱਖ ਕੌਂਸਲ ਦਾ ਕਹਿਣਾ ਹੈ ਕਿ ਭਾਈ ਜਸਵੰਤ ਸਿੰਘ ਖਾਲੜਾ ਵੱਲੋਂ ਉਜਾਗਰ ਕੀਤੇ ਗਏ ਮਾਮਲੇ ਸਮੇਂ ਸਮੇਂ ਉੱਤੇ ਅਦਾਲਤਾਂ ਰਾਹੀਂ ਵੀ ਸਾਹ-ਮਣੇ ਆਏ ਹਨ ਅਤੇ ਝੂਠੇ ਪੁਲਿਸ ਮੁਕਾਬਲਿਆਂ ਨਾਲ ਜੁੜੇ ਕਈ ਕੇਸਾਂ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਵੀ ਹੋਈਆਂ ਹਨ। ਇਸ ਲਈ ਸਰਕਾਰ ਨੂੰ ਸੱਚ ਨੂੰ ਲੁਕਾਉਣ ਦੀ ਥਾਂ ਇਤਿਹਾਸਕ ਜ਼ਖਮਾਂ ਨੂੰ ਸਮਝਦਿਆਂ ਇਨਸਾਫ਼, ਪਾਰਦਰਸ਼ਤਾ ਅਤੇ ਮਨੁੱਖੀ ਅਧਿਕਾਰਾਂ ਦੇ ਸਤਿਕਾਰ ਵਾਲੀ ਪਹੁੰਚ ਅਪਣਾਉਣੀ ਚਾਹੀਦੀ ਹੈ। ਕੌਂਸਲ ਨੇ ਕਿਹਾ ਕਿ ਫ਼ਿਲਮ ਸਤਲੁਜ ਉੱਤੇ ਰੋਕ ਨਾਲ ਸਿੱਖ ਮਨਾਂ ਨੂੰ ਡੂੰਘੀ ਠੇਸ ਪਹੁੰਚੀ ਹੈ। ਇਹ ਫ਼ਿਲਮ ਕਿਸੇ ਭਾਈਚਾਰੇ ਵਿਰੁੱਧ ਨਹੀਂ, ਸਗੋਂ ਮਨੁੱਖੀ ਅਧਿਕਾਰਾਂ, ਸੱਚ ਅਤੇ ਇਨਸਾਫ਼ ਦੀ ਆਵਾਜ਼ ਹੈ। ਅਜਿਹੀਆਂ ਆਵਾਜ਼ਾਂ ਨੂੰ ਦਬਾਉਣ ਦੀ ਥਾਂ ਸੁਣਿਆ ਜਾਣਾ ਚਾਹੀਦਾ ਹੈ, ਤਾਂ ਜੋ ਭਵਿੱਖ ਵਿੱਚ ਅਜਿਹੀਆਂ ਤ੍ਰਾਸਦੀਆਂ ਦੁਬਾਰਾ ਨਾ ਵਾਪਰਨ। ਗਲੋਬਲ ਸਿੱਖ ਕੌਂਸਲ ਨੇ ਭਾਰਤ ਸਰਕਾਰ ਅਤੇ ਸੰਬੰਧਤ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਫ਼ਿਲਮ ਸਤਲੁਜ ਦੇ ਪ੍ਰਸਾਰਣ ਉੱਤੇ ਲਗਾਈ ਰੋਕ ਤੁਰੰਤ ਹਟਾਈ ਜਾਵੇ ਅਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਵੱਲੋਂ ਮਨੁੱਖੀ ਅਧਿਕਾਰਾਂ ਲਈ ਕੀਤੇ ਮਹਾਨ ਸੰਘਰਸ਼ ਦੀ ਕਹਾਣੀ ਨੂੰ ਲੋਕਾਂ ਤੱਕ ਪਹੁੰਚਣ ਦਿੱਤਾ ਜਾਵੇ। ਸੱਚ ਨੂੰ ਰੋਕਣ ਨਾਲ ਉਹ ਖ਼ਤਮ ਨਹੀਂ ਹੁੰਦਾ, ਸਗੋਂ ਹੋਰ ਵੱਧ ਤਾਕਤ ਨਾਲ ਸਾਹਮਣੇ ਆਉਂਦਾ ਹੈ।

# ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਵੱਲੋਂ, ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਬਾਰਕਿੰਗ ਅਤੇ ਸੈਵਨ ਕਿੰਗਜ਼ ਦੇ ਪ੍ਰਬੰਧ ਅਤੇ ਸੰਗਤਾਂ ਦੇ ਸਹਿਯੋਗ ਨਾਲ ਪ੍ਰੀਵਾਰਿਕ ਖੇਡ ਮੇਲਾ ਕਰਵਾਇਆ ਗਿਆ

## ਖੇਡ ਮੇਲੇ ਵਿੱਚ ਢਾਡੀ ਜੱਥੇ, ਕਵਿਸ਼ਰੀ ਜੱਥੇ ਨੇ ਯੋਧਿਆਂ ਦੀਆਂ ਵਾਰਾਂ ਗਾ ਕੇ ਰੰਗ ਬੰਨਿਆਂ, ਗੱਤਕਾ, ਕਬੱਡੀ, ਰੱਸਾਕਸੀ, ਦੌੜਾਂ ਦੇ ਹੋਏ ਮੁਕਾ-ਬਲੇ, ਗਿੱਧਾ ਭੰਗੜਾ ਤੋਂ ਇਲਾਵਾ ਬੱਚਿਆਂ ਲਈ ਪੰਘੂੜੇ ਅਤੇ ਵੱਖ ਵੱਖ ਸਟਾਲ ਲਗਾਏ ਗਏ, ਬੱਚਿਆਂ ਅਤੇ ਬੀਬੀਆਂ ਲਈ ਖਾਸ ਪ੍ਰਬੰਧ ਕੀਤੇ






*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਵੱਲੋਂ, ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਬਾਰਕਿੰਗ ਅਤੇ ਸੈਵਨ ਕਿੰਗਜ਼ ਦੇ ਪ੍ਰਬੰਧ ਅਤੇ ਸੰਗਤਾਂ ਦੇ ਸਹਿਯੋਗ ਨਾਲ ਪ੍ਰੀਵਾਰਿਕ ਖੇਡ ਮੇਲਾ ਕਰਵਾਇਆ ਗਿਆ। ਜਿਸ ਵਿੱਚ ਢਾਡੀ ਜੱਥੇ, ਕਵਿਸ਼ਰੀ ਜੱਥਿਆਂ ਨੇ ਯੋਧਿਆਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੱਤਕਾ, ਕਬੱਡੀ, ਰੱਸਾਕਸੀ, ਦੌੜਾਂ ਦੇ ਹੋਏ ਮੁਕਾਬਲੇ, ਗਿੱਧਾ ਭੰਗੜਾ ਤੋਂ ਇਲਾਵਾ ਬੱਚਿਆਂ ਲਈ ਪੰਘੂੜੇ ਅਤੇ ਵੱਖ ਵੱਖ ਸਟਾਲ ਲਗਾਏ ਗਏ, ਬੱਚਿਆਂ ਅਤੇ ਬੀਬੀਆਂ ਲਈ ਖਾਸ ਪ੍ਰਬੰਧ ਕੀਤੇ ਸਨ।*

*ਸ: ਲਹਿੰਬਰ ਸਿੰਘ ਲੱਧੜ, ਮੇਜਰ ਸਿੰਘ ਬਾਸੀ, ਅਜਮੇਰ ਸਿੰਘ ਮੇਲਾ, ਸਤਨਾਮ ਸਿੰਘ ਸੰਧੂ, ਗੁਰਦੀਪ ਸਿੰਘ ਹੁੰਦਲ, ਪਿੰਦਰ ਭਰੋਲੀ, ਮਨਦੀਪ ਸਿੰਘ ਬੜਿੰਗ, ਜਸਜੀਤ ਸਿੰਘ ਰਾਣਾ ਪੱਡਾ, ਸੁਖਬੀਰ ਸਿੰਘ ਬਾਸੀ ਅਤੇ ਸਾਰੇ ਕਬੱਡੀ ਕਲੱਬ ਦੇ ਪ੍ਰਬੰਧਕਾਂ ਵੱਲੋਂ ਗੁਡਮੇਅਜ਼ ਦੇ ਖੁੱਲ੍ਹੇ ਡੁੱਲ੍ਹੇ ਪਾਰਕ ਵਿੱਚ ਸਖ਼ਤ ਮੇਹਨਤ ਨਾਲ ਮੇਲੇ ਦਾ ਪ੍ਰਬੰਧ ਕੀਤਾ ਗਿਆ। ਇੱਕ ਪਾਸੇ ਵੱਖ ਵੱਖ ਤਰ੍ਹਾਂ ਦੇ ਸਟਾਲ ਲਗਾਏ ਗਏ ਅਤੇ ਬੱਚਿਆਂ ਲਈ ਖਾਸ ਪੰਘੂੜਿਆਂ ਦੇ ਪ੍ਰਬੰਧ ਕੀਤੇ ਗਏ। ਗਰਾਊਂਡ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ, ਇੱਕ ਪਾਸੇ ਗੱਤਕਾ ਚੈਂਪੀਅਨਸ਼ਿਪ ਚੱਲ ਰਹੀ ਸੀ, ਜਿਸ ਵਿੱਚ ਦੇਸ਼ ਭਰ ਤੋਂ 9 ਅਖਾੜ੍ਹਿਆਂ ਨੇ ਹਿੱਸਾ ਲਿਆ ਅਤੇ ਵੱਖ ਵੱਖ ਉਮਰ ਦੇ ਬੱਚਿਆਂ, ਨੌਜਵਾਨਾਂ, ਬੀਬੀਆਂ ਅਤੇ ਮਰਦਾਂ ਨੇ ਭਾਗ ਲਿਆ। ਇੱਕ ਪਾਸੇ ਕਬੱਡੀ ਦੇ ਮੁਕਾਬਲਿਆਂ ਲਈ ਗਰਾਊਂਡ ਤਿਆਰ ਕੀਤਾ ਗਿਆ ਸੀ, ਜਿੱਥੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਦਰਸ਼ਕਾਂ ਨੇ ਜੌਹਰ ਦੇਖੇ। ਇਥੇ ਹੀ ਰਸਾ ਕਸੀ ਦੇ ਮੁਕਾਬਲੇ ਕਰਵਾਏ ਗਏ।*

ਗਰਾਉਂਡ ਦੇ ਐਨ ਵਿਚਕਾਰ ਵਿੱਚ ਢਾਡੀ ਵਾਰਾਂ ਅਤੇ ਕਵਿਸ਼ਰੀ ਜੱਥਿਆਂ ਨੇ ਆਪਣੀ ਕਲਾ ਦੇ ਹੁਨਰ ਵਿਖਾਏ। ਵੱਜਦੀ ਸਾਰੰਗੀ ਅਤੇ ਢੱਡ ਨਾਲ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਕੀਤਾ ਗਿਆ। ਬੀਬੀਆਂ, ਬੱਚਿਆਂ ਦੇ ਨਾਲ ਹਰ ਉਮਰ ਦੇ ਮਰਦਾਂ ਅਤੇ ਨੌਜਵਾਨਾਂ ਨੇ ਸਿੱਖ ਯੋਧਿਆਂ ਦਾ ਇਤਿਹਾਸ ਸਰਵਣ ਕੀਤਾ। ਇਥੇ ਹੀ ਮਨੋਰੰਜਣ ਲਈ ਗਿੱਧਾ ਅਤੇ ਭੰਗੜਾ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਨਿੱਕੇ ਨਿੱਕੇ ਬੱਚਿਆਂ ਤੋਂ ਲੈ ਕੇ ਵਡੇਰੀ ਉਮਰ ਤੱਕ ਦੇ ਨੌਜਵਾਨਾਂ ਨੇ ਦੌੜਾਂ ਲਾਈਆਂ, ਫੁੱਟਬਾਲ ਦੇ ਮੁਕਾਬਲੇ ਕਰਵਾਏ ਗਏ। ਜੇਤੂਆਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਇਨਾਮ ਤਕਸੀਮ ਕੀਤੇ ਗਏ। ਨੌਜਵਾਨਾਂ ਵੱਲੋਂ ਸਾਰਾ ਦਿਨ ਲੰਗਰਾਂ ਦੀ ਸੇਵਾ ਕੀਤੀ ਗਈ, ਮਿੱਠਾ ਪਾਣੀ, ਪਕੌੜੇ ਅਤੇ ਜਲੇਬੀਆਂ ਦੇ ਵੀ ਭੰਡਾਰੇ ਸਾਰਾ ਦਿਨ ਚੱਲਦੇ ਰਹੇ।

ਕਬੱਡੀ ਦੇ ਹੋਏ ਮੁਕਾਬਲਿਆਂ ਵਿੱਚ ਚਾਰ ਟੀਮਾਂ ਮੌੜ ਪੰਜਾਬ ਯੁਨਾਈਟਡ ਕਬੱਡੀ ਕਲੱਬ, ਬਾਬਾ ਦੀਪ ਸਿੰਘ ਕਬੱਡੀ ਕਲੱਬ, ਮਿਡਲੈਂਡ ਟਾਈਗਰ ਕਬੱਡੀ ਕਲੱਬ ਅਤੇ ਈਰਥ ਕਬੱਡੀ ਕਲੱਬ ਨੇ ਹਿੱਸਾ ਲਿਆ। ਪਹਿਲੇ ਮੈਚ ਵਿੱਚ ਮਿਡਲੈਂਡ ਟਾਈਗਰ ਨੂੰ ਈਰਥ ਵੂਲਿਚ ਦੀ ਟੀਮ ਨੇ ਸਾਢੇ 41 ਅਤੇ 25 ਅੰਕਾਂ ਦੇ ਫਰਕ ਨਾਲ ਹਰਾਇਆ। ਦੂਜੇ ਮੈਚ ਵਿੱਚ ਬਾਬਾ ਦੀਪ ਸਿੰਘ ਬ੍ਰਮਿੰਘਮ ਨੇ ਪੰਜਾਬ ਯੁਨਾਈਟਡ ਮੌੜ ਨੂੰ ਸਖ਼ਤ ਮੁਕਾਬਲੇ ਪਿੱਛੋਂ ਸਾਢੇ 32 ਅਤੇ 32 ਅੰਕਾਂ ਨਾਲ ਸਿਰਫ ਅੱਧੇ ਅੰਕ ਦੇ ਫਰਕ ਨਾਲ ਹਰਾਇਆ। ਤੀਜੇ ਮੈਚ ਵਿੱਚ ਈਰਥ ਵੂਲਿਚ ਕਬੱਡੀ ਕਲੱਬ ਨੇ ਪੰਜਾਬ ਯੁਨਾਈਟਡ ਮੌੜ ਕਲੱਬ ਨੂੰ 33/ਸਾਢੇ 25 ਅੰਕਾਂ ਦੇ ਫਰਕ ਨਾਲ ਮਾਤ ਦਿੱਤੀ ਅਤੇ ਚੌਥੇ ਮੈਚ ਵਿੱਚ ਬਾਬਾ ਦੀਪ ਸਿੰਘ ਕਬੱਡੀ ਕਲੱਬ ਨੇ ਮਿਡਲੈਂਡ ਟਾਈਗਰ ਨੂੰ 35/ਸਾਢੇ 30 ਅੰਕਾਂ ਨਾਲ ਹਰਾਇਆ।

ਆਖਿਰ ਫਾਈਨਲ ਮੈਚ ਵਿੱਚ ਈਰਥ ਵੂਲਿਚ ਕਬੱਡੀ ਕਲੱਬ ਨੇ ਬਾਬਾ ਦੀਪ ਸਿੰਘ ਕਬੱਡੀ ਕਲੱਬ ਨੂੰ 41/ਸਾਢੇ31 ਅੰਕਾਂ ਦੇ ਫਰਕ ਨਾਲ ਮਾਤ ਦਿੱਤੀ ਅਤੇ ਅੱਜ ਦਾ ਕੱਪ ਜਿੱਤਿਆ। ਭਾਵੇਂ ਕਿ ਸਰਬੋਤਮ ਧਾਵੀ ਦਾ ਫੈਸਲਾ ਮੌਕੇ ਤੇ ਨਹੀਂ ਹੋ ਸਕਿਆ ਪਰ ਸਰਬੋਤਮ ਜਾਫੀ ਦਾ ਖਿਤਾਬ ਜੱਗਾ ਮੂਲੇਵਾਲ ਕਹਿਰਾ ਨੂੰ ਦਿੱਤਾ ਗਿਆ ਅਤੇ ਨਾਲ ਹੀ ਫਰਿਆਦ ਨੂੰ ਸਨਮਾਨ ਦਿੱਤਾ ਗਿਆ। ਨੰਬਰਾਂ ਤੇ ਸੇਵਾ ਕੇਸਰ ਸਿੰਘ ਧਾਲੀਵਾਲ ਨੇ ਕੀਤੀ ਅਤੇ ਨੰਬਰ ਦੱਸਣ ਵਾਲੀ ਸੇਵਾ ਦਵਿੰਦਰ ਸਿੰਘ ਪਤਾਰਾ ਨੇ ਨਿਭਾਈ। ਕੁਮੈਂਟਰੀ ਤੇ ਸੋਖਾ ਢੇਸੀ, ਮਿੱਠਾ ਦੁਰਗਾਪੁਰ, ਸਤਨਾਮ ਜੈਂਗੋ ਅਤੇ ਭੱਟੀ ਨੇ ਆਪਣੇ ਸ਼ਬਦਾਂ ਨਾਲ ਸਰੋਤਿਆ ਨੂੰ ਕੀਲ ਕੇ ਬਿਠਾਈ ਰੱਖਿਆ। ਆਖਿਰ ਵਿੱਚ ਜੇਤੂਆਂ ਨੂੰ ਕੱਪਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਿੰਘ ਸਭਾ ਲੰਡਨ ਈਸਟ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ, ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਦੇ ਅਹੁਦੇਦਾਰ ਅਤੇ ਸਹਿਯੋਗੀ ਪਹੁੰਚੇ ਹੋਏ ਸਨ। ਐਮ ਪੀ ਜਸ ਅਠਵਾਲ, ਸਥਾਨਿਕ ਕੌਂਸਲਰ, ਸ: ਸੁਰਿੰਦਰ ਸਿੰਘ ਮਾਣਕ, ਰਾਜਵਿੰਦਰ ਸਿੰਘ ਖਹਿਰਾ, ਦਿਲਬਾਗ ਸਿੰਘ ਰੰਧਾਵਾ, ਸ਼ਿੰਦਾ ਗਿੱਲ, ਰਸ਼ਪਾਲ ਸਿੰਘ ਪਾਲਾ ਸਹੋਤਾ, ਕੁਲਵਿੰਦਰ ਸਿੰਘ ਸਹੋਤਾ, ਦਵਿੰਦਰ ਸਿੰਘ ਪਤਾਰਾ, ਪੰਮਾ ਗਾਜ਼ੀਪੁਰੀਆ, ਜ਼ਰਨੈਲ ਸਿੰਘ ਜ਼ੈਲਾ, ਸਵਰਨਾ, ਜਸਬੀਰ ਸਿੰਘ ਢੇਸੀ, ਕਮਲ ਬਾਸੀ, ਲਾਲਾ ਬਿਲਗਾ, ਦਲਬੀਰ ਸਿੰਘ ਸੈਂਡੀ ਬਰੈਡਫੋਰਡ, ਗਾਇਕ ਸੁਖਵਿੰਦਰ ਪੰਛੀ, ਮੰਗਾ ਮਿੱਠਾਪੁਰੀਆ, ਰਸ਼ਪਾਲ ਸਿੰਘ ਪਵਾਰ ਅਤੇ ਸ਼ੀਰਾ ਸੰਧੂ ਕਵੈਂਟਰੀ ਆਦਿ ਹਾਜ਼ਰ ਸਨ। ਬਾਰਕਿੰਗ ਵਾਲੇ ਵਧਾਈ ਦੇ ਪਾਤਰ ਹਨ ਜਿਹਨਾਂ ਨੇ ਹੋਰ ਖੇਡਾਂ ਦੇ ਨਾਲ ਪੰਜਾਬੀਆਂ ਨੂੰ ਇਸ ਵਾਰ ਇੰਗਲੈਂਡ ਦੇ ਖਿਡਾਰੀਆਂ ਨੂੰ ਲੈ ਕੇ ਟੂਰਨਾਮੈਂਟ ਕਰਵਾ ਕੇ ਕਬੱਡੀ ਦੇ ਪ੍ਰਸੰਸਕਾਂ ਨੂੰ ਤੋਹਫਾ ਦਿੱਤਾ ਹੈ। ਪ੍ਰਾਹੁਣਚਾਰੀ ਵੱਲੋਂ ਤਾਂ ਸਾਰੇ ਕਲੱਬ ਨੇ ਕੋਈ ਕਸਰ ਨਹੀਂ ਛੱਡੀ, ਹਰ ਕੋਈ ਬਾਗੋਬਾਗ ਹੋ ਕੇ ਘਰਾਂ ਨੂੰ ਮੁੜਿਆ। ਸਮਾਪਤੀ ਤੋਂ ਉਪਰੰਤ ਬਲਦੇਵ ਔਜਲਾ ਬੁਲਟ ਨੇ ਆਪਣੇ ਨਵੇਂ ਗੀਤ ਦੀ ਵੀਡੀਓ ਸ਼ੂਟ ਕੀਤੀ।

ਕੁੱਲ੍ਹ ਮਿਲਾ ਕੇ ਮੇਲਾ ਪੂਰਾ ਕਾਮਯਾਬ ਰਿਹਾ, ਜਿਸ ਵਿੱਚ ਬੱਚਿਆਂ, ਬੀਬੀਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਅਸਲ ਵਿੱਚ ਅਜੇਹੇ ਹੋਰ ਮੇਲਿਆਂ ਦੀ ਲੋੜ ਹੈ ਜਿੱਥੇ ਲੋਕ ਪ੍ਰੀਵਾਰਾਂ ਨਾਲ ਆ ਸਕਣ ਅਤੇ ਬਾਰਕਿੰਗ ਵਾਲਿਆਂ ਵਾਂਗ ਸੁਰੱਖਿਆ ਦਾ ਪੂਰਾ ਖਿਆਲ ਰੱਖਿਆ ਜਾਵੇ। ਰੱਬ ਮੇਹਰ ਕਰੇ ਹੋਰ ਮੇਲੇ ਲੱਗਣ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੁਈਟ**

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ


**KINGSWAY BANQUETING SUITE**

270-272 BATH ROAD, HOUNSLOW, MIDDLESEX, TW4 7DF.
*(OPP. HOUNSLOW WEST TUBE STATION)*

**TEL: 020 8570 8351**

*Email:* Kingswaylondon@icloud.com, *www.kingswaybanqueting.com*

# ਪਟਿਆਲਾ ਵਿਚ ਫਿਲਮ 'ਸਤਲੁਜ' ਦਿਖਾਉਣ ਨੂੰ ਲੈ ਕੇ ਭਿੜੀਆਂ ਦੋ ਧਿਰਾਂ; ਪੁਲਿਸ ਵੱਲੋਂ ਕਰਾਸ ਕੇਸ ਦਰਜ




ਪਟਿਆਲਾ-ਇਥੋਂ ਦੇ ਪਿੰਡ ਦੰਦਰਾਲਾ ਖਰੌਡ ਵਿੱਚ ਫਿਲਮ 'ਸਤਲੁਜ' ਦਿਖਾਉਣ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਝੜਪ ਹੋ ਗਈ। ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਸਰਪੰਚ ਵੱਲੋਂ ਗੁਰਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਕਰਵਾ ਕੇ ਫਿਲਮ ਨੂੰ ਦੂਜੀ ਵਾਰ ਦਿਖਾਉਣ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ। ਥਾਣਾ ਭਾਦਸੋਂ ਦੀ ਪੁਲਿਸ ਨੇ ਪਹਿਲਾਂ ਸਰਪੰਚ ਧਿਰ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ। ਪਰ ਦੂਜੀ ਧਿਰ ਵੱਲੋਂ ਇੱਕਪਾਸੜ ਕਾਰਵਾਈ ਦੇ ਲਾਏ ਦੋਸ਼ਾਂ ਅਤੇ ਸਮਾਜਸੇਵੀ ਅਮਿਤੋਜ ਮਾਨ ਤੇ ਖੁਸ਼ਇੰਦਰ ਸਿੰਘ ਦੇ ਦਖ਼ਲ ਤੋਂ ਬਾਅਦ, ਪੁਲਿਸ ਨੇ ਸਰਪੰਚ ਸਣੇ ਦੂਜੀ ਧਿਰ 'ਤੇ ਵੀ ਕਰਾਸ ਪਰਚਾ ਦਰਜ ਕਰ ਲਿਆ ਹੈ। ਇਸ ਮਾਮਲੇ ਨੂੰ ਲੈ ਕੇ ਥਾਣੇ ਅੱਗੇ ਧਰਨਾ ਦਿੱਤਾ ਗਿਆ। ਅਮਿਤੋਜ ਮਾਨ ਨੇ ਨੌਜਵਾਨਾਂ 'ਤੇ ਦਰਜ ਪਰਚਾ ਰੱਦ ਕਰਨ ਲਈ ਪੁਲਿਸ ਨੂੰ 5 ਦਿਨਾਂ ਦਾ ਅਲਟੀਮੇਟਮ ਦਿੱਤਾ ਹੈ, ਅਜਿਹਾ ਨਾ ਹੋਣ 'ਤੇ ਪਟਿਆਲਾ ਵਿਖੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਦੀ ਚਿਤਾਵਨੀ ਦਿੱਤੀ ਗਈ ਹੈ।

# ਮਾਮਲਾ ਸਿੱਖ ਭਾਈਚਾਰੇ ਖ਼ਿਲਾਫ਼ ਭੜਕਾਊ ਟਿੱਪਣੀ ਦਾ ਰਾਜੀਵ ਟੰਡਨ ਸਣੇ 3 ਸ਼ਿਵ ਸੈਨਾ ਆਗੂਆਂ 'ਤੇ ਕੇਸ ਦਰਜ



ਲੁਧਿਆਣਾ-ਲੁਧਿਆਣਾ ਦੇ ਥਾਣਾ ਲਾਡੋਵਾਲ ਦੀ ਪੁਲਿਸ ਨੇ ਸਿੱਖ ਭਾਈਚਾਰੇ ਖ਼ਿਲਾਫ਼ ਇਤਰਾਜ਼ਯੋਗ ਅਤੇ ਭੜਕਾਊ ਟਿੱਪਣੀ ਕਰਨ ਦੇ ਦੋਸ਼ ਹੇਠ ਸ਼ਿਵ ਸੈਨਾ ਆਗੂਆਂ-ਰਾਜੀਵ ਟੰਡਨ, ਭਾਨੂ ਪ੍ਰਤਾਪ ਅਤੇ ਪਵਨ ਮਾਨ-ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਲਾਡੋਵਾਲ ਟੋਲ ਪਲਾਜ਼ਾ 'ਤੇ ਸਿੱਖ ਜਥੇਬੰਦੀਆਂ ਵੱਲੋਂ ਚੇਤਨ ਸ਼ਰਮਾ ਦੀ ਗ੍ਰਿਫ਼ਤਾਰੀ ਲਈ ਧਰਨਾ ਦਿੱਤਾ ਜਾ ਰਿਹਾ ਸੀ। ਇਸ ਦੌਰਾਨ ਉਕਤ ਸ਼ਿਵ ਸੈਨਾ ਆਗੂਆਂ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਕੀਤੀ, ਜਿਸ ਵਿੱਚ ਸਿੱਖ ਭਾਈਚਾਰੇ ਅਤੇ ਕਕਾਰਾਂ ਖ਼ਿਲਾਫ਼ ਕਥਿਤ ਤੌਰ 'ਤੇ ਇਤਰਾਜ਼ਯੋਗ ਸ਼ਬਦਾਵਲੀ ਵਰਤੀ ਗਈ ਸੀ। ਸ਼ਿਕਾਇਤਕਰਤਾ ਭਵਦੀਪ ਸਿੰਘ ਮੁਤਾਬਕ, ਇਹ ਟਿੱਪਣੀ ਪੰਜਾਬ ਦੇ ਸ਼ਾਂਤ ਮਾਹੌਲ ਨੂੰ ਖ਼ਰਾਬ ਕਰਨ ਅਤੇ ਦੋ ਭਾਈਚਾਰਿਆਂ ਵਿਚਾਲੇ ਨਫ਼ਰਤ ਪੈਦਾ ਕਰਕੇ ਦੰਗੇ ਭੜਕਾਉਣ ਦੀ ਇੱਕ ਸੋਚੀ-ਸਮਝੀ ਸਾਜ਼ਿਸ਼ ਹੈ। ਸਿਖ ਜਥੇਬੰਦੀਆਂ ਨੇ ਇਨ੍ਹਾਂ ਆਗੂਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ ਅਤੇ ਮੰਗ ਨਾ ਮੰਨੇ ਜਾਣ 'ਤੇ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨ ਦੀ ਚੇਤਾਵਨੀ ਦਿੱਤੀ ਹੈ।

# ਲੁਧਿਆਣਾ ਵਿਚ ਨਕਲੀ ਪੁਲਿਸ ਮੁਲਾਜ਼ਮ ਬਣ ਕੇ ਨਾਬਾਲਗ ਨਾਲ ਜਬਰ-ਜਨਾਹ, ਮੁਲਜ਼ਮ ਗ੍ਰਿਫ਼ਤਾਰ

ਲੁਧਿਆਣਾ-ਲੁਧਿਆਣਾ ਦੇ ਰੋਜ਼ ਗਾਰਡਨ ਵਿੱਚ ਸੈਰ ਕਰਨ ਆਈ ਇੱਕ ਨਾਬਾਲਗ ਕਾਲਜ ਵਿਦਿਆਰਥਣ ਨੂੰ ਇੱਕ ਵਿਅਕਤੀ ਨੇ ਖ਼ੁਦ ਨੂੰ ਪੁਲਿਸ ਮੁਲਾਜ਼ਮ ਦੱਸ ਕੇ ਡਰਾਇਆ-ਧਮਕਾਇਆ। ਮੁਲਜ਼ਮ ਲੜਕੀ ਨੂੰ ਅਧਿਕਾਰੀਆਂ ਅੱਗੇ ਪੇਸ਼ ਕਰਨ ਦਾ ਬਹਾਨਾ ਬਣਾ ਕੇ ਆਪਣੇ ਮੋਟਰਸਾਈਕਲ 'ਤੇ ਇੱਕ ਸੁੰਨਸਾਨ ਥਾਂ 'ਤੇ ਲੈ ਗਿਆ ਅਤੇ ਉੱਥੇ ਉਸ ਨਾਲ ਜਬਰ-ਜਨਾਹ ਕੀਤਾ। ਥਾਣਾ ਡਿਵੀਜ਼ਨ ਨੰਬਰ-8 ਦੀ ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੁਲਜ਼ਮ ਬਲਵਿੰਦਰ ਸਿੰਘ, ਵਾਸੀ ਉੱਤਮ ਵਿਹਾਰ, ਮਾਨਕਵਾਲ, ਲੁਧਿਆਣਾ ਨੂੰ ਗ੍ਰਿਫ਼ਤਾਰ ਕਰ ਲਿਆ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਪਹਿਲਾਂ ਵੀ ਅਜਿਹੀਆਂ ਵਾਰਦਾਤਾਂ ਵਿੱਚ ਸ਼ਾਮਲ ਰਹਿ ਚੁੱਕਾ ਹੈ ਅਤੇ ਉਸ ਖ਼ਿਲਾਫ਼ ਪਹਿਲਾਂ ਹੀ ਜਬਰ-ਜਨਾਹ ਦੇ ਦੋ ਕੇਸ ਦਰਜ ਹਨ। ਉਹ ਲਗਭਗ ਨਵੰਬਰ ਮਹੀਨੇ ਵਿੱਚ ਹੀ ਰੱਖ ਬਾਗ 'ਚ ਇੱਕ ਨਾਬਾਲਗ ਲੜਕੀ ਨਾਲ ਕੀਤੇ ਗਏ ਜਬਰ-ਜਨਾਹ ਦੇ ਮਾਮਲੇ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਇਆ ਸੀ। ਪੁਲਿਸ ਹੁਣ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਨ ਦੀ ਤਿਆਰੀ ਕਰ ਰਹੀ ਹੈ ਤਾਂ ਜੋ ਹੋਰ ਖੁਲਾਸੇ ਕੀਤੇ ਜਾ ਸਕਣ।

# ਪਾਕਿਸਤਾਨ ਵਿਚ ਲੁਟੇਰਿਆਂ ਦੀ ਗੋਲੀਬਾਰੀ ਵਿਚ ਹਿੰਦੂ ਡਾਕਟਰ ਆਕਾਸ਼ ਚੰਦ ਦੀ ਮੌਤ

ਕਰਾਚੀ-ਪਾਕਿਸਤਾਨ ਦੇ ਸਿੰਧ ਸੂਬੇ (ਕਰਾਚੀ) ਦੇ ਇੱਕ ਸੰਭਰਾਂਤ ਇਲਾਕੇ 'ਕਲਿਫਟਨ' ਵਿੱਚ ਸੋਮਵਾਰ ਨੂੰ ਲੁੱਟ-ਖੋਹ ਦੀ ਵਾਰਦਾਤ ਦੌਰਾਨ 28 ਸਾਲਾ ਹਿੰਦੂ ਡਾਕਟਰ ਆਕਾਸ਼ ਚੰਦ ਦਾ ਕਤਲ ਕਰ ਦਿੱਤਾ ਗਿਆ। ਡਾਕਟਰ ਆਕਾਸ਼ ਚੰਦ ਆਪਣੇ ਪਿਤਾ ਅਤੇ ਚਚੇਰੇ ਭਰਾ ਨਾਲ ਇੱਕ ਬੈਂਕ ਤੋਂ 50 ਲੱਖ ਰੁਪਏ ਕਢਵਾ ਕੇ ਦੂਜੇ ਬੈਂਕ ਵਿੱਚ ਜਮ੍ਹਾ ਕਰਵਾਉਣ ਆਏ ਸਨ। ਬੈਂਕ ਦੇ ਬਾਹਰ ਲੁਟੇਰਿਆਂ ਨੇ ਉਨ੍ਹਾਂ ਨੂੰ ਘੇਰ ਲਿਆ।

ਜਦੋਂ ਲੁਟੇਰਿਆਂ ਨੇ ਪੈਸੇ ਖੋਹਣ ਦੀ ਕੋਸ਼ਿਸ਼ ਕੀਤੀ, ਤਾਂ ਬੈਂਕ ਦੇ ਸੁਰੱਖਿਆ ਗਾਰਡ ਨੇ ਗੋਲੀ ਚਲਾ ਦਿੱਤੀ। ਲੁਟੇਰਿਆਂ ਵੱਲੋਂ ਕੀਤੀ ਗਈ ਜਵਾਬੀ ਗੋਲੀਬਾਰੀ ਦੌਰਾਨ ਗੋਲੀ ਲੱਗਣ ਕਾਰਨ ਡਾਕਟਰ ਆਕਾਸ਼ ਦੀ ਮੌਤ ਹੋ ਗਈ। ਲੁਟੇਰੇ 25-25 ਲੱਖ ਦੇ ਦੋ ਪੈਕੇਟਾਂ ਵਿੱਚੋਂ 25 ਲੱਖ ਰੁਪਏ ਦਾ ਇੱਕ ਪੈਕੇਟ ਲੈ ਕੇ ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਏ।

# ਕਰਤਾਰਪੁਰ ਸਾਹਿਬ ਲਾਂਘਾ ਤੁਰੰਤ ਖੋਲ੍ਹੋ

## ✪ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੂੰ ਪੱਤਰ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਵਿਸ਼ੇਸ਼ ਪੱਤਰ ਲਿਖ ਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਤੁਰੰਤ ਖੋਲ੍ਹਣ ਦੀ ਅਪੀਲ ਕੀਤੀ ਹੈ। ਕੁਝ ਸਮਾਂ ਪਹਿਲਾਂ ਦੋਵਾਂ ਦੇਸ਼ਾਂ (ਭਾਰਤ-ਪਾਕਿਸਤਾਨ) ਵਿਚਾਲੇ ਬਣੇ ਸੁਰੱਖਿਆ ਹਾਲਾਤਾਂ ਕਾਰਨ ਇਸ ਲਾਂਘੇ ਰਾਹੀਂ ਹੋਣ ਵਾਲੀ ਆਵਾਜਾਈ ਨੂੰ ਰੋਕ ਦਿੱਤਾ ਗਿਆ ਸੀ, ਜਿਸ ਕਾਰਨ ਸਿੱਖ ਸੰਗਤ ਵਿੱਚ ਨਿਰਾਸ਼ਾ ਹੈ।

ਪੱਤਰ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਇਹ ਉਹ ਪਾਵਨ ਧਰਤੀ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਨਵੰਬਰ 2019 ਵਿੱਚ ਖੁੱਲ੍ਹੇ ਇਸ ਲਾਂਘੇ ਨਾਲ ਕਰੋੜਾਂ ਸਿੱਖਾਂ ਦੀਆਂ ਅਰਦਾਸਾਂ ਪੂਰੀਆਂ ਹੋਈਆਂ ਸਨ. ਸ਼੍ਰੋਮਣੀ ਕਮੇਟੀ ਵੱਲੋਂ ਇਹ ਮੰਗ ਪਹਿਲਾਂ ਵੀ ਕਈ ਵਾਰ ਮਤੇ ਪਾਸ ਕਰਕੇ ਸਰਕਾਰ ਤੱਕ ਪਹੁੰਚਾਈ ਜਾ ਚੁੱਕੀ ਹੈ। ਇਸ ਸਬੰਧੀ ਪੰਜਾਬ ਦੇ ਰਾਜਪਾਲ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਵੀ ਯਾਦ ਪੱਤਰ ਭੇਜੇ ਜਾ ਚੁੱਕੇ ਹਨ।

ਐਡਵੋਕੇਟ ਧਾਮੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਹੈ ਕਿ ਲਾਂਘੇ ਦਾ ਖੁੱਲ੍ਹਣਾ ਸ਼ਰਧਾਲੂਆਂ ਦੀਆਂ ਭਾਵਨਾਵਾਂ ਦਾ ਸਨਮਾਨ ਹੈ। ਇਸ ਲਈ ਸਬੰਧਤ ਮੰਤਰਾਲਿਆਂ ਨੂੰ ਤੁਰੰਤ ਲੋੜੀਂਦੇ ਕੂਟਨੀਤਕ ਅਤੇ ਪ੍ਰਸ਼ਾਸਕੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਜਾਣ

# 3 ਸਾਲ ਪੁਰਾਣੇ ਕਤਲ ਕਾਂਡ ਵਿਚ ਇਨਸਾਫ਼ ਨਾ ਮਿਲਣ ਕਾਰਨ ਭੜਕਿਆ ਰੋਸ

## ✪ ਨਿਹੰਗ ਸਿੰਘਾਂ ਨੇ ਸੜਕ ਦੇ ਦੋਵੇਂ ਪਾਸੇ ਲਾਇਆ ਧਰਨਾ



ਲੁਧਿਆਣਾ-ਲੁਧਿਆਣਾ ਵਿੱਚ ਡੀ.ਸੀ. ਦਫ਼ਤਰ ਦੇ ਬਾਹਰ ਨਿਹੰਗ ਸਿੰਘਾਂ ਵੱਲੋਂ ਫਿਰੋਜ਼ਪੁਰ ਰੋਡ ਨੂੰ ਦੋਵਾਂ ਪਾਸਿਆਂ ਤੋਂ ਮੁਕੰਮਲ ਤੌਰ 'ਤੇ ਜਾਮ ਕਰਕੇ ਅਣਮਿੱਥੇ ਸਮੇਂ ਲਈ ਧਰਨਾ ਲਾਇਆ ਗਿਆ ਹੈ। ਕਾਰਣ ਕਰੀਬ 3 ਸਾਲ ਪਹਿਲਾਂ ਲਲਤੋਂ ਇਲਾਕੇ ਵਿੱਚ ਹੋਏ ਨਿਹੰਗ ਫ਼ਤਹਿਵੀਰ ਸਿੰਘ ਦੇ ਬੇਰਹਿਮੀ ਨਾਲ ਕੀਤੇ ਕਤਲ ਮਾਮਲੇ ਵਿੱਚ ਇਨਸਾਫ਼ ਨਾ ਮਿਲਣਾ ਹੈ ਪੁਲੀਸ ਪ੍ਰਸ਼ਾਸਨ ਨੇ 3 ਸਾਲਾਂ ਦੌਰਾਨ ਕੋਈ ਠੋਸ ਕਾਰਵਾਈ ਨਹੀਂ ਕੀਤੀ ਅਤੇ ਮੁਲਜ਼ਮ ਅਜੇ ਵੀ ਸ਼ਰੇਆਮ ਆਜ਼ਾਦ ਘੁੰਮ ਰਹੇ ਹਨ। ਪ੍ਰਸ਼ਾਸਨ ਦੇ ਟਾਲ-ਮਟੋਲ ਵਾਲੇ ਰਵੱਈਏ ਤੋਂ ਤੰਗ ਆ ਕੇ ਇਹ ਫ਼ੈਸਲਾ ਲਿਆ ਗਿਆ। ਆਵਾਜਾਈ ਪੂਰੀ ਤਰ੍ਹਾਂ ਠੱਪ ਹੋਣ ਕਾਰਨ ਆਮ ਰਾਹਗੀਰਾਂ, ਮੁਸਾਫ਼ਰਾਂ ਅਤੇ ਜ਼ਿਲ੍ਹਾ ਕਚਿਹਰੀ ਤੇ ਸੀ.ਪੀ. ਦਫ਼ਤਰ ਜਾਣ ਵਾਲੇ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਲੀਸ ਦੇ ਉੱਚ ਅਧਿਕਾਰੀ ਨਿਹੰਗ ਸਿੰਘਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਪ੍ਰਦਰਸ਼ਨਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਕਾਤਲਾਂ ਦੀ ਗ੍ਰਿਫ਼ਤਾਰੀ ਅਤੇ ਕਾਰਵਾਈ ਦਾ ਲਿਖਤੀ ਭਰੋਸਾ ਨਹੀਂ ਮਿਲਦਾ, ਧਰਨਾ ਨਹੀਂ ਚੁੱਕਿਆ ਜਾਵੇਗਾ।

# ਤਿਰੰਗਾ ਬੇਅਦਬੀ ਮਾਮਲਾ: ਦੋ ਮੁਲਜ਼ਮਾਂ ਨੂੰ 5-5 ਸਾਲ ਦੀ ਸਜ਼ਾ

ਮੁਹਾਲੀ-ਮੁਹਾਲੀ ਸਥਿਤ ਐਨਆਈਏ ਦੀ ਵਿਸ਼ੇਸ਼ ਅਦਾਲਤ ਨੇ ਮੋਗਾ ਡੀਸੀ ਦਫ਼ਤਰ ਕੰਪਲੈਕਸ ਵਿੱਚ ਤਿਰੰਗੇ ਦੀ ਬੇਅਦਬੀ ਕਰਨ ਅਤੇ ਖ਼ਾਲਿਸਤਾਨੀ ਝੰਡਾ ਲਹਿਰਾਉਣ ਦੇ ਮਾਮਲੇ ਵਿੱਚ ਦੋ ਮੁਲਜ਼ਮਾਂ-ਆਕਾਸ਼ਦੀਪ ਸਿੰਘ ਉਰਫ਼ ਮੁੰਨਾ ਅਤੇ ਜਗਵਿੰਦਰ ਸਿੰਘ ਜੱਗਾ-ਨੂੰ ਪੰਜ-ਪੰਜ ਸਾਲ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਜੁਰਮ ਕਬੂਲਿਆ: ਦੋਵਾਂ ਮੁਲਜ਼ਮਾਂ ਨੇ ਅਦਾਲਤ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਉਹ ਪਹਿਲਾਂ ਹੀ ਆਪਣੀ ਸਜ਼ਾ ਦੀ ਮਿਆਦ ਨਿਆਂਇਕ ਹਿਰਾਸਤ (ਜੇਲ੍ਹ) ਵਿੱਚ ਬਿਤਾ ਚੁੱਕੇ ਹਨ ਅਤੇ ਜੁਰਮਾਨਾ ਵੀ ਭਰ ਦਿੱਤਾ ਹੈ, ਜਿਸ ਕਰਕੇ ਅਦਾਲਤ ਨੇ ਉਨ੍ਹਾਂ ਦੀ ਤੁਰੰਤ ਰਿਹਾਈ ਦੇ ਹੁਕਮ ਦਿੱਤੇ ਹਨ।

ਇਹ ਘਟਨਾ 14 ਅਗਸਤ 2020 ਨੂੰ ਵਾਪਰੀ ਸੀ, ਜਿੱਥੇ ਤਿਰੰਗੇ ਦੀ ਰੱਸੀ ਵੱਢੀ ਗਈ ਸੀ। ਐਨਆਈਏ ਦੀ ਜਾਂਚ ਮੁਤਾਬਕ ਇਹ ਸਾਜ਼ਿਸ਼ ਪਾਬੰਦੀਸ਼ੁਦਾ ਸੰਗਠਨ 'ਸਿੱਖਸ ਫਾਰ ਜਸਟਿਸ'ਦੇ ਨੈੱਟਵਰਕ ਰਾਹੀਂ ਘੜੀ ਗਈ ਸੀ।

ਇਸ ਮਾਮਲੇ ਦੇ ਮੁੱਖ ਮੁਲਜ਼ਮ ਗੁਰਪਤਵੰਤ ਸਿੰਘ ਪੰਨੂ ਅਤੇ ਰਾਣਾ ਸਿੰਘ ਉਰਫ਼ ਹਰਪ੍ਰੀਤ ਸਿੰਘ ਹਾਲੇ ਵੀ ਭਗੌੜੇ ਹਨ। ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਕੇਸ ਦੀ ਸੁਣਵਾਈ ਮੁੜ ਸ਼ੁਰੂ ਹੋਵੇਗੀ।

# ਸਿੰਘ ਸਭਾ ਲੰਡਨ ਈਸਟ ਗੁਰਦੁਆਰਾ ਅਤੇ ਖੇਡ ਕਲੱਬ ਦੇ ਸਹਿਯੋਗ ਨਾਲ ਐਮ ਪੀ ਤਨਮਨਜੀਤ ਸਿੰਘ ਢੇਸੀ ਦੇ ਯਤਨਾਂ ਸਦਕਾ 12ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਕਰਵਾਈ ਗਈ





12ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਨੌਜਵਾਨਾਂ ਅਤੇ ਬੀਬੀਆਂ ਨਾਲ ਐਮ ਪੀ ਢੇਸੀ ਅਤੇ ਪ੍ਰਬੰਧਕ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੰਘ ਸਭਾ ਲੰਡਨ ਈਸਟ ਗੁਰਦੁਆਰਾ ਅਤੇ ਖੇਡ ਕਲੱਬ ਦੇ ਸਹਿਯੋਗ ਨਾਲ ਐਮ ਪੀ ਤਨਮਨਜੀਤ ਸਿੰਘ ਢੇਸੀ ਦੇ ਯਤਨਾਂ ਸਦਕਾ 12ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਕਰਵਾਈ ਗਈ। ਇਲਫੋਰਡ ਵਿਖੇ 12ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਮੌਕੇ ਵਾਰਿੰਗਟਨ, ਕਵੈਂਟਰੀ, ਡਰਬੀ, ਲੇਟਨ, ਗੁੱਡਮੇਅਜ਼, ਗ੍ਰੇਵਜ਼ੈਂਡ, ਵੂਲਿਚ, ਬੋਅ ਸ਼ਹਿਰਾਂ ਤੋਂ ਪਹੁੰਚੇ 9 ਗੱਤਕਾ ਅਖਾੜਿਆਂ ਦੇ ਸਿੱਖ ਨੌਜਵਾਨਾਂ ਅਤੇ ਬੀਬੀਆਂ ਨੇ ਖਾਲਸਾਈ ਪ੍ਰੰਪਰਾਵਾਂ ਮੁਤਾਬਿਕ ਜੌਹਰ ਵਿਖਾਏ।*

ਅਰਦਾਸ ਤੋਂ ਉਪਰੰਤ ਗੱਤਕਾ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ। ਇਹਨਾਂ ਮੁਕਾਬਲਿਆਂ ਵਿੱਚ ਵੱਖ ਵੱਖ ਉਮਰ ਦੇ ਬੱਚਿਆਂ, ਬੀਬੀਆਂ ਅਤੇ ਮਰਦਾਂ ਦੇ ਮੁਕਾਬਲੇ ਕਰਵਾਏ ਗਏ। ਜਿਹਨਾਂ ਵਿੱਚੋਂ 18 ਸਾਲ ਤੋਂ ਵੱਧ ਉਮਰ ਦੇ ਮਰਦ ਮੁਕਾਬਲਿਆਂ ‘ਚੋਂ ਜੋਰਾ ਸਿੰਘ ਅਖਾੜਾ ਬਾਬਾ ਫਤਹਿ ਸਿੰਘ ਵੂਲਿਚ ਪਹਿਲੇ, ਗੁਰਦੀਪ ਸਿੰਘ ਦਮਦਮੀ ਟਕਸਾਲ ਡਰਬੀ ਦੂਜੇ ਸਥਾਨ ‘ਤੇ, ਬੀਬੀਆਂ ‘ਚੋਂ ਦਮਦਮੀ ਟਕਸਾਲ ਅਖਾੜੇ ਦੀਆਂ ਕਮਲਪ੍ਰੀਤ ਕੌਰ ਪਹਿਲੇ ਅਤੇ ਕਰਮਜੀਤ ਕੌਰ ਦੂਜੇ ਸਥਾਨ ‘ਤੇ, 15 ਤੋਂ 17 ਸਾਲ ਦੇ ਲੜਕਿਆਂ ਦੇ ਮੁਕਾਬਲਿਆਂ ਤੋਂ ਦਮਦਮੀ ਟਕਸਾਲ ਦੇ ਹਰਸ਼ਦੀਪ ਸਿੰਘ ਪਹਿਲੇ ਅਤੇ ਜਸਕੀਰਤ ਸਿੰਘ ਦੂਜੇ ਸਥਾਨ ਤੇ, ਲੜਕੀਆਂ ‘ਚੋਂ ਗੁਰਸੁਖਮਨ ਕੌਰ ਅਖਾੜਾ ਅਕਾਲੀ ਫੂਲਾ ਸਿੰਘ ਪਹਿਲੇ ਅਤੇ ਹਰਲੀਨ ਕੌਰ ਦਮਦਮੀ ਟਕਸਾਲ ਦੂਜੇ ਸਥਾਨ ‘ਤੇ, 12 ਤੋਂ 14 ਸਾਲ ਦੇ ਮੁਕਾਬਲੇ ‘ਚੋਂ ਦਮਦਮੀ ਟਕਸਾਲ ਦੇ ਯੁਵਰਾਜ ਸਿੰਘ ਪਹਿਲੇ ਅਤੇ ਰਬਜੋਤ ਸਿੰਘ ਦੂਜੇ ਸਥਾਨ ਤੇ ਅਤੇ ਲੜਕੀਆਂ ਚੋਂ ਅਕਾਲੀ ਫੂਲਾ ਸਿੰਘ ਕਵੈਂਟਰੀ ਦੀ ਮਨਰੂਪ ਕੌਰ ਪਹਿਲੇ ਅਤੇ ਅਕਾਲੀ ਬਾਬਾ ਅਜੀਤ ਸਿੰਘ ਵਾਰਿੰਗਟਨ ਦੀ ਨਕੀਤਾ ਕੌਰ ਦੂਜੇ ਸਥਾਨ ਤੇ ਰਹੀ।

ਗੱਤਕਾ ਫੈਡਰੇਸ਼ਨ ਯੂ ਕੇ ਦੇ ਪ੍ਰਧਾਨ ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸੰਗਤਾਂ ਦੇ ਸਹਿਯੋਗ ਹਰ ਸਾਲ ਗੱਤਕਾ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ। ਉਹਨਾਂ ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਬਾਰਕਿੰਗ ਅਤੇ ਸੈਵਨਕਿੰਗਜ਼, ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਦੇ ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੱਤਕਾ ਕਲਾ ਅਤੇ ਸ਼ਸਤਰ ਵਿੱਦਿਆ ਨੂੰ ਹੋਰ ਪ੍ਰਫੁਲਤ ਕਰਨ ਲਈ ਅਸੀਂ ਯਤਨ ਕਰ ਰਹੇ ਹਾਂ। ਤਾਂ ਕਿ ਸਵੈ ਰੱਖਿਆ ਦੇ ਨਾਲ ਨਾਲ ਨੌਜਵਾਨ ਪੀੜੀ ਸਿੱਖ ਪ੍ਰੰਪਰਾਵਾਂ ਅਤੇ ਸ਼ਸਤਰ ਵਿਦਿਆ ਦੇ ਹੁਨਰ ਨੂੰ ਸਮਝ ਸਕਣ।

ਉਹਨਾਂ ਯੂ ਕੇ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਨ ਸਿੰਘ ਜੌਹਲ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਤਨਾਮ ਸਿੰਘ ਸੰਧੂ, ਗੁਰਦੀਪ ਸਿੰਘ ਹੁੰਦਲ, ਖੇਡ ਕਲੱਬ ਦੇ ਪਿੰਦਰ ਸਿੰਘ ਭਰੋਲੀ, ਲਹਿੰਬਰ ਸਿੰਘ ਲੱਧੜ, ਅਜਮੇਰ ਸਿੰਘ ਮੇਲਾ, ਮੇਜਰ ਸਿੰਘ ਬਾਸੀ, ਮਨਦੀਪ ਸਿੰਘ ਬੜਿੰਗ, ਮਨਜਿੰਦਰ ਸਿੰਘ ਬੜਿੰਗ, ਰਾਣਾ ਪੱਡਾ, ਸ: ਜਸਪਾਲ ਸਿੰਘ ਢੇਸੀ, ਮਨਜੀਤ ਸਿੰਘ ਸ਼ਾਲਾਪੁਰੀ, ਸਾਹਿਬ ਸਿੰਘ ਢੇਸੀ, ਨਿਸ਼ਾਨ ਸਿੰਘ ਸਲੋਹ, ਜਗਬੀਰ ਸਿੰਘ ਜੱਗਾ ਚਕਰ, ਜਸਬੀਰ ਸਿੰਘ ਢੇਸੀ, ਹਰਨੇਕ ਸਿੰਘ ਨੇਕਾ ਮੈਰੀਪੁਰ, ਸੁਖਦੇਵ ਸਿੰਘ ਸਿੱਧੂ, ਪ੍ਰਮਜੀਤ ਸਿੰਘ ਛੋਕਰ, ਕੁਲਵਿੰਦਰ ਸਿੰਘ ਸਹੋਤਾ, ਰਸ਼ਪਾਲ ਸਿੰਘ ਪਾਲਾ ਸਹੋਤਾ ਜੀ ਐਨ ਜੀ ਕਬੱਡੀ ਕਲੱਬ ਗ੍ਰੇਵਜ਼ੈਂਡ, ਡਾ: ਚਾਨਣ ਸਿੰਘ ਸਿੱਧੂ, ਜਸਬੀਰ ਸਿੰਘ ਸ਼ੇਰਗਿੱਲ, ਗੁਰਪ੍ਰੀਤ ਸਿੰਘ ਟੁੱਟ, ਕੁਲਦੀਪ ਸਿੰਘ ਰਾਏ, ਜੈਜ਼ ਸਿੰਘ ਸਿੱਧੂ, ਬਿੰਦਰ ਪੁਆਦੜਾ, ਜਸ ਬਾਠ, ਬੂਟਾ ਸਿੰਘ ਨਿੱਝਰ, ਹਰਜਿੰਦਰ ਸਿੰਘ ਜੌਹਲ, ਦਵਿੰਦਰ ਸਿੰਘ ਪਤਾਰਾ ਦਾ ਵਿਸ਼ੇਸ਼ ਧੰਨਵਾਦ ਕੀਤਾ।

ਇਸ ਮੌਕੇ ਐਮ ਪੀ ਜਸ ਅਠਵਾਲ, ਰਾਣਾ ਪੱਡਾ, ਸੁਰਿੰਦਰ ਸਿੰਘ ਮਾਣਕ, ਸੋਖਾ ਢੇਸੀ, ਸੁਰਜੀਤ ਸਿੰਘ ਘੁੰਮਣ ਪੰਜਾਬ ਰੇਡੀਓ ਅਤੇ ਪੰਜਾਬ ਟੀ ਵੀ, ਮਨਪ੍ਰੀਤ ਸਿੰਘ ਬੱਧਨੀ ਕਲਾਂ ਅਜੀਤ ਅਤੇ ਪੰਜਾਬ ਟਾਈਮਜ਼, ਅਮਨਜੀਤ ਸਿੰਘ ਖਹਿਰਾ ਜੰਗ ਸ਼ਕਤੀ, ਸੁਖਦੇਵ ਸਿੰਘ ਅਤੇ ਪਾਲ ਸਿੰਘ ਝੱਲੀ ਅਕਾਲ ਚੈਨਲ, ਹਰਵਿੰਦਰ ਸਿੰਘ ਸਿੱਖ ਚੈਨਲ, ਅਨਮੋਲ ਕੌਰ ਜੀ ਟੀ ਸੀ, ਪ੍ਰਭਜੋਤ ਸਿੰਘ ਪੀ ਟੀ ਸੀ ਆਦਿ ਉਚੇਚੇ ਤੌਰ ਤੇ ਪਹੁੰਚੇ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ ‘ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਭਾਰਤੀਆਂ ਲਈ ਅਮਰੀਕਾ ਦਾ ਰਾਹ ਹੋਵੇਗਾ ਮੁਸ਼ਕਲ !

## ✪ ਟਰੰਪ ਸਰਕਾਰ ਵੀਜ਼ਾ ਨਿਯਮਾਂ ਵਿਚ ਲਿਆ ਰਹੀ ਹੈ ਸਖਤ ਸ਼ਰਤਾਂ
## ✪ ਭਾਰਤੀ ਆਈਟੀ ਕੰਪਨੀਆਂ ਅਤੇ ਵਿਦਿਆਰਥੀਆਂ 'ਤੇ ਪਵੇਗੀ ਵੱਡੀ ਮਾਰ

ਸੈਨ ਫਰਾਂਸਿਸਕੋ/ਨਵੀਂ ਦਿੱਲੀ-ਜੇਕਰ ਤੁਸੀਂ ਵੀ ਅਮਰੀਕਾ ਜਾ ਕੇ ਪੜ੍ਹਾਈ ਕਰਨ ਜਾਂ ਉੱਥੇ ਨੌਕਰੀ ਕਰਨ ਦਾ ਸੁਪਨਾ ਦੇਖ ਰਹੇ ਹੋ, ਤਾਂ ਤੁਹਾਡੇ ਲਈ ਇੱਕ ਵੱਡੀ ਅਤੇ ਅਹਿਮ ਖ਼ਬਰ ਹੈ। ਟਰੰਪ ਸਰਕਾਰ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਵੱਡੇ ਬਦਲਾਅ ਕਰਨ ਦੀ ਤਿਆਰੀ ਕਰ ਰਹੀ ਹੈ। ਸਰਕਾਰ ਵੱਲੋਂ ਕੁਝ ਅਜਿਹੇ ਸਖ਼ਤ ਨਿਯਮ ਲਿਆਉਣ ਦੀ ਯੋਜਨਾ ਹੈ, ਜਿਸ ਨਾਲ ਵਿਦੇਸ਼ੀ ਪੇਸ਼ੇਵਰਾਂ, ਵਿਦਿਆਰਥੀਆਂ ਅਤੇ ਕੰਪਨੀਆਂ ਲਈ ਅਮਰੀਕਾ ਦਾ ਰਾਹ ਮੁਸ਼ਕਲ ਹੋ ਸਕਦਾ ਹੈ। ਅਮਰੀਕਾ ਜਾਣ ਵਾਲੇ ਪ੍ਰਵਾਸੀਆਂ ਵਿੱਚ ਭਾਰਤੀਆਂ ਦੀ ਗਿਣਤੀ ਸਭ ਤੋਂ ਵੱਧ ਹੈ, ਇਸ ਲਈ ਇਸ ਬਦਲਾਅ ਦਾ ਸਿੱਧਾ ਅਸਰ ਭਾਰਤੀ ਨੌਜਵਾਨਾਂ, ਐਚ-1ਬੀ ਵੀਜ਼ਾ, ਐਲ-1 ਵੀਜ਼ਾ ਅਤੇ ਸਟੂਡੈਂਟ ਵੀਜ਼ਾ ਧਾਰਕਾਂ 'ਤੇ ਪੈਣ ਵਾਲਾ ਹੈ।

### ਕੀ ਇਹ ਨਿਯਮ ਲਾਗੂ ਹੋ ਚੁੱਕੇ ਹਨ ?

ਰਾਹਤ ਦੀ ਗੱਲ ਇਹ ਹੈ ਕਿ ਇਹ ਸਾਰੇ ਪ੍ਰਸਤਾਵ ਫਿਲਹਾਲ ਯੂ.ਐੱਸ. ਹੋਮਲੈਂਡ ਸਕਿਊਰਿਟੀ , ਲੇਬਰ ਡਿਪਾਰਟਮੈਂਟ ਅਤੇ ਸਟੇਟ ਡਿਪਾਰਟਮੈਂਟ ਦੇ 'ਯੂਨੀਫਾਈਡ ਰੈਗੂਲਟੀ ਏਜੰਡੇ ' ਦਾ ਹਿੱਸਾ ਹਨ। ਇਹ ਅਜੇ ਲਾਗੂ ਨਹੀਂ ਹੋਏ ਹਨ, ਪਰ ਇਸ ਨਾਲ ਸਰਕਾਰ ਦੇ ਇਰਾਦੇ ਸਾਫ਼ ਹੋ ਗਏ ਹਨ। ਜੇਕਰ ਇਹ ਪ੍ਰਸਤਾਵ ਕਾਨੂੰਨ ਬਣਦੇ ਹਨ, ਤਾਂ ਵੀਜ਼ਾ ਮਿਲਣਾ ਔਖਾ ਹੋ ਜਾਵੇਗਾ, ਕਾਗਜ਼ੀ ਕਾਰਵਾਈ ਵਧੇਗੀ ਅਤੇ ਅਮਰੀਕੀ ਕੰਪਨੀਆਂ ਲਈ ਵਿਦੇਸ਼ੀ ਮੁਲਾਜ਼ਮਾਂ ਨੂੰ ਨੌਕਰੀ 'ਤੇ ਰੱਖਣਾ ਕਾਫ਼ੀ ਮਹਿੰਗਾ ਸਾਬਤ ਹੋਵੇਗਾ।

### ਅਗਸਤ ਵਿੱਚ ਬਦਲ ਸਕਦੇ ਹਨ ਨਿਯਮ

ਅਮਰੀਕੀ ਕੰਪਨੀਆਂ ਵਿਸ਼ੇਸ਼ ਯੋਗਤਾ ਵਾਲੇ ਵਿਦੇਸ਼ੀ ਪੇਸ਼ੇਵਰਾਂ ਨੂੰ ਨੌਕਰੀ 'ਤੇ ਰੱਖਣ ਲਈ ਐਚ-1ਬੀ ਵੀਜ਼ਾ ਦੀ ਵਰਤੋਂ ਕਰਦੀਆਂ ਹਨ, ਜਿਸ ਦਾ ਸਾਲਾਨਾ ਕੋਟਾ 85,000 ਹੈ। ਖ਼ਬਰਾਂ ਮੁਤਾਬਕ, ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਊਰਿਟੀ ਇਸੇ ਸਾਲ ਅਗਸਤ ਵਿੱਚ ਇੱਕ ਨਵਾਂ ਪ੍ਰਸਤਾਵ ਪੇਸ਼ ਕਰ ਸਕਦਾ ਹੈ, ਜਿਸ ਦਾ ਮਕਸਦ ਇਸ ਪ੍ਰੋਗਰਾਮ ਦੀਆਂ ਸ਼ਰਤਾਂ ਨੂੰ ਹੋਰ ਸਖ਼ਤ ਕਰਨਾ ਹੈ।

### ਥਰਡ-ਪਾਰਟੀ ਪਲੇਸਮੈਂਟ ਮਾਡਲ 'ਤੇ ਵਾਰ

ਸਭ ਤੋਂ ਵੱਡਾ ਨੁਕਸਾਨ ਉਨ੍ਹਾਂ ਭਾਰਤੀ ਕੰਪਿਊਟਰ (IT) ਅਤੇ ਸਲਾਹਕਾਰ ਕੰਪਨੀਆਂ ਨੂੰ ਹੋ ਸਕਦਾ ਹੈ, ਜੋ ਭਾਰਤ ਤੋਂ ਬੰਦੇ ਲਿਜਾ ਕੇ ਅਮਰੀਕਾ ਵਿੱਚ ਦੂਜੀਆਂ ਕੰਪਨੀਆਂ ਦੇ ਦਫ਼ਤਰਾਂ ਵਿੱਚ ਕੰਮ 'ਤੇ ਲਗਾਉਂਦੀਆਂ ਹਨ।

ਨਵੇਂ ਨਿਯਮਾਂ ਮੁਤਾਬਕ, ਹੁਣ ਇਨ੍ਹਾਂ ਕੰਪਨੀਆਂ ਨੂੰ ਪੱਕੇ ਸਬੂਤ ਦੇਣੇ ਪੈਣਗੇ ਕਿ ਉਹ ਮੁਲਾਜ਼ਮ ਸੱਚਮੁੱਚ ਉਨ੍ਹਾਂ ਦੀ ਆਪਣੀ ਹੀ ਕੰਪਨੀ ਦਾ ਹਿੱਸਾ ਹੈ (ਯਾਨੀ ਉਨ੍ਹਾਂ ਦਾ ਆਪਸੀ ਰਿਸ਼ਤਾ ਅਸਲੀ ਮਾਲਕ ਅਤੇ ਨੌਕਰ ਵਾਲਾ ਹੈ) ਉਹ ਮੁਲਾਜ਼ਮ ਅਮਰੀਕਾ ਜਾ ਕੇ ਕੋਈ ਆਮ ਜਾਂ ਸਾਧਾਰਨ ਕੰਮ ਨਹੀਂ ਕਰ ਰਿਹਾ,




ਬਲਕਿ ਕੋਈ ਅਜਿਹਾ ਖ਼ਾਸ ਜਾਂ ਮਾਹਿਰਾਂ ਵਾਲਾ ਕੰਮ ਕਰ ਰਿਹਾ ਹੈ ਜਿਸ ਨੂੰ ਹਰ ਕੋਈ ਨਹੀਂ ਕਰ ਸਕਦਾ।

### ਕੰਪਨੀਆਂ 'ਤੇ ਵਧੇਗਾ ਫੀਸਾਂ ਦਾ ਬੋਝ

ਡੀਐਚਐਸ ਮੌਜੂਦਾ ਸਪਲੀਮੈਂਟਲ ਫੀਸ ਦੇ ਦਾਇਰੇ ਨੂੰ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ। ਹੁਣ ਤੱਕ ਇਹ ਫੀਸ ਸਿਰਫ਼ ਨਵੀਂ ਐਚ-1ਬੀ ਅਰਜ਼ੀ ਦੇਣ ਜਾਂ ਐਂਪਲਾਇਰ (ਮਾਲਕ) ਬਦਲਣ ਵੇਲੇ ਲਈ ਜਾਂਦੀ ਸੀ, ਪਰ ਹੁਣ ਇਸ ਨੂੰ ਵੀਜ਼ਾ ਐਕਸਟੈਂਸ਼ਨ (ਵਾਧੇ) 'ਤੇ ਵੀ ਲਾਗੂ ਕਰਨ ਦੀ ਤਿਆਰੀ ਹੈ। ਇਸ ਦਾ ਸਿੱਧਾ ਅਸਰ ਉਨ੍ਹਾਂ ਕੰਪਨੀਆਂ 'ਤੇ ਪਵੇਗਾ ਜਿਨ੍ਹਾਂ ਕੋਲ ਅਮਰੀਕਾ ਵਿੱਚ 50 ਤੋਂ ਵੱਧ ਕਰਮਚਾਰੀ ਹਨ ਅਤੇ ਉਨ੍ਹਾਂ ਦੇ ਅੱਧੇ ਤੋਂ ਵੱਧ ਮੁਲਾਜ਼ਮ ਐਚ-1ਬੀ ਜਾਂ ਐਲ-1 ਵੀਜ਼ਾ ਧਾਰਕ ਹਨ।

### ਤਨਖ਼ਾਹ ਦੇ ਨਿਯਮਾਂ ਵਿੱਚ ਬਦਲਾਅ

ਅਮਰੀਕਾ ਦਾ ਰੁਜ਼ਗਾਰ ਵਿਭਾਗ (ਲੇਬਰ ਡਿਪਾਰਟਮੈਂਟ) ਹੁਣ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਮੁਲਾਜ਼ਮਾਂ ਦੀ ਘੱਟੋ-ਘੱਟ ਤੈਅ ਤਨਖ਼ਾਹ ਨੂੰ ਵਧਾਉਣ ਬਾਰੇ ਸੋਚ ਰਿਹਾ ਹੈ। ਜੇਕਰ ਇਹ ਨਵਾਂ ਨਿਯਮ ਪਾਸ ਹੋ ਜਾਂਦਾ ਹੈ, ਤਾਂ ਅਮਰੀਕਾ ਵਿੱਚ ਬਿਲਕੁਲ ਸ਼ੁਰੂਆਤੀ ਪੱਧਰ (ਐਂਟਰੀ-ਲੇਵਲ) ਦੀ ਨੌਕਰੀ 'ਤੇ ਲੱਗਣ ਵਾਲੇ ਵਿਦੇਸ਼ੀ ਮੁਲਾਜ਼ਮਾਂ ਦੀ ਤਨਖ਼ਾਹ ਪਹਿਲਾਂ ਦੇ ਮੁਕਾਬਲੇ ਲਗਭਗ ਦੁੱਗਣੀ ਕਰਨੀ ਪਵੇਗੀ। ਇਸ ਨਾਲ ਅਮਰੀਕੀ ਕੰਪਨੀਆਂ ਲਈ ਬਾਹਰਲੇ ਮੁਲਾਜ਼ਮਾਂ ਨੂੰ ਰੱਖਣਾ ਕਾਫ਼ੀ ਮਹਿੰਗਾ ਹੋ ਜਾਵੇਗਾ, ਕਿਉਂਕਿ ਉਨ੍ਹਾਂ ਨੂੰ ਹੁਣ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਮਿਹਨਤਾਨਾ ਦੇਣਾ ਪਵੇਗਾ।

### ਗ੍ਰੀਨ ਕਾਰਡ ਦੀ ਖਿੱਚ-ਧੂਹ ਅਤੇ ਯੂ.ਕੇ. ਵੱਲ ਰੁਝਾਨ

ਅਮਰੀਕਾ ਵਿੱਚ ਪੱਕੇ ਹੋਣ (ਗ੍ਰੀਨ ਕਾਰਡ ਲੈਣ) ਲਈ ਸਭ ਤੋਂ ਪਹਿਲਾ ਅਤੇ ਜ਼ਰੂਰੀ ਕਦਮ ਉੱਥੋਂ ਦੇ ਰੁਜ਼ਗਾਰ ਵਿਭਾਗ ਤੋਂ 'ਕੰਮ ਦੀ ਮਨਜ਼ੂਰੀ ਦਾ ਸਰਟੀਫਿਕੇਟ' ਲੈਣਾ ਹੁੰਦਾ ਹੈ। ਹੁਣ ਸਰਕਾਰ ਇਸ ਮਨਜ਼ੂਰੀ ਨੂੰ ਮਿਲਣ ਦੀ ਪ੍ਰਕਿਰਿਆ ਨੂੰ ਹੋਰ ਵੀ ਔਖਾ ਅਤੇ ਸਖ਼ਤ ਬਣਾ ਰਹੀ ਹੈ।

ਅਮਰੀਕਾ ਵਿੱਚ ਪਹਿਲਾਂ ਹੀ ਪੱਕੇ ਹੋਣ ਲਈ ਭਾਰਤੀਆਂ ਦੀ ਬਹੁਤ ਲੰਬੀ ਲਾਈਨ (ਵੇਟਿੰਗ) ਲੱਗੀ ਹੋਈ ਹੈ, ਜਿਸ ਵਿੱਚ ਸਾਲਾਂ-ਸਾਲ ਲੰਘ ਜਾਂਦੇ ਹਨ। ਹੁਣ ਇਸ ਨਵੇਂ ਬਦਲਾਅ ਅਤੇ ਅਨਿਸ਼ਚਿਤ ਮਾਹੌਲ ਨੂੰ ਦੇਖਦੇ ਹੋਏ, ਕਈ ਪੜ੍ਹੇ-ਲਿਖੇ ਭਾਰਤੀ ਮੁਲਾਜ਼ਮ ਅਮਰੀਕਾ ਜਾਣ ਦਾ ਖ਼ਿਆਲ ਛੱਡ ਕੇ ਬ੍ਰਿਟੇਨ (ਇੰਗਲੈਂਡ) ਵਰਗੇ ਦੇਸ਼ਾਂ ਵੱਲ ਜਾ ਰਹੇ ਹਨ, ਕਿਉਂਕਿ ਉੱਥੇ ਪੱਕੀ ਰਿਹਾਇਸ਼ ਲਈ ਮਿਲਣ ਦਾ ਰਾਹ ਅਮਰੀਕਾ ਨਾਲੋਂ ਥੋੜ੍ਹਾ ਸੌਖਾ ਅਤੇ ਸਾਫ਼ ਹੈ।

### ਵਿਦਿਆਰਥੀਆਂ 'ਤੇ ਵੀ ਕੱਸੇਗਾ ਸ਼ਿਕੰਜਾ

ਸਾਲ 2024-25 ਦੌਰਾਨ ਭਾਰਤ ਤੋਂ ਰਿਕਾਰਡ 3 ਲੱਖ 60 ਹਜ਼ਾਰ ਵਿਦਿਆਰਥੀ ਪੜ੍ਹਾਈ ਕਰਨ ਲਈ ਅਮਰੀਕਾ ਗਏ ਸਨ। ਅਜੇ ਤੱਕ ਨਿਯਮ ਇਹ ਹੈ ਕਿ ਜਦੋਂ ਤੱਕ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਕਰ ਰਹੇ ਹਨ, ਉਹ 'ਪੜ੍ਹਾਈ ਦੇ ਸਮੇਂ ਦੀ ਮਾਨਤਾ' ਦੇ ਤਹਿਤ ਉੱਥੇ ਰਹਿ ਸਕਦੇ ਹਨ। ਪਰ ਹੁਣ ਸਰਕਾਰ ਇਸ ਨਿਯਮ ਨੂੰ ਖ਼ਤਮ ਕਰਕੇ 'ਰਹਿਣ ਦੀ ਇੱਕ ਪੱਕੀ ਸਮਾਂ-ਸੀਮਾ' ਤੈਅ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਤੋਂ ਬਾਅਦ ਜੇਕਰ ਕਿਸੇ ਨੇ ਪੜ੍ਹਾਈ ਜਾਰੀ ਰੱਖਣੀ ਹੋਵੇਗੀ, ਤਾਂ ਉਸ ਨੂੰ ਬਾਰ-ਬਾਰ ਸਮਾਂ ਵਧਾਉਣ ਦੀ ਗੁਹਾਰ ਲਗਾਉਣੀ ਪਵੇਗੀ। ਇਸ ਤੋਂ ਇਲਾਵਾ, ਫਰਵਰੀ 2027 ਤੱਕ ਪੜ੍ਹਾਈ ਦੌਰਾਨ ਅਤੇ ਪੜ੍ਹਾਈ ਤੋਂ ਬਾਅਦ ਮਿਲਣ ਵਾਲੇ ਕੰਮ ਦੇ ਤਜ਼ਰਬੇ (ਟ੍ਰੇਨਿੰਗ) ਦੇ ਨਿਯਮਾਂ ਦੀ ਵੀ ਮੁੜ-ਜਾਂਚ ਕੀਤੀ ਜਾਵੇਗੀ।

### ਐਚ-4 ਵੀਜ਼ਾ (ਪਤਨੀ/ਪਤੀ) 'ਤੇ ਸਿੱਧਾ ਅਸਰ

ਟਰੰਪ ਸਰਕਾਰ 'ਅਮਰੀਕਾ ਵਿੱਚ ਕੰਮ ਕਰਨ ਦੀ ਇਜਾਜ਼ਤ ਦੇਣ ਵਾਲੇ ਦਸਤਾਵੇਜ਼ਾਂ' ਦੇ ਨਿਯਮਾਂ ਵਿੱਚ ਬਦਲਾਅ ਕਰ ਰਹੀ ਹੈ। ਇਸੇ ਮਹੀਨੇ ਆਉਣ ਵਾਲੇ ਇੱਕ ਫੈਸਲੇ ਨਾਲ ਇਸ ਇਜਾਜ਼ਤ ਦੇ ਆਪਣੇ-ਆਪ ਵਧਣ (ਆਟੋਮੈਟਿਕ ਐਕਸਟੈਂਸ਼ਨ) ਵਾਲੀ ਸਹੂਲਤ ਨੂੰ ਖ਼ਤਮ ਕਰ ਦਿੱਤਾ ਜਾਵੇਗਾ, ਜੋ ਕਿ ਅਕਤੂਬਰ 2025 ਵਿੱਚ ਸ਼ੁਰੂ ਕੀਤੀ ਗਈ ਸੀ।

ਇਸ ਦਾ ਸਿੱਧਾ ਅਸਰ ਐਚ-4 ਵੀਜ਼ਾ ਵਾਲਿਆਂ (ਜੋ ਜ਼ਿਆਦਾਤਰ ਐਚ-1ਬੀ ਵੀਜ਼ਾ 'ਤੇ ਗਏ ਲੋਕਾਂ ਦੇ ਪਤੀ ਜਾਂ ਪਤਨੀ ਹਨ) 'ਤੇ ਪਵੇਗਾ। ਜੇਕਰ ਸਰਕਾਰੀ ਪੱਧਰ 'ਤੇ ਕਾਗਜ਼ੀ ਕਾਰਵਾਈ ਵਿੱਚ ਥੋੜ੍ਹੀ ਵੀ ਦੇਰੀ ਹੁੰਦੀ ਹੈ, ਤਾਂ ਜਦੋਂ ਤੱਕ ਨਵਾਂ ਕਾਰਡ ਬਣ ਕੇ ਹੱਥ ਵਿੱਚ ਨਹੀਂ ਆਉਂਦਾ, ਇਹ ਲੋਕ ਕਾਨੂੰਨੀ ਤੌਰ 'ਤੇ ਉੱਥੇ ਕੰਮ ਕਰਨ ਦਾ ਹੱਕ ਗੁਆ ਬੈਠਣਗੇ।

### ਕੀ ਹੈ ਭਵਿੱਖ ?

ਵੀਜ਼ਾ ਅਤੇ ਪੱਕੇ ਹੋਣ ਦੇ ਕਾਨੂੰਨਾਂ ਦੀ ਇੱਕ ਵੱਡੀ ਕੰਪਨੀ ਦੇ ਮਾਹਿਰ (ਵਕੀਲ) ਮਿਚ ਵੈਕਸਲਰ ਦਾ ਕਹਿਣਾ ਹੈ ਕਿ, "ਇਹ ਸਾਰੇ ਨਿਯਮ ਅਜੇ ਸਿਰਫ਼ ਮੌਜੂਦਾ ਸਰਕਾਰ ਦੀ ਸੋਚ ਅਤੇ ਉਸ ਦੇ ਇਰਾਦਿਆਂ ਨੂੰ ਦਿਖਾਉਂਦੇ ਹਨ।"

ਕਿਉਂਕਿ ਇਹ ਸਾਰੀਆਂ ਗੱਲਾਂ ਅਜੇ ਸਿਰਫ਼ ਸਲਾਹਾਂ ਜਾਂ ਪ੍ਰਸਤਾਵ ਹੀ ਹਨ, ਇਸ ਲਈ ਇਨ੍ਹਾਂ ਨੂੰ ਅਸਲੀ ਕਾਨੂੰਨ ਬਣਨ ਵਿੱਚ ਅਜੇ ਕਾਫ਼ੀ ਲੰਬਾ ਸਮਾਂ ਲੱਗੇਗਾ। ਇਸ ਦੌਰਾਨ ਆਮ ਲੋਕਾਂ ਕੋਲੋਂ ਰਾਇ ਜਾਂ ਇਤਰਾਜ਼ ਮੰਗੇ ਜਾਣਗੇ ਅਤੇ ਇਨ੍ਹਾਂ ਨਿਯਮਾਂ ਨੂੰ ਅਦਾਲਤ ਵਿੱਚ ਵੀ ਚੁਣੌਤੀ ਦਿੱਤੀ ਜਾ ਸਕਦੀ ਹੈ।

ਪਰ ਫਿਰ ਵੀ, ਜਿਹੜੇ ਲੋਕ ਅਮਰੀਕਾ ਜਾਣ ਦੀ ਤਿਆਰੀ ਕਰ ਰਹੇ ਹਨ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਹੁਣ ਇੱਕ ਅਜਿਹੇ ਸਮੇਂ ਲਈ ਤਿਆਰ ਹੋ ਜਾਣਾ ਚਾਹੀਦਾ ਹੈ ਜਿੱਥੇ ਖ਼ਰਚਾ ਵੀ ਜ਼ਿਆਦਾ ਹੋਵੇਗਾ ਅਤੇ ਵੀਜ਼ਾ ਮਿਲਣ ਦੀ ਗਾਰੰਟੀ ਵੀ ਘੱਟ ਹੋਵੇਗੀ।

# ਵਾਰਿਸ ਪੰਜਾਬ ਦੇ ਵਫ਼ਦ ਨੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਕੀਤੀ ਮੁਲਾਕਾਤ

## ✪ ਫ਼ਿਲਮ 'ਸਤਲੁਜ' ਮੁੜ ਰਿਲੀਜ਼ ਕਰਨ ਅਤੇ ਅੰਮ੍ਰਿਤਪਾਲ ਸਿੰਘ ਬਾਰੇ ਚੁੱਕੀ ਮੰਗ

ਚੰਡੀਗੜ੍ਹ-ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਦੇ ਇੱਕ ਉੱਚ-ਪੱਧਰੀ ਵਫ਼ਦ ਨੇ ਅੱਜ ਚੰਡੀਗੜ੍ਹ ਸਥਿਤ ਪੰਜਾਬ ਲੋਕ ਭਵਨ ਵਿਖੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਵਫ਼ਦ ਦੀ ਅਗਵਾਈ ਸੀਨੀਅਰ ਆਗੂ ਤਰਸੇਮ ਸਿੰਘ, ਮੁੱਲਾਂਪੁਰ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਅਤੇ ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਵੱਲੋਂ ਕੀਤੀ ਗਈ। ਮੁਲਾਕਾਤ ਦੌਰਾਨ ਵਫ਼ਦ ਨੇ ਰਾਜਪਾਲ ਨੂੰ ਪੰਜਾਬ ਦੇ ਵੱਖ-ਵੱਖ ਭਖਦੇ ਮੁੱਦਿਆਂ 'ਤੇ ਇੱਕ ਮੰਗ ਪੱਤਰ ਸੌਂਪਿਆ ਅਤੇ ਵਿਸਥਾਰਪੂਰਵਕ ਚਰਚਾ ਕੀਤੀ।



### ਫ਼ਿਲਮ 'ਸਤਲੁਜ' ਨੂੰ ਮੁੜ ਰਿਲੀਜ਼ ਕਰਨ ਦੀ ਮੰਗ

ਵਫ਼ਦ ਨੇ ਹਾਲ ਹੀ ਵਿੱਚ ਸਿਨੇਮਾਘਰਾਂ ਵਿੱਚੋਂ ਹਟਾਈ ਗਈ ਫ਼ਿਲਮ 'ਸਤਲੁਜ' ਦਾ ਮੁੱਦਾ ਰਾਜਪਾਲ ਕੋਲ ਸਖ਼ਤ ਸ਼ਬਦਾਂ ਵਿੱਚ ਚੁੱਕਿਆ। ਆਗੂਆਂ ਨੇ ਫ਼ਿਲਮ ਨੂੰ ਹਟਾਏ ਜਾਣ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਕਿਹਾ ਕਿ ਇਹ ਫ਼ਿਲਮ ਪੰਜਾਬ ਦੇ ਉਸ ਕਾਲੇ ਦੌਰ ਦੀ ਸੱਚਾਈ ਨੂੰ ਬੇਖ਼ੂਬੀ ਬਿਆਨ ਕਰਦੀ ਹੈ, ਜਦੋਂ ਹਜ਼ਾਰਾਂ ਸਿੱਖ ਨੌਜਵਾਨਾਂ ਦਾ ਕਤਲ ਕਰਕੇ ਉਨ੍ਹਾਂ ਨੂੰ ਲਾਵਾਰਸ ਦੱਸ ਕੇ ਸਸਕਾਰ ਕਰ ਦਿੱਤਾ ਗਿਆ ਸੀ।

ਆਗੂਆਂ ਨੇ ਅੱਗੇ ਕਿਹਾ: "ਉਨ੍ਹਾਂ ਲਾਸ਼ਾਂ ਦੇ ਅਸਲ ਵਾਰਸਾਂ ਨੂੰ ਇਨਸਾਫ਼ ਦਿਵਾਉਣ ਲਈ ਸ਼ਹੀਦ ਜਸਵੰਤ ਸਿੰਘ ਖਾਲੜਾ ਨੇ ਵੱਡਾ ਸੰਘਰਸ਼ ਕੀਤਾ ਸੀ। ਇਸ ਇਤਿਹਾਸਕ ਸੱਚਾਈ ਨੂੰ ਫ਼ਿਲਮ ਰਾਹੀਂ ਮੌਜੂਦਾ ਪੀੜ੍ਹੀ ਦੇ ਸਾਹਮਣੇ ਰੱਖਿਆ ਗਿਆ ਸੀ। ਅਜਿਹੀ ਫ਼ਿਲਮ ਨੂੰ ਲੋਕਾਂ ਤੋਂ ਦੂਰ ਕਰਨਾ ਬੇਹੱਦ ਮੰਦਭਾਗਾ ਹੈ। ਸਮੁੱਚੀ ਸਿੱਖ ਕੌਮ ਅਤੇ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਦਿਆਂ 'ਸਤਲੁਜ' ਨੂੰ ਤੁਰੰਤ ਮੁੜ ਰਿਲੀਜ਼ ਕੀਤਾ ਜਾਣਾ ਚਾਹੀਦਾ ਹੈ।"

### ਸੰਸਦ ਵਿੱਚ ਅੰਮ੍ਰਿਤਪਾਲ ਸਿੰਘ ਨੂੰ ਮੌਕਾ ਦੇਣ ਦੀ ਅਪੀਲ

ਫ਼ਿਲਮ ਦੇ ਮੁੱਦੇ ਤੋਂ ਇਲਾਵਾ, ਜਥੇਬੰਦੀ ਦੇ ਆਗੂਆਂ ਨੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਸਾਹਮਣੇ ਇਹ ਮੰਗ ਵੀ ਪ੍ਰਮੁੱਖਤਾ ਨਾਲ ਰੱਖੀ ਕਿ ਅੰਮ੍ਰਿਤਪਾਲ ਸਿੰਘ ਨੂੰ ਸੰਸਦ ਵਿੱਚ ਪੰਜਾਬ ਦੇ ਲੋਕਾਂ ਦੀ ਆਵਾਜ਼ ਉਠਾਉਣ ਦਾ ਪੂਰਾ ਮੌਕਾ ਦਿੱਤਾ ਜਾਵੇ। ਵਫ਼ਦ ਨੇ ਜ਼ੋਰ ਦੇ ਕੇ ਕਿਹਾ ਕਿ ਲੋਕਤੰਤਰਿਕ ਪ੍ਰਕਿਰਿਆ ਅਤੇ ਜਨਤਾ ਦੀਆਂ ਉਮੀਦਾਂ ਦੇ ਤਹਿਤ ਉਨ੍ਹਾਂ ਨੂੰ ਇਹ ਅਧਿਕਾਰ ਮਿਲਣਾ ਚਾਹੀਦਾ ਹੈ।

# ਫ਼ਿਲਮ 'ਸਤਲੁਜ' 'ਤੇ ਰੋਕ ਤੋਂ ਬਾਅਦ ਉੱਠੀ ਜਾਂਚ ਦੀ ਮੰਗ

## ✪ ਦਿੱਲੀ ਅਕਾਲੀ ਦਲ ਦੇ ਮੁਖੀ ਸਰਨਾ ਨੇ ਪੰਜਾਬ ਦੇ 'ਕਾਲੇ ਦੌਰ' 'ਤੇ ਵਾਈਟ ਪੇਪਰ ਜਾਰੀ ਕਰਨ ਦੀ ਕੀਤੀ ਅਪੀਲ



ਅੰਮ੍ਰਿਤਸਰ-ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਜੀਵਨੀ 'ਤੇ ਆਧਾਰਿਤ ਫ਼ਿਲਮ 'ਸਤਲੁਜ' 'ਤੇ ਲੱਗੀ ਰੋਕ ਲੱਗਣ ਮਗਰੋਂ ਹੁਣ ਦਿੱਲੀ ਅਕਾਲੀ ਦਲ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਸੰਤਾਪ ਦੌਰਾਨ 15 ਸਾਲਾਂ ਦੇ ਸਮੇਂ ਦੌਰਾਨ ਹੋਏ ਪੁਲੀਸ ਅੱਤਿਆਚਾਰਾਂ 'ਤੇ ਇੱਕ ਅਧਿਕਾਰਤ ਵਾਈਟ ਪੇਪਰ ਪ੍ਰਕਾਸ਼ਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਨਸਾਫ਼ ਨੂੰ ਯਕੀਨੀ ਬਣਾਉਣ ਅਤੇ ਇਤਿਹਾਸ ਨੂੰ ਭੁੱਲਣ ਤੋਂ ਰੋਕਣ ਲਈ ਉਸ ਸਮੇਂ ਦੀ ਸੱਚਾਈ ਨੂੰ ਅਧਿਕਾਰਤ ਤੌਰ 'ਤੇ ਦਸਤਾਵੇਜ਼ੀ ਰੂਪ ਦਿੱਤਾ ਜਾਣਾ ਬੇਹੱਦ ਜ਼ਰੂਰੀ ਹੈ। ਸਰਨਾ ਨੇ ਇਹ ਮੰਗ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਵੱਲੋਂ ਫ਼ਿਲਮ 'ਸਤਲੁਜ' ਦੀ ਇੱਕ ਵਿਸ਼ੇਸ਼ ਸਕ੍ਰੀਨਿੰਗ ਦੇ ਆਯੋਜਨ ਤੋਂ ਬਾਅਦ ਕੀਤੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਅਤੇ ਗੈਰ-ਸਿੱਖ ਦਰਸ਼ਕ ਸ਼ਾਮਲ ਹੋਏ ਸਨ। ਇਸ ਮੌਕੇ ਸੀਨੀਅਰ ਅਕਾਲੀ ਆਗੂ ਮਨਜੀਤ ਸਿੰਘ ਜੀ.ਕੇ. ਵੀ ਮੌਜੂਦ ਸਨ, ਜਿਨ੍ਹਾਂ ਨੇ ਭਾਈ ਖਾਲੜਾ ਨੂੰ ਸ਼ਰਧਾਂਜਲੀ ਭੇਟ ਕੀਤੀ।

# ਜ਼ਮਾਨਤ 'ਤੇ ਆਏ ਨੌਜਵਾਨ ਦੀ ਪਿਓ, ਮਤਰੇਈ ਮਾਂ ਤੇ ਭਰਾਵਾਂ ਵੱਲੋਂ ਬੇਰਹਿਮੀ ਨਾਲ ਕਤਲ; ਲਾਸ਼ ਨਹਿਰ ਵਿਚ ਸੁੱਟੀ

ਮਜੀਠਾ/ਅੰਮ੍ਰਿਤਸਰ-ਅੰਮ੍ਰਿਤਸਰ ਦੇ ਹਲਕਾ ਮਜੀਠਾ ਅਧੀਨ ਆਉਂਦੇ ਪਿੰਡ ਜਿਜੇਆਣੀ ਵਿਖੇ ਘਰੇਲੂ ਕਲੇਸ਼ ਅਤੇ ਜ਼ਮੀਨ-ਜਾਇਦਾਦ ਦੇ ਵਿਵਾਦ ਦੇ ਚਲਦਿਆਂ ਇੱਕ ਸਨਸਨੀਖੇਜ਼ ਵਾਰਦਾਤ ਸਾਹਮਣੇ ਆਈ ਹੈ। ਇੱਥੇ ਇੱਕ ਪਿਓ ਨੇ ਆਪਣੀ ਦੂਜੀ ਪਤਨੀ ਅਤੇ ਉਸ ਦੇ ਦੋ ਪੁੱਤਰਾਂ ਨਾਲ ਮਿਲ ਕੇ ਆਪਣੇ ਹੀ ਸਕੇ ਪੁੱਤਰ ਆਕਾਸ਼ਦੀਪ ਸਿੰਘ (ਜੋ ਦੋ ਦਿਨ ਪਹਿਲਾਂ ਹੀ ਜੇਲ੍ਹ ਵਿੱਚੋਂ ਜ਼ਮਾਨਤ 'ਤੇ ਆਇਆ ਸੀ) ਦਾ ਤੇਜ਼ਧਾਰ ਹਥਿਆਰਾਂ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮੁਲਜ਼ਮਾਂ ਨੇ ਕਤਲ ਕਰਨ ਤੋਂ ਬਾਅਦ ਲਾਸ਼ ਨੂੰ ਖੁਰਦ-ਬੁਰਦ ਕਰਨ ਦੀ ਨੀਅਤ ਨਾਲ ਰਾਤ ਦੇ ਹਨੇਰੇ ਵਿੱਚ ਨਹਿਰ ਵਿੱਚ ਸੁੱਟ ਦਿੱਤਾ।

ਮ੍ਰਿਤਕ ਆਕਾਸ਼ਦੀਪ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦੇ ਸਹੁਰੇ ਮਲਕੀਤ ਸਿੰਘ ਦੇ ਦੋ ਵਿਆਹ ਹੋਏ ਸਨ। ਆਕਾਸ਼ਦੀਪ ਸਿੰਘ ਪਹਿਲੀ ਪਤਨੀ ਦਾ ਪੁੱਤਰ ਸੀ, ਜਦਕਿ ਦੂਜੀ ਪਤਨੀ ਕੁਲਦੀਪ ਕੌਰ ਦੇ ਦੋ ਪੁੱਤਰ



ਗੁਰਪ੍ਰੀਤ ਸਿੰਘ ਅਤੇ ਜਸ਼ਨਦੀਪ ਸਿੰਘ ਹਨ। ਉਨ੍ਹਾਂ ਦਾ ਆਪਣੇ ਪਿਤਾ ਅਤੇ ਮਤਰਏ ਭਰਾਵਾਂ ਨਾਲ ਰਿਹਾਇਸ਼ੀ ਜਗ੍ਹਾ (ਘਰ) ਨੂੰ ਲੈ ਕੇ ਅਕਸਰ ਝਗੜਾ ਰਹਿੰਦਾ ਸੀ।

ਕਿਰਨਦੀਪ ਕੌਰ ਮੁਤਾਬਕ ਕਤਲ ਵਾਲੇ ਦਿਨ ਜਦੋਂ ਮੇਰਾ ਪਤੀ ਸ਼ਾਮ ਨੂੰ ਘਰ ਆਇਆ ਤਾਂ ਪਿਤਾ ਮਲਕੀਤ ਸਿੰਘ, ਮਤਰਈ ਮਾਂ ਕੁਲਦੀਪ ਕੌਰ ਅਤੇ ਮਤਰਏ ਭਰਾਵਾਂ ਗੁਰਪ੍ਰੀਤ ਸਿੰਘ ਤੇ ਜਸ਼ਨਦੀਪ ਸਿੰਘ ਨੇ ਯੋਜਨਾਬੱਧ ਤਰੀਕੇ ਨਾਲ ਬੇਸਬਾਲ ਬੈਟ ਅਤੇ ਤੇਜ਼ਧਾਰ ਹਥਿਆਰਾਂ ਨਾਲ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਮੈਨੂੰ ਇੱਕ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਆਕਾਸ਼ਦੀਪ ਦਾ ਕਤਲ ਕਰਨ ਤੋਂ ਬਾਅਦ ਲਾਸ਼ ਨੂੰ ਚੁੱਕ ਕੇ ਨਹਿਰ ਵਿੱਚ ਸੁੱਟ ਦਿੱਤਾ।

### ਦੋ ਮੁਲਜ਼ਮ ਗ੍ਰਿਫ਼ਤਾਰ, ਲਾਸ਼ ਦੀ ਭਾਲ ਜਾਰੀ

ਪੁਲਿਸ ਨੇ ਮ੍ਰਿਤਕ ਦੀ ਪਤਨੀ ਦੇ ਬਿਆਨਾਂ ਦੇ ਅਧਾਰ 'ਤੇ ਚਾਰਾਂ ਮੁਲਜ਼ਮਾਂ ਖ਼ਿਲਾਫ਼ ਸੰਗੀਨ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਪਿਓ ਮਲਕੀਤ ਸਿੰਘ ਅਤੇ ਮਤਰੇਈ ਮਾਂ ਕੁਲਦੀਪ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਫ਼ਰਾਰ ਮਤਰਏ ਭਰਾਵਾਂ-ਗੁਰਪ੍ਰੀਤ ਸਿੰਘ ਅਤੇ ਜਸ਼ਨਦੀਪ ਸਿੰਘ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਿਸ ਮੁਤਾਬਕ ਨਹਿਰ ਅਤੇ ਆਸ-ਪਾਸ ਦੇ ਇਲਾਕੇ ਵਿੱਚ ਲਾਸ਼ ਨੂੰ ਲੱਭਣ ਲਈ ਸਰਚ ਅਪਰੇਸ਼ਨ ਚਲਾਇਆ ਜਾ ਰਿਹਾ ਹੈ ਅਤੇ ਜਲਦ ਹੀ ਲਾਸ਼ ਨੂੰ ਬਰਾਮਦ ਕਰਕੇ ਬਾਕੀ ਮੁਲਜ਼ਮਾਂ ਨੂੰ ਵੀ ਕਾਬੂ ਕਰ ਲਿਆ ਜਾਵੇਗਾ।

# ਅੰਮ੍ਰਿਤਸਰ ਵਿਖੇ ਕਾਊਂਟਰ ਇੰਟੈਲੀਜੈਂਸ ਵਲੋਂ ਬੀਕੇਆਈ ਦੇ 3 ਕਾਰਕੁਨ 6 ਹੈਂਡ ਗ੍ਰਨੇਡਾਂ ਤੇ 12 ਪਿਸਤੌਲਾਂ ਸਣੇ ਗ੍ਰਿਫ਼ਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਕਾਊਂਟਰ ਇੰਟੈਲੀਜੈਂਸ (ਸੀਆਈ) ਨੇ ਗੈਰ-ਕਾਨੂੰਨੀ ਹਥਿਆਰਾਂ ਅਤੇ ਵਿਸਫੋਟਕ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇੱਕ ਅੰਤਰਰਾਸ਼ਟਰੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜੇ ਤਿੰਨ ਮੁਲਜ਼ਮਾਂ ਨੂੰ ਭਾਰੀ ਮਾਤਰਾ ਵਿੱਚ ਅਸਲੇ ਸਣੇ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਕੋਲੋਂ 6 ਹੈਂਡ ਗ੍ਰਨੇਡ, 12 ਆਧੁਨਿਕ ਪਿਸਤੌਲ (ਜਿਨ੍ਹਾਂ ਵਿੱਚ ਅੱਠ .30 ਬੋਰ ਅਤੇ ਚਾਰ 9 ਐੱਮਐੱਮ ਪਿਸਤੌਲ ਸ਼ਾਮਲ ਹਨ) ਅਤੇ 9 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਚਿੰਟੂ-ਜੋਬਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਗੋਪੀ ਦੇ ਰੂਪ ਵਿਚ ਹੋਈ ਜੋ ਕਿ ਸਾਰੇ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਕੱਕੜ ਦੇ ਰਹਿਣ ਵਾਲੇ ਹਨ। ਡੀਜੀਪੀ ਗੌਰਵ ਯਾਦਵ ਅਨੁਸਾਰ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਮੁਲਜ਼ਮ ਪਾਕਿਸਤਾਨੀ ਖੁਫੀਆ ਏਜੰਸੀ ਆਈਐੱਸਆਈ ਅਤੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਕਾਰਕੁਨਾਂ ਦੀ ਸ਼ਹਿ ਪ੍ਰਾਪਤ ਇੱਕ ਵਿਦੇਸ਼ੀ ਤਸਕਰ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ। ਇਹ ਮੁਲਜ਼ਮ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਲਾਂਬੂ ਲਾਉਣ ਅਤੇ ਕਿਸੇ ਵੱਡੀ ਅਪਰਾਧਕ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸਨ। ਡੀਜੀਪੀ ਨੇ ਕਿਹਾ ਕਿ ਇਸ ਖ਼ਤਰਨਾਕ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਪੀਆਰ ਅਤੇ ਸਿਟੀਜ਼ਨਸ਼ਿਪ ਧਾਰਕਾਂ ਨੇ ਛੱਡਿਆ ਕੈਨੇਡਾ, ਪ੍ਰਧਾਨ ਮੰਤਰੀ ਦੀਆਂ ਨੀਤੀਆਂ 'ਤੇ ਉੱਠੇ ਕਿਉ ਸਵਾਲ ?

**✪ ਮਹਿੰਗਾਈ, ਨੌਕਰੀਆਂ ਦੀ ਘਾਟ ਅਤੇ ਫੇਲ੍ਹ ਸਿਹਤ ਸਿਸਟਮ ਨੇ ਕੈਨੇਡਾ ਦੇ ਹਾਲਾਤ ਕੀਤੇ ਖਰਾਬ ✪ ਸਰਕਾਰੀ ਅੰਕੜੇ: ਚਾਲੂ ਵਰ੍ਹੇ ਦੀ ਪਹਿਲੀ ਤਿਮਾਹੀ ਵਿਚ 30 ਹਜ਼ਾਰ ਲੋਕਾਂ ਨੇ ਕਿਉ ਛੱਡਿਆ ਕੈਨੇਡਾ ✪ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਵਿੱਚੋਂ ਸਭ ਤੋਂ ਵੱਧ ਪਲਾਇਨ**

ਖਾਸ ਰਿਪੋ

ਦੁਨੀਆ ਭਰ ਦੇ ਲੋਕਾਂ, ਖਾਸ ਕਰਕੇ ਪੰਜਾਬੀਆਂ ਲਈ ਸੁਪਨਿਆਂ ਦੀ ਧਰਤੀ ਮੰਨਿਆ ਜਾਣ ਵਾਲਾ ਦੇਸ਼ ਕੈਨੇਡਾ ਅੱਜ ਆਪਣੇ ਇਤਿਹਾਸ ਦੇ ਸਭ ਤੋਂ ਗੰਭੀਰ ਅੰਦਰੂਨੀ ਅਤੇ ਬਾਹਰੀ ਸੰਕਟਾਂ ਵਿੱਚੋਂ ਗੁਜ਼ਰ ਰਿਹਾ ਹੈ। ਜਿਸ ਦੇਸ਼ ਵੱਲ ਕਦੇ ਲੋਕਾਂ ਦਾ ਹੜ੍ਹ ਆਉਂਦਾ ਸੀ, ਅੱਜ ਉੱਥੋਂ ਉਲਟੀ ਹਿਜਰਤ (ਪਲਾਇਨ) ਸ਼ੁਰੂ ਹੋ ਚੁੱਕੀ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਸਾਲ 2025 ਵਿੱਚ 1 ਲੱਖ 20 ਹਜ਼ਾਰ ਲੋਕ ਕੈਨੇਡਾ ਛੱਡ ਗਏ ਸਨ ਅਤੇ ਮੌਜੂਦਾ ਵਰ੍ਹੇ (2026) ਦੀ ਪਹਿਲੀ ਤਿਮਾਹੀ ਵਿੱਚ ਹੀ ਲਗਭਗ 30 ਹਜ਼ਾਰ ਲੋਕਾਂ ਨੇ ਦੇਸ਼ ਨੂੰ ਅਲਵਿਦਾ ਕਹਿ ਦਿੱਤਾ ਸੀ। ਚਿੰਤਾ ਦੀ ਗੱਲ ਇਹ ਹੈ ਕਿ ਦੇਸ਼ ਛੱਡਣ ਵਾਲਿਆਂ ਵਿੱਚ ਸਿਰਫ਼ ਅਸਥਾਈ ਪ੍ਰਵਾਸੀ ਨਹੀਂ, ਸਗੋਂ ਪੱਕੇ ਤੌਰ 'ਤੇ ਰਹਿ ਰਹੇ ਪੀਆਰ ਅਤੇ ਸਿਟੀਜ਼ਨਸ਼ਿਪ ਧਾਰਕ ਵੀ ਸ਼ਾਮਲ ਹਨ। ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਵਰਗੇ ਵੱਡੇ ਸੂਬੇ ਇਸ ਪਲਾਇਨ ਦਾ ਮੁੱਖ ਕੇਂਦਰ ਬਣੇ ਹੋਏ ਹਨ।



## ਮਹਿੰਗਾਈ, ਬੇਰੁਜ਼ਗਾਰੀ ਅਤੇ ਆਰਥਿਕ ਮੰਦਹਾਲੀ ਦਾ ਕੁਚੱਕਰ

ਕੈਨੇਡਾ ਦੇ ਇਸ ਮੌਜੂਦਾ ਸੰਕਟ ਦੇ ਪਿੱਛੇ ਕੋਈ ਇੱਕ ਕਾਰਨ ਨਹੀਂ, ਸਗੋਂ ਕਈ ਗੰਭੀਰ ਆਰਥਿਕ ਚੁਣੌਤੀਆਂ ਦਾ ਸੁਮੇਲ ਹੈ:

ਸੁਸਤ ਆਰਥਿਕ ਵਿਕਾਸ: ਤਾਜ਼ਾ ਆਰਥਿਕ ਰਿਪੋਰਟਾਂ ਮੁਤਾਬਕ ਸਾਲ 2026 ਵਿੱਚ ਕੈਨੇਡਾ ਦੀ ਜੀਡੀਪੀ ਵਿਕਾਸ ਦਰ ਮਹਿਜ਼ 0.5% ਰਹਿਣ ਦਾ ਅਨੁਮਾਨ ਹੈ, ਜੋ ਕਿ ਇੱਕ ਤਕਨੀਕੀ ਮੰਦੀ ਅਤੇ ਆਰਥਿਕ ਸੁਸਤੀ ਦਾ ਸਪੱਸ਼ਟ ਸੰਕੇਤ ਹੈ।

ਬੇਰੁਜ਼ਗਾਰੀ ਦੀ ਮਾਰ: ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦਰ 6.6% 'ਤੇ ਸਥਿਰ ਬਣੀ ਹੋਈ ਹੈ। ਨੌਕਰੀਆਂ ਦੀ ਘਾਟ ਕਾਰਨ ਨੌਜਵਾਨ ਅਤੇ ਪੱਕੇ ਨਾਗਰਿਕ ਰੁਜ਼ਗਾਰ ਲਈ ਭਟਕ ਰਹੇ ਹਨ। ਓਨਟਾਰੀਓ ਅਤੇ ਬੀ.ਸੀ. ਵਰਗੇ ਸੂਬਿਆਂ ਵਿੱਚ ਲੇਬਰ ਫੋਰਸ ਸੁੰਗੜ ਰਹੀ ਹੈ।

ਮਹਿੰਗਾਈ ਅਤੇ ਹਾਊਸਿੰਗ ਸੰਕਟ: ਮੱਧ-ਪੂਰਬ ਦੇ ਤਣਾਅ ਕਾਰਨ ਤੇਲ ਦੀਆਂ ਵਧੀਆਂ ਕੀਮਤਾਂ ਅਤੇ ਅਮਰੀਕਾ ਨਾਲ ਵਪਾਰਕ ਅਨਿਸ਼ਚਿਤਤਾ ਨੇ ਦੇਸ਼ ਅੰਦਰ ਮਹਿੰਗਾਈ ਨੂੰ ਬਹੁਤ ਵਧਾ ਦਿੱਤਾ ਹੈ। ਰਹਿਣ-ਸਹਿਣ ਦਾ ਖਰਚਾ ਇੰਨਾ ਵਧ ਗਿਆ ਹੈ ਕਿ ਆਮ ਮਨੁੱਖ ਦੀ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਇਮੀਗ੍ਰੇਸ਼ਨ ਨੀਤੀਆਂ ਵਿੱਚ ਅਚਾਨਕ ਕੀਤੇ ਬਦਲਾਵਾਂ ਕਾਰਨ ਹਾਊਸਿੰਗ ਮਾਰਕੀਟ ਅਤੇ ਬਿਲਡਰ ਵੀ ਨਵੇਂ ਪ੍ਰੋਜੈਕਟਾਂ ਤੋਂ ਹੱਥ ਪਿੱਛੇ ਖਿੱਚ ਰਹੇ ਹਨ।

## ਸਿਹਤ ਸੇਵਾਵਾਂ ਦਾ ਜਮੂਦ ਅਤੇ ਸੁਸਤ ਪ੍ਰਣਾਲੀ

ਆਰਥਿਕ ਤੰਗੀ ਤੋਂ ਇਲਾਵਾ, ਕੈਨੇਡਾ ਦਾ ਸਭ ਤੋਂ ਮਜ਼ਬੂਤ ਪੱਖ ਮੰਨੀ ਜਾਣ ਵਾਲੀ ਸਿਹਤ ਪ੍ਰਣਾਲੀ ਅੱਜ ਖੁਦ ਬੀਮਾਰ ਨਜ਼ਰ ਆ ਰਹੀ ਹੈ। ਇਲਾਜ ਦੀ ਸੁਸਤ ਪ੍ਰਣਾਲੀ ਕਾਰਨ ਗੰਭੀਰ ਬੀਮਾਰੀਆਂ ਦੇ ਇਲਾਜ ਲਈ ਲੋਕਾਂ ਨੂੰ ਸਾਲਾਂਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ, ਜਿਸ ਕਾਰਨ ਮਰੀਜ਼ਾਂ ਦੀ ਹਾਲਤ ਹੋਰ ਵਿਗੜ ਜਾਂਦੀ ਹੈ। ਦੇਸ਼ ਦੇ ਬੁਨਿਆਦੀ ਢਾਂਚੇ ਦਾ ਇਹ ਲੋਕਾਂ ਦੀ ਨਿਰਾਸ਼ਾ ਨੂੰ ਹੋਰ ਵਧਾ ਰਿਹਾ ਹੈ।

## ਸਿਆਸੀ ਲੀਡਰਸ਼ਿਪ 'ਤੇ ਸਵਾਲ

ਦੇਸ਼ ਦੇ ਮੌਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀਆਂ ਨੀਤੀਆਂ 'ਤੇ ਵੱਡੇ ਸਵਾਲ ਉੱਠ ਰਹੇ ਹਨ। ਆਲੋਚਕਾਂ ਅਤੇ ਆਮ ਲੋਕਾਂ ਦਾ ਮੰਨਣਾ ਹੈ ਕਿ ਸਰਕਾਰ ਨਵੇਂ ਕੌਮਾਂਤਰੀ ਭਾਈਵਾਲਾਂ ਦੀ ਭਾਲ ਵਿੱਚ ਤਾਂ ਰੁੱਝੀ ਹੋਈ ਹੈ, ਪਰ ਦੇਸ਼ ਦੀ ਅੰਦਰੂਨੀ ਆਰਥਿਕਤਾ, ਮਹਿੰਗਾਈ ਅਤੇ ਬੇਰੁਜ਼ਗਾਰੀ ਵਰਗੇ ਗੰਭੀਰ ਮੁੱਦਿਆਂ ਵੱਲ ਲੋੜੀਂਦਾ ਧਿਆਨ ਨਹੀਂ ਦੇ ਰਹੀ।ਅਮਰੀਕਾ-ਕੈਨੇਡਾ-ਮੈਕਸੀਕੋ ਸਮਝੌਤੇ ਤਹਿਤ ਲੱਗੇ ਟੈਰਿਫ ਕੈਨੇਡੀਅਨ ਅਰਥਚਾਰੇ ਲਈ ਵੱਡਾ ਸਪੀਡ-ਬ੍ਰੇਕਰ ਸਾਬਤ ਹੋ ਰਹੇ ਹਨ।

## ਕੈਨੇਡਾ ਸਰਕਾਰ ਨੂੰ ਕੀ ਕਰਨ ਦੀ ਲੋੜ ਹੈ ?

ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਮੌਜੂਦਾ ਨਿਰਾਸ਼ਾਜਨਕ ਮਾਹੌਲ ਨੂੰ ਬਦਲਣ ਅਤੇ ਲੋਕਾਂ ਦਾ ਭਰੋਸਾ ਬਹਾਲ ਕਰਨ ਲਈ ਕੈਨੇਡਾ ਸਰਕਾਰ ਨੂੰ ਤੁਰੰਤ ਵੱਡੇ ਅਤੇ ਠੋਸ ਕਦਮ ਚੁੱਕਣੇ ਪੈਣਗੇ: ਹਾਲਾਂਕਿ ਸਰਕਾਰ ਵੱਲੋਂ 500 ਬਿਲੀਅਨ ਡਾਲਰ ਦੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਹੈ, ਪਰ ਇਸ ਵਿੱਚ ਤੇਜ਼ੀ ਲਿਆਉਣੀ ਪਵੇਗੀ। 'ਮੇਜਰ ਪ੍ਰੋਜੈਕਟਸ ਆਫਿਸ' ਰਾਹੀਂ ਪ੍ਰਵਾਨਗੀਆਂ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾ ਕੇ ਜਲਦੀ ਤੋਂ ਜਲਦੀ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨੇ ਹੋਣਗੇ।

ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਅਮਰੀਕਾ ਨਾਲ ਚੱਲ ਰਹੇ ਟੈਰਿਫ ਵਿਵਾਦਾਂ ਨੂੰ ਕੂਟਨੀਤਕ ਤਰੀਕੇ ਨਾਲ ਜਲਦੀ ਹੱਲ ਕਰਨਾ ਚਾਹੀਦਾ ਹੈ ਤਾਂ ਜੋ ਆਟੋ, ਸਟੀਲ ਅਤੇ ਹੋਰ ਉਦਯੋਗਾਂ ਨੂੰ ਰਾਹਤ ਮਿਲ ਸਕੇ ਅਤੇ ਕਾਰੋਬਾਰੀ ਭਰੋਸਾ ਵਧੇ।

ਸਿਹਤ ਸੇਵਾਵਾਂ ਵਿੱਚ ਸੁਧਾਰ: ਹੈਲਥਕੇਅਰ ਸਿਸਟਮ ਵਿੱਚ ਫੰਡਿੰਗ ਵਧਾਉਣ ਦੇ ਨਾਲ-ਨਾਲ ਡਾਕਟਰਾਂ ਅਤੇ ਮੈਡੀਕਲ ਸਟਾਫ਼ ਦੀ ਕਮੀ ਨੂੰ ਦੂਰ ਕਰਨਾ ਲਾਜ਼ਮੀ ਹੈ, ਤਾਂ ਜੋ ਮਰੀਜ਼ਾਂ ਦੇ ਵੇਟਿੰਗ ਪੀਰੀਅਡ (ਇੰਤਜ਼ਾਰ ਦੇ ਸਮੇਂ) ਨੂੰ ਘਟਾਇਆ ਜਾ ਸਕੇ।

ਇਮੀਗ੍ਰੇਸ਼ਨ ਨੀਤੀਆਂ ਵਿੱਚ ਅਜਿਹੇ ਸੰਤੁਲਨ ਦੀ ਲੋੜ ਹੈ ਜੋ ਦੇਸ਼ ਦੇ ਮੌਜੂਦਾ ਹਾਊਸਿੰਗ ਅਤੇ ਲੇਬਰ ਮਾਰਕੀਟ ਦੇ ਅਨੁਕੂਲ ਹੋਵੇ, ਤਾਂ ਜੋ ਨਾ ਤਾਂ ਮਕਾਨਾਂ ਦੀ ਕਿੱਲਤ ਹੋਵੇ ਅਤੇ ਨਾ ਹੀ ਬੇਰੁਜ਼ਗਾਰੀ ਵਧੇ।

ਕੈਨੇਡਾ ਲਈ ਸਾਲ 2026 ਚੁਣੌਤੀਆਂ ਭਰਿਆ ਹੈ, ਪਰ ਆਰਥਿਕ ਮਾਹਰਾਂ ਮੁਤਾਬਕ ਜੇਕਰ ਵਪਾਰਕ ਚੁਣੌਤੀਆਂ ਘਟਦੀਆਂ ਹਨ ਤਾਂ ਸਾਲ 2027 ਵਿੱਚ ਜੀਡੀਪੀ ਦੇ 2.1% ਤੱਕ ਜਾਣ ਦੀ ਉਮੀਦ ਹੈ। ਫਿਲਹਾਲ, ਕੈਨੇਡੀਅਨ ਸਰਕਾਰ ਨੂੰ ਬਾਹਰੀ ਮੁੱਦਿਆਂ ਨਾਲੋਂ ਵੱਧ ਆਪਣੇ ਦੇਸ਼ ਦੇ ਲੋਕਾਂ ਦੀਆਂ ਬੁਨਿਆਦੀ ਲੋੜਾਂ-ਰੁਜ਼ਗਾਰ, ਸਿਹਤ ਅਤੇ ਸਸਤਾ ਰਹਿਣ-ਸਹਿਣ-ਵੱਲ ਤਵੱਜੋ ਦੇਣੀ ਪਵੇਗੀ, ਤਾਂ ਜੋ "ਮਿਨੀ ਪੰਜਾਬ" ਅਤੇ "ਸੁਪਨਿਆਂ ਦੀ ਧਰਤੀ" ਕਹਾਉਣ ਵਾਲੇ ਇਸ ਦੇਸ਼ ਦਾ ਵਜੂਦ ਅਤੇ ਅਕਸ ਕਾਇਮ ਰਹਿ ਸਕੇ।

# ਪੰਜਾਬ ਪੁਲਿਸ ਦੀ ਅੰਤਰਰਾਸ਼ਟਰੀ ਨਸ਼ਾ ਤਸਕਰੀ 'ਤੇ ਵੱਡੀ ਸਟਰਾਈਕ

**✪ ਪਾਕਿਸਤਾਨ ਤੋਂ ਡ੍ਰੋਨ ਰਾਹੀਂ ਭੇਜੀ 25 ਕਿੱਲੋ ਹੈਰੋਇਨ ਸਣੇ ਸੋਨੂੰ ਖੱਤਰੀ ਗੈਂਗ ਦੇ 3 ਤਸਕਰ ਕਾਬੂ**

ਅੰਮ੍ਰਿਤਸਰ-ਸਰਹੱਦ ਪਾਰੋਂ ਹੋ ਰਹੀ ਨਸ਼ਾ ਤਸਕਰੀ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਪੰਜਾਬ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ (ਸੀਆਈ) ਟੀਮ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਅੰਤਰਰਾਸ਼ਟਰੀ ਡਰੱਗ ਰੈਕੇਟ ਦਾ ਪਰਦਾਫਾਸ਼ ਕੀਤਾ ਹੈ।

ਪੁਲਿਸ ਨੇ ਪਾਕਿਸਤਾਨ ਤੋਂ ਡ੍ਰੋਨ ਰਾਹੀਂ ਭੇਜੀ ਗਈ 25 ਕਿੱਲੋ ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਕੇ ਖ਼ਤਰਨਾਕ ਸੋਨੂੰ ਖੱਤਰੀ ਗੈਂਗ ਨਾਲ ਜੁੜੇ ਤਿੰਨ ਅੰਤਰਰਾਸ਼ਟਰੀ ਨਸ਼ਾ ਤਸਕਰਾਂ ਭੁਪਿੰਦਰ ਸਿੰਘ ਭਿੰਦਾ ਖਰੋੜ, ਰਵੀ ਕੁਮਾਰ (ਵਾਸੀ ਦਸੂਹਾ), ਵਿਸ਼ਾਲ ਕੁਮਾਰ (ਵਾਸੀ ਪਿੰਡ ਅੰਨਗੜ੍ਹ, ਅੰਮ੍ਰਿਤਸਰ) ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਪੁਲਿਸ ਰਿਕਾਰਡ ਮੁਤਾਬਕ, ਗ੍ਰਿਫ਼ਤਾਰ ਮੁਲਜ਼ਮ ਭੁਪਿੰਦਰ ਸਿੰਘ ਭਿੰਦਾ ਖ਼ਤਰਨਾਕ ਸੋਨੂੰ ਖੱਤਰੀ ਗੈਂਗ ਦਾ ਸਰਗਰਮ ਮੈਂਬਰ ਹੈ, ਜਿਸ ਵਿਰੁੱਧ ਪਹਿਲਾਂ ਹੀ ਕਤਲ, ਇਰਾਦਾ-ਏ-ਕਤਲ ਅਤੇ ਐੱਨਡੀਪੀਐੱਸ ਐਕਟ ਵਰਗੇ ਨੌਂ ਗੰਭੀਰ




ਅਪਰਾਧਕ ਮਾਮਲੇ ਦਰਜ ਹਨ। ਪੁਲਿਸ ਦੀ ਮੁੱਢਲੀ ਪੁੱਛਗਿੱਛ ਦੌਰਾਨ ਇਹ ਖ਼ੁਲਾਸਾ ਹੋਇਆ ਹੈ ਕਿ ਇਹ ਤਸਕਰ ਪਾਕਿਸਤਾਨ ਸਥਿਤ ਨਸ਼ਾ ਤਸਕਰੀ ਨੈੱਟਵਰਕ ਅਤੇ ਸਮਗਲਰਾਂ ਦੇ ਸਿੱਧੇ ਸੰਪਰਕ ਵਿੱਚ ਸਨ।

ਯੋਜਨਾ ਮੁਤਾਬਕ ਪਾਕਿਸਤਾਨ ਵੱਲੋਂ ਡ੍ਰੋਨ ਰਾਹੀਂ ਭਾਰਤੀ ਸਰਹੱਦ ਅੰਦਰ ਸੁੱਟੀ ਗਈ ਇਸ ਖੇਪ ਨੂੰ ਪ੍ਰਾਪਤ ਕਰਕੇ ਅੱਗੇ ਪੰਜਾਬ ਅਤੇ ਦੇਸ਼ ਦੇ ਹੋਰਨਾਂ ਸੂਬਿਆਂ ਵਿੱਚ ਸਪਲਾਈ ਕੀਤਾ ਜਾਣਾ ਸੀ।

# 1984 ਅਤੇ ਹੋਰ ਘੱਟ ਗਿਣਤੀ ਕੌਮਾਂ ਦੀਆਂ ਨਸਲਕੁਸ਼ੀਆਂ ਬਾਰੇ ਨਿਆਂ ਕਿਥੇ ?

**✪ ਪੂੰਜੀਵਾਦੀ ਪਾਰਟੀਆਂ ਅਤੇ ਜਾਂਚ ਕਮਿਸ਼ਨਾਂ ਦੇ ਵੱਡੇ ਡਰਾਮੇ ਦਾ ਪਰਦਾਫਾਸ਼ ✪ ਪੀਯੂਡੀਆਰ ਦੀ 2025 ਦੀ ਰਿਪੋਰਟ ਦਾ ਧਮਾਕਾ: 42 ਸਾਲਾਂ ਬਾਅਦ ਵੀ 1984 ਦੇ ਸਿੱਖ ਪੀੜਤ ਇਨਸਾਫ਼ ਤੋਂ ਵਾਂਝੇ ✪ ਸੱਤਾ ਦਾ ਅਣਲਿਖਿਆ ਸਮਝੌਤਾ: ਚਾਹੇ ਕਾਂਗਰਸ ਹੋਵੇ ਜਾਂ ਭਾਜਪਾ, ਜਾਂਚ ਕਮਿਸ਼ਨਾਂ ਨੇ ਹਮੇਸ਼ਾ ਬਚਾਏ 'ਵੱਡੇ ਮਗਰਮੱਛ'**

**ਖਾਸ ਰਿਪੋਟ**

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਦੇਸ਼ ਵਿੱਚ ਘੱਟ ਗਿਣਤੀ ਕੌਮਾਂ ਨਾਲ ਕੋਈ ਵੱਡਾ ਨਸਲਕੁਸ਼ੀ ਜਾਂ ਦੰਗਾ ਹੋਇਆ ਹੈ, ਉਦੋਂ-ਉਦੋਂ ਪੀੜਤਾਂ ਨੂੰ ਇਨਸਾਫ਼ ਦੇਣ ਦੀ ਬਜਾਏ ਹਾਕਮ ਜਮਾਤ ਅਤੇ ਪੂੰਜੀਵਾਦੀ ਸਿਆਸੀ ਪਾਰਟੀਆਂ ਨੇ ਆਪਣੀ ਖੱਲ ਬਚਾਉਣ ਲਈ 'ਜਾਂਚ ਕਮਿਸ਼ਨਾਂ' ਦਾ ਇੱਕ ਸਾਜਿਸ਼ੀ ਨਾਟਕ ਰਚਿਆ ਕਿ ਅਸੀਂ ਇਨਸਾਫ ਕਰ ਰਹੇ ਹਾਂ ।ਜਦਕਿ ਇਹ ਮਾਮਲੇ ਲਟਕਾਏ ਗਏ।1984 ਦੀ ਸਿੱਖ ਨਸਲਕੁਸ਼ੀ ਹੋਵੇ, 2002 ਦਾ ਗੁਜਰਾਤ ਦੰਗਾ ਜਾਂ 2013 ਦਾ ਮੁਜ਼ੱਫਰਨਗਰ ਦੰਗਾ-ਕਹਾਣੀ ਹਰ ਵਾਰ ਇੱਕੋ ਜਿਹੀ ਹੀ ਦੁਹਰਾਈ ਜਾਂਦੀ ਹੈ।

'ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼' ਅਤੇ 'ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਈਟਸ' ਦੀ ਨਵੰਬਰ 2025 ਦੀ 45 ਪੰਨਿਆਂ ਦੀ ਵਿਸਥਾਰਤ ਰਿਪੋਰਟ ਇਸੇ ਕੌੜੇ ਸੱਚ ਦਾ ਪਰਦਾਫਾਸ਼ ਕਰਦੀ ਹੈ। 1984 ਦੀ ਸਿੱਖ ਨਸਲਕੁਸ਼ੀ ਦੇ 42 ਸਾਲਾਂ ਬਾਅਦ ਅਤੇ ਦਿੱਲੀ ਹਾਈ ਕੋਰਟ ਦੇ 'ਰਾਜ ਬਨਾਮ ਸੱਜਣ ਕੁਮਾਰ ਅਤੇ ਹੋਰ (2018)' ਮਾਮਲੇ ਵਿੱਚ ਆਏ ਇਤਿਹਾਸਕ ਫੈਸਲੇ ਦੇ 7 ਸਾਲਾਂ ਬਾਅਦ ਵੀ, ਪੀੜਤਾਂ ਲਈ ਮੁਕੱਦਮਿਆਂ ਦੀ ਰਫ਼ਤਾਰ ਕੱਛੂਕੁੰਮੇ ਵਰਗੀ ਹੈ। ਸਰਕਾਰੀ ਕਮਿਸ਼ਨਾਂ ਦਾ ਰਵੱਈਆ ਹਮੇਸ਼ਾ ਪੀੜਤਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਲਾ ਰਿਹਾ ਹੈ। ਰੰਗਨਾਥ ਮਿਸ਼ਰਾ ਕਮਿਸ਼ਨ (1985) ਹਿੰਸਾ ਦੇ 6 ਮਹੀਨਿਆਂ ਬਾਅਦ ਬਣਾਇਆ ਗਿਆ ਸੀ।

ਇਸ ਕਮਿਸ਼ਨ ਨੇ ਨਵੰਬਰ 1984 ਦੀ ਸਰਕਾਰੀ ਸ਼ਹਿ ਪ੍ਰਾਪਤ ਹਿੰਸਾ ਨੂੰ ਸਿਰਫ਼ 'ਲੋਕਾਂ ਦਾ ਪ੍ਰਤੀਕਰਮ' ਦੱਸਿਆ, ਜਦਕਿ ਇਹ ਸਟੇਟ ਦੀ ਗੁੰਡਾਗਰਦੀ ਸੀ। ਇਸ ਕਮਿਸ਼ਨ ਨੇ ਰਾਜੀਵ ਗਾਂਧੀ ਅਤੇ ਕਾਂਗਰਸ ਦੇ ਚੋਟੀ ਦੇ ਆਗੂਆਂ ਨੂੰ ਪੂਰੀ ਤਰ੍ਹਾਂ ਕਲੀਨ ਚਿੱਟ ਦੇ ਦਿੱਤੀ। ਕਮਿਸ਼ਨ ਨੇ 'ਇਨ-ਕੈਮਰਾ' ਰਿਕਾਰਡਿੰਗ ਕਰਕੇ ਅਤੇ ਪੀੜਤਾਂ ਦੇ ਨਾਮ-ਪਤੇ ਜਨਤਕ ਕਰਕੇ ਗਵਾਹਾਂ ਦੀ ਸੁਰੱਖਿਆ ਨੂੰ ਹੋਰ ਖ਼ਤਰੇ ਵਿੱਚ ਪਾ ਦਿੱਤਾ। ਇਸ ਨਾਲ ਸਥਾਨਕ ਗੁੰਡਿਆਂ ਨੂੰ ਪਤਾ ਲੱਗ ਗਿਆ ਕਿ ਕਿਸ ਨੇ ਕਿਸ ਦੇ ਖ਼ਿਲਾਫ਼ ਗਵਾਹੀ ਦਿੱਤੀ ਹੈ। ਜਦੋਂ ਪੀੜਤਾਂ ਦੇ ਪਤੇ ਜਨਤਕ ਹੋ ਗਏ, ਤਾਂ ਇਲਾਕੇ ਦੇ ਤਾਕਤਵਰ ਕਾਂਗਰਸੀ ਆਗੂਆਂ ਅਤੇ ਪੁਲਿਸ ਅਧਿਕਾਰੀਆਂ ਨੇ ਗਵਾਹਾਂ ਨੂੰ ਡਰਾਉਣਾ-ਧਮਕਾਉਣਾ ਸ਼ੁਰੂ ਕਰ ਦਿੱਤਾ। ਪੀੜਤ ਬਹੁਤ ਗਰੀਬ ਅਤੇ ਬੇਸਹਾਰਾ ਸਨ। ਆਪਣੀ ਅਤੇ ਆਪਣੇ ਬਚੇ ਹੋਏ ਪਰਿਵਾਰ ਦੀ ਜਾਨ ਬਚਾਉਣ ਲਈ, ਬਹੁਤ ਸਾਰੇ ਪੀੜਤਾਂ ਨੂੰ ਦਬਾਅ ਹੇਠ ਆਪਣੇ ਬਿਆਨ ਬਦਲਣੇ ਪਏ ਜਾਂ ਅਜਿਹੇ ਹਲ਼ਫਨਾਮੇ ਦੇਣੇ ਪਏ ਜੋ ਦੋਸ਼ੀਆਂ ਦੇ ਹੱਕ ਵਿੱਚ ਸਨ। ਕਮਿਸ਼ਨ ਨੇ ਸੁਣਵਾਈ ਜਨਤਕ ਅਦਾਲਤ ਵਿੱਚ ਕਰਨ ਦੀ ਬਜਾਏ ਬੰਦ ਕਮਰੇ ਵਿੱਚ ਕੀਤੀ। ਇਸ ਨਾਲ ਪੀੜਤਾਂ ਨੂੰ ਸਮਾਜਿਕ ਸੁਰੱਖਿਆ ਜਾਂ ਮੀਡੀਆ ਦੀ ਸਪੋਰਟ ਨਾ ਮਿਲ ਸਕੀ। ਬੰਦ ਕਮਰੇ ਦੇ ਅੰਦਰ ਪੀੜਤਾਂ 'ਤੇ ਸਰਕਾਰੀ ਤੰਤਰ ਅਤੇ ਸੱਤਾਧਾਰੀ ਜਮਾਤ ਦਾ ਦਬਾਅ ਬਹੁਤ ਜ਼ਿਆਦਾ ਸੀ, ਜਿਸ ਕਾਰਨ ਉਹ ਖੁੱਲ੍ਹ ਕੇ ਸੱਚ ਨਾ ਬੋਲ ਸਕੇ। ਰਿਪੋਰਟਾਂ ਮੁਤਾਬਕ ਸੱਤਾਧਾਰੀ ਪਾਰਟੀ ਦੇ ਆਗੂਆਂ ਅਤੇ ਪੁਲਿਸ ਨੇ ਮਿਲੀਭੁਗਤ ਕਰਕੇ ਵੱਡੀ ਗਿਣਤੀ ਵਿੱਚ ਫ਼ਰਜ਼ੀ ਜਾਂ ਨਕਲੀ ਹਲ਼ਫਨਾਮੇ ਤਿਆਰ ਕਰਵਾ ਕੇ ਕਮਿਸ਼ਨ ਅੱਗੇ ਪੇਸ਼ ਕੀਤੇ। ਇਨ੍ਹਾਂ ਵਿੱਚ ਦਿਖਾਇਆ ਗਿਆ ਕਿ ਸਥਾਨਕ ਆਗੂ ਤਾਂ ਬੇਕਸੂਰ ਸਨ ਅਤੇ ਉਹ ਹਿੰਸਾ ਨਹੀਂ ਸਗੋਂ ਸ਼ਾਂਤੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ ।ਕਮਿਸ਼ਨ ਦੇ ਪੱਖਪਾਤੀ ਰਵੱਈਏ, ਪੁਲਿਸ ਦੇ ਦਬਾਅ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਕਾਰਨ ਇਨਸਾਫ਼ ਦਾ ਇਹ ਪੂਰਾ ਤਾਣਾ-ਬਾਣਾ ਉਲਟਾ ਦਿੱਤਾ ਗਿਆ, ਜਿਸ ਨਾਲ ਸੱਚੇ ਪੀੜਤਾਂ ਦੇ ਹਲ਼ਫਨਾਮੇ ਵੀ ਉਨ੍ਹਾਂ ਦੇ ਹੀ ਖ਼ਿਲਾਫ਼ ਭੁਗਤ ਗਏ।

ਨਾਨਾਵਤੀ ਕਮਿਸ਼ਨ (2000): ਭਾਜਪਾ ਦੀ ਐਨ.ਡੀ.ਏ. ਸਰਕਾਰ ਨੇ ਨਾਨਾਵਤੀ ਕਮਿਸ਼ਨ ਬਣਾਇਆ ਸੀ। ਇਸ ਕਮਿਸ਼ਨ ਨੇ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਵਰਗੇ ਆਗੂਆਂ ਖ਼ਿਲਾਫ਼ ਸਬੂਤਾਂ ਨੂੰ ਸਹੀ ਮੰਨਿਆ। ਪਰ ਕਮਿਸ਼ਨ ਨੇ ਤਤਕਾਲੀ ਗ੍ਰਹਿ ਮੰਤਰੀ ਨਰਸਿਮਹਾ ਰਾਓ ਨੂੰ ਪੂਰੀ ਤਰ੍ਹਾਂ ਬਚਾ ਲਿਆ। ਕਮਲਨਾਥ 'ਤੇ ਸ੍ਰੀ ਰਕਾਬਗੰਜ ਗੁਰਦੁਆਰਾ ਸਾਹਿਬ ਵਿਖੇ ਹਿੰਸਾ ਦੇ ਦੋਸ਼ ਸਨ, ਪਰ ਉਨ੍ਹਾਂ 'ਤੇ ਵੀ ਕੋਈ ਕਾਰਵਾਈ ਨਹੀਂ ਹੋਈ।

ਕਮਿਸ਼ਨ ਨੇ ਲੈਫਟੀਨੈਂਟ ਗਵਰਨਰ, ਪੁਲਿਸ ਕਮਿਸ਼ਨਰ ਅਤੇ ਡੀ.ਸੀ.ਪੀ. ਆਮੋਦ ਕੰਠ ਵਰਗੇ ਵੱਡੇ ਅਧਿਕਾਰੀਆਂ ਨੂੰ ਵੀ ਸਾਫ਼ ਬਚਾ ਲਿਆ ਗਿਆ। 20 ਸਾਲ ਦੀ ਦੇਰੀ ਦਾ ਬਹਾਨਾ ਬਣਾ ਕੇ ਇਨ੍ਹਾਂ ਸਾਰੇ ਵੱਡੇ ਮਗਰਮੱਛਾਂ ਨੂੰ ਛੱਡ ਦਿੱਤਾ ਗਿਆ। ਅਖੀਰ ਵਿੱਚ, ਸਿਰਫ਼ ਹੇਠਲੇ ਪੱਧਰ ਦੇ ਪੁਲਿਸ ਮੁਲਾਜ਼ਮਾਂ ਅਤੇ ਮਾਮੂਲੀ ਲੁਟੇਰਿਆਂ ਨੂੰ ਹੀ ਦੋਸ਼ੀ ਠਹਿਰਾਇਆ ਗਿਆ।

## ਵਿਸ਼ਨੂੰ ਸਹਾਏ ਕਮਿਸ਼ਨ (2013 ਮੁਜ਼ੱਫਰਨਗਰ ਦੰਗੇ)

ਮੁਜ਼ੱਫਰਨਗਰ ਦੰਗੇ (2013) ਭਾਰਤ ਦੇ ਸਭ ਤੋਂ ਭਿਆਨਕ ਫਿਰਕੂ ਦੰਗਿਆਂ ਵਿੱਚੋਂ ਇੱਕ ਸਨ, ਜੋ ਉੱਤਰ ਪ੍ਰਦੇਸ਼ ਦੇ ਪੱਛਮੀ ਹਿੱਸੇ ਵਿੱਚ ਹੋਏ ਸਨ। ਪੀਯੂਡੀਆਰ ਅਤੇ ਹੋਰ ਨਾਗਰਿਕ ਸੰਗਠਨਾਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ, ਇਹ ਦੰਗੇ ਕੋਈ ਅਚਾਨਕ ਹੋਈ ਘਟਨਾ ਨਹੀਂ ਸਨ, ਸਗੋਂ ਇਸ ਦੇ ਪਿੱਛੇ ਕੁਝ ਮੁੱਖ ਅਤੇ ਡੂੰਘੇ ਕਾਰਨ ਸਨ:

ਦੰਗਿਆਂ ਦੀ ਸ਼ੁਰੂਆਤ 27 ਅਗਸਤ 2013 ਨੂੰ ਮੁਜ਼ੱਫਰਨਗਰ ਦੇ ਕਵਾਲ ਪਿੰਡ ਵਿੱਚ ਇੱਕ ਮਾਮੂਲੀ ਮੋਟਰਸਾਈਕਲ ਦੁਰਘਟਨਾ ਤੋਂ ਹੋਈ। ਇਸ ਬਹਿਸ ਨੇ ਹਿੰਸਕ ਰੂਪ ਲੈ ਲਿਆ, ਜਿਸ ਵਿੱਚ ਦੋ ਵੱਖ-ਵੱਖ ਫਿਰਕਿਆਂ ਦੇ ਤਿੰਨ ਨੌਜਵਾਨਾਂ (ਗੌਰਵ, ਸਚਿਨ ਅਤੇ ਸ਼ਾਹਨਵਾਜ਼) ਦੀ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਨੇ ਇਲਾਕੇ ਵਿੱਚ ਤਣਾਅ ਬਹੁਤ ਜ਼ਿਆਦਾ ਵਧਾ ਦਿੱਤਾ। ਤਣਾਅ ਵਧਣ ਦਾ ਸਭ ਤੋਂ ਵੱਡਾ ਕਾਰਨ ਇੱਕ ਫ਼ਰਜ਼ੀ ਵੀਡੀਓ ਸੀ, ਜਿਸ ਨੂੰ ਸੋਸ਼ਲ ਮੀਡੀਆ ਅਤੇ ਵਟਸਐਪ 'ਤੇ ਤੇਜ਼ੀ ਨਾਲ ਫੈਲਾਇਆ ਗਿਆ। ਇਹ ਵੀਡੀਓ ਅਸਲ ਵਿੱਚ ਕਿਸੇ ਦੂਜੇ ਦੇਸ਼ (ਪਾਕਿਸਤਾਨ) ਦੀ ਸੀ, ਪਰ ਇਸ ਨੂੰ ਕਵਾਲ ਪਿੰਡ ਦੀ ਘਟਨਾ ਦੱਸ ਕੇ ਪ੍ਰਚਾਰਿਆ ਗਿਆ। ਇਸ ਅਫ਼ਵਾਹ ਨੇ ਲੋਕਾਂ ਵਿੱਚ ਗੁੱਸਾ ਅਤੇ ਨਫ਼ਰਤ ਭਰ ਦਿੱਤੀ।

ਦੋਵਾਂ ਪਾਸਿਆਂ ਦੇ ਸਿਆਸੀ ਆਗੂਆਂ ਨੇ ਇਸ ਸਥਿਤੀ ਦਾ ਫਾਇਦਾ ਚੁੱਕਣ ਦੀ ਕੋਸ਼ਿਸ਼ ਕੀਤੀ। ਇਲਾਕੇ ਵਿੱਚ ਵੱਡੀਆਂ-ਵੱਡੀਆਂ 'ਮਹਾਂਪੰਚਾਇਤਾਂ' ਬੁਲਾਈਆਂ ਗਈਆਂ, ਜਿਨ੍ਹਾਂ ਵਿੱਚ ਭੜਕਾਊ ਭਾਸ਼ਣ ਦਿੱਤੇ ਗਏ। ਇਨ੍ਹਾਂ ਭਾਸ਼ਣਾਂ ਨੇ ਅੱਗ ਵਿੱਚ ਘਿਓ ਪਾਉਣ ਦਾ ਕੰਮ ਕੀਤਾ ਅਤੇ ਆਪਸੀ ਭਾਈਚਾਰਕ ਸਾਂਝ (ਜੋ ਕਿ ਖ਼ਾਸ ਕਰਕੇ ਜੱਟਾਂ ਅਤੇ ਮੁਸਲਮਾਨਾਂ ਵਿਚਕਾਰ ਸੀ) ਨੂੰ ਪੂਰੀ ਤਰ੍ਹਾਂ ਤੋੜ ਦਿੱਤਾ। ਸਰਕਾਰ ਅਤੇ ਸਥਾਨਕ ਪੁਲਿਸ ਪ੍ਰਸ਼ਾਸਨ ਵਧ ਰਹੇ ਤਣਾਅ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਿਹਾ। ਜਦੋਂ ਮਹਾਂਪੰਚਾਇਤਾਂ ਹੋ ਰਹੀਆਂ ਸਨ ਅਤੇ ਹਿੰਸਾ ਦੀਆਂ ਖ਼ਬਰਾਂ ਆ ਰਹੀਆਂ ਸਨ, ਉਦੋਂ ਪੁਲਿਸ ਨੇ ਸਖ਼ਤ ਕਾਰਵਾਈ ਨਹੀਂ ਕੀਤੀ। ਦੇਰੀ ਨਾਲ ਲਏ ਗਏ ਫੈਸਲਿਆਂ ਕਾਰਨ ਹਿੰਸਾ ਪਿੰਡਾਂ ਤੱਕ ਫੈਲ ਗਈ।

ਰਿਪੋਰਟਾਂ ਮੁਤਾਬਕ, ਇਹ ਦੰਗੇ 2014 ਦੀਆਂ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਹੋਏ ਸਨ। ਵੱਖ-ਵੱਖ ਪੂੰਜੀਵਾਦੀ ਪਾਰਟੀਆਂ ਨੇ ਵੋਟਾਂ ਦੇ ਧਰੁਵੀਕਰਨ ਲਈ ਇਸ ਸਥਿਤੀ ਦਾ ਇਸਤੇਮਾਲ ਕੀਤਾ। ਤਤਕਾਲੀ ਸਮਾਜਵਾਦੀ ਪਾਰਟੀ (ਸਪਾ) ਦੀ ਸਰਕਾਰ 'ਤੇ ਦੋਸ਼ ਲੱਗੇ ਕਿ ਉਸ ਨੇ ਵੋਟ ਬੈਂਕ ਦੀ ਰਾਜਨੀਤੀ ਕਾਰਨ ਸਮੇਂ ਸਿਰ ਸਖ਼ਤ ਕਦਮ ਨਹੀਂ ਚੁੱਕੇ, ਜਿਸ ਦਾ ਸਿੱਧਾ ਸਿਆਸੀ ਫਾਇਦਾ ਬਾਅਦ ਵਿੱਚ ਭਾਜਪਾ ਨੂੰ ਚੋਣਾਂ ਵਿੱਚ ਮਿਲਿਆ।

ਮੁਜ਼ੱਫਰਨਗਰ ਦੰਗੇ ਇੱਕ ਪਰਿਵਾਰਕ ਝਗੜੇ ਤੋਂ ਸ਼ੁਰੂ ਹੋਏ, ਪਰ ਫ਼ਰਜ਼ੀ ਅਫ਼ਵਾਹਾਂ, ਸਿਆਸੀ ਆਗੂਆਂ ਦੀ ਭੜਕਾਹਟ, ਅਤੇ ਸਰਕਾਰ ਦੀ ਢਿੱਲੀ ਕਾਰਵਾਈ ਕਾਰਨ ਇਸ ਨੇ ਇੱਕ ਵੱਡੇ ਫਿਰਕੂ ਨਸਲਕੁਸ਼ੀ ਦਾ ਰੂਪ ਧਾਰਨ ਕਰ ਲਿਆ। ਇਸ ਕਮਿਸ਼ਨ ਨੇ ਤਤਕਾਲੀ ਸਮਾਜਵਾਦੀ ਪਾਰਟੀ (ਸਪਾ) ਦੀ ਸਰਕਾਰ ਨੂੰ ਪੂਰੀ ਤਰ੍ਹਾਂ ਬਚਾ ਲਿਆ। ਇਸ ਦੰਗੇ ਦੇ ਸਿਆਸੀ ਧਰੁਵੀਕਰਨ ਦਾ ਸਿੱਧਾ ਫਾਇਦਾ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਮਿਲਿਆ, ਜਿਸ ਨੇ ਯੂ.ਪੀ. ਵਿੱਚ 72 ਸੀਟਾਂ ਜਿੱਤੀਆਂ। ਚਾਹੇ ਭਾਗਲਪੁਰ ਹੋਵੇ, ਨਵੰਬਰ 1984 ਹੋਵੇ ਜਾਂ 2002-ਸਾਰੀਆਂ ਪੂੰਜੀਵਾਦੀ ਪਾਰਟੀਆਂ ਵਿੱਚ ਇੱਕ ਅਣਲਿਖਿਆ ਸਮਝੌਤਾ ਹੁੰਦਾ ਹੈ ਕਿ ਚੋਟੀ ਦੇ 'ਗੈਂਗ ਲੀਡਰਾਂ' ਦਾ ਵਾਲ ਵੀ ਵਿੰਗਾ ਨਹੀਂ ਹੋਣਾ ਚਾਹੀਦਾ।

## ਸਿੱਖ ਨਸਲਕੁਸ਼ੀ ਅਤੇ ਲਾਵਾਰਸ ਲਾਸ਼ਾਂ ਲਈ ਭਾਜਪਾ-ਕਾਂਗਰਸ ਦੀ ਮਿਲੀਭੁਗਤ

1984 ਦੀ ਸਿੱਖ ਨਸਲਕੁਸ਼ੀ ਅਤੇ ਉਸ ਤੋਂ ਬਾਅਦ ਨੱਬੇ ਦੇ ਦਹਾਕੇ ਵਿੱਚ ਪੰਜਾਬ ਸੰਤਾਪ ਦੌਰਾਨ ਲਗਭਗ 25 ਹਜ਼ਾਰ ਸਿੱਖ ਨੌਜਵਾਨਾਂ, ਔਰਤਾਂ ਅਤੇ ਬੱਚਿਆਂ ਨੂੰ ਅਗਵਾ ਕਰਨਾ, ਝੂਠੇ ਮੁਕਾਬਲਿਆਂ ਵਿੱਚ ਮਾਰਨਾ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ 'ਲਾਵਾਰਸ' ਕਰਾਰ ਦੇ ਕੇ ਗੁਪਤ ਤੌਰ 'ਤੇ ਸਾੜ ਦੇਣਾ-ਭਾਰਤੀ ਰਾਜਸੱਤਾ ਦਾ ਸਭ ਤੋਂ ਕਾਲਾ ਅਤੇ ਸ਼ਰਮਨਾਕ ਅਧਿਆਇ ਹੈ। ਹਾਲ ਹੀ ਵਿੱਚ ਚਰਚਾ ਵਿੱਚ ਆਈ ਫ਼ਿਲਮ 'ਸਤਲੁਜ' ਇਸੇ ਭਿਆਨਕ ਦਰਦ ਅਤੇ ਸੱਚਾਈ ਨੂੰ ਬਿਆਨ ਕਰਦੀ ਹੈ।

ਸਵਾਲ ਇਹ ਉੱਠਦਾ ਹੈ ਕਿ ਕਾਂਗਰਸ ਅਤੇ ਭਾਜਪਾ ਦੋਵਾਂ ਨੇ ਹੀ ਏਨੇ ਸਾਲ ਬੀਤ ਜਾਣ ਦੇ ਬਾਵਜੂਦ ਸਿੱਖਾਂ ਨੂੰ ਇਨਸਾਫ਼ ਕਿਉਂ ਨਹੀਂ ਦਿੱਤਾ ? ਵੋਟ ਬੈਂਕ ਅਤੇ ਬਹੁਗਿਣਤੀ ਦੀ ਰਾਜਨੀਤੀ: ਕਾਂਗਰਸ ਨੇ ਸਿੱਖਾਂ ਦੀ ਨਸਲਕੁਸ਼ੀ ਰਾਹੀਂ ਬਹੁਗਿਣਤੀ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਿਆ ਅਤੇ ਰਾਜੀਵ ਗਾਂਧੀ ਨੇ "ਜਦੋਂ ਵੱਡਾ ਦਰਖਤ ਡਿੱਗਦਾ ਹੈ..." ਵਰਗਾ ਬਿਆਨ ਦੇ ਕੇ ਹਿੰਸਾ ਨੂੰ ਜਾਇਜ਼ ਠਹਿਰਾਇਆ। ਦੂਜੇ ਪਾਸੇ, ਭਾਜਪਾ ਨੇ 2000 ਵਿੱਚ ਨਾਨਾਵਤੀ ਕਮਿਸ਼ਨ ਬਣਾ ਕੇ ਸਿਰਫ਼ ਸਿਆਸੀ ਡਰਾਮਾ ਕੀਤਾ ਅਤੇ 5 ਸਾਲ ਦੀ ਦੇਰੀ ਨਾਲ ਰਿਪੋਰਟ ਦੇ ਕੇ ਵੱਡੇ ਆਗੂਆਂ ਨੂੰ ਬਚਾਇਆ। ਦੋਵਾਂ ਪਾਰਟੀਆਂ ਦਾ ਮੂਲ ਮਕਸਦ ਸੱਤਾ ਹਾਸਲ ਕਰਨਾ ਸੀ, ਨਾ ਕਿ ਪੀੜਤਾਂ ਨੂੰ ਇਨਸਾਫ਼ ਦੇਣਾ। ਜੇਕਰ 1984 ਦੇ ਅਸਲ ਦੋਸ਼ੀਆਂ (ਵੱਡੇ ਸਿਆਸਤਦਾਨਾਂ, ਆਈ.ਪੀ.ਐਸ. ਅਫ਼ਸਰਾਂ ਅਤੇ ਖੁਫੀਆ ਏਜੰਸੀਆਂ) ਨੂੰ ਸਖ਼ਤ ਸਜ਼ਾਵਾਂ ਮਿਲ ਜਾਂਦੀਆਂ, ਤਾਂ ਪੂੰਜੀਵਾਦੀ ਰਾਜਸੱਤਾ ਦਾ ਉਹ ਜ਼ਾਲਮਾਨਾ ਚਿਹਰਾ ਨੰਗਾ ਹੋ ਜਾਂਦਾ ਜੋ ਆਮ ਜਨਤਾ ਨੂੰ ਦਬਾਉਣ ਲਈ ਵਰਤਿਆ ਜਾਂਦਾ ਹੈ। ਪੁਲਿਸ ਨੇ ਜਾਣਬੁੱਝ ਕੇ ਸੈਂਕੜੇ ਹੱਤਿਆਵਾਂ ਦੀ ਇੱਕੋ ਐਫ. ਆਈ. ਆਰ. ਦਰਜ ਕੀਤੀ ਤਾਂ ਜੋ ਜਾਂਚ ਉਲਝ ਜਾਵੇ।

ਸਾਰੀਆਂ ਪੂੰਜੀਵਾਦੀ ਪਾਰਟੀਆਂ ਵਿੱਚ ਇੱਕ ਗੁਪਤ ਸਹਿਮਤੀ ਹੁੰਦੀ ਹੈ ਕਿ ਸੱਤਾ ਬਦਲਣ ਦੇ ਬਾਵਜੂਦ ਵੀ ਸਿਸਟਮ ਦੇ 'ਆਕਾਵਾਂ' 'ਤੇ ਕੋਈ ਆਂਚ ਨਹੀਂ ਆਉਣ ਦਿੱਤੀ ਜਾਵੇਗੀ। ਜਸਟਿਸ ਢੀਂਗਰਾ ਐਸ.ਆਈ.ਟੀ. ਦੀਆਂ ਰਿਪੋਰਟਾਂ ਅਤੇ ਵੇਦ ਮਾਰਵਾਹ ਤੋਂ ਲੈ ਕੇ ਹੁਣ ਤੱਕ ਦੀਆਂ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਨੂੰ ਠੰਢੇ ਬਸਤੇ ਵਿੱਚ ਪਾਉਣਾ ਇਸੇ ਗੰਧਲੀ ਫਿਰਕੂ ਰਾਜਨੀਤੀ ਦਾ ਹਿੱਸਾ ਹੈ।

# ਨਾ ਲਾਸ਼ਾਂ ਮਿਲੀਆਂ ਨਾ ਕਫ਼ਨ: 27 ਸਾਲ ਬਾਅਦ ਮਿਲਿਆ 'ਅਧੂਰਾ ਇਨਸਾਫ਼'- ਬਾਬਾ ਚਰਨ ਸਿੰਘ ਕੇਸ ਦੀ ਦਰਦਨਾਕ ਦਾਸਤਾਨ

**✪ ਪੁਲਿਸ ਦੇ ਨਾਮ ਤੋਂ ਅੱਜ ਵੀ ਕੰਬਦੀ ਸੀ ਰੂਹ-ਉੱਜੜੇ ਪੰਜਾਬ ਦੇ ਇੱਕ ਪਰਿਵਾਰ ਦੀ ਚੀਖ਼ ✪ 129 ਪੁਲਿਸ ਅਫ਼ਸਰ ਦੋਸ਼ੀ, 2000 ਤੋਂ ਵੱਧ ਅਣਪਛਾਤੀਆਂ ਲਾਸ਼ਾਂ-ਫ਼ਿਲਮ 'ਸਤਲੁਜ' ਨੇ ਖੋਲ੍ਹੇ ਪੰਜਾਬ ਸੰਤਾਪ ਦੇ ਪੰਨੇ !**

## ਨਿਊਜ਼ ਸਟੋਰੀ

ਓਟੀਟੀ ਪਲੇਟਫ਼ਾਰਮ 'ਜ਼ੀ5 ਉੱਤੇ ਰਿਲੀਜ਼ ਹੋਣ ਤੋਂ ਬਾਅਦ ਹਟਾਈ ਗਈ ਫ਼ਿਲਮ 'ਸਤਲੁਜ' (ਜੋ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਅਤੇ 1980 ਤੋਂ 1995 ਦੇ ਦੌਰਾਨ ਪੰਜਾਬ ਵਿੱਚ ਹੋਏ ਕਥਿਤ ਝੂਠੇ ਪੁਲਿਸ ਮੁਕਾਬਲਿਆਂ 'ਤੇ ਅਧਾਰਿਤ ਹੈ) ਨੇ ਸਿਆਸੀ ਦਰਿੰਦਗੀ , ਵਿਰਕੂਵਾਦ ਦੇ ਨਾਲ-ਨਾਲ ਪੀੜਤ ਪਰਿਵਾਰਾਂ ਦੇ ਜ਼ਖ਼ਮ ਨੂੰ ਇੱਕ ਵਾਰ ਫਿਰ ਉਧੇੜ ਦਿੱਤਾ ਹੈ। ਇਸ ਫ਼ਿਲਮ ਨੂੰ ਲੈ ਕੇ ਜਿੱਥੇ 'ਆਪ', ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਆਹਮੋ-ਸਾਹਮਣੇ ਹਨ, ਉੱਥੇ ਹੀ ਤਰਨਤਾਰਨ ਦੇ ਪਿੰਡ ਪੰਡੋਰੀ ਰੋਮਾਣਾ ਦੇ ਇੱਕ ਅਜਿਹੇ ਪਰਿਵਾਰ ਦੀ ਦਾਸਤਾਨ ਸਾਹਮਣੇ ਆਈ ਹੈ, ਜਿਸ ਨੇ ਪੁਲਿਸ ਤਸ਼ੱਦਦ ਕਾਰਨ ਆਪਣੇ ਪਰਿਵਾਰ ਦੇ 6 ਮੈਂਬਰ ਹਮੇਸ਼ਾ ਲਈ ਗੁਆ ਦਿੱਤੇ।

### ਕੌਣ ਸਨ ਬਾਬਾ ਚਰਨ ਸਿੰਘ ਅਤੇ ਉਨ੍ਹਾਂ ਦਾ ਪਰਿਵਾਰ ?

ਬਾਬਾ ਚਰਨ ਸਿੰਘ ਪੰਜਾਬ ਦੇ ਧਾਰਮਿਕ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਸਨ। ਉਹ ਪੰਜਾਬ ਦੇ ਲਗਭਗ 35



ਗੁਰਦੁਆਰਿਆਂ ਵਿੱਚ ਚੱਲ ਰਹੀ ਕਾਰ ਸੇਵਾ ਦੀ ਦੇਖਭਾਲ, ਉਸਾਰੀ ਅਤੇ ਪ੍ਰਬੰਧਾਂ ਦੀ ਨਿਗਰਾਨੀ ਕਰਦੇ ਸਨ। ਸਾਲ 1992-93 ਦੇ ਦੌਰਾਨ ਪੰਜਾਬ ਪੁਲਿਸ ਨੇ ਬਾਬਾ ਚਰਨ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੇ 5 ਹੋਰ ਮੈਂਬਰਾਂ ? ਮੇਜਾ ਸਿੰਘ (ਭਰਾ), ਕੇਸਰ ਸਿੰਘ (ਭਰਾ), ਗੁਰਦੇਵ ਸਿੰਘ (ਭਰਾ), ਗੁਰਮੇਜ ਸਿੰਘ (ਸਾਲਾ), ਬਲਵਿੰਦਰ ਸਿੰਘ (ਸਾਲੇ ਦਾ ਪੁੱਤਰ, ਜੋ ਖੁਦ ਪੁਲਿਸ ਵਿੱਚ ਕਾਂਸਟੇਬਲ ਸੀ) ਨੂੰ ਵੱਖ-ਵੱਖ ਥਾਵਾਂ ਤੋਂ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਲਿਆ ਸੀ। ਪੁਲਿਸ ਹਿਰਾਸਤ ਵਿੱਚ ਲੈਣ ਤੋਂ ਬਾਅਦ ਇਹ ਸਾਰੇ ਮੈਂਬਰ ਰਹੱਸਮਈ ਢੰਗ ਨਾਲ ਲਾਪਤਾ ਹੋ ਗਏ। ਪਰਿਵਾਰ ਨੂੰ ਨਾ ਤਾਂ ਆਪਣੇ ਜੀਅ ਵਾਪਸ ਮਿਲੇ ਅਤੇ ਨਾ ਹੀ ਉਨ੍ਹਾਂ ਦੀਆਂ ਲਾਸ਼ਾਂ ਨਸੀਬ ਹੋਈਆਂ।

### ਸੀਬੀਆਈ ਦੀ ਜਾਂਚ ਵਿੱਚ ਕੀ ਸਾਹਮਣੇ ਆਇਆ

ਸੀਬੀਆਈ ਦੀ ਜਾਂਚ ਵਿੱਚ ਇਹ ਸਾਹਮਣੇ ਆਇਆ ਕਿ ਇਨ੍ਹਾਂ ਸਾਰਿਆਂ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਅਗਵਾ ਕਰਕੇ ਹਿਰਾਸਤ ਵਿੱਚ ਰੱਖਿਆ ਗਿਆ ਸੀ ਅਤੇ ਬਾਅਦ ਵਿੱਚ ਖ਼ਤਮ ਕਰ ਦਿੱਤਾ ਗਿਆ ਸੀ। ਉਸ ਦੌਰ ਵਿੱਚ ਪੁਲਿਸ ਵੱਲੋਂ ਨੌਜਵਾਨਾਂ ਨੂੰ ਚੁੱਕਣਾ ਅਤੇ ਲਾਪਤਾ ਕਰਨਾ ਆਮ ਗੱਲ ਬਣ ਚੁੱਕੀ ਸੀ। ਬਾਬਾ ਚਰਨ ਸਿੰਘ ਦੇ ਪੁੱਤਰ ਬਾਬਾ ਹੀਰਾ ਸਿੰਘ ਅਤੇ ਭਰਾ ਦੇ ਪੁੱਤਰ ਜਗਜੀਤ ਸਿੰਘ ਮੁਤਾਬਕ, ਉਸ ਸਮੇਂ ਪੁਲਿਸ ਦਾ ਅਜਿਹਾ ਖੌਫ਼ ਸੀ ਕਿ ਘਰ ਦੇ ਬਾਕੀ ਬਚੇ ਨੌਜਵਾਨ ਮੁੰਡੇ ਵੀ ਜਾਨ ਬਚਾਉਣ ਲਈ ਲੁਕਦੇ ਫਿਰਦੇ ਸਨ। ਘਰਾਂ ਵਿੱਚ ਸਿਰਫ਼ ਔਰਤਾਂ ਹੀ ਇਕੱਲੀਆਂ ਰਹਿ ਗਈਆਂ ਸਨ। ਬਾਬਾ ਚਰਨ ਸਿੰਘ ਦੇ ਭਰਾ ਮੇਜਾ ਸਿੰਘ ਦੀ ਪਤਨੀ ਸੁਰਿੰਦਰ ਕੌਰ ਦੱਸਦੀ ਹੈ ਕਿ "ਪੁਲਿਸ ਦੇ ਨਾਮ ਤੋਂ ਅੱਜ ਵੀ ਡਰ ਲੱਗਦਾ ਹੈ। ਉਹ ਸਾਡੇ ਸਾਰੇ ਬੰਦੇ ਲੈ ਗਏ। ਲੋਕ ਕਹਿੰਦੇ ਸਨ ਕਿ ਉਨ੍ਹਾਂ ਨੂੰ ਮਾਰ ਕੇ ਹਰੀਕੇ ਨਹਿਰ ਵਿੱਚ ਸੁੱਟ ਦਿੱਤਾ ਹੈ। ਜਦੋਂ ਅਸੀਂ ਸੀਆਈਏ ਸਟਾਫ਼ ਮਿਲਣ ਗਏ, ਤਾਂ ਸਾਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਗਿਆ।"

### ਅਧੂਰਾ ਇਨਸਾਫ ਕਿਉਂ ?

ਇਸ ਮਾਮਲੇ ਵਿੱਚ ਇਨਸਾਫ਼ ਦੀ ਲੜਾਈ ਬਹੁਤ ਲੰਬੀ ਅਤੇ ਦਰਦਨਾਕ ਰਹੀ। ਸਾਲ 1994 ਵਿੱਚ ਬਾਬਾ ਚਰਨ ਸਿੰਘ ਦੀ ਪਤਨੀ ਸੁਰਜੀਤ ਕੌਰ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ। 1997 ਵਿੱਚ ਇਹ ਕੇਸ ਸੀਬੀਆਈ ਨੂੰ ਸੌਂਪਿਆ ਗਿਆ ਸੀ। ਘਟਨਾ ਦੇ ਲਗਭਗ 27 ਸਾਲਾਂ ਬਾਅਦ, ਸਾਲ 2020 ਵਿੱਚ ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ 6 ਸਾਬਕਾ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਸੁਣਾਈ ਸੀ।

ਸਾਬਕਾ ਇੰਸਪੈਕਟਰ ਸੂਬਾ ਸਿੰਘ, ਬਿਕਰਮਜੀਤ ਸਿੰਘ ਅਤੇ ਸੁਖਦੇਵ ਸਿੰਘ ਨੂੰ 10-10 ਸਾਲ ਦੀ ਕੈਦ ਹੋਈ ਸੀ। ਸਾਬਕਾ ਸਬ-ਇੰਸਪੈਕਟਰ ਸੁਖਦੇਵ ਰਾਜ ਜੋਸ਼ੀ ਨੂੰ 5 ਸਾਲ ਦੀ ਕੈਦ ਹੋਈ ਸੀ।

ਸਾਬਕਾ ਏਐੱਸਆਈ ਲੱਖਾ ਸਿੰਘ ਅਤੇ ਸੂਬਾ ਸਿੰਘ ਨੂੰ 2-2 ਸਾਲ ਦੀ ਸਜ਼ਾ ਹੋਈ ਸੀ।3 ਪੁਲਿਸ ਮੁਲਾਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਸੀ, ਜਦਕਿ ਸੁਣਵਾਈ ਦੌਰਾਨ ਹੀ ਸਾਬਕਾ ਐੱਸਐੱਸਪੀ ਅਜੀਤ ਸਿੰਘ ਸੰਧੂ ਸਮੇਤ 7 ਮੁਲਜ਼ਮਾਂ ਦੀ ਮੌਤ ਹੋ ਚੁੱਕੀ ਸੀ।

ਅਧੂਰਾ ਇਨਸਾਫ਼: ਬਾਬਾ ਚਰਨ ਸਿੰਘ ਦੇ ਭਤੀਜੇ ਜਗਜੀਤ ਸਿੰਘ ਮੁਤਾਬਕ, ਫ਼ੈਸਲਾ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਮਾਂ ਇਨਸਾਫ਼ ਅਤੇ ਆਪਣੇ ਪਤੀ ਦੀ ਲਾਸ਼ ਉਡੀਕਦੀ ਹੋਈ ਦੁਨੀਆ ਤੋਂ ਚੱਲ ਵਸੀ। ਪਰਿਵਾਰ ਨੇ ਬੇਹੱਦ ਗ਼ਰੀਬੀ ਵਿੱਚ ਦਿਨ ਕੱਟੇ। ਮੌਜੂਦਾ ਸਮੇਂ ਇਹ ਮਾਮਲਾ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ ਹੈ। ਦੋਸ਼ੀ ਪੁਲਿਸ ਅਧਿਕਾਰੀਆਂ ਨੇ ਸਜ਼ਾ ਖ਼ਿਲਾਫ਼ ਹਾਈ ਕੋਰਟ ਵਿੱਚ ਅਪੀਲ ਪਾਈ ਸੀ, ਜਦਕਿ ਪੀੜਤ ਪਰਿਵਾਰ ਨੇ ਦੋਸ਼ੀਆਂ ਦੀ ਸਜ਼ਾ ਵਧਾਉਣ ਲਈ ਅਦਾਲਤ ਦਾ ਰੁਖ਼ ਕੀਤਾ ਹੋਇਆ ਸੀ।

## ਪੰਜਾਬ ਵਿੱਚ ਅਜਿਹੇ ਮਾਮਲਿਆਂ ਦੀ ਮੌਜੂਦਾ ਸਥਿਤੀ

**✪ ਮਨੁੱਖੀ ਅਧਿਕਾਰਾਂ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਅਨੁਸਾਰ**

ਖਾੜਕੂਵਾਦ ਦੇ ਦੌਰ ਨਾਲ ਜੁੜੇ ਅਜਿਹੇ ਮਾਮਲਿਆਂ ਵਿੱਚ ਸੀਬੀਆਈ ਨੇ ਕੁੱਲ 70 ਕੇਸ ਦਰਜ ਕੀਤੇ ਸਨ, ਜਿਨ੍ਹਾਂ ਵਿੱਚੋਂ 64 ਕੇਸਾਂ ਦਾ ਫ਼ੈਸਲਾ ਆ ਚੁੱਕਾ ਹੈ। ਹੁਣ ਤੱਕ 129 ਤੋਂ ਵੱਧ ਸੇਵਾਮੁਕਤ ਪੁਲਿਸ ਅਧਿਕਾਰੀਆਂ ਨੂੰ ਅਦਾਲਤਾਂ ਵੱਲੋਂ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ 2097 ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ਵਿੱਚ ਲਗਭਗ 1800 ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਵੀ ਦਿੱਤਾ ਗਿਆ ਹੈ।

ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਅਦਾਲਤੀ ਸੁਣਵਾਈਆਂ ਅਤੇ ਸੀਬੀਆਈ ਜਾਂਚ ਦੇ ਕਾਰਨ ਹੀ ਇਹ ਸੱਚ ਰਿਕਾਰਡ 'ਤੇ ਆ ਸਕਿਆ ਸੀ ਕਿ ਪੁਲਿਸ ਨੇ ਲੋਕਾਂ ਨੂੰ ਗ਼ੈਰ-ਕਾਨੂੰਨੀ ਹਿਰਾਸਤਾਂ ਵਿਚ ਰਖਿਆ ਸੀ ਅਤੇ ਅਣਮਨੁੱਖੀ ਤਸ਼ੱਦਦ ਦਾ ਦੌਰ ਚਲਾਇਆ ਸੀ। 'ਸਤਲੁਜ' ਵਰਗੀਆਂ ਫ਼ਿਲਮਾਂ ਭਾਵੇਂ ਉਨ੍ਹਾਂ ਦੇ ਜ਼ਖਮਾਂ ਨੂੰ ਹਰਾ ਕਰਦੀਆਂ ਹਨ, ਪਰ ਇਹ ਨਵੀਂ ਪੀੜ੍ਹੀ ਨੂੰ ਉਸ ਦੌਰ ਦੇ ਸੱਚ ਦੇ ਰੂਬਰੂ ਕਰਵਾਉਣ ਲਈ ਬੇਹੱਦ ਜ਼ਰੂਰੀ ਹਨ। ਸਰਦਾਰ ਗੁਰਤੇਜ ਸਿੰਘ ਆਈਏਐਸ ਅਨੁਸਾਰ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਲਗਭਗ 1800 ਪੀੜਤ ਪਰਿਵਾਰਾਂ ਨੂੰ ਆਰਥਿਕ ਮੁਆਵਜ਼ਾ ਦਿੱਤਾ ਸੀ, ਜਿਸ ਨਾਲ ਘੱਟੋ-ਘੱਟ ਸਰਕਾਰੀ ਪੱਧਰ 'ਤੇ ਇਹ ਕਬੂਲਿਆ ਗਿਆ ਸੀ ਕਿ ਉਨ੍ਹਾਂ ਨਾਲ ਜ਼ਿਆਦਤੀ ਹੋਈ ਸੀ। ਉਨ੍ਹਾਂ ਕਿਹਾ ਕਿ ਬਾਬਾ ਚਰਨ ਸਿੰਘ ਕੇਸ ਵਰਗੇ ਮਾਮਲਿਆਂ ਵਿੱਚ ਫ਼ੈਸਲਾ ਆਉਣ ਨੂੰ 27 ਤੋਂ 30 ਸਾਲ ਲੱਗ ਗਏ ਸਨ। ਇਸ ਲੰਬੇ ਸਮੇਂ ਦੌਰਾਨ ਕਈ ਪੀੜਤ ਮਾਵਾਂ ਅਤੇ ਪਿਤਾ ਆਪਣੇ ਪੁੱਤਾਂ ਦੀਆਂ ਲਾਸ਼ਾਂ ਜਾਂ ਇਨਸਾਫ਼ ਦੀ ਉਡੀਕ ਕਰਦੇ-ਕਰਦੇ ਦੁਨੀਆ ਤੋਂ ਚੱਲ ਵਸੇ ਸਨ।ਕਈ ਮੁੱਖ ਮੁਲਜ਼ਮ (ਜਿਵੇਂ ਐੱਸਐੱਸਪੀ ਅਜੀਤ ਸਿੰਘ ਸੰਧੂ ਅਤੇ ਹੋਰ ਕਈ ਅਫ਼ਸਰ) ਅਦਾਲਤੀ ਫ਼ੈਸਲਾ ਆਉਣ ਤੋਂ ਪਹਿਲਾਂ ਹੀ ਮਰ ਗਏ ਜਾਂ ਉਨ੍ਹਾਂ ਨੇ ਖੁਦਕੁਸ਼ੀ ਕਰ ਲਈ। ਪਰਿਵਾਰਾਂ ਮੁਤਾਬਕ, ਜਿਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਸੀ, ਉਹ ਕਾਨੂੰਨ ਦੀ ਗ੍ਰਿਫ਼ਤ ਵਿੱਚ ਆਉਣ ਤੋਂ ਪਹਿਲਾਂ ਹੀ ਚਲੇ ਗਏ ਸਨ।

ਹਾਈਕੋਰਟ ਦੇ ਵਕੀਲ ਰਾਜਵਿੰਦਰ ਬੈਂਸ ਦਾ ਕਹਿਣਾ ਹੈ ਕਿ ਕਈ ਕੇਸਾਂ ਵਿੱਚ ਛੇ ਜਾਨਾਂ ਲੈਣ ਦੇ ਬਦਲੇ ਪੁਲਿਸ ਮੁਲਾਜ਼ਮਾਂ ਨੂੰ ਮਹਿਜ਼ 2 ਸਾਲ, 5 ਸਾਲ ਜਾਂ 10 ਸਾਲ ਦੀ ਸਜ਼ਾ ਮਿਲੀ ਸੀ। ਪੀੜਤ ਧਿਰਾਂ ਦਾ ਮੰਨਣਾ ਹੈ ਕਿ ਬੇਗੁਨਾਹਾਂ ਦੇ ਕਤਲ ਦੇ ਮੁਕਾਬਲੇ ਇਹ ਸਜ਼ਾਵਾਂ ਬਹੁਤ ਘੱਟ ਸਨ, ਜਿਸ ਕਾਰਨ ਉਨ੍ਹਾਂ ਨੇ ਹਾਈ ਕੋਰਟਾਂ ਵਿੱਚ ਸਜ਼ਾਵਾਂ ਵਧਾਉਣ ਲਈ ਅਪੀਲਾਂ ਪਾਈਆਂ ਗਈਆਂ ਸਨ। ਬੈਂਸ ਦਾ ਕਹਿਣਾ ਹੈ ਕਿ ਅਦਾਲਤਾਂ ਦੋਸ਼ੀਆਂ ਨੂੰ ਸਜ਼ਾ ਤਾਂ ਦੇ ਸਕੀਆਂ, ਪਰ ਉਹ ਪਰਿਵਾਰਾਂ ਨੂੰ ਉਨ੍ਹਾਂ ਦੇ ਜੀਆਂ ਦੀਆਂ ਲਾਸ਼ਾਂ ਜਾਂ ਅੰਤਿਮ ਸਸਕਾਰ ਕਰਨ ਦਾ ਹੱਕ ਨਾ ਦਿਵਾ ਸਕੀਆਂ।

ਅੱਜ ਵੀ ਹਜ਼ਾਰਾਂ ਪਰਿਵਾਰਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੇ ਬੱਚਿਆਂ ਦਾ ਅੰਤਿਮ ਸਸਕਾਰ ਕਿੱਥੇ ਅਤੇ ਕਿਸ ਹਾਲ ਵਿੱਚ ਕੀਤਾ ਗਿਆ। ਬੈਂਸ ਦਾ ਕਹਿਣੀ ਕਿ ਅਦਾਲਤਾਂ ਨੇ ਕਾਨੂੰਨੀ ਤੌਰ 'ਤੇ ਗੁਨਾਹਗਾਰਾਂ ਦੀ ਨਿਸ਼ਾਨਦੇਹੀ ਕਰਕੇ ਇੱਕ ਹੱਦ ਤੱਕ ਇਨਸਾਫ਼ ਜ਼ਰੂਰ ਦਿੱਤਾ ਹੈ, ਪਰ ਇਹ ਇਨਸਾਫ਼ ਇੰਨਾ ਦੇਰੀ ਨਾਲ ਅਤੇ ਅਧੂਰਾ ਮਿਲਿਆ ਕਿ ਇਸ ਨੇ ਪੀੜਤਾਂ ਦੇ ਜ਼ਖਮਾਂ ਨੂੰ ਭਰਨ ਦੀ ਬਜਾਏ, ਉਨ੍ਹਾਂ ਦੇ ਦਰਦ ਨੂੰ ਹੋਰ ਲੰਬਾ ਕਰ ਦਿੱਤਾ।

# ਲਾਹੌਰ ਵਿੱਚ ਗੁਰੂ ਹਰਗੋਬਿੰਦ ਸਾਹਿਬ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ 79 ਸਾਲਾਂ ਬਾਅਦ ਮੁੜ ਖੁੱਲ੍ਹਿਆ



ਅੰਮ੍ਰਿਤਸਰ/ਲਾਹੌਰ-ਪਾਕਿਸਤਾਨ ਦੇ ਲਾਹੌਰ ਵਿੱਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਇੱਕ ਇਤਿਹਾਸਕ ਗੁਰਦੁਆਰੇ ਨੂੰ 79 ਸਾਲਾਂ ਦੇ ਲੰਬੇ ਸਮੇਂ ਬਾਅਦ ਸੰਗਤ ਲਈ ਦੁਬਾਰਾ ਖੋਲ੍ਹ ਦਿੱਤਾ ਗਿਆ ਹੈ। ਸਾਲ 1947 ਵਿੱਚ ਦੇਸ਼ ਦੀ ਵੰਡ ਤੋਂ ਬਾਅਦ ਇਹ ਪਵਿੱਤਰ ਅਸਥਾਨ ਲਗਾਤਾਰ ਬੰਦ ਪਿਆ ਸੀ, ਜਿਸ ਦਾ ਹੁਣ ਨਵੀਨੀਕਰਨ ਕਰਨ ਤੋਂ ਬਾਅਦ ਰਸਮੀ ਤੌਰ 'ਤੇ ਉਦਘਾਟਨ ਕੀਤਾ ਗਿਆ ਹੈ।

ਇਹ ਅਸਥਾਨ ਲਾਹੌਰ-ਕਸੂਰ ਰੋਡ 'ਤੇ ਸਥਿਤ ਇਤਿਹਾਸਕ ਪਿੰਡ ਅਮਰ ਸਿੱਧੂ (ਜੋ ਹੁਣ ਲਾਹੌਰ ਸ਼ਹਿਰ ਦਾ ਹਿੱਸਾ ਹੈ) ਵਿਖੇ 'ਗੁਰਦੁਆਰਾ ਪਾਤਸ਼ਾਹੀ ਛੇਵੀਂ' ਦੇ ਨਾਮ ਨਾਲ ਸੁਸ਼ੋਭਿਤ ਹੈ। ਇਸ ਖ਼ਾਸ ਮੌਕੇ 'ਤੇ ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਸ਼ਨਿਚਰਵਾਰ ਨੂੰ ਇਕੱਠੇ ਹੋ ਕੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਅਤੇ ਸ਼ੁਕਰਾਨੇ ਦੀ ਅਰਦਾਸ ਨਾਲ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਕੀਤੀ।

ਇਤਿਹਾਸਕ ਹਵਾਲਿਆਂ ਅਨੁਸਾਰ, ਇਹ ਪਵਿੱਤਰ ਅਸਥਾਨ ਲਾਹੌਰ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਸਬੰਧਤ ਤਿੰਨ ਇਤਿਹਾਸਕ ਗੁਰਦੁਆਰਿਆਂ ਵਿੱਚੋਂ ਇੱਕ ਹੈ। ਛੇਵੇਂ ਗੁਰੂ ਸਾਹਿਬ ਕਸ਼ਮੀਰ ਤੋਂ ਵਾਪਸ ਆਉਂਦੇ ਸਮੇਂ ਅੰਮ੍ਰਿਤਸਰ ਜਾਣ ਤੋਂ ਪਹਿਲਾਂ ਇਸ ਜਗ੍ਹਾ 'ਤੇ ਰੁਕੇ ਸਨ।

# 'ਡੰਕੀ ਰੂਟ' ਰਾਹੀਂ ਅਮਰੀਕਾ ਪਹੁੰਚਣ ਤੋਂ ਕੁਝ ਮਹੀਨਿਆਂ ਬਾਅਦ ਫਿਰੋਜ਼ਪੁਰ ਦੇ 28 ਸਾਲਾ ਨੌਜਵਾਨ ਦੀ ਮੌਤ



ਫਿਰੋਜ਼ਪੁਰ-ਫਿਰੋਜ਼ਪੁਰ ਜ਼ਿਲ੍ਹੇ ਦੇ ਗੁਰੂਹਰਸਹਾਏ ਅਧੀਨ ਪੈਂਦੇ ਪਿੰਡ ਮੁਸੇ ਵਾਲਾ ਦੇ 28 ਸਾਲਾ ਨੌਜਵਾਨ ਮਨਦੀਪ ਸਿੰਘ ਦੀ ਅਮਰੀਕਾ ਵਿੱਚ ਇਲਾਜ ਦੌਰਾਨ ਮੌਤ ਹੋਣ ਦਾ ਮੰਦਭਾਗਾ ਮਾਮਲਾ ਸਾਹਮਣੇ ਆਇਆ ਹੈ। ਮਨਦੀਪ ਸਿੰਘ ਗ਼ੈਰ-ਕਾਨੂੰਨੀ 'ਡੰਕੀ ਰੂਟ' ਰਾਹੀਂ ਲਗਭਗ ਇੱਕ ਸਾਲ ਦੀ ਖ਼ਤਰਨਾਕ ਯਾਤਰਾ ਕਰਕੇ ਅਮਰੀਕਾ ਪਹੁੰਚਿਆ ਸੀ, ਪਰ ਉੱਥੇ ਪਹੁੰਚਣ ਤੋਂ ਕੁਝ ਮਹੀਨਿਆਂ ਬਾਅਦ ਹੀ ਉਹ ਬਿਮਾਰ ਹੋ ਗਿਆ ਅਤੇ ਸ਼ੁੱਕਰਵਾਰ ਸਵੇਰੇ ਉਸ ਨੇ ਦਮ ਤੋੜ ਦਿੱਤਾ।

ਮ੍ਰਿਤਕ ਦੇ ਪਿਤਾ ਗੁਰਨਾਮ ਸਿੰਘ ਅਨੁਸਾਰ, ਮਨਦੀਪ ਦੇ ਚੰਗੇ ਭਵਿੱਖ ਅਤੇ ਪਰਿਵਾਰ ਦੇ ਸਿਰ ਚੜ੍ਹੇ ਕਰਜ਼ੇ ਨੂੰ ਲਾਹੁਣ ਲਈ ਉਨ੍ਹਾਂ ਨੇ ਆਪਣੀ 4 ਏਕੜ ਖੇਤੀਬਾੜੀ ਵਾਲੀ ਜ਼ਮੀਨ ਵੇਚ ਕੇ ਲਗਭਗ 50 ਲੱਖ ਰੁਪਏ ਖ਼ਰਚ ਕੀਤੇ ਸਨ। ਅਮਰੀਕਾ ਪਹੁੰਚਣ ਲਈ ਮਨਦੀਪ ਨੇ ਥਾਈਲੈਂਡ, ਮਲੇਸ਼ੀਆ, ਇੰਗਲੈਂਡ, ਫਰਾਂਸ ਅਤੇ ਮੈਕਸੀਕੋ ਦੇ ਜੰਗਲਾਂ ਰਾਹੀਂ ਬੇਹੱਦ ਮੁਸ਼ਕਿਲ ਸਫ਼ਰ ਤੈਅ ਕੀਤਾ ਸੀ। ਉੱਥੇ ਪਹੁੰਚਣ 'ਤੇ ਪਹਿਲਾਂ ਉਸ ਨੂੰ ਅਮਰੀਕੀ ਅਧਿਕਾਰੀਆਂ ਨੇ ਹਿਰਾਸਤ ਵਿੱਚ ਲਿਆ, ਪਰ ਬਾਅਦ ਵਿੱਚ ਉਸ ਨੂੰ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਮਿਲ ਗਈ ਸੀ, ਜਿਸ ਤੋਂ ਬਾਅਦ ਉਹ ਦਿਨ-ਰਾਤ ਮਿਹਨਤ ਕਰ ਰਿਹਾ ਸੀ।

ਪਰਿਵਾਰ ਮੁਤਾਬਕ ਮਨਦੀਪ ਪਿਛਲੇ ਤਿੰਨ ਹਫ਼ਤਿਆਂ ਤੋਂ ਖੰਘ ਅਤੇ ਬੁਖ਼ਾਰ ਤੋਂ ਪੀੜਤ ਸੀ। ਹਾਲਤ ਜ਼ਿਆਦਾ ਵਿਗੜਨ ਕਾਰਨ ਚਾਰ ਦਿਨ ਪਹਿਲਾਂ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਸ ਦੀ ਮੌਤ ਹੋ ਗਈ। ਪੁੱਤਰ ਦੀ ਮੌਤ ਤੋਂ ਬਾਅਦ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਪੀੜਤ ਪਰਿਵਾਰ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਗੁਹਾਰ ਲਗਾਈ ਹੈ ਕਿ ਮਨਦੀਪ ਦੀ ਮ੍ਰਿਤਕ ਦੇਹ ਨੂੰ ਜਲਦੀ ਤੋਂ ਜਲਦੀ ਭਾਰਤ ਲਿਆਉਣ ਵਿੱਚ ਮਦਦ ਕੀਤੀ ਜਾਵੇ ਤਾਂ ਜੋ ਉਸ ਦਾ ਅੰਤਿਮ ਸੰਸਕਾਰ ਜੱਦੀ ਪਿੰਡ ਵਿੱਚ ਕੀਤਾ ਜਾ ਸਕੇ।

# ਕੈਨੇਡਾ ਦੇ ਟੋਰਾਂਟੋ ਵਿਚ ਅੰਧਾਧੁੰਦ ਫਾਇਰਿੰਗ: 2 ਲੋਕਾਂ ਦੀ ਮੌਤ, 3 ਗੰਭੀਰ ਜ਼ਖ਼ਮੀ



ਟੋਰਾਂਟੋ-ਕੈਨੇਡਾ ਦੇ ਟੋਰਾਂਟੋ ਸ਼ਹਿਰ ਤੋਂ ਇੱਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਸ਼ਨੀਵਾਰ ਰਾਤ ਨੂੰ ਇੱਕ ਭੀੜ-ਭੜੱਕੇ ਵਾਲੇ ਬਾਜ਼ਾਰ ਵਿੱਚ ਹੋਈ ਅੰਧਾਧੁੰਦ ਗੋਲੀਬਾਰੀ ਦੌਰਾਨ 2 ਲੋਕਾਂ ਦੀ ਮੌਤ ਹੋ ਗਈ ਅਤੇ 3 ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਇਹ ਹਮਲਾ ਦੁਕਾਨਾਂ ਅਤੇ ਰੈਸਟੋਰੈਂਟਾਂ ਨਾਲ ਭਰੇ ਉਸ ਇਲਾਕੇ ਵਿੱਚ ਹੋਇਆ ਜਿੱਥੇ 'ਸਾਲਸਾ ਡਾਂਸ ਫੈਸਟੀਵਲ' ਚੱਲ ਰਿਹਾ ਸੀ। ਪੁਲਿਸ ਦੀ ਕਾਰਵਾਈ: ਘਟਨਾ ਤੋਂ ਤੁਰੰਤ ਬਾਅਦ ਟੋਰਾਂਟੋ ਪੁਲਿਸ ਨੇ ਇਲਾਕੇ ਨੂੰ ਘੇਰ ਲਿਆ ਹੈ ਅਤੇ ਹਮਲਾਵਰ ਦੀ ਭਾਲ ਜਾਰੀ ਹੈ। ਪੁਲਿਸ ਨੇ ਲੋਕਾਂ ਨੂੰ ਤੁਰੰਤ ਉਸ ਜਗ੍ਹਾ ਤੋਂ ਦੂਰ ਜਾਣ ਦੀ ਅਪੀਲ ਕੀਤੀ ਹੈ। ਕੈਨੇਡਾ ਵਿੱਚ ਪਿਛਲੇ ਕੁਝ ਸਮੇਂ ਤੋਂ ਗੋਲੀਬਾਰੀ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਇਸ ਤੋਂ ਪਹਿਲਾਂ ਮਾਂਟਰੀਅਲ ਅਤੇ ਫ਼ਰਵਰੀ ਮਹੀਨੇ ਵਿੱਚ 'ਟੰਬਲਰ ਰਿਜ' ਦੇ ਇੱਕ ਸਕੂਲ ਵਿੱਚ ਵੀ ਅਜਿਹੀਆਂ ਖ਼ੂਨੀ ਘਟਨਾਵਾਂ ਵਾਪਰ ਚੁੱਕੀਆਂ ਹਨ।

# ਕੁਦਰਤ ਦੀ ਅਜੀਬ ਖੇਡ: 2 ਹਜ਼ਾਰ ਕਢਵਾਉਣ ਗਈ ਗ਼ਰੀਬ ਮਹਿਲਾ ਦੇ ਖਾਤੇ ਵਿਚ ਨਿਕਲੇ 740 ਕਰੋੜ ਰੁਪਏ !

ਸਿਲੀਗੁੜੀ-ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਅਧੀਨ ਪੈਂਦੇ ਬਿਧਾਨਨਗਰ ਇਲਾਕੇ ਤੋਂ ਇੱਕ ਬੇਹੱਦ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ 'ਅੰਨਪੂਰਨਾ ਭੰਡਾਰ ਯੋਜਨਾ' ਦੇ ਮਹਿਜ਼ 2,000 ਰੁਪਏ ਕਢਵਾਉਣ ਗਈ ਇੱਕ ਗ਼ਰੀਬ ਮਹਿਲਾ ਦੇ ਬੈਂਕ ਖਾਤੇ ਵਿੱਚ ਅਚਾਨਕ 740 ਕਰੋੜ 68 ਲੱਖ ਰੁਪਏ ਦਿਖਾਈ ਦੇਣ ਲੱਗੇ, ਜਿਸ ਨਾਲ ਪੂਰੇ ਇਲਾਕੇ ਵਿੱਚ ਸਨਸਨੀ ਫੈਲ ਗਈ। ਇਹ ਘਟਨਾ ਕੋਚੂਬਾੜੀ ਦੀ ਰਹਿਣ ਵਾਲੀ ਮੇਹਰੁਨੇਸ਼ਾ ਨਾਲ ਵਾਪਰੀ, ਜਿਸਦੇ ਪਤੀ ਇੱਕ ਸਧਾਰਨ ਮਜ਼ਦੂਰ ਹਨ ਅਤੇ ਪਰਿਵਾਰ ਬੇਹੱਦ ਗ਼ਰੀਬ ਹੈ। ਸ਼ਨੀਵਾਰ ਸਵੇਰੇ ਜਦੋਂ ਮਹਿਲਾ ਨੇ ਸੀ.ਐੱਸ.ਪੀ.ਕੇਂਦਰ 'ਤੇ 2,000 ਰੁਪਏ ਕਢਵਾਉਣ ਤੋਂ ਬਾਅਦ ਆਪਣਾ ਬੈਲੇਂਸ ਚੈੱਕ ਕਰਵਾਇਆ, ਤਾਂ ਸਟੇਟਮੈਂਟ ਦੇਖ ਕੇ ਸੀ.ਐੱਸ.ਪੀ. ਮਾਲਕ ਸ਼ਾਹਿਦ ਅਨਵਰ ਦੇ ਹੋਸ਼ ਉੱਡ ਗਏ। ਖਾਤੇ ਵਿੱਚ 740.68 ਕਰੋੜ ਰੁਪਏ ਮੌਜੂਦ ਸਨ। ਪੁਲਿਸ ਸੂਤਰਾਂ ਮੁਤਾਬਕ ਇਹ ਮਾਮਲਾ ਬੈਂਕ ਦੀ ਕਿਸੇ ਤਕਨੀਕੀ ਖ਼ਰਾਬੀ ਨਾਲ ਜੁੜਿਆ ਜਾਪਦਾ ਹੈ। ਮਾਮਲਾ ਸਾਹਮਣੇ ਆਉਣ ਤੋਂ ਬਾਅਦ ਬੈਂਕ ਪ੍ਰਬੰਧਨ ਨੇ ਤੁਰੰਤ ਕਾਰਵਾਈ ਕਰਦੇ ਹੋਏ ਮਹਿਲਾ ਦੇ ਬਚਤ ਖਾਤੇ ਨੂੰ ਫ੍ਰੀਜ਼ ਕਰ ਦਿੱਤਾ ਹੈ ਅਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਅੰਮ੍ਰਿਤਸਰ ਵਿਚ ਸਰਪੰਚੀ ਦੀ ਰੰਜਿਸ਼ ਕਾਰਨ ਚੱਲੀਆਂ ਤਾਬੜਤੋੜ ਗੋਲੀਆਂ, ਪੰਚ ਦੀ ਮੌਤ; 10 ਮੁਲਜ਼ਮ ਗ੍ਰਿਫ਼ਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਦੇ ਅਟਾਰੀ ਅਧੀਨ ਪੈਂਦੀ ਭਕਨਾ ਕਲਾਂ ਅਨਾਜ ਮੰਡੀ ਵਿੱਚ ਸਰਪੰਚੀ ਦੀ ਪੁਰਾਣੀ ਰੰਜਿਸ਼ ਨੂੰ ਲੈ ਕੇ ਦੋ ਧੜਿਆਂ ਵਿਚਕਾਰ ਹੋਈ ਖ਼ੂਨੀ ਝੜਪ ਵਿੱਚ ਇੱਕ ਪੰਚ ਦੀ ਮੌਤ ਹੋ ਗਈ ਹੈ। ਇਸ ਮਾਮਲੇ ਵਿੱਚ ਕਾਰਵਾਈ ਕਰਦੇ ਹੋਏ ਪੁਲਿਸ ਨੇ ਹੁਣ ਤੱਕ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।



ਇਹ ਖ਼ੂਨੀ ਟਕਰਾਅ ਬੀਤੇ ਸ਼ੁੱਕਰਵਾਰ ਸ਼ਾਮ ਨੂੰ ਮੌਜੂਦਾ ਸਰਪੰਚ ਗੁਰਦੀਪ ਸਿੰਘ ਅਤੇ ਪੰਚਾਇਤ ਮੈਂਬਰ ਪ੍ਰਗਟ ਸਿੰਘ ਦੇ ਧੜਿਆਂ ਵਿਚਕਾਰ ਚੋਣ ਵਿਵਾਦ ਨੂੰ ਸੁਲਝਾਉਣ ਦੌਰਾਨ ਹੋਇਆ। ਦੋਵੇਂ ਧਿਰਾਂ 8-10 ਗੱਡੀਆਂ ਵਿੱਚ ਨੌਜਵਾਨਾਂ ਨੂੰ ਲੈ ਕੇ ਮੰਡੀ ਪਹੁੰਚੀਆਂ ਸਨ, ਜਿੱਥੇ ਬਹਿਸਬਾਜ਼ੀ ਤੋਂ ਬਾਅਦ ਗੋਲੀਬਾਰੀ ਸ਼ੁਰੂ ਹੋ ਗਈ।

ਨੁਕਸਾਨ: ਇਸ ਅੰਧਾਧੁੰਦ ਫਾਇਰਿੰਗ ਦੌਰਾਨ ਪ੍ਰਗਟ ਸਿੰਘ ਦੇ ਸਾਥੀ ਗੁਰਸ਼ਰਨ ਸਿੰਘ ਉਰਫ਼ ਚੀਨੀ (ਪੰਚ) ਦੇ ਪੇਟ ਅਤੇ ਗਲੇ ਵਿੱਚ ਗੋਲੀ ਲੱਗਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ। ਜਦਕਿ ਸੁਖਮਨ ਨਾਮ ਦਾ ਇੱਕ ਹੋਰ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ, ਜੋ ਨਿੱਜੀ ਹਸਪਤਾਲ ਵਿੱਚ ਜ਼ੇਰੇ-ਇਲਾਜ ਹੈ। ਡੀਐਸਪੀ ਯਾਦਵਿੰਦਰ ਮੁਤਾਬਕ ਘਟਨਾ ਸਥਾਨ ਤੋਂ ਪੁਲਿਸ ਨੂੰ 35 ਖਾਲੀ ਰੌਂਦ ਬਰਾਮਦ ਹੋਏ ਹਨ, ਜਿਸ ਤੋਂ ਅੰਦਾਜ਼ਾ ਹੈ ਕਿ ਮੌਕੇ 'ਤੇ 100 ਤੋਂ ਵੱਧ ਫਾਇਰ ਕੀਤੇ ਗਏ ਸਨ।

ਪੁਲਿਸ ਅਨੁਸਾਰ ਮ੍ਰਿਤਕ ਗੁਰਸ਼ਰਨ ਸਿੰਘ ਚੀਨੀ ਵਿਰੁੱਧ ਪਹਿਲਾਂ ਹੀ ਕਤਲ ਅਤੇ ਗੋਲੀਬਾਰੀ ਸਮੇਤ ਕੁੱਲ 17 ਅਪਰਾਧਿਕ ਮਾਮਲੇ ਦਰਜ ਸਨ ਅਤੇ ਉਹ ਢਾਈ ਮਹੀਨੇ ਪਹਿਲਾਂ ਹੀ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਇਆ ਸੀ।

# ਸੱਚ ਦੀ ਆਵਾਜ਼ 'ਤੇ ਸੈਂਸਰਸ਼ਿਪ ? ਫਿਲਮ 'ਸਤਲੁਜ' 'ਤੇ ਬੈਨ ਤੋਂ ਬਾਅਦ ਨਵਕਿਰਨ ਕੌਰ ਖਾਲੜਾ ਬੋਲੀ

## ✪ ਕਿਹਾ ਕਿ "ਸਟੇਟ ਹਾਲੇ ਵੀ ਮੇਰੇ ਪਿਤਾ ਦੇ ਕੰਮ ਤੋਂ ਬੇਚੈਨ ਹੈ" - ਖਾਲੜਾ ਪਰਿਵਾਰ ਦੀ ਕੇਂਦਰ ਸਰਕਾਰ ਨੂੰ ਵੱਡੀ ਚੁਣੌਤੀ ✪ ਫਿਰਕੂ ਨੈਰੇਟਿਵ ਦੀ ਬਜਾਏ ਪੰਜਾਬ ਵਿਚ ਹੋਈਆਂ ਮੌਤਾਂ ਦਾ 'ਡੈਥ ਸੈਂਸਸ' ਕਰਵਾਏ ਸਰਕਾਰ

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**





ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਅਤੇ ਪੰਜਾਬ ਸੰਤਾਪ ਦੇ ਦੌਰ ਦੌਰਾਨ ਹੋਏ ਕਥਿਤ ਫਰਜ਼ੀ ਐਨਕਾਊਂਟਰਾਂ 'ਤੇ ਆਧਾਰਿਤ ਬਾਇਓਪਿਕ ਫਿਲਮ 'ਸਤਲੁਜ' (ਜਿਸ ਵਿੱਚ ਮੁੱਖ ਕਿਰਦਾਰ ਦਿਲਜੀਤ ਸਿੰਘ ਦੋਸਾਂਝ ਨੇ ਨਿਭਾਇਆ ਹੈ) ਨੂੰ ਭਾਰਤ ਸਰਕਾਰ ਵੱਲੋਂ ਬੈਨ ਕੀਤੇ ਜਾਣ ਅਤੇ ਓ.ਟੀ.ਟੀ. ਪਲੇਟਫਾਰਮਾਂ ਤੋਂ ਹਟਾਏ ਜਾਣ ਤੋਂ ਬਾਅਦ ਇਹ ਮੁੱਦਾ ਇੱਕ ਵਾਰ ਫਿਰ ਦੇਸ਼-ਵਿਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਭਾਵੇਂ ਫਿਲਮ ਦੀ ਸਟ੍ਰੀਮਿੰਗ 'ਤੇ ਰੋਕ ਲਗਾ ਦਿੱਤੀ ਗਈ ਹੈ, ਪਰ ਪੂਰੇ ਪੰਜਾਬ ਵਿੱਚ ਇਸ ਦੀ ਕਮਿਊਨਿਟੀ ਸਕ੍ਰੀਨਿੰਗ ਲਗਾਤਾਰ ਜਾਰੀ ਹੈ। ਇਸੇ ਵਿਵਾਦ ਦੇ ਵਿਚਕਾਰ, ਸਰਦਾਰ ਜਸਵੰਤ ਸਿੰਘ ਖਾਲੜਾ ਦੀ ਬੇਟੀ ਨਵਕਿਰਨ ਕੌਰ ਖਾਲੜਾ (ਜੋ ਇਸ ਸਮੇਂ ਅਮਰੀਕਾ ਵਿੱਚ ਇੱਕ ਇੰਜੀਨੀਅਰ ਹਨ) ਨੇ ਇੱਕ ਵਿਸ਼ੇਸ਼ ਇੰਟਰਵਿਊ ਦੌਰਾਨ ਆਪਣੇ ਪਿਤਾ ਦੀ ਯਾਦ, ਪਰਿਵਾਰ ਦੇ ਸੰਘਰਸ਼ ਅਤੇ ਮੌਜੂਦਾ ਸਿਆਸੀ ਮਾਹੌਲ 'ਤੇ ਖੁੱਲ੍ਹ ਕੇ ਗੱਲ ਕੀਤੀ ਹੈ।

ਨਵਕਿਰਨ ਕੌਰ ਖਾਲੜਾ ਨੇ ਦੱਸਿਆ ਕਿ ਜਦੋਂ 6 ਸਤੰਬਰ 1995 ਦੀ ਸਵੇਰ ਨੂੰ ਉਨ੍ਹਾਂ ਨੇ ਆਪਣੇ ਪਿਤਾ ਨੂੰ ਆਖਰੀ ਵਾਰ ਦੇਖਿਆ ਸੀ, ਉਦੋਂ ਉਹ ਖੁਦ 10 ਸਾਲ ਦੇ ਸਨ ਅਤੇ ਉਨ੍ਹਾਂ ਦਾ ਛੋਟਾ ਭਰਾ ਜਨਮੀਤ ਸਿਰਫ 8 ਸਾਲ ਦਾ ਸੀ। ਜਦੋਂ ਉਹ ਸਕੂਲ ਤੋਂ ਘਰ ਪਰਤੇ, ਤਾਂ ਪਤਾ ਲੱਗਿਆ ਕਿ ਪੰਜਾਬ ਪੁਲਿਸ ਉਨ੍ਹਾਂ ਦੇ ਪਿਤਾ ਨੂੰ ਅੰਮ੍ਰਿਤਸਰ ਸਥਿਤ ਘਰ ਦੇ ਬਾਹਰੋਂ ਚੁੱਕ ਕੇ ਲੈ ਗਈ ਸੀ।

ਜਸਵੰਤ ਸਿੰਘ ਖਾਲੜਾ ਉਸ ਦੌਰ ਵਿੱਚ ਪੰਜਾਬ ਅੰਦਰ ਹਜ਼ਾਰਾਂ ਲਾਵਾਰਿਸ ਲਾਸ਼ਾਂ ਦੇ ਕਥਿਤ ਗੈਰ-ਕਾਨੂੰਨੀ ਅੰਤਿਮ ਸਸਕਾਰਾਂ ਦਾ ਦਸਤਾਵੇਜ਼ੀਕਰਨ ਕਰ ਰਹੇ ਸਨ। ਉਨ੍ਹਾਂ ਦੇ ਅਨੁਮਾਨ ਮੁਤਾਬਕ ਪੂਰੇ ਪੰਜਾਬ ਵਿੱਚ ਲਗਭਗ 25,000 ਲੋਕਾਂ ਦਾ ਗੁਪਤ ਰੂਪ ਵਿੱਚ ਸਸਕਾਰ ਕਰ ਦਿੱਤਾ ਗਿਆ ਸੀ। ਪੁਲਿਸ ਹਿਰਾਸਤ ਵਿੱਚ ਹਫ਼ਤਿਆਂ ਤੱਕ ਅੰਨ੍ਹੇਵਾਹ ਤਸ਼ੱਦਦ ਸਹਿਣ ਤੋਂ ਬਾਅਦ ਜਸਵੰਤ ਸਿੰਘ ਖਾਲੜਾ ਦੀ ਹੱਤਿਆ ਕਰ ਦਿੱਤੀ ਗਈ ਸੀ।

ਨਵਕਿਰਨ ਕੌਰ ਖਾਲੜਾ ਦਾ ਕਹਿਣਾ ਸੀ ਕਿ ਪੁਲਿਸ ਵਾਲਿਆਂ ਨੇ ਸ਼ਾਇਦ ਕਦੇ ਸੋਚਿਆ ਵੀ ਨਹੀਂ ਹੋਵੇਗਾ ਕਿ ਇੰਨੀਆਂ ਸਾਰੀਆਂ ਹੱਤਿਆਵਾਂ ਤੋਂ ਬਾਅਦ, ਇੱਕ ਲਾਸ਼ (ਜਸਵੰਤ ਸਿੰਘ ਖਾਲੜਾ) ਉਨ੍ਹਾਂ ਲਈ ਅਤੇ ਪੂਰੇ ਸਿਸਟਮ ਲਈ ਇੰਨੀ ਭਾਰੀ ਪੈ ਜਾਵੇਗੀ ਕਿ ਤਿੰਨ ਦਹਾਕਿਆਂ ਬਾਅਦ ਵੀ ਰਾਜ ਉਸ ਨੂੰ ਭੁਲਾ ਨਹੀਂ ਸਕਿਆ।"

ਨਵਕਿਰਨ ਕੌਰ ਖਾਲੜਾ ਦਾ ਕਹਿਣਾ ਸੀ ਕਿ ਪਿਤਾ ਦੇ ਲਾਪਤਾ ਹੋਣ ਤੋਂ ਬਾਅਦ, ਉਨ੍ਹਾਂ ਦੀ ਮਾਤਾ ਪਰਮਜੀਤ ਕੌਰ ਖਾਲੜਾ ਨੇ ਡਰ ਕੇ ਬੈਠਣ ਦੀ ਬਜਾਏ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ। ਉਨ੍ਹਾਂ ਨੇ ਨਾ ਸਿਰਫ਼ ਆਪਣੇ ਪਤੀ ਦੀ ਗੁੰਮਸ਼ੁਦਗੀ ਦਾ ਮੁੱਦਾ ਚੁੱਕਿਆ, ਬਲਕਿ ਜਸਵੰਤ ਸਿੰਘ ਖਾਲੜਾ ਵੱਲੋਂ ਇਕੱਠੇ ਕੀਤੇ ਗਏ ਫਰਜ਼ੀ ਐਨਕਾਊਂਟਰਾਂ ਅਤੇ ਗੈਰ-ਕਾਨੂੰਨੀ ਸਸਕਾਰਾਂ ਦੇ ਸਾਰੇ ਸਬੂਤ ਅਦਾਲਤ ਦੇ ਸਾਹਮਣੇ ਰੱਖ ਦਿੱਤੇ।

ਉਨ੍ਹਾਂ ਕਿਹਾ ਕਿ ਇਹੀ ਜਾਂਚ ਬਾਅਦ ਵਿੱਚ ਸੀ.ਬੀ.ਆਈ. ਦੀ ਜਾਂਚ ਦਾ ਆਧਾਰ ਬਣੀ, ਜਿਸ ਦੇ ਸਿੱਟੇ ਵਜੋਂ ਸਾਲ 2011 ਵਿੱਚ ਸੁਪਰੀਮ ਕੋਰਟ ਨੇ ਪੰਜ ਦੋਸ਼ੀ ਪੁਲਿਸ ਮੁਲਾਜ਼ਮਾਂ ਦੀ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ। 1998 ਵਿੱਚ ਜਦੋਂ ਇੱਕ ਸਾਬਕਾ ਪੁਲਿਸ ਮੁਲਾਜ਼ਮ ਕੁਲਦੀਪ ਸਿੰਘ ਬਚੜਾ ਨੇ ਖੁਲਾਸਾ ਕੀਤਾ ਕਿ ਖਾਲੜਾ ਨੂੰ ਕਿਸ ਤਰ੍ਹਾਂ ਪੁਲੀਸ ਅਧਿਕਾਰੀ ਅਜੀਤ ਸਿੰਘ ਨੇ ਭਿਅੰਕਰ ਤਸਤਦ ਕਰਕੇ ਮਾਰਿਆ ਸੀ, ਉਦੋਂ ਜਾ ਕੇ ਪਰਿਵਾਰ ਨੂੰ ਉਨ੍ਹਾਂ ਦੀ ਸ਼ਹਾਦਤ ਦਾ ਪੱਕਾ ਪਤਾ ਲੱਗਿਆ ਸੀ।

ਕੇਂਦਰ ਸਰਕਾਰ ਵੱਲੋਂ ਸੁਰੱਖਿਆ ਚਿੰਤਾਵਾਂ ਅਤੇ ਕੱਟੜ ਭਾਵਨਾਵਾਂ ਨੂੰ ਭੜਕਾਉਣ ਦਾ ਹਵਾਲਾ ਦੇ ਕੇ ਫਿਲਮ 'ਸਤਲੁਜ' 'ਤੇ ਲਗਾਈ ਪਾਬੰਦੀ ਬਾਰੇ ਬੀਬੀ ਨਵਕਿਰਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਵਿਰੋਧ 'ਤੇ ਕੋਈ ਹੈਰਾਨੀ ਨਹੀਂ ਹੋਈ। ਉਨ੍ਹਾਂ ਨੇ ਡਾਇਰੈਕਟਰ ਹਨੀ ਤ੍ਰੇਹਨ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਇਹ ਫਿਲਮ ਬਣਾਉਣਾ ਆਸਾਨ ਨਹੀਂ ਹੋਵੇਗਾ, ਕਿਉਂਕਿ ਫਿਲਮ ਪੂਰੀ ਤਰ੍ਹਾਂ ਕੋਰਟ ਦੇ ਰਿਕਾਰਡਾਂ ਅਤੇ ਦਸਤਾਵੇਜ਼ੀ ਸਬੂਤਾਂ 'ਤੇ ਆਧਾਰਿਤ ਹੈ, ਇਸ ਵਿੱਚ ਕੁਝ ਵੀ ਮਨਘੜਤ ਨਹੀਂ ਹੈ।

ਜਦੋਂ ਆਲੋਚਕਾਂ ਅਤੇ ਕੁਝ ਸਿਆਸਤਦਾਨਾਂ ਵੱਲੋਂ ਜਸਵੰਤ ਸਿੰਘ ਖਾਲੜਾ ਨੂੰ 'ਖਾਲਿਸਤਾਨ ਅੰਦੋਲਨ ਦਾ ਹਮਦਰਦ' ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ, ਤਾਂ ਨਵਕਿਰਨ ਕੌਰ ਨੇ ਬੜੀ ਸਾਫ਼ਗੋਈ ਨਾਲ ਜਵਾਬ ਦਿੱਤਾ ਕਿ ਜਸਵੰਤ ਸਿੰਘ ਖਾਲੜਾ ਦੇ ਖਿਲਾਫ ਆਪਣੇ ਜੀਵਨ ਵਿੱਚ ਇੱਕ ਵੀ ਕ੍ਰਿਮੀਨਲ ਕੇਸ ਦਰਜ ਨਹੀਂ ਸੀ। ਪੰਜਾਬ ਪੁਲਿਸ ਨੇ ਵੀ ਟ੍ਰਾਇਲ ਦੌਰਾਨ ਇਹ ਮੰਨਿਆ ਸੀ। ਜੇਕਰ ਉਹ ਅਪਰਾਧੀ ਨਹੀਂ ਸਨ, ਤਾਂ ਉਨ੍ਹਾਂ ਨੂੰ ਅਗਵਾ ਕਰਕੇ ਕਿਉਂ ਮਾਰਿਆ ਗਿਆ?

ਬੀਬੀ ਨਵਕਿਰਨ ਨੇ ਕਿਹਾ ਕਿ ਉਹ ਇੱਕ ਦ੍ਰਿੜ ਸਿੱਖ ਸਨ ਅਤੇ ਉਨ੍ਹਾਂ ਨੂੰ ਉਸ ਦੌਰ ਵਿੱਚ ਸਿੱਖਾਂ ਦੇ ਸੰਘਰਸ਼ ਅਤੇ ਤਕਲੀਫ਼ਾਂ ਨਾਲ ਪੂਰੀ ਹਮਦਰਦੀ ਸੀ। ਪਰ ਉਨ੍ਹਾਂ ਦਾ ਕੰਮ ਸਿਰਫ਼ ਧਰਮ ਤੱਕ ਸੀਮਤ ਨਹੀਂ ਸੀ। ਉਨ੍ਹਾਂ ਦੇ ਤਿਆਰ ਕੀਤੇ ਰਿਕਾਰਡਾਂ ਵਿੱਚ ਹਿੰਦੂ ਪੀੜਤਾਂ ਦੇ ਨਾਮ ਵੀ ਸ਼ਾਮਲ ਸਨ। ਉਨ੍ਹਾਂ ਦੀ ਚਿੰਤਾ ਮਨੁੱਖੀ ਅਧਿਕਾਰ ਸਨ, ਪੀੜਤ ਦਾ ਧਰਮ ਨਹੀਂ ਸੀ। ਉਨ੍ਹਾਂ ਕਿਹਾ ਕਿ ਹਿੰਦੂ-ਸਿੱਖ ਵੰਡ ਨੂੰ ਫਿਰ ਤੋਂ ਖੜ੍ਹਾ ਕਰਨ ਦੀ ਕੋਸ਼ਿਸ਼ ਸਿਰਫ਼ ਅਸਲ ਮੁੱਦਿਆਂ - ਜਿਵੇਂ ਕਿ ਗੈਰ-ਕਾਨੂੰਨੀ ਹੱਤਿਆਵਾਂ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ - ਤੋਂ ਜਨਤਾ ਦਾ ਧਿਆਨ ਭਟਕਾਉਣ ਲਈ ਕੀਤੀ ਜਾ ਰਹੀ ਹੈ।

ਪੰਜਾਬ ਵਿੱਚ ਆਉਣ ਵਾਲੀਆਂ ਚੋਣਾਂ ਅਤੇ ਸਿਆਸੀ ਪਾਰਟੀਆਂ ਭਾਜਪਾ, ਕਾਂਗਰਸ, ਆਪ ਜਾਂ ਸ਼ਰੋਮਣੀ ਅਕਾਲੀ ਦਲ, ਦੇ ਬਿਆਨਾਂ 'ਤੇ ਟਿੱਪਣੀ ਕਰਦਿਆਂ ਨਵਕਿਰਨ ਨੇ ਕਿਹਾ ਕਿ ਉਨ੍ਹਾਂ ਨੇ ਸਿਆਸੀ ਪਾਰਟੀਆਂ ਤੋਂ ਬਹੁਤੀ ਉਮੀਦ ਨਾ ਰੱਖਣਾ ਸਿੱਖ ਲਿਆ ਹੈ। ਉਨ੍ਹਾਂ ਯਾਦ ਕਰਵਾਇਆ ਕਿ ਜਦੋਂ ਉਨ੍ਹਾਂ ਦੇ ਪਿਤਾ ਦਾ ਅਗਵਾ ਹੋਇਆ ਸੀ, ਤਾਂ ਅਕਾਲੀ ਦਲ ਦੀ ਲੀਡਰਸ਼ਿਪ ਨੇ ਵੀ ਉਨ੍ਹਾਂ ਦੀ ਮਾਤਾ ਨੂੰ ਸਭ ਕੁਝ ਭੁੱਲ ਕੇ ਬੱਚਿਆਂ ਦੀ ਪਰਵਰਿਸ਼ ਕਰਨ ਦੀ ਸਲਾਹ ਦਿੱਤੀ ਸੀ। ਇਸ ਲਈ ਇਹ ਲੜਾਈ ਕਿਸੇ ਇੱਕ ਪਾਰਟੀ ਦੀ ਨਹੀਂ, ਬਲਕਿ ਰਾਜ (ਸਟੇਟ) ਦੀ ਬੇਲਗਾਮ ਤਾਕਤ ਦੇ ਖਿਲਾਫ ਸੀ।

ਨਵਕਿਰਨ ਕੌਰ ਖਾਲੜਾ ਨੇ ਕਿਹਾ ਕਿ ਜੇਕਰ ਸਰਕਾਰ ਤੇ ਰਾਜਨੀਤਿਕ ਨੇਤਾ ਸੱਚਮੁੱਚ ਪੰਜਾਬ ਦੇ ਉਸ ਦੌਰ ਦੇ ਦੁਖਾਂਤ ਨੂੰ ਲੈ ਕੇ ਚਿੰਤਤ ਹਨ, ਤਾਂ ਉਨ੍ਹਾਂ ਨੂੰ ਕਹਾਣੀਆਂ ਘੜਨ ਦੀ ਬਜਾਏ ਉਸ ਦੌਰ ਵਿੱਚ ਮਾਰੇ ਗਏ ਹਰ ਇੱਕ ਬੇਗੁਨਾਹ (ਚਾਹੇ ਉਹ ਹਿੰਦੂ ਹੋਵੇ ਜਾਂ ਸਿੱਖ) ਦਾ ਇਮਾਨਦਾਰੀ ਨਾਲ ਹਿਸਾਬ ਰੱਖਣ ਲਈ ਇੱਕ ਸੁਤੰਤਰ 'ਡੈਥ ਸੈਂਸਸ' (ਮ੍ਰਿਤਕਾਂ ਦੀ ਮਰਦਮਸ਼ੁਮਾਰੀ) ਕਰਵਾਉਣੀ ਚਾਹੀਦੀ ਹੈ, ਤਾਂ ਜੋ ਸੱਚਾਈ ਸਬੂਤਾਂ ਦੇ ਆਧਾਰ 'ਤੇ ਸਾਹਮਣੇ ਆ ਸਕੇ।

ਉਨ੍ਹਾਂ ਨੇ ਅਖੀਰ ਵਿੱਚ ਕਿਹਾ ਕਿ ਲਗਭਗ 40 ਸਾਲਾਂ ਤੱਕ ਸਿਰਫ਼ ਸਰਕਾਰੀ ਬਿਆਨ ਹੀ ਜਨਤਕ ਚਰਚਾ 'ਤੇ ਹਾਵੀ ਰਿਹਾ, ਪਰ ਹੁਣ ਜਦੋਂ ਸਿੱਖ ਅਤੇ ਪੰਜਾਬੀ ਆਪਣੀਆਂ ਕਹਾਣੀਆਂ ਖੁਦ ਦੱਸਣ ਲੱਗੇ ਹਨ, ਤਾਂ ਇਸ ਨੂੰ ਕਿਸੇ ਹੋਰ ਦੀ ਤਕਲੀਫ਼ ਨੂੰ ਮਿਟਾਉਣ ਦੇ ਤੌਰ 'ਤੇ ਨਹੀਂ ਦੇਖਿਆ ਜਾਣਾ ਚਾਹੀਦਾ। ਜਦੋਂ ਤੱਕ ਸੱਚਾਈ ਦਾ ਇਮਾਨਦਾਰੀ ਨਾਲ ਸਾਹਮਣਾ ਨਹੀਂ ਕੀਤਾ ਜਾਂਦਾ, ਜਸਵੰਤ ਸਿੰਘ ਖਾਲੜਾ ਦੀ ਕਹਾਣੀ ਵਾਰ-ਵਾਰ ਸਿਸਟਮ ਦਾ ਪਿੱਛਾ ਕਰਦੀ ਰਹੇਗੀ।

# ਕੈਨੇਡਾ ਗਈ ਪਤਨੀ ਖ਼ਿਲਾਫ਼ ਲੁਧਿਆਣਾ ਵਿੱਚ ਧੋਖਾਧੜੀ ਦਾ ਕੇਸ ਦਰਜ

ਲੁਧਿਆਣਾ-ਥਾਣਾ ਮਿਹਰਬਾਨ ਦੀ ਪੁਲਸ ਨੇ ਵਿਆਹ ਕਰਵਾ ਕੇ ਪਤੀ ਨੂੰ ਕੈਨੇਡਾ ਨਾ ਲਿਜਾਣ ਅਤੇ ਲੱਖਾਂ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਕਪੂਰਥਲਾ ਦੀ ਰਹਿਣ ਵਾਲੀ ਲੜਕੀ ਗੁਰਪ੍ਰੀਤ ਕੌਰ ਅਤੇ ਉਸ ਦੇ ਮਾਤਾ-ਪਿਤਾ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਪਿੰਡ ਬਾਜੜਾ ਦੇ ਗੁਰਜੀਤ ਸਿੰਘ ਨੇ ਸ਼ਿਕਾਇਤ ਦਿੱਤੀ ਸੀ ਕਿ ਲੜਕੀ ਵਾਲਿਆਂ ਨੇ ਵਿਆਹ ਤੋਂ ਬਾਅਦ ਲੜਕੇ ਨੂੰ ਕੈਨੇਡਾ ਲਿਜਾਣ ਅਤੇ ਪੀ.ਆਰ. ਦਿਵਾਉਣ ਦਾ ਝਾਂਸਾ ਦਿੱਤਾ ਸੀ, ਜਿਸ 'ਤੇ ਉਨ੍ਹਾਂ ਨੇ ਲੜਕੀ ਦੀ ਪੜ੍ਹਾਈ ਅਤੇ ਰਿਹਾਇਸ਼ ਦਾ ਸਾਰਾ ਖ਼ਰਚਾ ਚੁੱਕਿਆ।

ਕੈਨੇਡਾ ਪਹੁੰਚ ਕੇ ਲੜਕੀ ਨੇ ਪਤੀ ਨਾਲ ਰਹਿਣ ਤੋਂ ਨਾਂਹ ਕਰ ਦਿੱਤੀ, ਉਸ 'ਤੇ ਚੋਰੀ ਦੇ ਝੂਠੇ ਇਲਜ਼ਾਮ ਲਗਾਏ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਪੁਲਸ ਦੇ ਉੱਚ ਅਧਿਕਾਰੀਆਂ ਦੀ ਜਾਂਚ ਤੋਂ ਬਾਅਦ ਇਹ ਪਰਚਾ ਦਰਜ ਕੀਤਾ ਗਿਆ ਹੈ। ਫਿਲਹਾਲ ਮੁਲਜ਼ਮ ਫ਼ਰਾਰ ਹਨ ਅਤੇ ਪੁਲਸ ਛਾਪੇਮਾਰੀ ਕਰ ਰਹੀ ਹੈ।

# ਆਗਾਮੀ ਚੋਣਾਂ ਤੋਂ ਪਹਿਲਾਂ 'ਸਤਲੁਜ' 'ਤੇ ਭਖੀ ਸਿਆਸਤ

**✪ ਫਿਰਕੂ ਲੀਡਰ ਖੇਡਣ ਲਗੇ ਧਰੁਵੀਕਰਨ ਦੀ ਸਿਆਸਤ ✪ ਕੇਂਦਰ ਸਰਕਾਰ ਦੀ ਉੱਚ ਪੱਧਰੀ ਕਮੇਟੀ ਵਲੋਂ ਪਾਬੰਦੀ ਬਰਕਰਾਰ ✪ ਰਵਨੀਤ ਬਿੱਟੂ ਦੇ ਨਿਸ਼ਾਨੇ ਉਪਰ ਦਿਲਜੀਤ ਦੋਸਾਂਝ, ਅਖੇ "ਸਿੱਖਾਂ ਦੀਆਂ ਭਾਵਨਾਵਾਂ ਦੀ ਵਰਤੋਂ ਕਰਕੇ ਕਮਾ ਰਹੇ ਨੇ ਪੈਸੇ" ✪ ਪਾਬੰਦੀ ਦੇ ਬਾਵਜੂਦ ਸਤਲੁਜ ਨੂੰ ਪਿੰਡਾਂ ਤੇ ਗੁਰਦੁਆਰਿਆਂ ਨੇ ਦਿੱਤੀ ਨਵੀਂ ਜ਼ਿੰਦਗੀ ✪ ਫ਼ਿਲਮ ਦਾ ਮਾਮਲਾ ਹਾਈਕੋਰਟ ਪੁੱਜਿਆ; ਪ੍ਰਗਟਾਵੇ ਦੀ ਆਜ਼ਾਦੀ ਦੇ ਘਾਣ ਦੇ ਦੋਸ਼ ✪ ਕੀ ਲਾਵਾਰਿਸ ਲਾਸ਼ਾਂ ਦੇ ਵਾਰਸਾਂ ਨੂੰ ਸਸਕਾਰ ਦਾ ਹੱਕ ਨਹੀਂ ?**

## ਕਵਰ ਸਟੋਰੀ



ਬਘੇਲ ਸਿੰਘ ਧਾਲੀਵਾਲ

ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਫ਼ਿਲਮ 'ਸਤਲੁਜ' (ਜਿਸ ਦਾ ਪਹਿਲਾ ਨਾਮ 'ਪੰਜਾਬ 95' ਸੀ) ਨੂੰ ਲੈ ਕੇ ਵਿਵਾਦ ਦਿਨੋਂ-ਦਿਨ ਗਹਿਰਾਉਂਦਾ ਜਾ ਰਿਹਾ ਹੈ। ਕਈ ਵਾਰ ਇੱਕ ਫ਼ਿਲਮ ਸਿਨੇਮਾ ਦੇ ਪਰਦੇ ਤੋਂ ਕਿਤੇ ਵੱਡੀ ਹੋ ਜਾਂਦੀ ਹੈ। ਉਹ ਸਿਰਫ਼ ਕਲਾ ਦਾ ਮਾਧਿਅਮ ਨਾ ਰਹਿ ਕੇ ਸਗੋਂ ਇਤਿਹਾਸ, ਰਾਜਨੀਤੀ, ਕਾਨੂੰਨ, ਮਨੁੱਖੀ ਅਧਿਕਾਰਾਂ ਤੇ ਲੋਕਤੰਤਰ ਦੇ ਵਿਚਕਾਰ ਚੱਲ ਰਹੀ ਬਹਿਸ ਦਾ ਕੇਂਦਰ ਬਣ ਜਾਂਦੀ ਹੈ। ਅਦਾਕਾਰ ਅਤੇ ਗਾਇਕ ਦਿਲਜੀਤ ਦੋਸਾਂਝ ਦੀ ਮੁੱਖ ਭੂਮਿਕਾ ਵਾਲੀ ਅਤੇ ਹਨੀ ਤ੍ਰੇਹਨ ਦੁਆਰਾ ਨਿਰਦੇਸ਼ਿਤ ਫ਼ਿਲਮ 'ਸਤਲੁਜ' (ਪਹਿਲਾ ਨਾਮ 'ਪੰਜਾਬ 95') ਅਜਿਹੀ ਹੀ ਇੱਕ ਸਿਨੇਮਾਈ ਕੋਸ਼ਿਸ਼ ਹੈ। ਲੰਬੇ ਸਮੇਂ ਤੱਕ ਸੈਂਸਰ ਬੋਰਡ ਦੀ ਪ੍ਰਕਿਰਿਆ ਵਿਚੋਂ ਲੰਘਣ ਅਤੇ 120 ਤੋਂ ਵੱਧ ਕਟੌਤੀਆਂ ਦੇ ਸੁਝਾਵਾਂ ਦਾ ਸਾਹਮਣਾ ਕਰਨ ਤੋਂ ਬਾਅਦ, ਜਦੋਂ ਇਹ ਫ਼ਿਲਮ ਓ.ਟੀ.ਟੀ. ਪਲੇਟਫਾਰਮ 'ਜ਼ੀ5' 'ਤੇ ਰਿਲੀਜ਼ ਹੋਈ, ਤਾਂ ਮਹਿਜ਼ 48 ਘੰਟਿਆਂ ਦੇ ਅੰਦਰ ਹੀ ਇਸ ਨੂੰ ਭਾਰਤ ਵਿੱਚ ਦੇਖਣ ਉਪਰ ਪਾਬੰਦੀ ਲਗਾ ਦਿੱਤੀ ਗਈ ਸੀ। ਓ.ਟੀ.ਟੀ. ਪਲੇਟਫਾਰਮ 'ਜ਼ੀ5' ਤੋਂ ਰਿਲੀਜ਼ ਦੇ ਮਹਿਜ਼ ਦੋ ਦਿਨਾਂ ਬਾਅਦ ਹਟਾਈ ਗਈ ਸੀ। ਹੁਣ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੁਆਰਾ ਗਠਿਤ ਕੀਤੀ ਗਈ ਇੱਕ ਉੱਚ ਪੱਧਰੀ ਅੰਤਰ-ਵਿਭਾਗੀ ਕਮੇਟੀ (ਜਿਸ ਵਿੱਚ ਗ੍ਰਹਿ, ਰੱਖਿਆ, ਵਿਦੇਸ਼ ਅਤੇ ਕਾਨੂੰਨ ਮੰਤਰਾਲੇ ਦੇ ਪ੍ਰਤੀਨਿਧੀ ਸ਼ਾਮਲ ਹਨ) ਨੇ ਫ਼ਿਲਮ 'ਸਤਲੁਜ' ਦੀ ਸਮੱਗਰੀ ਦੀ ਜਾਂਚ ਤੋਂ ਬਾਅਦ ਆਈ.ਟੀ. ਐਕਟ ਦੀ ਧਾਰਾ 69ਏ ਤਹਿਤ ਇਸ 'ਤੇ ਲੱਗੀ ਪਾਬੰਦੀ ਨੂੰ ਜਾਇਜ਼ ਠਹਿਰਾਇਆ ਹੈ। ਕਮੇਟੀ ਦਾ ਮੰਨਣਾ ਹੈ ਕਿ ਇਹ ਫ਼ਿਲਮ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਖ਼ਿਲਾਫ਼ ਹੈ। ਸਰਕਾਰੀ ਸੂਤਰਾਂ ਅਨੁਸਾਰ ਫ਼ਿਲਮ ਵਿੱਚ ਖਾੜਕੂਆਂ ਦੀਆਂ ਗਤੀਵਿਧੀਆਂ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਨੂੰ ਇੱਕਪਾਸੜ ਤਰੀਕੇ ਨਾਲ ਦਿਖਾਇਆ ਗਿਆ ਹੈ, ਜਿਸ ਨਾਲ ਜਨਤਕ ਸ਼ਾਂਤੀ ਭੰਗ ਹੋਣ ਦਾ ਖ਼ਤਰਾ ਹੈ।

ਦੂਜੇ ਪਾਸੇ ਪੰਜਾਬ ਦੇ ਬੁੱਧੀਜੀਵੀਆਂ ਅਤੇ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਇਸ ਫਿਲਮ ਉਪਰ ਪਾਬੰਦੀ ਲਗਾਕੇ ਪੰਜਾਬ ਦੀ ਸ਼ਾਂਤ ਫ਼ਿਜ਼ਾ ਵਿੱਚ ਅਤੀਤ ਦੇ ਦਰਦ ਨੂੰ ਉਭਾਰ ਕੇ ਸਿਆਸੀ ਰੋਟੀਆਂ ਸੇਕਣਾ ਚਾਹੁੰਦੀ ਹੈ। ਇੱਕ ਖ਼ਾਸ ਹਿੱਸੇ ਦੀਆਂ ਵੋਟਾਂ ਦੇ ਧਰੁਵੀਕਰਨ ਲਈ ਇਸ ਸੰਵੇਦਨਸ਼ੀਲ ਮੁੱਦੇ ਦੀ ਵਰਤੋਂ ਕੀਤੀ ਜਾ ਰਹੀ ਹੈ।

**ਅਸਲ ਕਹਾਣੀ ਦਾ ਸੱਚ ਕੀ ਹੈ ?**-ਇਸ ਫ਼ਿਲਮ ਦੇ ਕੇਂਦਰ ਵਿੱਚ ਮਨੁੱਖੀ ਅਧਿਕਾਰਾਂ ਦੇ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਦਾ ਜੀਵਨ ਅਤੇ ਉਨ੍ਹਾਂ ਦਾ ਸੰਘਰਸ਼ ਹੈ। 1980 ਅਤੇ 1990 ਦੇ ਦਹਾਕੇ ਦੇ ਉਸ ਦਰਦਨਾਕ ਅਤੇ ਸੰਵੇਦਨਸ਼ੀਲ ਦੌਰ ਦੌਰਾਨ, ਭਾਈ ਖਾਲੜਾ ਨੇ ਸਰਕਾਰੀ ਰਿਕਾਰਡਾਂ ਦੇ ਆਧਾਰ 'ਤੇ ਪੰਜਾਬ ਵਿੱਚ ਹਜ਼ਾਰਾਂ ਅਣਪਛਾਤੀਆਂ ਅਤੇ ਲਾਵਾਰਿਸ ਲਾਸ਼ਾਂ ਦੇ ਗੈਰ-ਕਾਨੂੰਨੀ ਸਸਕਾਰ ਦੇ ਮਾਮਲੇ ਨੂੰ ਦੇਸ਼ ਅਤੇ ਦੁਨੀਆ ਦੇ ਸਾਹਮਣੇ ਲਿਆਂਦਾ ਸੀ। ਇਸੇ ਮਨੁੱਖੀ ਅਧਿਕਾਰਾਂ ਦੀ ਆਵਾਜ਼ ਨੂੰ ਬੁਲੰਦ ਕਰਨ ਦੇ ਬਦਲੇ 1995 ਵਿੱਚ ਪੁਲੀਸ ਹਿਰਾਸਤ ਦੌਰਾਨ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਸੀ। ਇਹ ਇੱਕ ਅਜਿਹਾ ਇਤਿਹਾਸਕ ਸੱਚ ਜਿਸ ਦੀ ਪੁਸ਼ਟੀ ਭਾਰਤ ਦੀਆਂ ਅਦਾਲਤਾਂ ਸੈਸ਼ਨ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਨੇ ਦੋਸ਼ੀ ਪੁਲੀਸ ਅਧਿਕਾਰੀਆਂ ਨੂੰ ਸਜ਼ਾਵਾਂ ਦੇ ਕੇ ਕੀਤੀ ਸੀ। ਖਾਲੜਾ ਦੀ ਇਹ ਦਲੀਲ ਬਿਲਕੁਲ ਸਪੱਸ਼ਟ ਸੀ ਕਿ ਕੀ ਲਾਵਾਰਿਸ ਲਾਸ਼ਾਂ ਦੇ ਵਾਰਸਾਂ ਨੂੰ ਆਪਣਿਆਂ ਦਾ ਸਸਕਾਰ ਕਰਨ ਅਤੇ ਉਨ੍ਹਾਂ ਬਾਰੇ ਜਾਣਨ ਦਾ ਕਨੂੰਨੀ ਤੇ ਮਨੁੱਖੀ ਅਧਿਕਾਰ ਨਹੀਂ ਹੈ ?

ਪ੍ਰਸਿਧ ਚਿੰਤਕ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਭਾਰਤੀ ਸੰਵਿਧਾਨ ਦੀ ਧਾਰਾ 19(1)(ਓ) ਹਰ ਨਾਗਰਿਕ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਿੰਦੀ ਹੈ, ਅਤੇ ਇਸ ਮਾਮਲੇ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ ਵੀ ਦਾਇਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗੋਦੀ ਮੀਡੀਆ ਨੇ ਕਦੇ ਵੀ ਇਹ ਦਿਖਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਦੇਸ਼ ਦੀਆਂ ਸਰਵਉੱਚ ਅਦਾਲਤਾਂ (ਸੁਪਰੀਮ ਕੋਰਟ ਤੱਕ) ਨੇ ਭਾਈ ਖਾਲੜਾ ਦੇ ਅਗਵਾ ਅਤੇ ਕਤਲ ਮਾਮਲੇ ਵਿੱਚ ਪੁਲੀਸ ਅਧਿਕਾਰੀਆਂ ਨੂੰ ਦੋਸ਼ੀ ਮੰਨਿਆ ਸੀ। ਅਦਾਲਤੀ ਸੱਚ ਨੂੰ ਛੁਪਾ ਕੇ, ਇਹ ਮੀਡੀਆ ਕੇਂਦਰ ਸਰਕਾਰ ਦੁਆਰਾ ਲਗਾਈ ਗਈ ਪਾਬੰਦੀ ਨੂੰ ਜਾਇਜ਼ ਠਹਿਰਾਉਣ ਲਈ ਦਿਨ-ਰਾਤ ਇੱਕ ਕਰ ਰਿਹਾ ਹੈ।

**ਰਵਨੀਤ ਬਿੱਟੂ ਅਤੇ ਫਿਰਕਾਪ੍ਰਸਤ ਜਥੇਬੰਦੀਆਂ ਕਿਉਂ ਕਰ ਰਹੀਆਂ ਹਨ ਵਿਰੋਧ ?**-ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਦੋਸ਼ ਲਾਇਆ ਹੈ ਕਿ ਅਦਾਕਾਰ ਦਿਲਜੀਤ ਦੋਸਾਂਝ ਅਤੇ ਫ਼ਿਲਮ ਨਿਰਮਾਤਾ ਸਿੱਖਾਂ ਦੀਆਂ ਜਜ਼ਬਾਤੀ ਭਾਵਨਾਵਾਂ ਦੀ ਵਰਤੋਂ ਕਰਕੇ ਕਰੋੜਾਂ ਰੁਪਏ ਕਮਾਉਣ ਅਤੇ ਸਸਤੀ ਸ਼ੋਹਰਤ ਹਾਸਲ ਕਰਨ ਦੀ ਸੋਚੀ-ਸਮਝੀ ਰਣਨੀਤੀ ਤਹਿਤ ਕੰਮ ਕਰ ਰਹੇ ਹਨ। ਰਵਨੀਤ ਬਿੱਟੂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਹਨ, ਜਿਨ੍ਹਾਂ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਖਾੜਕੂਵਾਦ ਨੂੰ ਖ਼ਤਮ ਕਰਨ ਦੇ ਨਾਮ 'ਤੇ ਪੁਲੀਸ ਕਾਰਵਾਈਆਂ ਹੋਈਆਂ ਸਨ। ਬਿੱਟੂ ਦਾ ਦਾਅਵਾ ਹੈ ਕਿ ਬੇਅੰਤ ਸਿੰਘ ਦੇ ਸਮੇਂ ਖਾਲੜਾ ਖ਼ਿਲਾਫ਼ ਕੋਈ ਕੇਸ ਨਹੀਂ ਸੀ, ਅਤੇ ਬਿਨਾਂ ਤੱਥਾਂ ਦੇ ਉਸ ਦੌਰ ਦੀਆਂ ਪੁਲੀਸ ਕਾਰਵਾਈਆਂ ਨੂੰ ਨਿਸ਼ਾਨਾ ਬਣਾਉਣਾ ਗਲਤ ਹੈ।

ਸ਼ਿਵ ਸੈਨਾ ਅਤੇ ਹੋਰ ਫਿਰਕੂ ਜਥੇਬੰਦੀਆਂ ਵੱਲੋਂ ਇਸ ਫ਼ਿਲਮ ਦਾ ਵਿਰੋਧ ਕੀਤੇ ਜਾਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਹ ਫ਼ਿਲਮ ਉਨ੍ਹਾਂ ਦੇ ਫਿਰਕੂ ਰਾਜਨੀਤਿਕ ਬਿਰਤਾਂਤ ਨੂੰ ਚੁਣੌਤੀ ਦਿੰਦੀ ਹੈ। ਡਾਕਟਰ ਖੁਸ਼ਹਾਲ ਸਿੰਘ ਚੰਡੀਗੜ੍ਹ ਦਾ ਕਹਿਣਾ ਹੈ ਕਿ ਇਨ੍ਹਾਂ ਜਥੇਬੰਦੀਆਂ ਦੀ ਰਾਜਨੀਤੀ ਅਕਸਰ ਸਮਾਜ ਨੂੰ ਧਾਰਮਿਕ ਆਧਾਰ 'ਤੇ ਵੰਡਣ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਕਰਨ 'ਤੇ ਟਿਕੀ ਹੁੰਦੀ ਹੈ। ਪੰਜਾਬ ਵਿੱਚ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ, ਅਤੀਤ ਦੇ ਦਰਦਨਾਕ ਦੌਰ ਨੂੰ ਇੱਕ ਵਾਰ ਫਿਰ 'ਹਿੰਦੂ ਬਨਾਮ ਸਿੱਖ' ਦਾ ਰੂਪ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਤਾਂ ਜੋ ਹਿੰਦੂ ਭਾਈਚਾਰੇ ਦੀਆਂ ਵੋਟਾਂ ਦਾ ਲਾਹਾ ਭਾਜਪਾ ਲੈ ਸਕੇ। ਖੁਸ਼ਹਾਲ ਸਿੰਘ ਦਾ ਕਹਿਣਾ ਹੈ ਕਿ ਇਹ ਫਿਰਕੂ ਜਥੇਬੰਦੀਆਂ ਇਸ ਨੂੰ ਜਾਣਬੁੱਝ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਖ਼ਿਲਾਫ਼ ਦੱਸ ਕੇ ਲੋਕਾਂ ਨੂੰ ਭੜਕਾ ਰਹੀਆਂ ਹਨ, ਕਿਉਂਕਿ ਇੱਕ ਆਮ ਨਾਗਰਿਕ (ਖਾਲੜਾ) ਦੁਆਰਾ ਕਾਨੂੰਨੀ ਅਤੇ ਸੰਵਿਧਾਨਕ ਤਰੀਕੇ ਨਾਲ ਲੜੀ ਗਈ ਲੜਾਈ ਦਾ ਸੱਚ ਇਨ੍ਹਾਂ ਦੇ ਸੌੜੇ ਰਾਜਨੀਤਿਕ ਏਜੰਡੇ ਵਿੱਚ ਫਿੱਟ ਨਹੀਂ ਬੈਠਦਾ।

**ਮਨੁੱਖੀ ਅਧਿਕਾਰਾਂ ਨੂੰ ਪ੍ਰਮੋਟ ਕਰਨ ਵਾਲੀ ਅਨੋਖੀ ਫ਼ਿਲਮ ਤੋਂ ਕੇਂਦਰ ਕਿਉਂ ਡਰਿਆ ?**-ਇਹ ਫ਼ਿਲਮ ਕਿਸੇ ਕਾਲਪਨਿਕ ਕਹਾਣੀ 'ਤੇ ਨਹੀਂ, ਸਗੋਂ ਇਤਿਹਾਸਕ, ਕਨੂੰਨੀ, ਅਦਾਲਤੀ ਦਸਤਾਵੇਜ਼ਾਂ 'ਤੇ ਆਧਾਰਿਤ ਹੈ। ਭਾਈ ਜਸਵੰਤ ਸਿੰਘ ਖਾਲੜਾ ਨੇ ਪੰਜਾਬ ਵਿੱਚ 1984 ਤੋਂ 1994 ਦਰਮਿਆਨ ਪੁਲੀਸ ਵੱਲੋਂ 25,000 ਦੇ ਕਰੀਬ ਨੌਜਵਾਨਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਚੁੱਕਣ ਅਤੇ ਉਨ੍ਹਾਂ ਨੂੰ 'ਲਾਵਾਰਿਸ' ਕਰਾਰ ਦੇ ਕੇ ਸ਼ਮਸ਼ਾਨਘਾਟਾਂ ਵਿੱਚ ਸਾੜਨ ਦੇ ਪੁਖ਼ਤਾ ਸਬੂਤ ਇਕੱਠੇ ਕੀਤੇ ਸਨ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ਕੇਂਦਰ ਸਰਕਾਰ ਦੇ ਡਰ ਦਾ ਮੁੱਖ ਕਾਰਨ ਇਹ ਹੈ ਕਿ ਇਹ ਫ਼ਿਲਮ 'ਪੁਲੀਸ ਸਟੇਟ' ਦੇ ਉਸ ਨੰਗੇ ਸੱਚ ਨੂੰ ਸਾਹਮਣੇ ਲਿਆਉਂਦੀ ਹੈ, ਜਿਸ ਨੂੰ ਹਜ਼ਾਰਾਂ ਤਹਿਆਂ ਹੇਠ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਜਦੋਂ ਕਾਨੂੰਨ ਦਾ ਰਾਜ ਕਮਜ਼ੋਰ ਪੈਂਦਾ ਹੈ ਤਾਂ ਮਨੁੱਖੀ ਅਧਿਕਾਰਾਂ ਦਾ ਘਾਣ ਹੁੰਦਾ ਹੈ।ਇਹ ਫ਼ਿਲਮ ਇਸ ਸੱਚ ਤੇ ਸਟੇਟ ਦੇ ਜ਼ੁਲਮ ਨੂੰ ਪੇਸ਼ ਕਰਦੀ ਹੈ। ਸਰਕਾਰ ਨੂੰ ਡਰ ਹੈ ਕਿ ਅਜਿਹਾ ਸੱਚ ਸਾਹਮਣੇ ਆਉਣ ਨਾਲ ਸੁਰੱਖਿਆ ਏਜੰਸੀਆਂ ਦੀ ਭਰੋਸੇਯੋਗਤਾ 'ਤੇ ਸਵਾਲ ਉੱਠਣਗੇ।

**ਕੀ ਲਾਵਾਰਿਸ ਲਾਸ਼ਾਂ ਦੇ ਵਾਰਸਾਂ ਨੂੰ ਸਸਕਾਰ ਦਾ ਅਧਿਕਾਰ ਨਹੀਂ ? ਖਾਲੜਾ ਦੀ ਦਲੀਲ ਕਿਵੇਂ ਸਹੀ ਹੈ ?**-ਭਾਈ ਜਸਵੰਤ ਸਿੰਘ ਖਾਲੜਾ ਦੀ ਇਹ ਦਲੀਲ ਪੂਰੀ ਤਰ੍ਹਾਂ ਮਨੁੱਖੀ ਅਧਿਕਾਰਾਂ ਅਨੁਸਾਰ ਅਤੇ ਕਾਨੂੰਨੀ ਤੌਰ 'ਤੇ ਸਹੀ ਸੀ। ਕਿਸੇ ਵੀ ਸਭਿਅਕ ਸਮਾਜ ਅਤੇ ਲੋਕਤੰਤਰ ਵਿੱਚ ਹਰ ਇਨਸਾਨ ਨੂੰ ਮਰਨ ਤੋਂ ਬਾਅਦ ਸਨਮਾਨਜਨਕ ਸਸਕਾਰ ਕਰਨ ਦਾ ਹੱਕ ਹੈ, ਅਤੇ ਉਸ ਦੇ ਪਰਿਵਾਰ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਉਨ੍ਹਾਂ ਦਾ ਆਪਣਾ ਜਿਉਂਦਾ ਹੈ ਜਾਂ ਮਰ ਚੁੱਕਾ ਹੈ।

ਹਾਈਕੋਰਟ ਦੇ ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਸਰਦਾਰ ਖਾਲੜਾ ਦੀ ਇਸ ਦਲੀਲ ਨੂੰ ਦੇਸ਼ ਦੀ ਕੋਈ ਵੀ ਅਦਾਲਤ ਗਲਤ ਸਾਬਤ ਨਹੀਂ ਕਰ ਸਕੀ। ਖਾਲੜਾ ਦੇ ਅਗਵਾ ਅਤੇ ਕਤਲ ਮਾਮਲੇ ਦੀ ਜਾਂਚ ਤੋਂ ਬਾਅਦ 2005 ਵਿੱਚ ਪਟਿਆਲਾ ਸੈਸ਼ਨ ਕੋਰਟ, 2007 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ 2011 ਵਿੱਚ ਖ਼ੁਦ ਸੁਪਰੀਮ ਕੋਰਟ ਨੇ ਦੋਸ਼ੀ ਪੁਲੀਸ ਅਧਿਕਾਰੀਆਂ ਦੀ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖ ਕੇ ਇਹ ਸਾਬਤ ਕਰ ਦਿੱਤਾ ਸੀ ਕਿ ਖਾਲੜਾ ਦੇ ਦੋਸ਼ ਸੱਚੇ ਸਨ। ਇਸ ਲਈ ਇਸ ਫ਼ਿਲਮ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਵਿਰੁੱਧ ਮੰਨਣਾ ਕਾਨੂੰਨੀ ਤੌਰ 'ਤੇ ਤਰਕਹੀਣ ਹੈ।

**ਪੰਜਾਬ ਦੇ ਲੋਕ ਕਿਉਂ ਦਿਖਾ ਰਹੇ ਨੇ ਫ਼ਿਲਮ ਅਤੇ ਲੋਕ ਇਸ ਦੇ ਹੱਕ ਵਿੱਚ ਕਿਉਂ ਹਨ ?**-ਓ.ਟੀ.ਟੀ. ਪਲੇਟਫਾਰਮ ਤੋਂ ਫ਼ਿਲਮ ਹਟਾਏ ਜਾਣ ਤੋਂ ਬਾਅਦ ਪੰਜਾਬ ਦੇ ਲੋਕਾਂ ਨੇ ਇਸ ਨੂੰ ਇੱਕ ਚੁਣੌਤੀ ਵਜੋਂ ਲਿਆ ਹੈ। ਪੰਜਾਬ ਦੇ 400 ਤੋਂ ਵੱਧ ਪਿੰਡਾਂ ਅਤੇ ਕਸਬਿਆਂ ਵਿੱਚ ਇਸ ਦੀ 'ਸਮੂਹਿਕ ਸਕਰੀਨਿੰਗ' ਕੀਤੀ ਜਾ ਰਹੀ ਹੈ। ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਇਲਾਕਾ ਹੋਵੇ ਜਿੱਥੇ ਉਸ ਦੌਰ ਦਾ ਕੋਈ ਦਰਦ ਨਾ ਰਿਹਾ ਹੋਵੇ। ਲੋਕ ਇਸ ਫ਼ਿਲਮ ਨੂੰ ਇਨਸਾਫ਼ ਦੀ ਆਵਾਜ਼ ਵਜੋਂ ਦੇਖ ਰਹੇ ਹਨ। ਪਿੰਡਾਂ ਦੇ ਗੁਰਦੁਆਰਿਆਂ ਦੇ ਲਾਊਡਸਪੀਕਰਾਂ ਰਾਹੀਂ ਫ਼ਿਲਮ ਦਿਖਾਉਣ ਦੇ ਐਲਾਨ ਕੀਤੇ ਜਾਂਦੇ ਹਨ। ਇੱਥੋਂ ਤੱਕ ਕਿ ਲੋਕਾਂ ਦੇ ਭਾਰੀ ਦਬਾਅ ਕਾਰਨ ਸਿਆਸੀ ਆਗੂਆਂ ਨੂੰ ਵੀ ਪਿੰਡਾਂ ਵਿੱਚ ਫ਼ਿਲਮ ਦਿਖਾਉਣ ਲਈ ਵੈਨਾਂ ਦਾ ਸਹਿਯੋਗ ਕਰਨਾ ਪੈ ਰਿਹਾ ਹੈ।

ਫ਼ਿਲਮ 'ਸਤਲੁਜ' ਦੇ ਵਿਵਾਦ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਡਿਜੀਟਲ ਯੁੱਗ ਵਿੱਚ ਸੰਵਿਧਾਨ ਦੀ ਧਾਰਾ 19(1)(ਏ) ਤਹਿਤ ਮਿਲੀ ਪ੍ਰਗਟਾਵੇ ਦੀ ਆਜ਼ਾਦੀ ਅਤੇ ਇਤਿਹਾਸ ਦੇ ਸੱਚ ਨੂੰ ਪਾਬੰਦੀਆਂ ਦੇ ਜ਼ੋਰ ਨਾਲ ਦਬਾਇਆ ਨਹੀਂ ਜਾ ਸਕਦਾ। ਇਤਿਹਾਸ ਤੋਂ ਮੂੰਹ ਮੋੜਨ ਦੀ ਬਜਾਏ ਉਸ ਦਾ ਇਮਾਨਦਾਰੀ ਨਾਲ ਸਾਹਮਣਾ ਕਰਨਾ ਹੀ ਇੱਕ ਮਜ਼ਬੂਤ ਅਤੇ ਸਿਹਤਮੰਦ ਲੋਕਤੰਤਰ ਦੀ ਅਸਲ ਨਿਸ਼ਾਨੀ ਹੈ।

* * * * * *

# ਜਨਤਾ ਦਾ ਪੈਸਾ ਅਤੇ ਵਿਦੇਸ਼ੀ ਨੇਤਾ ਦਾ ਸਵਾਗਤ

## ✪ ਮੋਦੀ-ਅਲਬਾਨੀਜ਼ ਰੈਲੀ ’ਤੇ ਭੜਕਿਆ ਆਸਟ੍ਰੇਲੀਆਈ ਮੀਡੀਆ; ਪੀਐਮ ’ਤੇ ਲੱਗੇ ਵੋਟ ਬੈਂਕ ਦੀ ਸਿਆਸਤ ਦੇ ਦੋਸ਼ ✪ ਭਾਰਤੀ ਵੋਟ ਬੈਂਕ ਲਈ ਸਰਕਾਰੀ ਖ਼ਜ਼ਾਨਾ ਲੁਟਾਉਣ ਦੇ ਲੱਗੇ ਦੋਸ਼

ਮੇਲਬਰਨ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਸਟ੍ਰੇਲੀਆਈ ਪੀਐਮ ਐਂਥਨੀ ਅਲਬਾਨੀਜ਼ ਦੀ ਸਾਂਝੀ ਰੈਲੀ ਨੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਇਸ ਰੈਲੀ ਵਿੱਚ ਹਜ਼ਾਰਾਂ ਦੀ ਭੀੜ ਇਕੱਠੀ ਹੋਈ ਸੀ। ਇੱਕ ਪਾਸੇ ਇਸ ਨੂੰ ਭਾਰਤੀ ਪ੍ਰਵਾਸੀਆਂ ਦੀ ਵਧ ਰਹੀ ਤਾਕਤ ਵਜੋਂ ਦੇਖਿਆ ਜਾ ਰਿਹਾ ਹੈ। ਦੂਜੇ ਪਾਸੇ, ਆਸਟ੍ਰੇਲੀਆਈ ਮੀਡੀਆ ਇਸ ਦੀ ਤਿੱਖੀ ਆਲੋਚਨਾ ਕਰ ਰਿਹਾ ਹੈ।

ਸਕਾਈ ਨਿਊਜ਼ ਆਸਟ੍ਰੇਲੀਆ ਦੇ ਪੱਤਰਕਾਰ ਜੇਮਜ਼ ਮੋਰੋ ਨੇ ਇਸ ਪ੍ਰੋਗਰਾਮ ’ਤੇ ਵੱਡੇ ਸਵਾਲ ਚੁੱਕੇ ਹਨ। ਉਨ੍ਹਾਂ ਮੁਤਾਬਕ ਇਹ ਭੀੜ ਮਸ਼ਹੂਰ ਗਾਇਕਾ ਟੇਲਰ ਸਵਿਫਟ ਦੇ ਸ਼ੋਅ ਤੋਂ ਵੀ ਜ਼ਿਆਦਾ ਸੀ। ਮੀਡੀਆ ਨੇ ਪੀਐਮ ਅਲਬਾਨੀਜ਼ ਦਾ ਮਜ਼ਾਕ ਵੀ ਉਡਾਇਆ ਹੈ। ਰਿਪੋਰਟਾਂ ਮੁਤਾਬਕ ਅਲਬਾਨੀਜ਼ ਪੀਐਮ ਮੋਦੀ ਨਾਲ ਦਿਖਣ ਲਈ ਬਹੁਤ ਉਤਸ਼ਾਹਿਤ ਸਨ। ਉਹ ਰੈਲੀ ਵਿੱਚ ਮੋਦੀ ਦੀ ਰੱਜ ਕੇ ਤਾਰੀਫ਼ ਕਰ ਰਹੇ ਸਨ ਤੇ ਸੈਲਫੀਆਂ ਲੈ ਰਹੇ ਸਨ। ਪੱਤਰਕਾਰਾਂ ਦਾ ਕਹਿਣਾ ਹੈ ਕਿ ਭਾਰਤੀ ਲੋਕ ਬਹੁਤ ਮਿਹਨਤੀ ਹਨ। ਉਹ ਆਸਟ੍ਰੇਲੀਆ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਪਰ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਦਾ ਆਪਣੇ ਹੀ ਦੇਸ਼ ਵਿੱਚ ਕਿਸੇ ਵਿਦੇਸ਼ੀ ਨੇਤਾ



ਨਾਲ ਮਿਲ ਕੇ ਇਸ ਤਰ੍ਹਾਂ ਦਾ ਪ੍ਰਚਾਰ ਕਰਨਾ ਅਜੀਬ ਤੇ ਗੈਰ ਲੋਕਤੰਤਰੀ ਹੈ

ਸਿਆਸੀ ਵਿਸ਼ਲੇਸ਼ਕਾਂ ਮੁਤਾਬਕ ਪਿਛਲੀਆਂ ਚੋਣਾਂ ਵਿੱਚ 85 ਫੀਸਦੀ ਭਾਰਤੀਆਂ ਨੇ ਅਲਬਾਨੀਜ਼ ਦੀ ‘ਲੇਬਰ ਪਾਰਟੀ’ ਨੂੰ ਵੋਟ ਦਿੱਤੀ ਸੀ। ਵਿਕਟੋਰੀਆ ਸੂਬੇ ਵਿੱਚ ਭਾਰਤੀ ਮੂਲ ਦੇ ਲੋਕ ਸਭ ਤੋਂ ਵੱਧ ਰਹਿੰਦੇ ਹਨ। ਆਲੋਚਕਾਂ ਦਾ ਦੋਸ਼ ਹੈ ਕਿ ਆਉਣ ਵਾਲੀਆਂ ਚੋਣਾਂ ਵਿੱਚ ਇਸੇ ਵੋਟ ਬੈਂਕ ਨੂੰ ਖਿੱਚਣ ਲਈ ਇਹ ਰੈੱਡ ਕਾਰਪੇਟ ਵਿਛਾਇਆ ਗਿਆ ਸੀ। ਇਸ ਸਰਕਾਰੀ ਪ੍ਰੋਗਰਾਮ ਲਈ ਜਨਤਾ ਦੇ ਟੈਕਸ ਦੇ ਪੈਸੇ ਦੀ ਰੱਜ ਕੇ ਵਰਤੋਂ ਕੀਤੀ ਗਈ। ਸਥਾਨਕ ਨਾਗਰਿਕ ਇਸ ਗੱਲੋਂ ਨਾਰਾਜ਼ ਹਨ ਅਤੇ ਕੁਝ ਗਰੁੱਪਾਂ ਨੇ ‘ਆਸਟ੍ਰੇਲੀਆਈ ਲੋਕ ਪਹਿਲਾਂ’ ਦੇ ਨਾਅਰੇ ਲਗਾ ਕੇ ਵਿਰੋਧ ਵੀ ਕੀਤਾ।

ਹੁਣ ਵਿਦੇਸ਼ ਨੀਤੀ ਅਤੇ ਘਰੇਲੂ ਚੋਣਾਂ ਆਪਸ ਵਿੱਚ ਉਲਝ ਚੁੱਕੀਆਂ ਹਨ। ਪਹਿਲਾਂ ਵਿਦੇਸ਼ ਨੀਤੀ ਦਾ ਮਤਲਬ ਸਿਰਫ਼ ਵਪਾਰ ਅਤੇ ਸੁਰੱਖਿਆ ਹੁੰਦਾ ਸੀ। ਪਰ ਅੱਜ ਵਿਦੇਸ਼ੀ ਨੇਤਾਵਾਂ ਦੀ ਵਰਤੋਂ ਆਪਣੇ ਦੇਸ਼ ਦੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਕੀਤੀ ਜਾ ਰਹੀ ਹੈ।

ਦੂਜੇ ਪਾਸੇ, ਪੀਐਮ ਅਲਬਾਨੀਜ਼ ਨੇ ਕਿਹਾ ਕਿ ਆਸਟ੍ਰੇਲੀਆ ਵਿੱਚ ਰਹਿਣ ਵਾਲੇ 10 ਲੱਖ ਤੋਂ ਵੱਧ ਭਾਰਤੀ ਦੋਵਾਂ ਦੇਸ਼ਾਂ ਨੂੰ ਜੋੜਨ ਵਾਲਾ ਇੱਕ ਮਜ਼ਬੂਤ ਪੁਲ ਹਨ। ਇਹ ਪ੍ਰੋਗਰਾਮ ਵੋਟ ਬੈਂਕ ਲਈ ਨਹੀਂ, ਸਗੋਂ ਬਹੁ-ਸੱਭਿਆਚਾਰਕ ਸਮਾਜ ਦਾ ਜਸ਼ਨ ਮਨਾਉਣ ਲਈ ਸੀ। ਸਰਕਾਰ ਨੇ ਸਾਫ਼ ਕੀਤਾ ਕਿ ਭਾਰਤ ਨਾਲ ਰਿਸ਼ਤੇ ਸਿਰਫ਼ ਰੈਲੀਆਂ ਤੱਕ ਸੀਮਤ ਨਹੀਂ ਹਨ। ਇਸ ਦੌਰੇ ਦੌਰਾਨ ਯੂਰੇਨੀਅਮ ਸਪਲਾਈ, ਰੱਖਿਆ ਅਤੇ ਹਿੰਦ-ਪ੍ਰਸ਼ਾਂਤ ਖੇਤਰ ਦੀ ਸੁਰੱਖਿਆ ਲਈ ਅਹਿਮ ਸਮਝੌਤੇ ਹੋਏ ਹਨ। ਮਾਹਿਰਾਂ ਮੁਤਾਬਕ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਭਾਰਤ ਨੂੰ ਨਾਲ ਰੱਖਣਾ ਆਸਟ੍ਰੇਲੀਆ ਦੀ ਲੋੜ ਹੈ।

ਸਿੱਟਾ-ਸਿਆਸੀ ਮਾਹਿਰ ਚੇਤਾਵਨੀ ਦਿੰਦੇ ਹਨ ਕਿ ਵਿਦੇਸ਼ੀ ਵੋਟ ਬੈਂਕ ਦੀ ਸਿਆਸਤ ਨਾਲ ਬਾਹਰਲੇ ਦੇਸ਼ਾਂ ਦੇ ਆਪਸੀ ਝਗੜੇ ਵੀ ਆਸਟ੍ਰੇਲੀਆ ਦੀ ਧਰਤੀ ’ਤੇ ਆ ਸਕਦੇ ਹਨ। ਇਸ ਨਾਲ ਸਥਾਨਕ ਸਮਾਜਿਕ ਤਾਣਾ-ਬਾਣਾ ਵਿਗੜ ਸਕਦਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇੱਕ ਸਿਹਤਮੰਦ ਲੋਕਤੰਤਰ ਵਿੱਚ ਸਰਕਾਰਾਂ ਨੂੰ ਜਵਾਬ ਦੇਣਾ ਹੀ ਪਵੇਗਾ ਕਿ ਅਜਿਹੇ ਸਮਾਗਮ ਦੇਸ਼ ਦੇ ਹਿੱਤ ਵਿੱਚ ਹਨ ਜਾਂ ਸਿਰਫ਼ ਚੋਣਾਂ ਜਿੱਤਣ ਦਾ ਜ਼ਰੀਆ। ਘਰੇਲੂ ਸਿਆਸਤ ਲਈ ਵਿਦੇਸ਼ੀ ਨੇਤਾਵਾਂ ਦੇ ਪ੍ਰਭਾਵ ਦੀ ਵਰਤੋਂ ਕਰਨ ਦੀ ਇੱਕ ਸੀਮਾ ਹੋਣੀ ਚਾਹੀਦੀ ਹੈ, ਨਹੀਂ ਤਾਂ ਦੇਸ਼ ਦੀ ਆਪਣੀ ਸਾਖ ’ਤੇ ਸਵਾਲ ਖੜ੍ਹੇ ਹੋਣ ਲੱਗਦੇ ਹਨ।

# ਕੈਨੇਡਾ ਪਾਵਨ ਬੀੜਾਂ ਭੇਜਣ ਬਾਰੇ ਝੂਠੇ ਪ੍ਰਚਾਰ ਤੋਂ ਸੁਚੇਤ ਰਹੇ ਸੰਗਤ: ਸ਼੍ਰੋਮਣੀ ਕਮੇਟੀ

## ✪ ਕਿਹਾ ਕਿ ਪਾਵਨ ਸਰੂਪਾਂ ਦੇ ਨਾਂ ’ਤੇ ਵਪਾਰ ਦੇ ਦੋਸ਼ ਸਰਾਸਰ ਝੂਠੇ ✪ ਮਰਿਆਦਾ ਸਹਿਤ ਭੇਜੇ ਗਏ ਕੈਨੇਡਾ ਪਾਵਨ ਸਰੂਪ: ਬਲਵਿੰਦਰ ਸਿੰਘ ਕਾਹਲਵਾਂ

ਅੰਮ੍ਰਿਤਸਰ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ (ਬੀੜਾਂ) ਕੈਨੇਡਾ ਭੇਜਣ ਨੂੰ ਲੈ ਕੇ ਸੋਸ਼ਲ ਮੀਡੀਆ ’ਤੇ ਕੀਤੇ ਜਾ ਰਹੇ ਗੁੰਮਰਾਹਕੁੰਨ ਅਤੇ ਨਕਾਰਾਤਮਕ ਪ੍ਰਚਾਰ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਪਾਵਨ ਸਰੂਪਾਂ ਦੇ ਸਬੰਧ ਵਿੱਚ ਵਪਾਰ ਜਾਂ ਆਰਥਿਕ ਲਾਭ ਲੈਣ ਦੇ ਸਾਰੇ ਦੋਸ਼ਾਂ ਨੂੰ ਸਰਾਸਰ ਝੂਠਾ, ਬੇਬੁਨਿਆਦ ਅਤੇ ਨਿੰਦਣਯੋਗ ਕਰਾਰ ਦਿੰਦਿਆਂ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ।

ਕਾਹਲਵਾਂ ਨੇ ਸਪੱਸ਼ਟ ਕੀਤਾ ਕਿ ਕੈਨੇਡਾ ਦੀਆਂ ਸੰਗਤਾਂ ਅਤੇ ਗੁਰਦੁਆਰਾ ਕਮੇਟੀਆਂ ਦੀ ਲੰਮੇ ਸਮੇਂ ਦੀ ਧਾਰਮਿਕ ਲੋੜ ਨੂੰ ਮੁੱਖ ਰੱਖਦਿਆਂ, ਪਾਵਨ ਬੀੜਾਂ ਪੂਰਨ ਗੁਰਮਰਿਆਦਾ ਅਤੇ ਸਤਿਕਾਰ ਸਹਿਤ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕਰਕੇ ਭੇਜੀਆਂ ਗਈਆਂ ਹਨ।

ਇਹ ਸਰੂਪ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਐਸੋਸੀਏਸ਼ਨ, ਸਰੀ (ਬੀ.ਸੀ., ਕੈਨੇਡਾ) ਦੀ ਮੰਗ ’ਤੇ, ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ 28 ਜੁਲਾਈ 2025 ਦੇ ਮਤਾ ਨੰਬਰ 798 ਰਾਹੀਂ ਦਿੱਤੀ ਪ੍ਰਵਾਨਗੀ ਤਹਿਤ ਭੇਜੇ ਗਏ ਹਨ।

ਇਸ ਤੋਂ ਪਹਿਲਾਂ ਵੀ ਪੰਜ ਸਿੰਘ ਸਾਹਿਬਾਨ ਦੇ ਸਾਲ 2009 ਦੇ ਮਤੇ ਦੀ ਰੋਸ਼ਨੀ ਵਿੱਚ ਇੰਗਲੈਂਡ, ਆਸਟਰੇਲੀਆ ਅਤੇ ਬੈਂਕਾਕ ਵਰਗੇ ਦੇਸ਼ਾਂ ਵਿੱਚ ਪਾਵਨ ਸਰੂਪ ਭੇਜੇ ਜਾ ਚੁੱਕੇ ਹਨ।

ਸਰੂਪ ਭੇਜਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਕੈਨੇਡਾ ਜਾ ਕੇ ਉੱਥੋਂ ਦੇ ਪ੍ਰਬੰਧਾਂ ਦਾ ਨਿਰੀਖਣ ਕੀਤਾ ਸੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ’ਤੇ ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ ਨੇ ਵੀ ਸਬੰਧਤ ਗੁਰਦੁਆਰਾ ਸਾਹਿਬ ਪਹੁੰਚ ਕੇ ਮਰਿਆਦਾ ਅਨੁਸਾਰ ਕੀਤੇ ਪ੍ਰਬੰਧਾਂ ’ਤੇ ਪੂਰੀ ਤਸੱਲੀ ਪ੍ਰਗਟਾਈ ਸੀ।

ਸ਼੍ਰੋਮਣੀ ਕਮੇਟੀ ਨੇ ਸਪੱਸ਼ਟ ਕੀਤਾ ਹੈ ਕਿ ਪਾਵਨ ਸਰੂਪ ਬਿਨਾਂ ਕਿਸੇ ਭੇਟਾ ਦੇ ਸੰਗਤਾਂ ਨੂੰ ਦਿੱਤੇ ਜਾ ਰਹੇ ਹਨ। ਕਾਹਲਵਾਂ ਨੇ ਸਮੂਹ ਸੰਗਤ ਨੂੰ ਸੋਸ਼ਲ ਮੀਡੀਆ ਦੀਆਂ ਅਫ਼ਵਾਹਾਂ ਤੋਂ ਸੁਚੇਤ ਰਹਿਣ।

# ਅੰਧਵਿਸ਼ਵਾਸ ਦੇ ਨਾਂ ’ਤੇ ਨੂੰਹ ਦੇ ਵਾਲ ਪੁੱਟੇ ਤੇ ਗਊ-ਮੂਤਰ ਪਿਲਾਇਆ

## ✪ ਊਧਵ ਠਾਕਰੇ ਧੜੇ ਦੇ ਸਾਬਕਾ ਸੰਸਦ ਮੈਂਬਰ ਵਿਨਾਇਕ ਰਾਉਤ ਦੇ ਪਰਿਵਾਰ ’ਤੇ ਨੂੰਹ ਵੱਲੋਂ ਗੰਭੀਰ ਦੋਸ਼, ਮਾਮਲਾ ਦਰਜ



ਮੁੰਬਈ-ਸਾਬਕਾ ਸੰਸਦ ਮੈਂਬਰ ਵਿਨਾਇਕ ਰਾਉਤ ਦੀ ਨੂੰਹ ਗਿਰਿਜਾ ਰਾਉਤ ਨੇ ਆਪਣੇ ਸਹੁਰੇ ਪਰਿਵਾਰ ’ਤੇ ਪਿਛਲੇ 7 ਸਾਲਾਂ ਤੋਂ ਮਾਨਸਿਕ, ਸਰੀਰਕ ਅਤੇ ਭਾਵਨਾਤਮਕ ਸ਼ੋਸ਼ਣ ਕਰਨ ਦੇ ਸਨਸਨੀਖੇਜ਼ ਦੋਸ਼ ਲਗਾਏ ਹਨ। ਸ਼ਿਕਾਇਤ ਮੁਤਾਬਕ, ਪਤੀ ਦੇ ਬਾਂਝਪਨ ਦੇ ਮੁੱਦਿਆਂ ਕਾਰਨ ਸਹੁਰਿਆਂ ਨੇ ਉਸ ਨੂੰ ’ਤਾਂਤਰਿਕਾਂ’ ਕੋਲ ਜਾਣ ਲਈ ਮਜਬੂਰ ਕੀਤਾ। ਅੰਧਵਿਸ਼ਵਾਸ ਦੇ ਨਾਂ ’ਤੇ ਉਸ ਦੇ ਵਾਲ ਪੁੱਟੇ ਗਏ ਅਤੇ ਗਊ-ਮੂਤਰ ਪਿਲਾਇਆ ਗਿਆ।

ਉਸ ਨੇ ਪਤੀ ’ਤੇ ਹਨੀਮੂਨ ਅਤੇ ਆਸਟ੍ਰੇਲੀਆ ਯਾਤਰਾ ਦੌਰਾਨ ਜਿਨਸੀ ਸਬੰਧ ਬਣਾਉਣ ਤੋਂ ਇਨਕਾਰ ਕਰਨ ਅਤੇ ਸਰੀਰਕ ਸ਼ੋਸ਼ਣ ਕਰਨ ਦੇ ਵੀ ਦੋਸ਼ ਲਗਾਏ ਹਨ। ਗਿਰਿਜਾ ਦੀ ਸ਼ਿਕਾਇਤ ’ਤੇ ਪੁਲਿਸ ਨੇ ਵਿਨਾਇਕ ਰਾਉਤ, ਉਨ੍ਹਾਂ ਦੀ ਪਤਨੀ, ਪੁੱਤਰ (ਕਾਰਪੋਰੇਟਰ ਗੀਤੇਸ਼ ਰਾਉਤ) ਅਤੇ ਦੋ ਤਾਂਤਰਿਕਾਂ (ਫਿਰੋਜ਼ ਅਤੇ ਕਾਜ਼ੀ) ਖ਼ਿਲਾਫ਼ ਘਰੇਲੂ ਹਿੰਸਾ ਅਤੇ ਅੰਧਵਿਸ਼ਵਾਸ ਵਿਰੋਧੀ ਕਾਨੂੰਨਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਪੁਲਿਸ ਨੇ ਕਾਰਵਾਈ ਕਰਦੇ ਹੋਏ ਇੱਕ ਤਾਂਤਰਿਕ ਬਾਬਾ ਫਿਰੋਜ਼ ਸ਼ੇਖ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਸਾਬਕਾ ਸੰਸਦ ਮੈਂਬਰ ਵਿਨਾਇਕ ਰਾਉਤ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਤਲਾਕ ਦੇ ਵਿਵਾਦ ਨਾਲ ਜੁੜੀ ਇੱਕ ਸਾਜ਼ਿਸ਼ ਹੈ। ਉਨ੍ਹਾਂ ਮੁਤਾਬਕ ਗਿਰਿਜਾ ਨੇ 12 ਕਰੋੜ ਰੁਪਏ, ਇੱਕ 3-ਬੈੱਡਰੂਮ ਫਲੈਟ ਅਤੇ ਕਾਰ ਦੀ ਗੁਜ਼ਾਰਾ ਭੱਤੇ ਵਜੋਂ ਮੰਗ ਕੀਤੀ ਸੀ, ਜਿਸ ਵਿੱਚ ਅਸਫਲ ਰਹਿਣ ਤੋਂ ਬਾਅਦ ਉਸ ਨੇ ਇਹ ਰਣਨੀਤੀ ਅਪਣਾਈ ਹੈ। ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਲੜੀਵਾਰ ਨਾਵਲ

ਲੇਖਕ
ਗੁਰਨਾਮ ਬਾਵਾ
ਮ +91 83073 6430



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-16

# ਬੰਦੂਕ ਤੋਂ ਕਲਮ ਤੱਕ

**ਸੋਨੂੰ ਨੇ ਠਰੰਮੇ ਨਾਲ ਜਵਾਬ ਦਿੱਤਾ, ਚੋਰ ਸਿਪਾਹੀ ਦੀ ਇਹ ਖੇਡ ਕਿੰਨੀ ਕੁ ਦੇਰ ਖੇਡੀ ਜਾਵਾਂਗਾ ? ਜੇਕਰ ਮੈਂ ਆਪ ਪੇਸ਼ ਹੁੰਦਾ ਹਾਂ ਤਾਂ ਸ਼ਾਇਦ ਥੋੜ੍ਹੀ ਬਹੁਤ ਸਜ਼ਾ ਕੱਟ ਕੇ ਅਗਲੀ ਬਚੀ ਜ਼ਿੰਦਗੀ ਤਾਂ ਆਜ਼ਾਦ ਹਵਾ ਵਿੱਚ ਖੁੱਲ੍ਹ ਕੇ ਸਾਹ ਲਵਾਂਗਾ । ਕੁਲਵਿੰਦਰ ਨੇ ਇਹ ਕਹਿ ਕੇ ਗੱਲ ਮੁਕਾ ਦਿੱਤੀ, ਚੱਲ ਠੀਕ ਹੈ, ਕਰਦੇ ਆਂ ਕੋਈ ਹੱਲ, ਹੁਣ ਰੋਟੀ ਖਾ ਕੇ ਆਰਾਮ ਕਰਦੇ ਆਂ, ਮੈਂ ਸਵੇਰੇ ਜਲਦੀ ਜਲੰਧਰ ਜਾਣਾ ਹੈ, ਉਥੇ ਕੋਈ ਜ਼ਰੂਰੀ ਕੰਮ ਹੈ । ਹਾਂ, ਦੂਜੀ ਗੱਲ, ਸਵੇਰੇ ਜਾ ਕੇ ਸ਼ੇਵ ਕਰਵਾ ਕੇ ਆਈਂ, ਆ ਕੀ ਹੁਲੀਆ ਬਣਾ ਰੱਖਿਆ ਹੈ।**

## ਭਾਗ 18

ਸੋਨੂੰ ਜਦ ਅੱਜ ਟਰਾਂਸਪੋਰਟ ਵੱਲ ਸੀਮਾ ਤੋਂ ਚੋਰੀ ਜਾ ਰਿਹਾ ਸੀ ਤਾਂ ਰਾਹ ਵਿੱਚ ਇਕ ਚਾਹ ਦਾ ਖੋਖਾ ਆਇਆ ਤਾਂ ਉਥੇ ਰੁੱਕ ਗਿਆ। ਉਸ ਨੂੰ ਕੁਝ ਨਹੀਂ ਸੁੱਝ ਰਿਹਾ ਸੀ ਕਿ ਕਿੱਧਰ ਜਾਵੇ, ਐਥੇ ਕੋਈ ਹੋਰ ਜਾਣਕਾਰ ਵੀ ਨਹੀਂ। ਚਾਹ ਦਾ ਕੱਪ ਹੱਥ ਵਿੱਚ ਫੜੀ, ਉਸ ਦਾ ਦਿਮਾਗ ਪਤਾ ਨਹੀਂ ਕੀ-ਕੀ ਸੋਚੀ ਜਾ ਰਿਹਾ ਸੀ। ਪਹਿਲਾਂ ਉਸ ਦੇ ਦਿਮਾਗ ਵਿੱਚ ਆਈ ਕਿ ਕਿਉਂ ਨਾ ਕੁਲਵਿੰਦਰ ਦੀ ਭੈਣ ਘਰ ਜਾ ਕੇ ਸਰਦਾਰ ਜੀ ਨੂੰ ਆਪਣੀ ਸਾਰੀ ਮਜਬੂਰੀ ਦੱਸ ਕੇ ਕਹਾਂ, ਮੇਰਾ ਕਿਸੇ ਹੋਰ ਸ਼ਹਿਰ ਵਿੱਚ ਰਹਿਣ ਦਾ ਪ੍ਰਬੰਧ ਕਰ ਦਿਉ। ਫਿਰ ਦਿਮਾਗ ਵਿੱਚ ਆਇਆ ਵਾਪਿਸ ਪੰਜਾਬ ਚਲਾ ਜਾਵਾਂ, ਪਰ ਉਥੇ ਜਾ ਕੇ ਕੀ ਕਰਾਂਗਾ, ਪੁਲਸ ਨੇ ਫੜ ਲਿਆ ਤਾਂ... ਫਿਰ ਸੋਚਣ ਲੱਗ ਪਿਆ, ਫੜ ਲੈਣਗੇ ਤਾਂ ਫੜ ਲੈਣ, ਕੀ ਕਰਨਗੇ ? ਮਾਰ ਹੀ ਦੇਣਗੇ, ਮਾਰ ਦੇਣ! ਜੀਅ ਕੇ ਵੀ ਕੀ ਕਰਨਾ ਹੈ ? ਸਾਰੀਆਂ ਸੋਚਾਂ ਵਿੱਚ ਇਹ ਸੋਚ ਹਾਵੀ ਹੋ ਕੇ ਤੰਗ ਕਰਨ ਲੱਗ ਪਈ, ਵਾਪਿਸ ਚੱਲ, ਚਾਹ ਦਾ ਅਖ਼ੀਰੀ ਘੁੱਟ ਭਰ ਕੇ, ਸੋਨੂੰ ਨੇ ਚਾਹ ਵਾਲੇ ਨੂੰ ਪੁੱਛਿਆ, ਦਾਦਾ! ਰੇਲਵੇ ਸਟੇਸ਼ਨ ਜਾਣਾ ਹੈ, ਕੈਸੇ ਜਾਊਂ ?

ਚਾਹ ਵਾਲੇ ਨੇ ਪੁੱਛਿਆ, ਆਪ ਕੋ ਜਾਣਾ ਕਹਾਂ ਹੈ ?

ਸੋਨੂੰ ਨੇ ਕਿਹਾ, ਪੰਜਾਬ, ਲੁਧਿਆਣਾ ਜਾਣਾ ਹੈ।

ਚਾਹ ਵਾਲੇ ਕੋਲ ਇਕ ਟੈਕਸੀ ਵਾਲਾ ਪੰਜਾਬੀ ਡਰਾਈਵਰ ਬੈਠਾ ਸੀ। ਉਹ ਦੋਵਾਂ ਦੀ ਗੱਲਬਾਤ ਸੁਣ ਕੇ ਬੋਲਿਆ, ਭਾਈ ਸਾਹਿਬ, ਹਾਵੜਾ ਸਟੇਸ਼ਨ ਤੋਂ ਸਵੇਰੇ ਸੱਤ ਵਜੇ ਗੱਡੀ ਜਾਏਗੀ, ਹਾਲੇ ਤਾਂ ਪੰਜ ਵੱਜੇ ਹਨ, ਜਾਣਾ ਤੇ ਦੱਸੋ, ਛੱਡ ਆਉਂਦਾ ਹਾਂ, ਦੋ ਸੋ ਰੁਪਏ ਕਿਰਾਇਆ ਲੱਗੂ।

ਸੋਨੂੰ ਨੇ ਬਿਨਾਂ ਸੋਚਿਆਂ ਕਿਹਾ, ਚਲੋ ਜੀ, ਪਰ ਟਿਕਟ ਵੀ ਲੈ ਦਿਉਗੇ ?

ਟੈਕਸੀ ਵਾਲੇ ਨੇ ਸਿਰ ਖੁਰਕ ਕੇ ਪੁੱਛਿਆ, ਕੀ ਗੱਲ ਪੈਸੇ ਹੈ ਨਹੀਂ ਤੁਹਾਡੇ ਕੋਲ ?

ਸੋਨੂੰ ਨੇ ਹੱਸ ਕੇ ਕਿਹਾ, ਭਾਈ ਜੀ ਪੈਸੇ ਹੈਗੇ ਨੇ, ਪਰ ਟਿਕਟ ਕਿੱਥੋਂ ਮਿਲੂ, ਮੈਨੂੰ ਉਸ ਦਾ ਨਹੀਂ ਪਤਾ।

ਡਰਾਈਵਰ ਨੇ ਵੀ ਹੱਸਦੇ ਹੋਏ ਕਿਹਾ, ਬੈਠੋ ਜੀ, ਚੱਲੀਏ।

ਡਰਾਈਵਰ ਨੇ ਸਟੇਸ਼ਨ 'ਤੇ ਛੱਡ ਕੇ ਟਿਕਟ ਵੀ ਲੈ ਦਿੱਤੀ, ਜਿਸ ਪਲੇਟਫਾਰਮ ਤੋਂ ਗੱਡੀ ਚੱਲਣੀ ਸੀ, ਉਸ 'ਤੇ ਛੱਡ ਕੇ ਚਲਾ ਗਿਆ। ਸੋਨੂੰ ਨੇ ਐਨਾ ਵੱਡਾ ਸਟੇਸ਼ਨ ਜਿਸ ਦੇ ਪਲੇਟਫਾਰਮ ਤੱਕ ਕਾਰਾਂ ਜਾਂਦੀਆਂ ਸਨ, ਪਹਿਲੀ ਵਾਰ ਦੇਖਿਆ ਸੀ। ਸਾਢੇ ਛੇ ਕੁ ਵਜੇ ਗੱਡੀ ਪਲੇਟਫਾਰਮ 'ਤੇ ਆ ਲੱਗੀ, ਸਵਾਰੀਆਂ ਪਤਾ ਨਹੀਂ ਕਿੱਥੋਂ ਆ ਕੇ, ਸ਼ਹਿਦ ਵਾਲੀਆਂ ਮੱਖੀਆਂ ਵਾਂਗ ਰੇਲ ਦੇ ਡੱਬਿਆਂ ਨੂੰ ਆ ਚੁੰਬੜੀਆਂ। ਸੋਨੂੰ ਵੀ ਧੱਕਾ-ਮੁੱਕੀ ਕਰ ਡੱਬੇ ਅੰਦਰ ਵੜ ਗਿਆ ਤੇ ਇਕ ਖ਼ਾਲੀ ਸੀਟ ਦੇਖ ਉਸ 'ਤੇ ਬੈਠ ਗਿਆ। ਗੱਡੀ ਚੱਲ ਪਈ। ਥੋੜ੍ਹੀ ਦੇਰ ਬਾਅਦ ਟੀ.ਟੀ. ਆ ਗਿਆ, ਉਸ ਨੇ ਟਿਕਟ ਮੰਗੀ ਸੋਨੂੰ ਨੇ ਕੱਢ ਕੇ ਦਿਖਾਈ ਤਾਂ ਟੀ.ਟੀ. ਨੇ ਕਿਹਾ, ਦਾਦਾ ਯੇਹ ਟਿਕਟ ਤੋ ਜਰਨਲ ਡੱਬੇ ਕੀ ਹੈ, ਇਸ ਮੇਂ ਜਾਣਾ ਹੈ ਤਾਂ ਪਾਂਚ ਸੋ ਰੁਪਏ ਜੁਰਮਾਨਾ ਦਿਉ।

ਸੋਨੂੰ ਨੇ ਬਿਨਾਂ ਬਹਿਸ ਕੀਤਿਆਂ, ਪੈਸੇ ਦਿੰਦੇ ਕਿਹਾ, ਦਾਦਾ, ਸੀਟ ਤੋਂ ਨਹੀਂ ਖ਼ਾਲੀ ਕਰਨੀ ਪੜੇਗੀ ?

ਟੀ.ਟੀ. ਨੇ ਚਾਰਟ ਦੇਖ ਕੇ ਕਿਹਾ, ਹਾਂ, ਆਪ ਯਹੀਂ ਪਰ ਬੈਠੇ ਰਹੋ। ਟੀ.ਟੀ. ਪਰਚੀ ਕੱਟ ਕੇ ਦੇ ਗਿਆ।

ਦੂਜੇ ਪਾਸੇ ਅੱਠ ਕੁ ਵਜੇ ਜਦ ਸੀਮਾ, ਬੀਜੀ ਦੇ ਕਹਿਣ 'ਤੇ ਸੋਨੂੰ ਦੇ ਕਮਰੇ ਵਿੱਚ ਗਈ ਤਾਂ ਦੇਖ ਕੇ ਹੈਰਾਨ ਰਹਿ ਗਈ। ਸੋਨੂੰ ਆਪਣੇ ਕਮਰੇ ਵਿੱਚ ਨਹੀਂ ਸੀ। ਸੀਮਾ ਨੇ ਬਾਥਰੂਮ ਵਿੱਚ ਵੀ ਦੇਖਿਆ ਪਰ ਉਸ ਦਾ ਬੂਹਾ ਵੀ ਖੁੱਲ੍ਹਾ ਸੀ।

ਉਸ ਨੇ ਪ੍ਰੇਸ਼ਾਨ ਹੋਈ ਨੇ ਹੇਠਾਂ ਆ ਕੇ ਦੱਸਿਆ, ਬੀਜੀ ਲੱਗਦਾ, ਉਹ ਅੱਜ ਜਲਦੀ ਬਿਨਾਂ ਦੱਸੇ ਚਲਾ ਗਿਆ।

ਸੀਮਾ ਨੇ ਅਣਮੰਨੇ ਜਿਹੇ ਮਨ ਨਾਲ ਬੀਜੀ ਤੇ ਭਾਪਾ ਜੀ ਦੀ ਇੱਜ਼ਤ ਬਾਰੇ ਸੋਚ ਕੇ, ਰਾਮ ਲਾਲ ਨਾਲ ਰਿਸ਼ਤਾ ਕਰਨ ਨੂੰ ਹਾਂ ਕਰ ਦਿੱਤੀ ਸੀ।

ਸੋਨੂੰ ਜਦ ਦੁਪਹਿਰ ਤੱਕ ਟਰਾਂਸਪੋਰਟ ਨਹੀਂ ਪੁੱਜਿਆ ਤਾਂ ਸਰਦਾਰ ਜੀ ਨੇ ਚੈਟਰਜੀ ਨੂੰ ਪੁੱਛਿਆ, ਕਿਆ ਬਾਤ ਅੱਜ ਸੋਨੂੰ ਨਹੀਂ ਆਇਆ ? ਉਸ ਨੇ ਕਿਹਾ, ਨਹੀਂ ਜੀ।

ਜਦ ਸ਼ਾਮ ਤੱਕ ਵੀ ਸੋਨੂੰ ਦਾ ਕੁਝ ਨਹੀਂ ਪਤਾ ਲੱਗਾ, ਦੂਜੇ ਪਾਸਿਉਂ ਬੀਜੀ ਦਾ ਫੋਨ ਮੇਹਸ਼ੀ ਨੂੰ ਆਇਆ ਸੀ ਕਿ ਸੋਨੂੰ ਨੂੰ ਘਰ ਆਉਣ ਦਾ ਸੁਨੇਹਾ ਦੇ ਦੇਵੇ, ਤਾਂ ਮੇਹਸ਼ੀ ਵੀ ਸੁਨੇਹਾ ਦੇਣ ਆਇਆ। ਉਸ ਨੂੰ ਪਤਾ ਲੱਗਾ ਕਿ ਸੋਨੂੰ ਅੱਜ ਟਰਾਂਸਪੋਰਟ 'ਤੇ ਵੀ ਨਹੀਂ ਆਇਆ ਤਾਂ ਉਹ ਸਰਦਾਰ ਜੀ ਨੂੰ ਦੱਸ ਗਿਆ ਕਿ ਸੋਨੂੰ ਘਰ ਵੀ ਨਹੀਂ ਹੈ। ਉਸ ਦੇ ਜਾਣ ਪਿੱਛੋਂ ਸਰਦਾਰ ਜੀ ਨੂੰ ਵੀ ਫ਼ਿਕਰ ਹੋ ਗਿਆ, ਐਥੇ ਵੀ ਨਹੀਂ ਆਇਆ ਤਾਂ ਗਿਆ ਕਿੱਥੇ ? ਸਰਦਾਰ ਜੀ ਨੇ ਕੁਝ ਸੋਚ ਕੇ ਕੁਲਵਿੰਦਰ ਨੂੰ ਟੈਲੀਫ਼ੋਨ ਕਰ ਕੇ ਦੱਸ ਦਿੱਤਾ, ਤੇਰਾ ਦੋਸਤ ਬਿਨਾਂ ਦੱਸੇ ਪਤਾ ਨਹੀਂ ਕਿੱਥੇ ਚਲਾ ਗਿਆ ? ਇਹ ਖ਼ਬਰ ਸੁਣ ਕੇ ਕੁਲਵਿੰਦਰ ਵੀ ਸੋਚਾਂ ਵਿੱਚ ਪੈ ਗਿਆ ਪਰ ਹੁਣ ਉਹ ਕਰ ਕੀ ਸਕਦਾ ਸੀ।

## ਭਾਗ 19

ਕੋਈ ਦੋ ਰਾਤਾਂ ਬਾਅਦ ਤੀਜੇ ਦਿਨ ਸੋਨੂੰ ਲੁਧਿਆਣਾ ਰੇਲਵੇ ਸਟੇਸ਼ਨ 'ਤੇ ਉਤਰ ਗਿਆ। ਉਸ ਦੀ ਦਾਹੜੀ ਤੇ ਸਿਰ ਦੇ ਵਾਲ ਥੋੜ੍ਹੇ-ਥੋੜ੍ਹੇ ਵਧੇ ਹੋਏ ਸਨ। ਉਹ ਜਦ ਰੇਲਵੇ ਸਟੇਸ਼ਨ ਤੋਂ ਬਾਹਰ ਨਿਕਲਿਆ ਤਾਂ ਉਸੇ ਤਰ੍ਹਾਂ ਹੀ ਆਪਣੇ ਆਪ ਨੂੰ ਓਪਰੀਆਂ ਅੱਖਾਂ ਤੋਂ ਬਚਦਾ-ਬਚਾਉਂਦਾ ਸਮਰਾਲਾ ਚੌਂਕ ਦਾ ਆਟੋ ਰਿਕਸ਼ਾ ਫੜ, ਚੱਲ ਪਿਆ। ਉਥੇ ਉਤਰ ਕੇ ਸੋਨੂੰ ਦੂਜਾ ਆਟੋ ਲੈ ਕੇ ਕੁਲਵਿੰਦਰ ਦੇ ਫਲੈਟ ਵਿੱਚ ਚਲਾ ਗਿਆ।

ਜਦ ਸੋਨੂੰ ਨੇ ਉਸ ਦਾ ਦਰਵਾਜ਼ਾ ਖੜਕਾਇਆ ਤਾਂ ਉਹੀ ਬਹਾਦਰ ਨੇ ਆ ਦਰਵਾਜ਼ਾ ਖੋਲ੍ਹਿਆ ਤੇ ਉਸ ਨੂੰ ਪਹਿਚਾਣ ਕੇ ਕਿਹਾ, ਭਾਜੀ, ਆਉ ਜੀ, ਕੈਸੇ ਹੋ ਆਪ?

ਸੋਨੂੰ ਨੇ ਅੰਦਰ ਆਉਂਦਿਆਂ ਕਿਹਾ, ਹਾਂ, ਸਭ ਠੀਕ ਹੈ, ਸਰਦਾਰ ਜੀ ਕਹਾਂ ਹੈਂ ?


ਬਹਾਦਰ ਰਸੋਈ ਵਿੱਚ ਜਾ ਪਹਿਲਾਂ ਪਾਣੀ ਦਾ ਗਿਲਾਸ ਲੈ ਆਇਆ। ਪਾਣੀ ਦਾ ਗਿਲਾਸ ਫੜਾਉਂਦਿਆਂ ਬਹਾਦਰ ਨੇ ਕਿਹਾ, ਵੋਹ ਤੋ ਟਰਾਂਸਪੋਰਟ ਪਰ ਚਲੇ ਗਏ ਹੈਂ, ਕਹਿਤੇ ਹੋ ਤੋ ਫ਼ੋਨ ਕਰ ਕੇ ਬੁਲਾ ਲੇਤਾ ਹੂੰ।

ਸੋਨੂੰ ਨੇ ਕਿਹਾ, ਕੋਈ ਬਾਤ ਨਹੀਂ ਰਹਿਣੇ ਦੋ, ਪਰ ਏਕ ਕੱਪ ਚਾਏ ਬਣਾ ਦੋ, ਔਰ ਮੇਰੇ ਕੋ ਆਰਾਮ ਕਰਨਾ ਹੈ।

ਬਹਾਦਰ ਨੇ ਕਿਹਾ, ਆਪ ਆਪਣੇ ਉਸੀ ਕਮਰੇ ਮੇਂ ਆਰਾਮ ਕਰੋ ਜਾ ਕਰ, ਮੈਂ ਚਾਏ ਬਣਾ ਕੇ, ਅਭੀ ਲੇ ਕਰ ਆਤਾ ਹੂੰ।

ਬਹਾਦਰ ਚਾਹ ਦਾ ਕੱਪ ਫੜਾ ਗਿਆ। ਸੋਨੂੰ ਚਾਹ ਪੀ ਕੇ ਲੇਟ ਗਿਆ। ਲੇਟਦਿਆਂ ਹੀ ਉਸ ਨੂੰ ਨੀਂਦ ਨੇ ਘੇਰ ਲਿਆ।

ਸ਼ਾਮ ਨੂੰ ਜਦ ਕੁਲਵਿੰਦਰ ਆਇਆ ਤਾਂ ਸੋਨੂੰ ਸੌਂ ਰਿਹਾ ਸੀ। ਉਸ ਨੂੰ ਆਏ ਨੂੰ




ਬਹਾਦਰ ਨੇ ਪਾਣੀ ਦਾ ਗਿਲਾਸ ਫੜਾਉਂਦਿਆਂ ਕਿਹਾ, ਸਰਦਾਰ ਜੀ ਆਪ ਕਾ ਦੋਸਤ ਆਇਆ ਹੈ, ਅੰਦਰ ਸੌਂ ਰਹਾ ਹੈ।

ਕੁਲਵਿੰਦਰ ਸਮਝ ਤਾਂ ਗਿਆ ਪਰ ਫਿਰ ਵੀ ਪੁਸ਼ਟੀ ਕਰਨ ਲਈ ਉਸ ਨੇ ਬਹਾਦਰ ਨੂੰ ਪੁੱਛਿਆ, ਕੌਣ ਸਾ ਦੋਸਤ ?

ਬਹਾਦਰ ਨੇ ਮੂੰਹ ਜਿਹਾ ਬਣਾ ਕੇ ਕਿਹਾ, ਵਹੀ ਦੋਸਤ, ਜਿਸ ਕੋ ਆਪ ਨੇ ਜੀਜਾ ਜੀ ਕੇ ਪਾਸ ਭੇਜਾ ਥਾ।

ਕੁਲਵਿੰਦਰ ਸੋਚ ਹੀ ਰਿਹਾ ਸੀ। ਇਸ ਨੂੰ ਬੁਲਾ ਕੇ ਪੁੱਛਾਂ, ਇਹ ਵਾਪਿਸ ਕਿਉਂ ਆ ਗਿਆ। ਐਨੀਂ ਦੇਰ ਵਿੱਚ ਸੋਨੂੰ ਆਪ ਹੀ ਉਠ ਕੇ ਬਾਹਰ ਆ ਗਿਆ।

ਸਾਹਮਣੇ ਬੈਠੇ ਕੁਲਵਿੰਦਰ ਨੂੰ ਦੇਖ ਕੇ, ਸੋਨੂੰ ਬੋਲਿਆ, ਆ ਗਿਆ ਦੋਸਤਾ ਮੈਂ ਵਾਪਿਸ! ਪਰ ਮੈਨੂੰ ਮਾਫ਼ ਕਰੀਂ, ਉਥੇ ਸਥਿਤੀ ਹੀ ਏਸ ਤਰ੍ਹਾਂ ਦੀ ਬਣ ਗਈ ਸੀ, ਮੈਂ ਸਰਦਾਰ ਜੀ ਨੂੰ ਵੀ ਨਹੀਂ ਦੱਸ ਕੇ ਆ ਸਕਿਆ।

ਸੋਨੂੰ ਬੋਲ ਕੇ ਚੁੱਪ ਹੋਇਆ ਤਾਂ ਕੁਲਵਿੰਦਰ ਨੇ ਹੱਥ ਮਿਲਾਉਂਦੇ ਕਿਹਾ, ਬੈਠ ਮੇਰੇ ਕੋਲ ਆਰਾਮ ਨਾਲ ਆਪਣੀ ਸਾਰੀ ਕਹਾਣੀ ਦੱਸ, ਐਸਾ ਕੀ ਹੋ ਗਿਆ? ਤੂੰ ਮੈਨੂੰ ਵੀ ਟੈਲੀਫ਼ੋਨ ਤੱਕ ਨਹੀਂ ਕੀਤਾ।

ਸੋਨੂੰ ਨੇ ਸਾਰੀ ਕਹਾਣੀ ਵਿਸਥਾਰ ਨਾਲ ਦੱਸ ਕੇ ਕੁਲਵਿੰਦਰ ਨੂੰ ਸਵਾਲ ਕੀਤਾ, ਤੂੰ ਦੱਸ! ਜੇਕਰ ਤੂੰ ਮੇਰੀ ਥਾਂ ਹੁੰਦਾ ਤਾਂ ਕੀ ਕਰਦਾ ?

ਕੁਲਵਿੰਦਰ ਚੁੱਪ ਹੋ ਗਿਆ ਤੇ ਕੁਝ ਸੋਚ ਕੇ ਬੋਲਿਆ, ਹੁਣ ਕੀ ਕਰੇਂਗਾ ? ਐਥੇ ਤਾਂ ਤੇਰਾ ਰਹਿਣਾ ਬੜਾ ਔਖਾ ਹੋ ਜਾਣਾ ਹੈ।

ਸੋਨੂੰ ਨੇ ਬੜੇ ਸਹਿਜ ਨਾਲ ਜਵਾਬ ਦੇਂਦੇ ਕਿਹਾ, ਮੈਂ ਮਨ ਬਣਾ ਕੇ ਆਇਆਂ, ਹੁਣ ਮੈਂ ਪੁਲਸ ਕੋਲ ਆਪ ਹੀ ਪੇਸ਼ ਹੋ ਜਾਣਾ ਹੈ।

ਉਸ ਦੀ ਇਹ ਗੱਲ ਸੁਣਕੇ ਕੁਲਵਿੰਦਰ ਇਕ ਵਾਰ ਤਾਂ ਹਿੱਲ ਗਿਆ, ਫਿਰ ਕੁਝ ਸੋਚ ਕੇ ਬੋਲਿਆ, ਲੱਗਦਾ, ਸੀਮਾ ਨੂੰ ਛੱਡ ਕੇ ਆਉਣ ਦਾ ਝਟਕਾ ਤੈਨੂੰ ਕੁਝ ਜ਼ਿਆਦਾ ਹੀ ਲੱਗਾ ਹੈ!

ਸੋਨੂੰ ਨੇ ਉਸ ਦਾ ਹੱਥ ਘੁੱਟ ਕੇ ਕਿਹਾ, ਹਾਂ, ਯਾਰ ਇਸ ਰਾਹ 'ਤੇ ਚੱਲਦਿਆਂ ਮੈਂ ਬਹੁਤ ਕੁਝ ਗਵਾਇਆ ਹੈ। ਜੱਸੇ ਪੱਪੀ ਵਰਗੇ ਭਰਾਵਾਂ ਵਰਗੇ ਯਾਰ, ਮਾਂ-ਬਾਪ -

ਬਾਕੀ ਹਿਸਾ ਅਗਲੇ ਸਫ਼ੇ 26 ਤੇ ਪੜ੍ਹੋ

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ !
-ਸੰਪਾਦਕ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 33'ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

### 722. ਝੂਠ ਕੀ ਹੈ?

ਸਤਿਗੁਰੂ ਅਮਰ ਦਾਸ ਜੀ ਬਚਨ ਕਰਦੇ ਹਨ ਕਿ ਜਿੱਥੋਂ ਤੱਕ ਵੱਸ ਚੱਲੇ ਝੂਠੀ ਸ਼ਰਾਬ ਬਿਲਕੁਲ ਨਹੀਂ ਪੀਣੀ ਚਾਹੀਦੀ; ਜਿਸਦੇ ਪੀਣ ਨਾਲ਼ ਮਾਲਕ ਪ੍ਰਭੂ ਭੁੱਲ ਜਾਂਦਾ ਹੈ ਤੇ ਪ੍ਰਭੂ ਦੀ ਦਰਗਹ ਵਿਚ ਸਜ਼ਾ ਮਿਲਦੀ ਹੈ । "ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ ਅੰਗ 554" । ਰਾਜ ਤੇ ਸੁਹੱਪਣ ਚਾਰ ਦਿਨ ਰਹਿਣ ਵਾਲ਼ੇ ਹਨ ਤੇ ਝੂਠੇ ਹਨ । "ਰਾਜੁ ਰੂਪੁ ਝੂਠਾ ਦਿਨ ਚਾਰਿ॥ ਅੰਗ 796" । ਰਾਜ, ਮਾਲ, ਸਭ ਮਾਇਆ ਝੂਠੀ ਹੈ । "ਰਾਜੁ ਮਾਲੁ ਝੂਠੀ ਸਭ ਮਾਇਆ । ਅੰਗ 1155" । ਇਸ ਝੂਠੀ ਮਾਇਆ ਕਾਰਨ ਅਣਗਿਣਤ ਆਦਮੀ ਮਾਇਆ ਮੋਹ ਵਿਚ ਸੁੱਤੇ ਪਏ ਹਨ । "ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥ ਅੰਗ 1425" । ਝੂਠੀ ਦੁਨੀਆਂ ਲੋਭ ਵਿਚ ਖਚਿਤ ਹੈ । "ਲੋਭਿ ਵਿਆਪੀ ਝੂਠੀ ਦੁਨੀਆ ॥ ਅੰਗ 1004" । ਮਾਇਆ ਨਾਲ ਸੰਬੰਧਿਤ ਲੋਭ, ਹੰਕਾਰ ਆਦਿ, ਸਭ ਝੂਠੇ ਹਨ ਤੇ ਇਹਨਾਂ ਕਰਕੇ ਆਦਮੀ ਆਪਣਾ ਜਨਮ ਬਿਰਥਾ ਗੁਆ ਲੈਂਦਾ ਹੈ । "ਅੰਤਰਿ ਲੋਭੁ ਝੂਠੁ ਅਭਿਮਾਨੁ ॥ ਅੰਗ 832" । ਅਤੇ, "ਝੂਠੇ ਲਾਲਚ ਜਨਮ ਗਵਾਇਆ ॥ ਅੰਗ 1342" । ਜਗਤ ਦੇ ਹਿਤ (ਮੋਹ) ਤੇ ਦੁਰਮਤਿ ਦੀ ਚਤੁਰਾਈ ਝੂਠੀ ਹੈ । "ਝੂਠੀ ਜਗ ਹਿਤ ਕੀ ਚਤੁਰਾਈ॥ ਅੰਗ 1041" । ਅਤੇ, ਝੂਠੀ ਦੁਰਮਤਿ ਕੀ ਚਤੁਰਾਈ ॥ ਅੰਗ 1345"। "ਚਉਂਕੇ (ਖਾਣ ਦੇ ਸਥਾਨ) ਝੂਠੇ ਹਨ, ਇਕ ਪ੍ਰਭੂ ਹੀ ਸਚਾ ਹੈ! "ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ॥1॥ ਅੰਗ 1090" । ਦੁਨੀਆਂ ਦਾ ਮਾਣ ਝੂਠਾ ਹੀ ਝੂਠਾ ਹੈ । "ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥1॥ ਰਹਾਉ ॥ ਅੰਗ 1138" । ਇਕ ਪ੍ਰਭੂ ਤੋਂ ਬਿਨਾ ਹੋਰ ਸਭ ਸੇਵਾ ਝੂਠੀ ਹੈ । "ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ॥1॥ ਰਹਾਉ ॥ ਅੰਗ 1166" ।

ਮਨਮੁਖ ਦੀ ਮਤਿ ਨੀਂਵੀਂ, ਹੋਛੀ ਤੇ ਝੂਠੀ ਹੁੰਦੀ ਹੈ ਤੇ ਉਸਦੇ ਮਨ, ਤਨ ਤੇ ਸਰੀਰ ਵਿਚ ਪੀੜਾ ਹੁੰਦੀ ਹੈ । "ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥ ਅੰਗ 1197" । ਚੰਡਾਲ ਦਾ (ਤੀਰਥ) ਇਸ਼ਨਾਨ ਝੂਠਾ ਹੈ ਤੇ ਫੋਕਾ ਹੈ ਉਸਦਾ ਸੁੰਦਰ ਸ਼ਿੰਗਾਰ । "ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥2॥ ਅੰਗ 1343"। (ਮਨਮੁਖ ਦੇ) ਮਨ ਦੀ ਮਤਿ ਝੂਠੀ ਹੁੰਦੀ ਹੈ ਤੇ ਉਸਦੀ ਕਰਨੀ ਬਹਿਸ ਮੁਬਾਸੇ/ਝਗੜੇ ਵਾਲ਼ੀ ਹੁੰਦੀ ਹੈ । "ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ ਅੰਗ 1343" ।

ਸੱਚੇ ਪ੍ਰਭੂ ਨੂੰ ਛੱਡ ਕੇ ਝੂਠੀ ਮਾਇਆ ਨਾਲ ਲੱਗਿਆਂ (ਦੁਰਲੱਭ ਮਨੁੱਖਾ) ਜਨਮ ਵਿਅਰਥ ਜਾਂਦਾ ਹੈ । "ਸਾਚ ਛਾਡਿ ਕੈ ਝੂਠਹਿ ਲਾਗਿਓ ਜਨਮੁ ਅਕਾਰਥੁ ਖੋਇਓ॥ ਅੰਗ 633" । ਇਸ ਕਰਕੇ ਗੁਰੂ ਦਾ ਪੱਲਾ ਪਕੜੋ । (ਗੁਰੂ ਕਿਰਪਾ ਨਾਲ) ਛਲ ਕਰਨ ਵਾਲੀ ਸਪਣੀ (ਮਾਇਆ) ਨਾਲੋਂ ਮੇਰਾ ਮੋਹ ਟੁੱਟ ਗਿਆ ਹੈ । ਗੁਰੂ ਨੇ ਦੱਸਿਆ ਹੈ ਕਿ ਇਹ (ਮਾਇਆ) ਝੂਠੀ ਤੇ ਠਗਣ ਵਾਲ਼ੀ ਹੈ। "ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ ਗੁਰਿ ਕਹਿਆ ਇਹ ਝੂਠੀ ਧੋਹੀ ਅੰਗ 1347" । ਸਤਿਗੁਰੂ ਜੀ ਦਾ ਸੁੰਦਰ ਉਪਦੇਸ਼ ਹੈ ਕਿ ਹੇ ਭਾਈ! ਸਰਬ ਵਿਆਪਕ ਪ੍ਰਭੂ ਦਾ ਵਾਰ ਵਾਰ ਸਿਮਰਨ ਕਰ, ਇਹੀ ਤੇਰੇ ਕੰਮ ਆਉਣ ਵਾਲ਼ਾ ਹੈ । ਹੇ ਭਾਈ! ਮਾਇਆ ਦਾ ਸਾਥ ਛੱਡ ਅਤੇ ਪ੍ਰਭੂ ਦੀ ਸ਼ਰਨ 'ਚ ਲੱਗਿਆ ਰਹੁ । "ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥ ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥ ਅੰਗ 1352" ।

### 723. ਝੂਠਾ ਕੌਣ ਹੈ?

ਉਹ ਝੂਠਾ ਹੈ ਜੋ ਝੂਠੀ ਮਾਇਆ ਨਾਲ਼ ਲੱਗਿਆ ਹੋਇਆ ਹੈ ਤੇ ਝੂਠੇ ਕਰਮ ਕਮਾਉਂਦਾ ਹੈ । "ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ ॥ ਅੰਗ 490" । ਝੂਠੇ ਦੀ ਪ੍ਰੀਤ ਵੀ ਝੂਠੀ ਹੁੰਦੀ ਹੈ । "ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ ॥1॥ ਰਹਾਉ ॥ ਅੰਗ 535" । ਝੂਠੇ ਦੀ ਕੋਈ ਇੱਜ਼ਤ ਤੇ ਨਾਮਣਾ ਨਹੀਂ ਹੁੰਦਾ । "ਝੂਠੇ ਕਉ ਨਾਹੀ ਪਤਿ ਨਾਉ ॥ ਅੰਗ 839" । ਕਬੀਰ ਜੀ ਫੁਰਮਾਉਂਦੇ ਹਨ ਕਿ ਸਰਬ ਵਿਆਪਕ ਪ੍ਰਭੂ ਦੀ ਪਰਖਣ ਵਾਲ਼ੀ ਕਸਵੱਟੀ ਤੇ ਕੋਈ ਝੂਠਾ ਨਹੀਂ ਟਿਕਦਾ; ਭਾਵ ਪਰਖ ਵਿਚ ਪੂਰਾ ਨਹੀਂ ਉਤਰਦਾ । "ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ ਅੰਗ 948 ਅਤੇ 1366" । ਝੂਠੇ ਬੰਦੇ ਅੰਦਰ ਹਉਮੈ ਅਹੰਕਾਰ ਹੁੰਦਾ ਹੈ; ਉਸ ਨੂੰ ਖਸਮ ਪ੍ਰਭੂ ਦੇ ਮਿਲਾਪ ਦਾ ਆਨੰਦ ਨਹੀਂ ਆ ਸਕਦਾ । "ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥ ਅੰਗ 1343" ।

### 724. ਕਿਹੜੀ ਪਰੀਤ ਝੂਠੀ ਹੈ?

ਇਕ ਪ੍ਰਭੂ ਨਾਲ਼ ਪ੍ਰੀਤ ਤੋਂ ਬਿਨਾ ਹੋਰ ਸਭ ਪ੍ਰੀਤ ਝੂਠੀ ਹੈ, ਇਕ ਖਿਨ ਵਿਚ ਸਭ ਭੁੱਲ ਜਾਂਦੀ ਹੈ । "ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ ਮਹਿ ਬਿਸਰਿ ਸਭ ਜਾਇ ॥1॥ ਅੰਗ 720" ।

### 725. ਜਿੱਥੇ ਝੂਠ ਹੁੰਦਾ ਹੈ ਉੱਥੇ ਕੀ ਹੁੰਦਾ ਹੈ?

ਪਾਪ! ਕਬੀਰ ਜੀ ਫੁਰਮਾਉਂਦੇ ਹਨ ਕਿ ਜਿੱਥੇ ਗਿਆਨ ਹੁੰਦਾ ਹੈ, ਉੱਥੇ ਧਰਮ ਹੁੰਦਾ ਹੈ ਤੇ ਜਿੱਥੇ ਝੂਠ ਹੁੰਦਾ ਹੈ ਉੱਥੇ ਪਾਪ ਹੁੰਦਾ ਹੈ । "ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥ ਅੰਗ 1352"।

## ਲੜੀਵਾਰ ਨਾਵਲ

**25 ਸਫ਼ੇ ਦੀ ਬਾਕੀ**

ਹੋਰ ਪਤਾ ਨਹੀਂ ਕੀ ਕੁਝ। ਮਾਂ ਵਰਗਾ ਪਿਆਰ ਦੇਣ ਵਾਲੇ ਬੀਜੀ, ਜ਼ਿੰਦਗੀ ਭਰ ਸਾਥ ਦੇਣ ਲਈ ਤਿਆਰ, ਮੇਰਾ ਖ਼ਿਆਲ ਰੱਖਣ ਵਾਲੀ ਸੀਮਾ, ਜਿਸ ਨੂੰ ਮੈਂ ਆਪਣੀ ਜੀਵਨ ਸਾਥਣ ਨਹੀਂ ਬਣਾ ਸਕਿਆ, ਉਲਟਾ ਉਸ ਦਾ ਦਿਲ ਤੋੜ ਕੇ ਮੈਂ ਸਰਕਾਰ ਤੋਂ ਵੀ ਵੱਡਾ ਦੋਸ਼ੀ, ਆਪਣੇ ਆਪ ਨੂੰ ਸੀਮਾ ਦਾ ਸਮਝਦਾ ਹਾਂ। ਮੈਂ ਉਸ ਦੀਆਂ ਖਵਾਹਿਸ਼ਾਂ ਦਾ ਕਤਲ ਕੀਤਾ ਹੈ।

ਉਸ ਦਾ ਇਹ ਬਦਲਿਆ ਰੂਪ ਦੇਖ ਕੇ ਕੁਲਵਿੰਦਰ ਨੇ ਪੁੱਛਿਆ, ਚੱਲ ਠੀਕ ਹੈ, ਮੈਂ ਮੰਨਦਾਂ, ਤੂੰ ਬਦਲਣਾ ਚਾਹੁੰਦਾ ਹੈਂ ਪਰ ਕੀ ਗਰੰਟੀ ਹੈ, ਪੁਲਸ ਤੈਨੂੰ ਆਰਾਮ ਨਾਲ ਹੀ ਥੋੜ੍ਹੀ ਪੁੱਛਗਿੱਛ ਕਰ ਕੇ ਜੇਲ੍ਹ ਭੇਜ ਦੇਵੇਗੀ? ਤੂੰ ਉਨ੍ਹਾਂ ਦੀ ਮਾਰਕੁੱਟ ਕਿਵੇਂ ਸਹਾਰੇਂਗਾ?

ਸੋਨੂੰ ਨੇ ਠਰੰਮੇ ਨਾਲ ਜਵਾਬ ਦਿੱਤਾ, ਚੋਰ ਸਿਪਾਹੀ ਦੀ ਇਹ ਖੇਡ ਕਿੰਨੀ ਕੁ ਦੇਰ ਖੇਡੀ ਜਾਵਾਂਗਾ? ਜੇਕਰ ਮੈਂ ਆਪ ਪੇਸ਼ ਹੁੰਦਾ ਹਾਂ ਤਾਂ ਸ਼ਾਇਦ ਥੋੜ੍ਹੀ ਬਹੁਤ ਸਜ਼ਾ ਕੱਟ ਕੇ ਅਗਲੀ ਬਚੀ ਜ਼ਿੰਦਗੀ ਤਾਂ ਆਜ਼ਾਦ ਹਵਾ ਵਿੱਚ ਖੁੱਲ੍ਹ ਕੇ ਸਾਹ ਲਵਾਂਗਾ। ਕੁਲਵਿੰਦਰ ਨੇ ਇਹ ਕਹਿ ਕੇ ਗੱਲ ਮੁਕਾ ਦਿੱਤੀ, ਚੱਲ ਠੀਕ ਹੈ, ਕਰਦੇ ਆਂ ਕੋਈ ਹੱਲ, ਹੁਣ ਰੋਟੀ ਖਾ ਕੇ ਆਰਾਮ ਕਰਦੇ ਆਂ, ਮੈਂ ਸਵੇਰੇ ਜਲਦੀ ਜਲੰਧਰ ਜਾਣਾ ਹੈ, ਉਥੇ ਕੋਈ ਜ਼ਰੂਰੀ ਕੰਮ ਹੈ। ਹਾਂ, ਦੂਜੀ ਗੱਲ, ਸਵੇਰੇ ਜਾ ਕੇ ਸ਼ੇਵ ਕਰਵਾ ਕੇ ਆਈਂ, ਆ ਕੀ ਹੁਲੀਆ ਬਣਾ ਰੱਖਿਆ ਹੈ।

ਬਹਾਦਰ ਨੇ ਮੇਜ਼ 'ਤੇ ਰੋਟੀ ਲਿਆ ਰੱਖੀ। ਦੋਵੇਂ ਚੁੱਪ ਕਰ ਕੇ ਰੋਟੀ ਖਾਣ ਲੱਗ ਪਏ। ਰੋਟੀ ਖਾ ਕੇ ਜਦ ਸੋਨੂੰ ਆਪਣੇ ਕਮਰੇ ਵਿੱਚ ਜਾਣ ਲੱਗਾ ਤਾਂ ਉਸ ਨੂੰ ਜਿਵੇਂ ਬੜੀ ਖਾਸ ਗੱਲ ਯਾਦ ਆ ਗਈ ਹੋਵੇ, ਸੋਨੂੰ ਨੇ ਕੁਲਵਿੰਦਰ ਤੋਂ ਪੁੱਛਿਆ, ਹਾਂ, ਸੱਚ ਮੈਂ ਨਿਰਮਲ ਬਾਈ ਬਾਰੇ ਪੁੱਛਣਾ ਭੁੱਲ ਗਿਆ, ਕਿਥੇ ਹੈ ਅੱਜ ਕੱਲ੍ਹ?

ਕੁਲਵਿੰਦਰ ਨੇ ਕਿਹਾ, ਇਥੇ ਹੀ ਸਵੇਰੇ ਟਰਾਂਸਪੋਰਟ 'ਤੇ ਜਾ ਕੇ ਮਿਲ ਆਵੀਂ ਜਾਂ ਫੋਨ ਕਰ ਕੇ ਐਥੇ ਹੀ ਬੁਲਾ ਲਵੀਂ।

ਸੋਨੂੰ ਨੇ ਹੱਸ ਕੇ ਕਿਹਾ, ਠੀਕ ਹੈ।

ਦੋਵੇਂ ਹੱਥ ਮਿਲਾ ਆਪਣੇ-ਆਪਣੇ ਕਮਰੇ ਵਿੱਚ ਚਲੇ ਗਏ। ਸੋਨੂੰ ਜਿਵੇਂ ਹੀ ਅੱਖਾਂ ਬੰਦ ਕਰਦਾ ਤਾਂ ਸੀਮਾ ਦਾ ਚਿਹਰਾ, ਉਸ ਦੇ ਸਾਹਮਣੇ ਆ ਜਾਂਦਾ, ਬੜੀ ਮੁਸ਼ਕਿਲ ਨਾਲ ਸੌਣ ਦੀ ਕੋਸ਼ਿਸ਼ ਕਰਨ ਲੱਗਾ। ਫਿਰ ਉਸ ਨੂੰ ਵਰਿੰਦਰ ਦੀ ਯਾਦ ਆ ਗਈ। ਉਨ੍ਹਾਂ ਦਾ ਕੀ ਬਣਿਆ ਹੋਵੇਗਾ, ਕਿਥੇ ਹੋਣਗੇ? ਇਕ ਵਾਰ ਮਿਲਿਆ ਤਾਂ ਜਾਵੇ ਪਰ ਕਿਵੇਂ? ਦੱਸ ਕੁ ਮਿੰਟ ਬਾਅਦ ਸੋਚ ਕੇ ਬੋਲਿਆ, ਕਿਉਂ ਨਾ ਸਵੇਰੇ ਕੁਲਵਿੰਦਰ ਨਾਲ ਜਲੰਧਰ ਜਾਵਾਂ ਤੇ ਕਾਲਜ ਦੀ ਕੰਟੀਨ ਵਿੱਚੋਂ ਪਤਾ ਕਰਾਂ ਸ਼ਾਇਦ ਗੱਲ ਬਣ ਜਾਏ! ਇਹ ਸਭ ਸੋਚ ਕੇ ਸੌਂ ਗਿਆ।

ਅਗਲੀ ਸਵੇਰੇ ਉਸ ਨੇ ਕੁਲਵਿੰਦਰ ਨੂੰ ਮਨਾ ਲਿਆ ਤੇ ਦੁਬਾਰਾ ਕਲੀਨ ਸ਼ੇਵ ਹੋ ਕੇ ਜਲੰਧਰ ਵੱਲ ਚੱਲ ਪਿਆ। ਉਸ ਨੇ ਕੁਲਵਿੰਦਰ ਨੂੰ ਕਿਹਾ, ਮੈਨੂੰ ਬੀ.ਐਸ.ਐਫ. ਚੌਂਕ ਵਿੱਚ ਲਾਹ ਦਈਂ।

ਕੁਲਵਿੰਦਰ ਉਸ ਨੂੰ ਚੌਂਕ ਵਿੱਚ ਛੱਡਣ ਤੋਂ ਪਹਿਲਾਂ ਬੋਲਿਆ, ਜੇਕਰ ਜਲਦੀ ਵਿਹਲਾ ਹੋ ਗਿਆ ਤਾਂ ਬੱਸ ਫੜ ਕੇ ਵਾਪਿਸ ਲੁਧਿਆਣਾ ਚਲਾ ਜਾਈਂ, ਹੁਣ ਬੱਸਾਂ ਦੀ ਚੈਕਿੰਗ ਪਹਿਲਾਂ ਵਾਂਗ ਨਹੀਂ ਹੁੰਦੀ, ਮਾਹੌਲ ਬਦਲ ਗਿਆ ਹੈ।

**ਚਲਦਾ....**


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................................

ADDRESS..................................................................

.........................................POST CODE.......................

TEL........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*

# ਜੁਝਾਰੂ ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ

**24 ਜੁਲਾਈ ਨੂੰ ਬਰਸੀ 'ਤੇ ਵਿਸ਼ੇਸ਼**




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਤੋਂ ਪਹਿਲਾਂ ਅਜਿਹਾ ਹੀ ਇਕ ਹੋਰ ਖ਼ੂਨੀ ਸਾਕਾ ਹਿੰਦਸਤਾਨ ਦੀ ਧਰਤੀ 'ਤੇ ਵਾਪਰਿਆ। ਇਸ ਸਾਕੇ ਨੂੰ ਬਜਬਜਘਾਟ ਦੇ ਖ਼ੂਨੀ ਸਾਕੇ ਵਜੋਂ ਹਰ ਦੇਸ਼ ਵਾਸੀ ਯਾਦ ਕਰਦਾ ਹੈ। ਇਹ ਖ਼ੂਨੀ ਸਾਕਾ ਹੁਗਲੀ ਨਦੀ ਦੇ ਕਿਨਾਰੇ ਬਜਬਜਘਾਟ ਨਾਂਅ ਦੀ ਬੰਦਰਗਾਹ 'ਤੇ 29 ਸਤੰਬਰ, 1914 ਨੂੰ ਵਾਪਰਿਆ। ਇਸ ਖ਼ੂਨੀ ਸਾਕੇ ਸਮੇਂ ਜਿਸ ਜੁਝਾਰੂ ਸਿੱਖ ਆਗੂ ਦੀ ਅਗਵਾਈ ਵਿੱਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਨੇ ਦੇਸ਼ ਦੀ ਅਜ਼ਾਦੀ ਲਈ ਨਵੀਂ ਚੇਤਨਾ ਪੈਦਾ ਕਰਨ ਲਈ ਕੁਰਬਾਨੀਆਂ ਦਿੱਤੀਆਂ, ਉਸ ਮਹਾਨ ਸਿੱਖ ਆਗੂ ਨੂੰ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੇ ਨਾਂਅ ਨਾਲ ਹਰ ਬਸ਼ਰ ਯਾਦ ਕਰਦਾ ਹੈ। ਬਾਬਾ ਗੁਰਦਿੱਤ ਸਿੰਘ ਦਾ ਜਨਮ ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 1861 ਈ: ਨੂੰ ਹੋਇਆ। ਇਨ੍ਹਾਂ ਦੇ ਪਿਤਾ ਜੀ ਸ. ਹੁਕਮ ਸਿੰਘ ਸੰਧੂ ਖੇਤੀਬਾੜੀ ਦਾ ਧੰਦਾ ਕਰਦੇ ਸਨ। ਬਾਬਾ ਜੀ ਨੇ ਮੁੱਢਲੀ ਸਿੱਖਿਆ ਤੋਂ ਪਿੱਛੋਂ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਆਰੰਭ ਕੀਤਾ। ਪਰ ਇਹ ਕਿੱਤਾ ਲਾਭਕਾਰੀ ਨਹੀਂ ਸੀ। ਬਾਬਾ ਜੀ ਦੇ ਮਨ ਵਿੱਚ ਵਿਉਪਾਰ ਕਰਨ ਦੀ ਲਗਨ ਸੀ। ਇਸੇ ਲਗਨ ਨੂੰ ਲੈ ਕੇ ਬਾਬਾ ਜੀ ਪਹਿਲਾਂ ਮਲਾਇਆ ਪਹੁੰਚੇ ਤੇ ਇਸ ਤੋਂ ਪਿੱਛੋਂ ਹਾਂਗਕਾਂਗ ਚਲੇ ਗਏ। ਬਾਬਾ ਜੀ ਨੇ ਵਪਾਰ ਕਰਨ ਦੇ ਆਸ਼ੇ ਨੂੰ ਮੁੱਖ ਰੱਖ ਕੇ ਕੁਝ ਸਮੇਂ ਲਈ ਠੇਕੇਦਾਰੀ ਦਾ ਕਿੱਤਾ ਕੀਤਾ। ਥੋੜ੍ਹਾ ਸਮਾਂ ਠੇਕੇਦਾਰੀ ਕਰਨ ਤੋਂ ਪਿੱਛੋਂ ਉਨ੍ਹਾਂ ਇਕ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਕਿਰਾਏ 'ਤੇ ਲੈ ਲਿਆ।

ਬਾਬਾ ਜੀ ਬੜੀ ਤੇਜ਼-ਤਰਾਰ ਬਾਣੀ ਦੇ ਮਾਲਕ ਸਨ। ਉਨ੍ਹਾਂ ਦੇ ਮਨ ਵਿੱਚ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੀ ਆਰਥਿਕ ਮੰਦਹਾਲੀ ਦਾ ਦੁੱਖ ਅਤੇ ਗੁਲਾ-ਮੀ ਹੋਣ ਦੀ ਲਾਹਨਤ ਤੋਂ ਇਲਾਵਾ ਅੰਗ੍ਰੇਜ਼ ਸਰਕਾਰ ਦੀ ਲੁੱਟ-ਖਸੁੱਟ ਦੀ ਮਾਰੂ ਨੀਤੀ ਘਰ ਕਰ ਚੁੱਕੀ ਸੀ। ਉਨ੍ਹਾਂ ਸਾਂਝੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 376 ਮੁਸਾਫਰਾਂ ਸਮੇਤ ਇਸ ਜਹਾਜ਼ ਨੂੰ ਕੈਨੇਡਾ ਲਿਜਾਣ ਦਾ ਪ੍ਰੋਗਰਾਮ ਬਣਾਇਆ। ਇਨ੍ਹਾਂ ਮੁਸਾਫਰਾਂ ਵਿੱਚ ਕੇਵਲ 30 ਗੈਰ ਸਿੱਖ ਯਾਤਰੂ ਸਨ, ਬਾਕੀ ਸਾਰੇ ਸਿੱਖ ਹੀ ਸਨ। ਉਨ੍ਹਾਂ ਇਸ ਜਹਾਜ਼ ਦਾ ਨਾਂਅ ਕਾਮਾਗਾਟਾਮਾਰੂ ਦੀ ਥਾਂ 'ਤੇ ਗੁਰੂ ਨਾਨਕ ਜਹਾਜ਼ ਰੱਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਇਸ ਜਹਾਜ਼ ਵਿੱਚ ਕੀਤਾ। ਵਪਾਰਕ ਨਜ਼ਰੀਏ ਨਾਲ ਕੁਝ ਕੋਲਾ ਵੀ ਇਸ ਜਹਾਜ਼ ਵਿੱਚ ਭਰਿਆ ਗਿਆ। ਜਹਾਜ਼ ਨੂੰ ਰਵਾਨਾ ਕਰਨ ਤੋਂ ਪਹਿਲਾਂ ਇਥੇ ਹਕੂਮਤ ਕਰ ਰਹੀ ਅੰਗ੍ਰੇਜ਼ ਸਰਕਾਰ ਨੇ ਬਹੁਤ ਸਾਰੀਆਂ ਰੁਕਾਵਟਾਂ ਪਾਈਆਂ। ਇਨ੍ਹਾਂ ਸਾਰੀਆਂ ਤੰਗੀਆਂ ਤੁਰਸ਼ੀਆਂ ਨੂੰ ਝਲਦਿਆਂ ਆਖਰ ਇਹ ਜਹਾਜ਼ ਹਾਂਗਕਾਂਗ ਤੋਂ ਵੈਨਕੂਵਰ ਲਈ 4 ਅਪ੍ਰੈਲ, 1914 ਈ: ਨੂੰ ਰਵਾਨਾ ਹੋਇਆ। ਸਮੁੰਦਰੀ ਸਫ਼ਰ ਤੈਅ ਕਰਕੇ 22 ਮਈ, 1914 ਈ: ਨੂੰ ਇਹ ਜਹਾਜ਼ ਵੈਨਕੂਵਰ (ਕੈਨੇਡਾ) ਪਹੁੰਚਿਆ, ਪਰ ਇਸ ਜਹਾਜ਼ ਨੂੰ ਬੰਦਰਗਾਹ ਤੋਂ ਪਿੱਛੋਂ ਹੀ ਰੋਕ ਲਿਆ ਗਿਆ। ਇਸ ਜਹਾਜ਼ ਵਿੱਚ ਸਫ਼ਰ ਕਰ ਰਹੇ ਮੁਸਾਫਰਾਂ ਵਿੱਚੋਂ ਕੇਵਲ ਉਨ੍ਹਾਂ ਨੂੰ ਹੀ ਉਤਰਨ ਦੀ ਆਗਿਆ ਦਿੱਤੀ ਗਈ, ਜਿਹੜੇ ਕੈਨੇਡਾ ਦੀ ਨਾਗਰਿਕਤਾ ਸਿੱਧ ਕਰ ਸਕੇ। ਬਾਕੀ ਸਾਰੇ ਮੁਸਾਫਿਰ ਲਗਪਗ ਦੋ ਮਹੀਨੇ (23 ਜੁਲਾਈ) ਤੱਕ ਸਮੁੰਦਰ ਵਿੱਚ ਸਖ਼ਤ ਪਹਿਰੇ ਹੇਠ ਰੋਕੀ ਰੱਖੇ। ਇਨ੍ਹਾਂ ਦੋ ਮਹੀਨਿਆਂ ਦੌਰਾਨ ਸਮੁੰਦਰੀ ਜਹਾਜ਼ ਵਿੱਚ ਰਾਸ਼ਨ ਆਦਿ ਵੀ ਖ਼ਤਮ ਹੋ ਗਿਆ। ਸਮੁੰਦਰ ਵਿੱਚ ਰਹਿਣ ਕਰਕੇ ਬਹੁਤ ਸਾਰੇ ਮੁਸਾਫਿਰ ਅਨੇਕਾਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਗਏ।

ਅਨੇਕਾਂ ਕਠਿਨਾਈਆਂ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਇਹ ਮੁਸਾਫਿਰ 29 ਸਤੰਬਰ, 1914 ਈ: ਵਿਖੇ ਬਾਬਾ ਜੀ ਦੀ ਅਗਵਾਈ ਵਿੱਚ ਹੁਗਲੀ ਬੰਦਰਗਾਹ 'ਤੇ ਪਹੁੰਚੇ। ਇਸ ਘਾਟ ਦਾ ਨਾਂਅ ਬਜਬਜਘਾਟ ਵਜੋਂ ਜਾਣਿਆ ਜਾਂਦਾ ਹੈ। ਭਾਰਤ ਵਿੱਚ ਰਾਜ ਕਰ ਰਹੀ ਅੰਗ੍ਰੇਜ਼ ਸਰਕਾਰ ਨੂੰ ਇਹ ਸਾਰੇ ਮਰਜੀਵੜੇ ਵਿਦਰੋਹੀ ਨਜ਼ਰ ਆਉਂਦੇ ਸਨ, ਕਿਉਂਕਿ ਲਗਪਗ ਸਾਢੇ ਪੰਜ ਮਹੀਨੇ ਪਿੱਛੋਂ ਇਹ ਭਾਰਤੀ ਬੰਦਰਗਾਹ 'ਤੇ ਪੁੱਜੇ ਸਨ। ਇਨ੍ਹਾਂ ਨੂੰ ਜਹਾਜ਼ ਤੋਂ ਉਤਰਨ ਤੋਂ ਪਹਿਲਾਂ ਸਾਰੇ ਜਹਾਜ਼ ਦੀ ਤਲਾਸ਼ੀ ਲਈ ਗਈ। ਸਰਕਾਰ ਨੇ ਫੈਸਲਾ ਕੀਤਾ ਕਿ ਇਨ੍ਹਾਂ ਭੁੱਖ ਅਤੇ ਬਿਮਾਰੀਆਂ ਤੋਂ ਤੰਗ ਆਏ ਸਾਰੇ ਬਾਕੀ ਮੁਸਾਫਿਰਾਂ ਨੂੰ ਇਕ ਬੰਦ ਰੇਲ ਗੱਡੀ ਰਾਹੀਂ ਪੰਜਾਬ ਭੇਜਿਆ ਜਾਵੇ। 17 ਮੁਸਲਮਾਨ ਮੁਸਾਫਿਰ ਸਰਕਾਰ ਦਾ ਹੁਕਮ ਮੰਨ ਕੇ ਗੱਡੀ ਵਿੱਚ ਸਵਾਰ ਹੋ ਗਏ, ਬਾਕੀ ਸਾਰੇ ਮੁਸਾਫਿਰ ਜੁਝਾਰੂ ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਲੈ ਕੇ ਸਟੇਸ਼ਨ ਵੱਲ ਨੂੰ ਜਲੂਸ ਦੀ ਸ਼ਕਲ ਵਿੱਚ ਪੈਦਲ ਚੱਲ ਪਏ। ਉਨ੍ਹਾਂ ਪਲੇਟਫਾਰਮ 'ਤੇ ਬੈਠ ਕੇ ਰਹਿਰਾਸ ਸਾਹਿਬ ਦਾ ਪਾਠ ਆਰੰਭ ਕੀਤਾ। ਏਨੇ ਨੂੰ ਫੌਜ ਅਤੇ ਪੁਲਸ ਦੀਆਂ ਟੁਕੜੀਆਂ ਨੇ ਇਨ੍ਹਾਂ ਜੁਝਾਰੂ ਪੰਜਾਬੀਆਂ ਉੱਤੇ ਗੋਲੀਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ। ਸਰਕਾਰੀ ਰਿਕਾਰਡ ਮੁਤਾਬਿਕ 16 ਮੁਸਾਫਿਰ ਸ਼ਹਾਦਤ ਦਾ ਜਾਮ ਪੀ ਗਏ, 25 ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਇਸ ਬਜਬਜਘਾਟ ਦੇ ਖ਼ੂਨੀ ਸਾਕੇ ਨੇ ਦੇਸ਼ ਭਗਤਾਂ ਅੰਦਰ ਅਜ਼ਾਦੀ ਦੀ ਲਹਿਰ ਨੂੰ ਹੋਰ ਤਿੱਖਾ ਕੀਤਾ।




ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰ

ਇਸ ਖ਼ੂਨੀ ਸਾਕੇ ਸਮੇਂ ਬਾਬਾ ਗੁਰਦਿੱਤ ਸਿੰਘ ਆਪਣੇ ਹੋਰ 28 ਸਾਥੀਆਂ ਸਮੇਤ ਉਸ ਜਗ੍ਹਾ ਤੋਂ ਬੱਚ ਕੇ ਨਿਕਲ ਜਾਣ ਵਿੱਚ ਕਾਮਯਾਬ ਹੋ ਗਏ। ਇਹ ਜੁਝਾਰੂ ਬਾਬਾ ਛੇਅ ਸਾਲ ਤੱਕ ਗੁਪਤ ਵਾਸ ਵਿੱਚ ਰਿਹਾ। ਇਸ ਤੋਂ ਪਿੱਛੋਂ ਉਹ ਲੋਕ ਸਾਹਮਣੇ ਆਏ। ਕਈ ਵਾਰ ਇਸ ਦੇਸ਼ ਭਗਤ ਬਾਬੇ ਨੂੰ ਸਖ਼ਤ ਕੈਦ ਕੱਟਣੀ ਪਈ। ਉਹ ਹੁਣ ਪੂਰੀ ਤਰ੍ਹਾਂ ਰਾਸ਼ਟਰੀ ਅੰਦੋਲਨ ਵਿੱਚ ਸ਼ਾਮਿਲ ਹੋ ਚੁੱਕੇ ਸੀ। ਇਸ ਦੌਰਾਨ ਆਜ਼ਾਦੀ ਲਈ ਘੋਲ ਕਰ ਰਹੇ ਰਾਸ਼ਟਰੀ ਆਗੂਆਂ ਨੂੰ ਗੁਪਤਵਾਸ ਦੌਰਾਨ ਮਿਲਦਾ ਵੀ ਰਿਹਾ। 1926 ਈ: ਵਿੱਚ ਹੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਗੁਹਾਟੀ ਸੈਸ਼ਨ ਵਿੱਚੋਂ 50 ਸਿੱਖ ਡੈਲੀਗੇਟਾਂ ਸਮੇਤ ਵਾਕਆਊਟ ਕੀਤਾ, ਕਿਉਂਕਿ ਉਸ ਸਮੇਂ ਸਬਜੈਕਟ ਕਮੇਟੀ ਨੇ ਆਪਣੇ ਪਾਸ ਹੋਣ ਵਾਲੇ ਮਤਿਆਂ ਵਿੱਚ ਮਹਾਰਾਜਾ ਨਾਭਾ ਸ: ਰਿਪੁਦਮਨ ਸਿੰਘ ਨੂੰ ਅੰਗ੍ਰੇਜ਼ਾਂ ਵੱਲੋਂ ਗੱਦੀ ਤੋਂ ਵੱਖ ਕਰਨ ਦੀ ਬੇਇਨਸਾਫੀ ਵਿਰੁੱਧ ਮਤਾ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਪਿੱਛੋਂ 1931 ਈ: ਤੋਂ 1933 ਈ: ਤੱਕ ਰਾਜਨੀਤਿਕ ਗਤੀਵਿਧੀਆਂ ਕਾਰਨ ਤਿੰਨ ਵਾਰ ਜੇਲ੍ਹ ਜਾਣਾ ਪਿਆ। 1937 ਈ: ਵਿੱਚ ਕਾਂਗਰਸ ਵੱਲੋਂ ਵਿਧਾਇਕ ਦੀ ਚੋਣ ਲੜੀ ਪਰ ਹਾਰ ਗਏ। ਇਹ ਮਹਾਨ ਜੁਝਾਰੂ ਸਿੱਖ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ 94 ਵਰ੍ਹਿਆਂ ਦੀ ਉਮਰ ਭੋਗ ਕੇ ਅੰਮ੍ਰਿਤਸਰ ਵਿਖੇ 24 ਜੁਲਾਈ, 1954 ਨੂੰ ਅਕਾਲ ਚਲਾਣਾ ਕਰ ਗਿਆ। ਬਜਬਜਘਾਟ ਦੇ ਖ਼ੂਨੀ ਸਾਕੇ ਦੀ ਬਣੀ ਹੋਈ ਸ਼ਹੀਦੀ ਯਾਦਗਾਰ ਅੱਜ ਵੀ ਬਾਬਾ ਜੀ ਦੀ ਅਗਵਾਈ ਵਿੱਚ ਵਾਪਰੇ ਇਸ ਖ਼ੂਨੀ ਸਾਕੇ ਦੀ ਯਾਦ ਨੂੰ ਅੱਜ ਵੀ ਤਾਜ਼ਾ ਕਰ ਰਹੀ ਹੈ।

## ਹੁਣ ਕਬੂਤਰਾਂ ਤੋਂ 'ਸੇਧ' ਲੈ ਕੇ ਹੋਰ ਵਧੀਆ ਬਣਨਗੇ ਉਡਣ ਵਾਲੇ ਸਵੈਚਲਤ ਯੰਤਰ!

ਵੈਨਕੂਵਰ-(ਮਲਕੀਤ ਸਿੰਘ) – ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਖੋਜਕਾਰਾਂ ਵੱਲੋਂ ਕਬੂਤਰਾਂ ਦੀ ਉਡਾਣ ਅਤੇ ਅੱਖਾਂ ਦੀ ਹਰਕਤ ਬਾਰੇ ਕੀਤੇ ਗਏ ਨਵੇਂ ਅਧਿਐਨ ਦੇ ਨਤੀਜੇ ਭਵਿੱਖ ਵਿੱਚ ਉਡਣ ਵਾਲੇ ਸਵੈਚਾਲਿਤ ਯੰਤਰਾਂ ਨੂੰ ਪੰਛੀਆਂ ਵਾਂਗ ਵਧੇਰੇ ਸੁਚੱਜੇ ਢੰਗ ਨਾਲ ਰਸਤਾ ਲੱਭਣ ਵਿੱਚ ਸਹਾਇਕ ਹੋ ਸਕਦੇ ਹਨ। ਖੋਜਕਾਰਾਂ ਵੱਲੋਂ ਆਰਜੀ ਤੌਰ ਤੇ ਕਬੂਤਰਾਂ ਦੇ ਸਿਰਾਂ ਉੱਤੇ ਬਹੁਤ ਛੋਟੇ ਕੈਮਰੇ ਅਤੇ ਪਿੱਠ ਉੱਤੇ ਹਲਕੇ ਉਪਕਰਨਾਂ ਵਾਲੇ ਵਿਸ਼ੇਸ਼ ਥੈਲੇ ਲਗਾ ਕੇ ਇੱਕ ਨਿਵੇਕਲਾ ਤਜਰਬਾ ਕੀਤਾ ਗਿਆ ਹੈ ਇਸ ਤਜਰਬੇ ਰਾਹੀਂ ਉਡਾਣ ਦੌਰਾਨ ਕਬੂਤਰਾਂ ਦੀਆਂ ਅੱਖਾਂ, ਸਿਰ ਦੀ ਹਰਕਤ, ਦਿਸ਼ਾ ਅਤੇ ਸਰੀਰਕ ਸੰਤੁਲਨ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ ਹੈ । ਪੂਰੇ ਉਪਕਰਨ ਦਾ ਭਾਰ ਕੇਵਲ 27 ਗ੍ਰਾਮ ਸੀ ਅਤੇ ਇਸ ਵਿੱਚ ਨਿੱਕਾ ਕੰਪਿਊਟਰ, ਕੈਮਰਾ ਅਤੇ ਹਰਕਤ ਮਾਪਣ ਵਾਲੇ ਯੰਤਰ ਸ਼ਾਮਲ ਕੀਤੇ ਗਏ ਹਨ । ਅਧਿਐਨ ਦੌਰਾਨ ਪਤਾ ਲੱਗਿਆ ਕਿ ਕਬੂਤਰ ਉੱਡਦੇ ਸਮੇਂ ਆਪਣੀਆਂ ਅੱਖਾਂ ਨੂੰ ਪੂਰੀ ਤਰ੍ਹਾਂ ਸਥਿਰ ਨਹੀਂ ਰੱਖਦੇ। ਉਹ ਅੱਖਾਂ ਨੂੰ ਬਹੁਤ ਹੌਲੀ ਅਤੇ ਸੂਖਮ ਢੰਗ ਨਾਲ ਹਿਲਾਉਂਦੇ ਰਹਿੰਦੇ ਹਨ। ਖੋਜਕਾਰਾਂ ਦਾ ਮੰਨਣਾ ਹੈ ਕਿ ਇਸ ਤਰੀਕੇ ਨਾਲ ਕਬੂਤਰ ਆਪਣੇ ਆਲੇ-ਦੁਆਲੇ ਦੀਆਂ ਬਾਰੀਕ ਚੀਜ਼ਾਂ ਨੂੰ ਵਧੇਰੇ ਸਪਸ਼ਟਤਾ ਨਾਲ ਵੇਖਦੇ ਅਤੇ ਰਸਤੇ ਵਿਚਲੇ ਅੜਿੱਕਿਆਂ ਤੋਂ ਬਚਦੇ ਹਨ। ਜਦੋਂ ਕਬੂਤਰ ਕਿਸੇ ਥਾਂ ਉੱਤੇ ਉਤਰਨ ਲੱਗਦੇ ਹਨ ਤਾਂ ਉਨ੍ਹਾਂ ਦੀਆਂ ਦੋਵੇਂ ਅੱਖਾਂ ਅੰਦਰ ਵੱਲ ਮੁੜਦੀਆਂ ਹਨ। ਇਸ ਨਾਲ ਉਹ ਦੂਰੀ ਅਤੇ ਡੂੰਘਾਈ ਦਾ ਸਹੀ ਅੰਦਾਜ਼ਾ ਲਗਾ ਸਕਦੇ ਹਨ। ਖੋਜਕਾਰਾਂ ਅਨੁਸਾਰ ਅਜਿਹਾ ਵਿਹਾਰ ਹੁਣ ਤੱਕ ਕੁਝ ਸ਼ਿਕਾਰੀ ਪੰਛੀਆਂ ਵਿੱਚ ਹੀ ਦੇਖਿਆ ਗਿਆ ਸੀ। ਖੋਜਕਾਰਾਂ ਮੁਤਾਬਿਕ ਉਪਰੋਕਤ ਤਜਰਬੇ ਨਾਲ ਭਵਿੱਖ ਚ ਸਵੈਚਾਲਿਤ ਉਡਣ ਵਾਲੇ ਯੰਤਰ ਭੀੜ-ਭੜੱਕੇ ਅਤੇ ਔਖੇ ਮਾਹੌਲ ਵਿੱਚ ਵੀ ਵਧੇਰੇ ਸੁਰੱਖਿਅਤ ਅਤੇ ਸੁਚੱਜੀ ਉਡਾਣ ਭਰ ਸਕਣਗੇ।



## ਟੈਸਲਾ ਕਾਰ ਦੀ ਚਾਲਕ ਵੱਲੋਂ ਸੌਂ ਕੇ ਸਫਰ ਕੀਤੇ ਜਾਣ ਦੀ ਘਟਨਾ ਦੀ ਵੀਡੀਓ ਵਾਇਰਲ- ਪੁਲਿਸ ਵੱਲੋਂ ਜਾਂਚ ਸ਼ੁਰੂ

ਵੈਨਕੂਵਰ- (ਮਲਕੀਤ ਸਿੰਘ) – ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਹਾਈਵੇ-1 ਤੇ ਗੋਲਡਨ ਅਤੇ ਰੇਵਲਸਟੋਕ ਦਰਮਿਆਨ ਇੱਕ ਟੈਸਲਾ ਕਾਰ ਦੀ ਚੱਲਦੀ ਹਾਲਤ ਦੌਰਾਨ ਡਰਾਈਵਰ ਸੀਟ 'ਤੇ ਬੈਠੀ ਔਰਤ ਦੇ ਕਥਿਤ ਤੌਰ 'ਤੇ ਸੁੱਤੇ ਹੋਣ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਵੀਡੀਓ ਬਣਾਉਣ ਵਾਲੀ ਕਾਰਲੇ ਕਿੰਗ ਨੇ ਦਾਅਵਾ ਕੀਤਾ ਕਿ ਟੈਸਲਾ ਕਾਰ ਲਗਭਗ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਰਹੀ ਸੀ। ਉਸ ਨੇ ਇਹ ਵੀ ਕਿਹਾ ਕਿ ਕਾਰ ਦੀ ਪਿਛਲੀ ਸੀਟ 'ਤੇ ਦੋ ਬੱਚੇ ਵੀ ਸਵਾਰ ਸਨ। ਪੁਲਿਸ ਵਾਇਰਲ ਵੀਡੀਓ ਦੀ ਜਾਂਚ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਹੈ ਕਿ ਸੂਬੇ ਚ ਸਵੈਚਾਲਿਤ (ਫੁੱਲ ਸੈਲਫ-ਡਰਾਈਵਿੰਗ) ਪ੍ਰਣਾਲੀ ਦੀ ਵਰਤੋਂ ਜਨਤਕ ਸੜਕਾਂ 'ਤੇ ਕਾਨੂੰਨੀ ਤੌਰ 'ਤੇ ਮਨਜ਼ੂਰ ਨਹੀਂ ਹੈ। ਸਿਰਫ ਕੁਝ ਹਾਲਾਤਾਂ 'ਚ ਸਵੈਚਾਲਤ ਵਾਹਨਾਂ ਤੋਂ ਡਰਾਈਵਰੀ ਸਹਾਇਤਾ ਵਾਲੀਆਂ ਕੁਝ ਸਹੂਲਤਾਂ ਵਰਤੀਆਂ ਜਾ ਸਕਦੀਆਂ ਹਨ, ਪਰ ਡਰਾਈਵਰ ਦਾ ਹਰ ਵੇਲੇ ਜਾਗਦਾ,ਅਤੇ ਚੌਕਸ ਰਹਿਣਾ ਲਾਜ਼ਮੀ ਮੰਨਿਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਜੇ ਜਾਂਚ ਵਿੱਚ ਲਾਪਰਵਾਹੀ ਜਾਂ ਕਾਨੂੰਨ ਦੀ ਉਲੰਘਣਾ ਸਾਬਤ ਹੁੰਦੀ ਹੈ ਤਾਂ ਸੰਬੰਧਿਤ ਕਾਰਵਾਈ ਕੀਤੀ ਜਾਵੇ।



# PANJAB TIMES FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਪ੍ਰਿੰ. ਡਾ. ਸੁਜਿੰਦਰ ਸਿੰਘ ਸੰਘਾ ਓ.ਬੀ.ਈ



ਸਮੇਤ ਫਿਲਮ 'ਸਤਲੁਜ' ਦੇ, ਹਰ ਹੀਲੇ ਵਸੀਲੇ ਨਾਲ ਪਿਛਲੇ 42 ਵਰਿਆਂ ਦੇ ਇਤਿਹਾਸ ਨੂੰ ਸਪੱਸ਼ਟ ਤੌਰ ਤੇ ਸਾਹਮਣੇਂ ਲਿਆਉਣਾਂ ਪੰਜਾਬ, ਪੰਜਾਬੀਆਂ ਅਤੇ ਸਿੱਖ-ਪੰਥ ਦੀ ਨਿਰੰਤਰ ਬੁਨਿਆਦੀ ਲੋੜ ਹੈ। ਪੰਜਾਬ ਦਾ ਪਿਛਲੇਰਾ ਸੰਦਰਭ, 1947 ਤੋਂ 1984 ਤਕ ਦੇ ਵਿਤਕਰਿਆਂ ਨਾਲ ਜੁੜਿਓ ਘਟਨਾਕ੍ਰਮ ਹੈ। ਪਰ ਪੰਜਾਬ-ਭਾਰਤ ਦਾ ਬਹੁਤਾ 'ਵਪਾਰਕ' ਮੀਡੀਆ ਅਤੇ ਸ਼ੋਸ਼ਲ ਮੀਡੀਆ ਉਹਨਾਂ ਹਕੀਕਤਾਂ ਨੂੰ ਬਿਆਨਣ ਵਜਾਏ, 'ਸਤਲੁਜ' ਤੇ ਹੋਏ ਗਲਤ ਅਤੇ ਭਰਮਾਉ ਪਰਾਪੇਗੰਡੇ ਵਿੱਚ ਹੀ ਜੁਟਿਆ ਰਿਹੈ ਅਤੇ ਰਹੇਗਾ।

.................................

ਭਵਿੱਖ ਸੁਆਰਨ ਅਤੇ ਉਭਾਰਨ ਲਈ, ਸਮੂਹਿਕ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖ-ਪੰਥ ਵਿੱਚ, ਗੂੜੀ ਜਾਗਰੂਕਤਾ ਨਾਲ ਚੇਤੰਨ ਸਰਗਰਮੀਆਂ ਵਿੱਚ ਜੁਟਣ ਦਾ ਸਮਾਂ ਹੈ। ਫਰਜ਼ੀ, ਕੂੜ ਅਤੇ ਵਰਗਲਾਉ ਖਬਰਾਂ, ਬਿਰਤਾਂਤਾਂ ਅਤੇ ਚਰਚਿਆਂ ਨੂੰ 2027 ਦੇ ਚੋਣ ਨਤੀਜਿਆਂ ਤਕ ਉਛਾਲਿਆ ਜਾਵੇਗਾ। ਪਛਾਂਣਿਆ ਇਹ ਜਾਵੇ ਕਿ ਕਰਜ਼ਾਈ ਅਤੇ ਲੁੱਟ ਹੋ ਰਹੇ ਪੰਜਾਬ ਨੂੰ ਬਚਾਉਣ-ਉਸਾਰਨ ਦੇ ਵੱਡੇ ਚੈਲਿੰਜ ਨਾਲ ਕੌਂਣ ਸਿਜ ਸਕਣ ਯੋਗ ਹਨ।

.................................

Sri Akal Takht Sahib Amritsar has begun a push back on the "culture war" on Punjab, Punjabis, Sikhs and Panthic institutions including; Shiromani Gurdwaras Parbandhin Committee, Shiromani Akali Dal movement, Panthic organistaions and their leadership. Much of the 'sponsored' general media and socialmedia seem engaged in this "cultural onslaught". A review would show that after the repression of 1980s-90s, the new "culture war" intesified from the mid-2010s and has become more focused in the recent times.

....................................

The "culture war" on Punjab has taken a from of vicious disinformation and propaganda e.g. labelling and using denigrating language and images such as 'urda-Punjab', 'drug eddicts Punjabi youths', rise in 'sacrilleges', 'gang conflicts', rampant corruption, rising Punjab debts, extortions...It aims to derail Punjab and its people from their real life issues and concerns, damging demographics and resulting in disinvestment.

..................................

The proceedings of Sri Akal Takht Sahib have exposed the law making processes as fundamentally flawed. The Punjab legislators have been shown to be incompetent and unaccountable in delivering their constitutional duties and responsibilities. Moreover, the acting Singh Sahib Jathedar Giani Kuldeep Singh Gargaj has exposed the Punjab government as resorted to bypassing significant Sikh institutions in passing the faultlined Jagat Jot Sri Guru Granth Sahib Sataar legislation; by enacting the Amendment Bill 2026 in a flawed and unaccountable way - where the legistators have publically admitted not to even have read the legislation, before passing it.




.....................................

The issue of film 'Punjab 95' renamed as 'Satluj' has gone global via the BBC, Bloomberg.... other media and social media. The film is depicting the role and life of human rights activist Bhai Jaswant Singh Khalra, which has ignited a public curiousity and political row in Punjab and across India after it was taken off from the streaming platform. Call for Ardass at Hari Ke Pattan:



Secretariat of Sri Akal Takht Sahib

Press Note

**Sri Akal Takht Sahib to Hold Ardas at Satluj's bank on Harike Pattan on July 14 for Peace of Sikh Martyrs and Justice for Victims' Families**

**Amritsar, July 8:**

The officiating Jathedar of Sri Akal Takht Sahib, Giani Kuldip Singh Gargaj, has announced that a special religious gathering will be held on July 14, 2026, on the banks of the Satluj River at Harike Pattan, to offer Ardas (Sikh prayers) for the eternal peace of those innocent Sikh youths who were killed by the police at the behest of government of the time, and whose cases were brought to light by Bhai Jaswant Singh Khalra. The gathering will also pray for justice for the affected families.

Giani Kuldip Singh Gargaj said that, to date, no collective Ardas has been held for the innocent youths, women, elderly people, and children who fell victim to government and police excesses in Punjab. He added that many grieving mothers and sisters still do not know what happened to their sons and brothers. He said that it is time for the world to learn what occurred in Punjab and for the victim families to receive justice.

The Jathedar extended an open invitation to all victim families, mothers, sisters, brothers, activists, lawyers, and individuals who have worked to defend human rights to participate in the event. He particularly invited those who suffered during and after the events of 1984, as well as the families for whom Bhai Jaswant Singh Khalra fought. He also urged the families of victims in cases where the Central Bureau of Investigation court in Mohali has convicted police officials in connection with the killings of innocent youths to attend the gathering. He called upon the Sikh community to come together to recite Gurbani, participate in kirtan, and offer Ardas for the peace of the departed souls while praying to the Akal Purakh to grant strength to the victim families in their pursuit of justice.

Giani Kuldip Singh Gargaj said that the prayer ceremony will begin at 6:00 p.m. on July 14, 2026, on the banks of the Satluj River at Harike Pattan, the location where the bodies of innocent youths who had been killed were reportedly disposed of in the river. He said prayers will be offered there for the peace of their souls and for justice for their families.

The event will be organized by Sri Akal Takht Sahib with the support of the Shiromani Gurdwara Parbandhak Committee. As part of the programme, Sri Guru Granth Sahib will be ceremonially enshrined in a Palki Sahib, followed by the recitation of Sukhmani Sahib, Gurbani kirtan, and Ardas.

.....

...,..............................

A review of the Punjab coverage by the 'mainstream' pan India media, most journalists and commentators would show - from the farmers movement to the film Satluj - that their approach is often prejudiced and reductionist labelling everything as 'Khalistani, terrorism, separatism'...and security risk....They seek two sides of the story without the context and victims' perspective. If keen on facts, why don't the media, journalists and commentattors press the Union Government to establish a high powered South Africa style " Truth Justice Forgiveness Conciliation and Compensation Commission" to conduct and publish a time-bound Public and Parliamentary investigation ...?

......................................

For Punjab at the last analysis, there is no shortcut to establishing a Truth for Justice, Fairness, Forgiveness, Concilliation and Compensation processs through a High Powered National Commission. The Centre formed a cross-departmental Panel to examine the contents of Diljit Dosanjh's film 'Satluj' after it was takedown. But there was an expressed cross-party support for showing the film Satluj openly, without any restrictions, its fallout in view of the Punjab Elections 2027 can be a significant factor.

.....................................

In Punjab, so deeply serious and significant issues have been repeatedly trivialised for politics...the Unionist parties ie Congress, BJP, AAP... abuse minorities to exploit the majority votes in national elections...The same parties use their politics differently in Punjab to polarise communities and fracture the Sikh Panthic polity. The only way forward for Punjabis is to develop a Punjab issues and concerns focused Alliance, to transform the polity as the on-going futile and fractured politics is proving harmful.

....................................

All Punjabi people and voters need to think deeply and act wisely...Diljit Dosanjh's film Sutluj previously Punjab95 is a cinematic art presentation of the violations of human rights and atrocities in Punjab as documented with activists support in the Supreme Courts and CBI proceedings. From the recent proceedings of SriAkalTakhtSahib in Amritsar it should also be clear that people, moreover all Sikh and Punjabi voters in Punjab-India should take their own duty and responsibility seriously in electing competent law makers who have a conscience and sense of moral, ethical and constitutional duty.



............................................

Seasoned Punjab affairs journalist Shekhar Gupta comments that Shiromani Akali Dal is facilitating showing of Diljit Dosanjh film Satluj, his perspective is informative except his use of some terminology...How should the present power and the current dominant media respond to Punjab, Punjabis. Sikhs and all other victims of the 1980s-90s state repression and the police atrocities? Let the recent Punjab History reveal itself...issues arise every day eg the SAD questioned the exclusion of Sikh candidates from Panjab University VC selection process, demanding transparency in selection process; Maheshinder Singh Grewal asserted that exclusion of Sikhs in general and Punjabis in particular from many significant and strategic posts is becoming obvious: an agenda for the new Punjab Government 2027-2032...

.......................................

A continuing conversation on this writer's journey from the 1950s to 2020s on Sangat TV hosted by Journalist R S Rana on Sky763 UK in programme 'Kala Waheguru Di' at 6pm BST every Thursday and on Sunday at 10am, it is also accessible on YouTube



....................................

The behaviour of state agencies in relation to Punjab and Sikhs doesn't seem consistent to the kind of message PM Modi's has given in New Zealand of 'a beautiful Sikh connect'... he honoured the Sikh community's seva, hard work, courage and the quiet strength with which Sikhs have strengthened India's global image..."You are the living bridge between nations, Sikh identity knows no borders", said the PM.

*... Continue on page 29*

## (ਵਿਅੰਗ)
### ਨਿਰਮਲ ਸਿੰਘ ਕੰਧਾਲਵੀ

# ਆ ਬੈਲ ਮੁਝੇ ਮਾਰ



ਸੱਜਣੋਂ, ਮੇਰੇ ਕਈ ਨਾਮ ਹਨ ਜਿਵੇਂ ਸਾਨ੍ਹ, ਸਾਂਢ, ਢੱਠਾ, ਬੈਲ, ਨੰਦੀ ਆਦਿ। ਮੇਰਾ ਭਾਰ ਤਕਰੀਬਨ ਛੇ ਕੁਇੰਟਲ ਦੇ ਨੇੜੇ ਤੇੜੇ ਹੈ ਤੇ ਮੇਰਾ ਕੱਦ ਚਾਰ ਫੁੱਟ ਹੈ। ਮੇਰਾ ਕੰਮ ਸਾਰਾ ਦਿਨ ਬਾਜ਼ਾਰਾਂ 'ਚ ਆਵਾਰਾ ਫਿਰਨਾ ਹੈ। ਮੇਰੇ ਵਿਰੋਧੀਆਂ ਨੇ ਮੇਰੇ 'ਤੇ ਨੌਂ ਕਤਲਾਂ ਦੇ ਇਲਜ਼ਾਮ ਲਗਾਏ ਹਨ। ਮੇਰੇ ਬਾਰੇ ਬਹੁਤਾ ਰੌਲ਼ਾ ਅਖ਼ਬਾਰਾਂ ਵਾਲੇ ਤੇ ਸੋਸ਼ਲ ਮੀਡੀਆ ਹੀ ਪਾਉਂਦਾ ਹੈ। ਜਿਹੜੇ ਲੋਕ ਮੇਰੇ ਕਾਰਨ ਮਰੇ ਹਨ ਉਨ੍ਹਾਂ ਦੇ ਘਰ ਵਾਲਿਆਂ ਨੂੰ ਪੁੱਛ ਕੇ ਦੇਖੋ, ਉਨ੍ਹਾਂ 'ਚੋਂ ਕਈ ਤਾਂ ਇਹ ਕਹਿੰਦੇ ਹਨ ਕਿ ਉਨ੍ਹਾਂ ਦੇ ਧੰਨਭਾਗ ਹਨ ਕਿ ਉਨ੍ਹਾਂ ਦੇ ਪਰਵਾਰ ਦਾ ਜੀਅ ਗਊ ਜਾਏ ਦੇ ਹੱਥੋਂ ਮਰਨ ਕਰ ਕੇ ਸਿੱਧਾ ਸਵਰਗਾਂ ਨੂੰ ਗਿਆ ਹੈ। ਦੂਸਰੇ ਲੋਕ ਕਹਿੰਦੇ ਹਨ ਕਿ ਗਊ ਜਾਏ ਵਿਚਾਰੇ ਦਾ ਕੀ ਕਸੂਰ ਹੈ ਜਦ ਮਰਨ ਵਾਲੇ ਦੀ ਰੱਬ ਨੇ ਉਮਰ ਹੀ ਇੰਨੀ ਲਿਖੀ ਸੀ। ਹੁਣ ਤੁਸੀਂ ਹੀ ਦੱਸੋ ਕਿ ਕੀ ਮੈਂ ਕਸੂਰਵਾਰ ਹਾਂ? ਜੇ ਭਲਾ ਕੰਮ ਵੀ ਲੋਕਾਂ ਨੂੰ ਪਸੰਦ ਨਹੀਂ ਤਾਂ ਮੈਂ ਕੀ ਕਰ ਸਕਦਾ ਹਾਂ।

ਮੇਰੇ 'ਤੇ ਇਹ ਵੀ ਇਲਜ਼ਾਮ ਲਗਦਾ ਹੈ ਕਿ ਮੈਂ ਲਾਲ ਰੰਗ ਦੇਖ ਕੇ ਭੜਕ ਜਾਂਦਾ ਹਾਂ। ਲਉ ਇਹ ਵੀ ਸੁਣ ਲਉ, ਲਾਲ ਰੰਗ ਮੈਨੂੰ ਰਾਖ਼ਸ਼ਸਾਂ ਦੇ ਮੂੰਹ ਨੂੰ ਲੱਗਿਆ ਖ਼ੂਨ ਦਿਸਦਾ ਹੈ ਜਿਸ ਕਰ ਕੇ ਮੈਨੂੰ ਗੁੱਸਾ ਚੜ੍ਹਦਾ ਹੈ। ਮੇਰੇ 'ਤੇ ਇਹ ਵੀ ਦੋਸ਼ ਲਗਦਾ ਹੈ ਕਿ ਲਾਲ ਰੰਗ ਦੇ ਕੱਪੜੇ ਪਹਿਨਣ ਵਾਲਿਆਂ ਨੂੰ ਮੈਂ ਨਿਸ਼ਾਨਾ ਬਣਾਉਂਦਾ ਹਾਂ, ਵਿਸ਼ੇਸ਼ ਕਰ ਕੇ ਲਾਲ ਰੰਗ ਦੀ ਸਾੜ੍ਹੀ ਪਹਿਨਣ ਵਾਲੀਆਂ ਬੀਬੀਆਂ। ਹਾਂ! ਇਹ ਗੱਲ ਠੀਕ ਹੈ। ਮੈਂ ਕਹਿਨਾ ਪਈ ਜਦ ਇਨ੍ਹਾਂ ਬੀਬੀਆਂ ਦੇ ਘਰੀਂ ਹੋਰ ਰੰਗਾਂ ਦੀਆਂ ਸਾੜ੍ਹੀਆਂ ਨਾਲ ਅਲਮਾਰੀਆਂ ਭਰੀਆਂ ਪਈਆਂ ਹਨ ਤਾਂ ਇਹ ਲਾਲ ਰੰਗ ਦੀ ਸਾੜ੍ਹੀ ਪਹਿਨ ਕੇ ਹੀ ਬਾਜ਼ਾਰ 'ਚ ਕਿਉਂ ਫਿਰਦੀਆਂ ਹਨ, ਜਦ ਪਤਾ ਹੈ ਕਿ ਮੈਂ ਲਾਲ ਰੰਗ ਪਸੰਦ ਨਹੀਂ ਕਰਦਾ? ਲਾਲ ਰੰਗ ਪਹਿਨ ਕੇ ਇਹ ਕਿੱਟੀ ਪਾਰਟੀਆਂ, ਬਰਥਡੇਅ ਪਾਰਟੀਆਂ, ਵਿਆਹਾਂ ਸ਼ਾਦੀਆਂ 'ਚ ਜਾਣ ਮੈਨੂੰ ਕੋਈ ਇਤਰਾਜ਼ ਨਹੀਂ ਪਰ ਮੈਂ ਇਹ ਨਹੀਂ ਬਰਦਾਸ਼ਤ ਕਰ ਸਕਦਾ ਕਿ ਲਾਲ ਰੰਗ ਦੀਆਂ ਸਾੜ੍ਹੀਆਂ ਜਾਂ ਸੂਟ ਪਹਿਨ ਕੇ ਬਾਜ਼ਾਰਾਂ 'ਚ ਸ਼ੋ-ਆਫ਼ ਕਰਨ। ਇਨ੍ਹਾਂ ਬੀਬੀਆਂ ਨੂੰ 'ਆ ਬੈਲ ਮੁਝੇ ਮਾਰ' ਦੀ ਕਹਾਵਤ ਦਾ ਡੂੰਘਾ ਅਧਿਐਨ ਕਰਨਾ ਚਾਹੀਦਾ ਹੈ।

ਇਨ੍ਹਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਮਾਈਆਂ ਤੋਂ ਸਿੱਖਿਆ ਲੈਣ ਜਿਹੜੀਆਂ ਚਿੱਟੀ ਸਾੜ੍ਹੀ ਪਹਿਨ ਕੇ ਤੇ ਮੱਥੇ 'ਤੇ ਚੰਦਨ ਦਾ ਟਿੱਕਾ ਲਗਾ ਕੇ ਮੈਨੂੰ ਬੜੇ ਪ੍ਰੇਮ ਨਾਲ ਆਟੇ ਦਾ ਪੇੜਾ ਛਕਾਉਂਦੀਆਂ ਹਨ। ਇਹ ਮਾਈਆਂ ਭਾਰਤੀ ਸੰਸਕ੍ਰਿਤੀ ਅਨੁਸਾਰ ਵੱਖਰੇ ਵੱਖਰੇ ਦਿਨਾਂ ਨੂੰ ਪਵਿੱਤਰ ਸਮਝਦੀਆਂ ਹਨ ਸੋ ਨਤੀਜੇ ਵਜੋਂ ਮੈਨੂੰ ਸੱਤੇ ਦਿਨ ਹੀ ਆਟੇ ਦੇ ਪੇੜੇ ਛਕਣ ਲਈ ਮਿਲਦੇ ਰਹਿੰਦੇ ਹਨ। ਹੁਣ ਦੱਸੋ ਜੇ ਮੈਂ ਕਾਤਲ ਹਾਂ ਤਾਂ ਇਹ ਮਾਈਆਂ ਮੈਨੂੰ ਆਟੇ ਦੇ ਪੇੜੇ ਕਿਉਂ ਛਕਾਉਂਦੀਆਂ ਹਨ? ਮੈਂ ਤਾਂ ਸਗੋਂ ਉਡੀਕ ਰਿਹਾ ਹਾਂ ਕਿ ਕਦੋਂ ਮੈਨੂੰ ਕੋਈ ਅਵਾਰਡ ਦਿਤਾ ਜਾਵੇਗਾ। ਮੇਰੀ ਹਾਲਤ ਵੀ ਟਰੰਪ ਵਰਗੀ ਹੋਈ ਪਈ ਹੈ, ਉਹ ਵਿਚਾਰਾ ਵੀ ਨੋਬਲ ਪੀਸ ਪਰਾਈਜ਼ ਉਡੀਕ ਰਿਹਾ ਹੈ। ਚਲੋ, ਮੈਂ ਨੋਬਲ ਪੀਸ ਪਰਾਈਜ਼ ਦੀ ਚਾਹਨਾ ਤਾਂ ਨਹੀਂ ਰੱਖਦਾ ਪਰ ਪਦਮ ਸ਼੍ਰੀ ਵਿਗੈਰਾ 'ਤੇ ਤਾਂ ਮੇਰਾ ਹੱਕ ਹੈ ਕਿ ਨਹੀਂ?

ਕੁਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਘੁੰਮਦੀ ਫਿਰਦੀ ਹੈ ਜਿਸ ਵਿਚ ਦਿਖਾਇਆ ਗਿਆ ਹੈ ਕਿ ਬਾਜ਼ਾਰ 'ਚ ਮੈਂ ਇਕ ਲਾਲ ਰੰਗ ਦੀ ਕਾਰ ਸਿੰਙਾਂ ਨਾਲ ਚੁੱਕ ਕੇ ਉਲਟਾ ਦਿਤੀ। ਮੈਨੂੰ ਹੈਰਾਨੀ ਹੁੰਦੀ ਹੈ ਜਦ ਮੈਂ ਦੇਖਦਾ ਹਾਂ ਕਿ ਚਾਰੇ ਪਾਸੇ ਜਿਧਰ ਨਜ਼ਰ ਮਾਰੋ ਚਿੱਟੇ ਰੰਗ ਦੀਆਂ ਕਾਰਾਂ ਹੀ ਨਜ਼ਰ ਆਉਂਦੀਆਂ ਹਨ, ਫੇਰ ਲਾਲ ਰੰਗ ਦੀ ਕਾਰ ਕਿੱਥੋਂ ਆ ਗਈ? ਕੀ ਲਾਲ ਰੰਗ ਦੀ ਕਾਰ ਬਣਾਉਣ ਵਾਲਿਆਂ ਨੂੰ ਭਾਰਤ ਦੀ ਸੰਸਕ੍ਰਿਤੀ ਦਾ ਨਹੀਂ ਪਤਾ? ਜੇ ਨਹੀਂ ਪਤਾ ਤਾਂ ਉਹ ਭਾਰਤੀ ਸੰਸਕ੍ਰਿਤੀ ਨੂੰ ਸਮਝਣ ਤੇ ਲਾਲ ਰੰਗ ਤੋਂ ਪ੍ਰਹੇਜ਼ ਕਰਨ ਨਹੀਂ ਤਾਂ ਮੈਂ ਇੰਜ ਹੀ ਕਾਰਾਂ ਪੁੱਠੀਆਂ ਕਰਦਾ ਰਹਾਂਗਾ। ਮੇਰਾ ਇਹ ਸੁਝਾਉ ਨਹੀਂ ਚੇਤਾਵਨੀ ਹੈ।

ਮੇਰੇ ਖ਼ਿਲਾਫ਼ ਸਾਜ਼ਿਸ਼ਾਂ ਵੀ ਬਹੁਤ ਹੁੰਦੀਆਂ ਹਨ। ਮੈਨੂੰ ਸ਼ਹਿਰ ਚੋਂ ਬਾਹਰ ਕੱਢਣ ਦੇ ਮਨਸੂਬੇ ਬਣਾਏ ਜਾਂਦੇ ਹਨ। ਪਰ ਜਿਉਂਦੀਆਂ ਰਹਿਣ ਉਹ ਜਥੇਬੰਦੀਆਂ ਜੋ ਮੈਨੂੰ ਬਚਾਉਣ ਲਈ ਧਾਰਮਿਕ ਭਾਵਨਾਵਾਂ ਉਭਾਰ ਕੇ ਮੇਰੇ ਲਈ ਜ਼ੈੱਡ ਸਕਿਉਰਿਟੀ ਦਾ ਕੰਮ ਕਰਦੀਆਂ ਹਨ।

ਨਿਰਮਲ ਸਿੰਘ ਕੰਧਾਲਵੀ



... Continue from page 28

His far-east tour was essentially advantegeous for India, to be green and more energy self-sufficient; Australia and India reached a deal to export Australian uranium to India for use in the nuclear energy industry, while agreeing to deepen cooperation in renewables, critical minerals and hydrogen fuel technology.

..................................

Having rebuilt a successful UK Labour party, resetting the Labour in government with the largest majoriy ever, has now made a clean and graceful departure - Keir Starmer, also has set a purposeful aim for his successor leadership to build on "the achievements" so far and, win the next election in 2029. The question now is; will the UK Labour let Andy Burnham as PM achieve his 10 years vision, policy and strategy...as outlined in the The Times?

...,...............................

Some populous self-styled ultra right politicians provoke and exploit selective emotions. They dislike regulations as they don't want to be held to account. Many people and businesses in the UK have paid a heavy economic price resulting from the Brexit which was in the main promoted and led by the ultra right. Across the ocean the USA President Donald Trump was promoting the America led arms industry at NATO, but imagine the advantage to people in US and the wider humanity only if he starts promoting peace, prosperity and development led industry, agriculture, trade, commerce and services

...,...............................

## ਪਤਨੀ ਨਾਲ ਜਬਰ ਜਨਾਹ ਕਰਕੇ ਕਤਲ ਕਰਨ ਅਤੇ ਖੁਦਕਸ਼ੀ ਦਾ ਰੂਪ ਦੇਣ ਦੀ ਕੋਸ਼ਿਸ਼ ਕਰਨ ਵਾਲੇ ਪਤੀ ਨੂੰ 33 ਸਾਲ ਦੀ ਕੈਦ

ਬਰਤਾਨੀਆ ਦੇ ਨਾਰਥਹੈਂਪਟਨ ਵਿੱਚ ਆਪਣੀ ਅਲੱਗ ਰਹਿ ਰਹੀ ਪਤਨੀ ਨਾਲ ਜਬਰ ਜਨਾਹ ਕਰਨ, ਉਸ ਦਾ ਕਤਲ ਕਰਨ ਅਤੇ ਘਟਨਾ ਨੂੰ ਖੁਦਕੁਸ਼ੀ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਨ ਵਾਲੇ 56 ਸਾਲਾ ਮਾਈਕਲ ਥੌਮਸਨ ਨੂੰ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਹ ਘੱਟੋ-ਘੱਟ 33 ਸਾਲ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ ਹੀ ਰਿਹਾਈ ਲਈ ਅਰਜ਼ੀ ਦੇ ਸਕੇਗਾ।ਅਦਾਲਤ ਵਿੱਚ ਦੱਸਿਆ ਗਿਆ ਕਿ ਮਾਈਕਲ ਅਤੇ ਉਸ ਦੀ 43 ਸਾਲਾ ਪਤਨੀ ਕਿੰਬਰਲੀ ਥੌਮਸਨ ਦੋ ਸਾਲਾਂ ਤੋਂ ਵੱਖ ਰਹਿ ਰਹੇ ਸਨ, ਹਾਲਾਂਕਿ ਦੋਵੇਂ ਇੱਕੋ ਘਰ ਵਿੱਚ ਰਹਿੰਦੇ ਸਨ ਅਤੇ ਤਲਾਕ ਦੀ ਕਾਰਵਾਈ ਚੱਲ ਰਹੀ ਸੀ। ਕਿੰਬਰਲੀ ਨਵੀਂ ਜ਼ਿੰਦਗੀ ਸ਼ੁਰੂ ਕਰਨ ਦੀ ਤਿਆਰੀ ਕਰ ਰਹੀ ਸੀ, ਜਿਸ ਕਾਰਨ ਦੋਸ਼ੀ ਉਸ ਨਾਲ ਰੰਜਿਸ਼ ਰੱਖਦਾ ਸੀ।ਅਭਿਯੋਜਨ ਪੱਖ ਮੁਤਾਬਕ, ਮਾਈਕਲ ਨੇ ਪਹਿਲਾਂ ਕਿੰਬਰਲੀ ਨਾਲ ਜਬਰ ਜਨਾਹ ਕੀਤਾ ਅਤੇ ਫਿਰ ਉਸ ਦਾ ਦਮ ਘੁੱਟ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਕਮਰੇ ਵਿੱਚ ਖਾਲੀ ਦਵਾਈਆਂ ਦੇ ਪੈਕਟ, ਸ਼ਰਾਬ ਦੀਆਂ ਬੋਤਲਾਂ ਅਤੇ ਪਰਿਵਾਰਕ ਤਸਵੀਰਾਂ ਰੱਖ ਕੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਕਿੰਬਰਲੀ ਨੇ ਖੁਦਕੁਸ਼ੀ ਕੀਤੀ ਹੈ। ਪਰ ਪੋਸਟਮਾਰਟਮ ਅਤੇ ਫੋਰੈਂਸਿਕ ਜਾਂਚ ਨੇ ਉਸ ਦੀ ਕਹਾਣੀ ਨੂੰ ਝੂਠਾ ਸਾਬਤ ਕਰ ਦਿੱਤਾ।ਸਜ਼ਾ ਸੁਣਾਉਂਦੇ ਹੋਏ ਜੱਜ ਨੇ ਕਿਹਾ ਕਿ ਦੋਸ਼ੀ ਨੇ ਆਪਣੇ ਜੁਰਮ ਲਈ ਕੋਈ ਪਛਤਾਵਾ ਨਹੀਂ ਦਿਖਾਇਆ। ਪੁਲਿਸ ਨੇ ਕਿਹਾ ਕਿ ਜਾਂਚ ਦੌਰਾਨ ਸਾਹ-ਮਣੇ ਆਇਆ ਕਿ ਕਿੰਬਰਲੀ ਲੰਬੇ ਸਮੇਂ ਤੋਂ ਘਰੇਲੂ ਹਿੰਸਾ ਅਤੇ ਮਾਨਸਿਕ ਤਸ਼ੱਦਦ ਦਾ ਸ਼ਿਕਾਰ ਸੀ। ਇਹ ਮਾਮਲਾ ਘਰੇਲੂ ਹਿੰਸਾ ਦੇ ਖ਼ਤਰਨਾਕ ਨਤੀਜਿਆਂ ਦੀ ਇੱਕ ਗੰਭੀਰ ਮਿਸਾਲ ਹੈ।

## ਬੀਬੀਸੀ ਲਾਇਸੈਂਸ ਫੀਸ £180 ਹੋਣ ਤੋਂ ਬਾਅਦ ਪੰਜ ਲੱਖ ਤੋਂ ਵੱਧ ਲੋਕਾਂ ਨੇ ਫੀਸ ਭਰਨੀ ਛੱਡੀ

ਬੀਬੀਸੀ ਦੀ ਸਾਲਾਨਾ ਰਿਪੋਰਟ ਅਨੁਸਾਰ, ਪਿਛਲੇ ਇੱਕ ਸਾਲ ਦੌਰਾਨ ਕਰੀਬ 5.39 ਲੱਖ ਘਰਾਂ ਨੇ ਟੀਵੀ ਲਾਇਸੈਂਸ ਫੀਸ ਭਰਨੀ ਬੰਦ ਕਰ ਦਿੱਤੀ ਹੈ। ਅਪ੍ਰੈਲ 2026 ਤੋਂ ਲਾਇਸੈਂਸ ਫੀਸ ਵਧ ਕੇ £180 ਪ੍ਰਤੀ ਸਾਲ ਹੋਣ ਤੋਂ ਬਾਅਦ ਇਹ ਗਿਰਾਵਟ ਹੋਰ ਵੀ ਚਰਚਾ ਦਾ ਵਿਸ਼ਾ ਬਣ ਗਈ ਹੈ।ਰਿਪੋਰਟ ਮੁਤਾਬਕ, ਹੁਣ ਲਾਇਸੈਂਸ ਫੀਸ ਭਰਨ ਵਾਲੇ ਘਰਾਂ ਦੀ ਗਿਣਤੀ ਘਟ ਕੇ ਲਗਭਗ 2.33 ਕਰੋੜ ਰਹਿ ਗਈ ਹੈ, ਜੋ 1999 ਤੋਂ ਬਾਅਦ ਸਭ ਤੋਂ ਘੱਟ ਹੈ। ਬੀਬੀਸੀ ਦਾ ਕਹਿਣਾ ਹੈ ਕਿ ਲੋਕਾਂ ਦੀਆਂ ਦੇਖਣ ਦੀਆਂ ਆਦਤਾਂ ਵਿੱਚ ਆਏ ਬਦਲਾਅ, Netfilx, Disney+ ਅਤੇ ਹੋਰ ਸਟ੍ਰੀਮਿੰਗ ਸੇਵਾਵਾਂ ਦੀ ਵਧਦੀ ਲੋਕਪ੍ਰਿਯਤਾ ਕਾਰਨ ਇਹ ਗਿਰਾਵਟ ਆਈ ਹੈ।

ਬੀਬੀਸੀ ਦੇ ਡਾਇਰੈਕਟਰ ਜਨਰਲ ਨੇ ਇਸ ਸਥਿਤੀ ਨੂੰ ਜਨਤਕ ਪ੍ਰਸਾਰਣ ਲਈ "ਬਹੁਤ ਗੰਭੀਰ ਚੁਣੌਤੀ" ਕਰਾਰ ਦਿੱਤਾ ਹੈ। ਸੰਸਥਾ ਨੇ ਖਰਚੇ ਘਟਾਉਣ ਲਈ ਕਰੀਬ 2,000 ਨੌਕਰੀਆਂ ਵਿੱਚ ਕਟੌਤੀ ਅਤੇ ਅਗਲੇ ਕੁਝ ਸਾਲਾਂ ਵਿੱਚ ਲੱਖਾਂ ਪੌਂਡ ਦੀ ਬਚਤ ਕਰਨ ਦੀ ਯੋਜਨਾ ਵੀ ਬਣਾਈ ਹੈ।ਇਸ ਦਰਮਿਆਨ ਬ੍ਰਿਟਿਸ਼ ਸਰਕਾਰ ਬੀਬੀਸੀ ਦੀ ਫੰਡਿੰਗ ਪ੍ਰਣਾਲੀ ਵਿੱਚ ਸੁਧਾਰ ਦੇ ਵਿਕਲਪਾਂ 'ਤੇ ਵੀ ਵਿਚਾਰ ਕਰ ਰਹੀ ਹੈ, ਤਾਂ ਜੋ ਭਵਿੱਖ ਵਿੱਚ ਜਨਤਕ ਪ੍ਰਸਾਰਣ ਸੇਵਾ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਰੱਖਿਆ ਜਾ ਸਕੇ।

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuir@yahoo.com

# ਟਾਹਲੀ ਨਹੀਂ 'ਟਾਹਲੀ ਸਾਹਿਬ' ਕਹੁ !



ਸਵੇਰ ਦਾ ਸਮਾਂ...ਪਿੰਡ ਬਿਲਗੇ ਦੇ ਬੱਸ ਅੱਡੇ 'ਚੋਂ ਜਲੰਧਰ ਜਾਣ ਵਾਲੀ ਪਹਿਲੀ ਬੱਸ ਤਿਆਰ ਖੜ੍ਹੀ ਹੈ। ਪੰਜ ਸੱਤ ਕੁ ਸਵਾਰੀਆਂ ਬੱਸ ਵਿੱਚ ਬੈਠੀਆਂ ਹਨ। ਇੰਜਨ ਸਟਾਰਟ ਕਰਕੇ ਸੀਟ 'ਤੇ ਬੈਠਾ ਡ੍ਰਾਈਵਰ ਅੱਡੇ ਵੱਲ ਆਉਂਦੇ ਰਾਹਾਂ ਵੱਲ ਤੱਕ ਰਿਹਾ ਹੈ। ਹੱਥਾਂ ਵਿੱਚ ਨੋਟ-ਬੁੱਕਾਂ ਜਾਂ ਇੱਕ-ਅੱਧ ਕਿਤਾਬ ਫੜੀ ਕੁੱਝ ਪਾੜ੍ਹੇ ਮੁੰਡੇ ਕੁੜੀਆਂ ਬੱਸ ਵਿੱਚ ਹੋਰ ਆਣ ਚੜ੍ਹੇ। ਡ੍ਰਾਈਵਰ ਚਮਕੀਲੇ ਦੀ ਕੈਸਿਟ ਲਾ ਦਿੰਦਾ ਹੈ। ਵੱਜ ਰਹੇ ਲੱਚਰ ਜਿਹੇ ਬੋਲ ਸੁਣਕੇ ਪੇਂਡੂ ਕੁੜੀਆਂ ਕੁੱਝ ਅੱਚਵੀ ਜਿਹੀ ਮਹਿਸੂਸ ਕਰਦੀਆਂ ਹਨ।

"ਪਤੰਦਰ ਵੇਲਾ-ਕੁਵੇਲਾ ਵੀ ਨਹੀਂ ਦੇਖਦੇ!" ਇੱਕ ਬਜ਼ੁਰਗ ਨੇ ਬਾਰੀ 'ਚੋਂ ਬਾਹਰ ਵੱਲ ਮੂੰਹ ਕੱਢਕੇ ਬੁੜ ਬੁੜ ਕੀਤੀ। ਮੋਹਰਲੀ ਬਾਰੀ ਕੋਲ ਖੜ੍ਹ ਕੇ ਕੰਡਕਟਰ ਨੇ 'ਜਲੰਧਰ...ਜਲੰਧਰ' ਦਾ ਹੋਕਰਾ ਲਾਇਆ। ਏਨੇ ਨੂੰ ਕਾਲੀ ਦਸਤਾਰ ਵਾਲਾ ਸੋਹਣਾ ਸੁਨੱਖਾ ਇੱਕ ਗਭਰੂ ਮੁੰਡਾ ਭੱਜ ਕੇ ਪਿਛਲੀ ਬਾਰੀ ਥਾਣੀ ਬੱਸ ਵਿੱਚ ਆਣ ਚੜ੍ਹਿਆ। ਉਸਦੇ ਸੀਟ 'ਤੇ ਬਹਿੰਦਿਆਂ ਹੀ ਡਰਾਈਵਰ ਨੇ ਚਮਕੀਲਾ ਬੰਦ ਕਰ ਦਿੱਤਾ ਅਤੇ ਸ਼ਬਦਾਂ ਦੀ ਕੈਸਿਟ ਚਲਾ ਦਿੱਤੀ। ਅਗਲੀਆਂ ਸੀਟਾਂ 'ਤੇ ਬੈਠੀਆਂ ਕਈ ਕੁੜੀਆਂ ਨੇ ਮੂੰਹ ਭੁੰਵਾ ਕੇ ਕਾਲੀ ਪੱਗ ਵਾਲੇ ਉਸ ਮੁੰਡੇ ਨੂੰ 'ਭਾਅ ਜੀ ਸਤਿ ਸ੍ਰੀ ਅਕਾਲ' ਬੁਲਾਈ। ਉਹ ਥੋੜ੍ਹਾ ਜਿਹਾ ਮੁਸਕ੍ਰਾਈਆਂ ਵੀ ਜਿਵੇਂ ਕਹਿਣਾ ਚਾਹੁੰਦੀਆਂ ਹੋਣ ਕਿ ਸ਼ੁਕਰ ਐ ਵੀਰਿਆ ਤੂੰ ਆਇਆਂ ਤਾਂ ਚਮਕੀਲਾ ਬੰਦ ਹੋਇਆ!

ਇਸ ਛੈਲ ਛਬੀਲੇ ਗਭਰੂ ਦਾ ਨਾਮ ਤਾਂ ਹੈ ਮਨਜੀਤ ਸਿੰਘ ਪਰ ਘਰ ਦੇ ਅਤੇ ਪਿੰਡ ਵਾਲੇ ਇਸ ਨੂੰ ਪਿਆਰ ਨਾਲ 'ਮੰਨਾ' ਹੀ ਕਹਿੰਦੇ ਹਨ। ਸਾਬਤਿ-ਸੂਰਤ ਅਤੇ ਗੁੱਟ ਉੱਤੇ ਸਿਮਰਨਾ ਪਾਇਆ ਹੋਣ ਕਰਕੇ ਲਾਇਲ ਪੁਰ ਖਾਲਸਾ ਕਾਲਜ ਜਲੰਧਰ ਦੇ ਇਹਦੇ ਹਮਜਮਾਤੀ ਤੇ ਹੋਰ ਜਾਣੂ ਮੁੰਡੇ ਇਹਨੂੰ 'ਮੰਨਾ ਬਾਬਾ' ਹੀ ਆਖਦੇ ਹਨ। ਪਟਵਾਰੀ ਬਾਪ ਦੇ ਬਾਕੀ ਦੇ ਚਾਰ ਨਿਆਣਿਆਂ 'ਚੋਂ ਕੋਈ ਮੈਟਰਿਕ ਵੀ ਨਹੀਂ ਕਰ ਸਕਿਆ ਪਰ ਇਹ ਕਾਲਜ ਵਿੱਚ ਬੀ. ਏ ਕਰ ਰਿਹਾ ਐ। ਪੰਜਾਂ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਧ ਸੁਨੱਖੇ ਨੈਣ-ਨਕਸ਼ਾਂ ਵਾਲਾ ਤੇ ਡੀਲ ਡੌਲ ਵਾਲਾ ਹੋਣ ਸਦਕਾ ਪਟਵਾਰੀ ਬਾਪ ਇਸਨੂੰ ਰੀਝ ਨਾਲ ਪੜ੍ਹਾ ਰਿਹਾ ਏ। ਬਿਲਗੇ ਵਿੱਚ ਸਥਿਤ ਪੰਜਵੇਂ ਪਾਤਸ਼ਾਹ ਜੀ ਦੀ ਮੁਬਾਰਕ ਚਰਨ ਛੋਹ ਪ੍ਰਾਪਤ ਗੁਰਦੁਆਰਾ ਸਾਹਿਬ ਤੋਂ ਮੰਨੇਂ ਨੇ ਸਕੂਲ ਪੜ੍ਹਦਿਆਂ ਹੀ ਅੰਮ੍ਰਿਤ ਪਾਨ ਕਰ ਲਿਆ ਸੀ। ਪੜ੍ਹਾਈ ਦੇ ਨਾਲ ਨਾਲ ਇਹ ਅਕਸਰ ਗੁਰਦੁਆਰੇ ਵਿਖੇ ਸੇਵਾ ਵੀ ਕਰਨ ਜਾਂਦਾ।

ਇਹ ਸਾਰੀ ਵਾਰਤਾ ਸਾਕਾ ਜੂਨ ਚੁਰਾਸੀ ਤੋਂ ਬਾਅਦ ਦੇ ਉਨ੍ਹਾਂ ਵਰ੍ਹਿਆਂ ਦੀ ਹੈ ਜਦੋਂ ਪੰਜਾਬ 'ਚ ਹਾਲਾਤ ਇਹੋ ਜਿਹੇ ਸਨ-'ਦੇਖੋ ਤੋ ਹਰ ਇਕ ਮੋੜ ਪੇ ਮਿਲ ਜਾਏਂ ਗੀ ਲਾਸ਼ੇਂ

ਢੂੰਡੋ ਗੇ ਤੋ ਇਸ ਸ਼ਹਰ ਮੇਂ ਕਾਤਿਲ ਨਾ ਮਿਲੇ ਗਾ। '-ਮਲਿਕ ਜ਼ਾਦਾ ਮੰਜ਼ੂਰ

ਸਮਾਂ ਆਪਣੀ ਤੋਰੇ ਤੁਰਦਾ ਜਾ ਰਿਹਾ ਸੀ। ਕਾਲਜ ਦਾਖਲ ਹੋਣ ਤੋਂ ਬਾਅਦ ਰੱਬ ਜਾਣੇ ਕੀ ਭਾਣਾ ਵਾਪਰਿਆ ਕਿ ਮੰਨਾਂ ਪੁਲੀਸ ਦੀਆਂ ਅੱਖਾਂ 'ਚ ਰੜਕਣ ਲੱਗ ਪਿਆ। ਕਦੇ ਉਸਨੂੰ ਲਾਗੇ ਪਿੰਡ ਦੀ ਪੁਲੀਸ ਚੌਕੀ ਵਾਲੇ ਸੱਦ ਲੈਂਦੇ ਅਤੇ ਕਦੇ ਫਿਲੌਰ ਥਾਣੇ ਵਾਲੇ ਲੈ ਜਾਂਦੇ। ਕਦੇ ਉਹਦੇ ਘਰੇ ਖਬਰ ਪਹੁੰਚਦੀ ਕਿ ਤੁਹਾਡਾ ਮੰਨਾਂ ਕਾਲਜੋਂ ਨਿਕਲਦਾ ਹੀ ਪੁਲੀਸ ਨੇ ਚੁੱਕ ਲਿਆ!

ਪਿੰਡ ਤੇ ਇਲਾਕੇ ਵਿੱਚ ਪਟਵਾਰੀ ਦਾ ਮਾਣ ਸਤਿਕਾਰ ਬਣਿਆਂ ਹੋਣ ਕਰਕੇ ਅਤੇ ਮੰਨੇਂ ਦੀ ਸ਼ਰੀਫੀ ਸਦਕਾ ਸਰਕਰਦਾ ਸੱਜਣ ਪੰਚਾਇਤ ਬਣਕੇ ਜਾਂਦੇ ਤੇ ਮੰਨੇਂ ਨੂੰ ਘਰੇ ਲੈ ਆਉਂਦੇ।

ਘਰ ਦੇ ਜਦੋਂ ਜ਼ੋਰ ਪਾ ਕੇ ਮੰਨੇਂ ਨੂੰ ਪੁੱਛਦੇ ਕਿ ਪੁਲੀਸ ਤੇਰੀ ਵੈਰੀ ਕਿਉਂ ਬਣੀ ਹੋਈ ਹੈ? ਤਾਂ ਉਸਦਾ ਇਹੀ ਜਵਾਬ ਹੁੰਦਾ-

"ਡੈਡੀ ਜੀ ਮੈਂ ਤਾਂ ਤੁਹਾਡੇ ਸਾਹਮਣੇ ਰੋਜ਼ਾਨਾਂ ਘਰੋਂ ਕਾਲਜ ਜਾਂਦਾ ਹਾਂ ਤੇ ਸਮੇਂ ਸਿਰ ਸਿੱਧਾ ਘਰੇ ਆਉਨਾਂ.. ਪੁਲਸੀਆਂ ਨੂੰ ਪਤਾ ਨੀ ਮੇਰੇ 'ਤੇ ਕਾਹਦੀ ਸ਼ੱਕ ਪਈ ਹੋਈ ਐ!"

ਰੋਜ਼ਾਨਾਂ ਮਾਰੋ-ਮਾਰੀ ਦੇ ਮਾਹੌਲ ਤੋਂ ਤ੍ਰਹਿੰਦਿਆਂ ਮੰਨੇਂ ਦੇ ਮਾਪਿਆਂ ਨੇ ਉਸਦਾ ਕਾਲਜ ਜਾਣਾ ਬੰਦ ਕਰ ਦਿੱਤਾ। ਪਰ ਪੁਲੀਸ ਨੇ ਉਹਦਾ ਖਹਿੜਾ ਫਿਰ ਵੀ ਨਾ ਛੱਡਿਆ। ਇੱਕ ਦਿਨ ਸੁਭਾ ਸਵੇਰੇ ਸੁਵਖਤੇ ਹੀ ਜਦੋਂ ਘਰ ਵਿੱਚ ਸਾਰੇ ਜਣੇ ਚਾਹ ਪੀ ਰਹੇ ਸਨ ਤਾਂ ਪੰਜਾਬ ਪੁਲੀਸ ਅਤੇ ਸੀ.ਆਰ.ਪੀ ਦੇ ਸਿਪਾਹੀ ਪਟਵਾਰੀ ਦੇ ਘਰ ਦੀ ਚਾਰਦੀਵਾਰੀ ਟੱਪ ਕੇ ਦਗੜ ਦਗੜ ਕਰਦੇ ਵਿਹੜੇ 'ਚ ਆ ਵੜੇ। ਜਿਵੇਂ ਕਿਤੇ ਉਨ੍ਹਾਂ ਨੂੰ ਪੱਕੀ ਸੂਹ ਹੋਵੇ, ਉਹ ਸਿੱਧੇ ਮੰਨੇਂ ਵਾਲੇ ਕਮਰੇ ਵਿੱਚ ਜਾ ਘੁਸੇ। ਸ਼ਿਕਾਰ ਫੜਨ ਵਾਂਗ ਉਹ ਮੰਨੇਂ ਨੂੰ ਵਿਹੜੇ 'ਚ ਨੂੰ ਧੂਅ ਲਿਆਏ। ਬਾਕੀ ਸਾਰੇ ਟੱਬਰ ਨੂੰ ਦੂਸਰੇ ਦੂਜੇ ਕਮਰੇ ਵਿੱਚ ਹੁਬੜ ਕੇ ਬਾਹਰੋਂ ਕੁੰਡਾ ਲਾ ਦਿੱਤਾ।

ਇੱਟਾਂ ਦੇ ਫਰਸ਼ ਵਾਲੇ ਵਿਹੜੇ ਵਿੱਚ ਮੰਨੇਂ ਨੂੰ ਲੰਮਾਂ ਪਾ ਕੇ ਪੁਲਸੀਏ ਬੁੱਚੜਾਂ ਵਾਂਗ ਉਹਦੀ ਮਾਰ ਕੁਟਾਈ ਕਰਨ ਲੱਗੇ। ਪਟਵਾਰੀ,ਮੰਨੇਂ ਦੀ ਮਾਂ ਅਤੇ ਭੈਣ-ਭਰਾਵਾਂ ਨੇ ਬਥੇਰੀ ਹਾਲ ਪਾਹਰਿਆ ਕੀਤੀ ਕਿ ਸਾਡੇ ਮੁੰਡੇ ਦਾ ਕਸੂਰ ਤਾਂ ਦੱਸੋ, ਲਗਾਤਾਰ ਡੰਡੇ ਲਾਠੀਆਂ ਦੀ ਮਾਰ ਸਹਿੰਦਾ ਵਿਚਾਰਾ ਮੰਨਾਂ ਜਦ ਸੱਪ ਵਾਂਗ ਵਲ ਖਾਂਦਾ ਅਰ੍ਹਾਟ ਪਾਉਂਦਾ ਤਾਂ ਕਸਾਈ ਸਿਪਾਹੀ ਉਸਦੇ ਬਾਂਹ-ਕੁਥਾਂਹ ਠੁੱਡੇ ਮਾਰਦੇ!

ਇਹ ਅਤਿ ਦਾ ਹੌਲਨਾਕ ਦ੍ਰਿਸ਼ ਦੇਖ ਕੇ ਮੰਨੇਂ ਦੇ ਪ੍ਰਵਾਰ ਜਨ ਕਮਰੇ ਦੀਆਂ ਤਾਕੀਆਂ 'ਚੋਂ ਬਾਹਾਂ ਕੱਢ ਕੱਢ ਪੁਲਸੀਆਂ ਦੇ ਤਰਲੇ ਹਾੜ੍ਹੇ ਕੱਢਦੇ ਰਹੇ। ਆਪਣੇ ਜਵਾਨ ਪੁੱਤ ਉੱਪਰ ਇਹ ਅਸਹਿ ਜ਼ੁਲਮ ਹੁੰਦਾ ਦੇਖ ਕੇ ਪਟਵਾਰੀ ਨੇ ਕੁਰਲਾਉਂਦਿਆਂ ਤਾਕੀ 'ਚੋਂ ਹੱਥ ਜੋੜੇ ਕਿ ਰੱਬ ਦਾ ਵਾਸਤਾ ਇਹਨੂੰ ਸਾਡੀਆਂ ਅੱਖਾਂ ਤੋਂ ਪਰੇ ਲੈ ਜਾਉ...ਸਾਥੋਂ ਪੁੱਤ ਹਲਾਲ ਹੁੰਦਾ ਨਹੀਂ ਦੇਖਿਆ ਜਾਂਦਾ...! ਜਲਾਦਾਂ ਨੇ ਮੁੰਡੇ ਨੂੰ ਘੜੀਸ ਕੇ ਘਰੋਂ ਬਾਹਰ ਲੈ ਆਂਦਾ ਤੇ ਗੱਡੀ 'ਚ ਸੁੱਟ ਕੇ ਪਿੰਡੋਂ ਬਾਹਰ ਹੋ ਗਏ। ਦਹਿਸ਼ਤਜ਼ਦਾ ਹੋਏ ਆਂਢੀਆਂ ਗੁਆਂਢੀਆਂ ਨੇ ਪੁਲਸੀਆਂ ਦੀ ਧਾੜ ਚਲੇ ਜਾਣ ਤੋਂ ਅੱਧਾ ਪੌਣਾ ਘੰਟਾ ਬਾਅਦ ਪਟਵਾਰੀ ਅਤੇ ਹੋਰ ਜੀਆਂ ਨੂੰ ਕਮਰੇ ਦਾ ਕੁੰਡਾ ਖੋਹਲ ਕੇ ਬਾਹਰ ਕੱਢਿਆ।

ਵਖਤਾਂ ਮਾਰੇ ਪਟਵਾਰੀ ਨੇ ਪਿੰਡ ਦੇ ਚੋਣਵੇਂ ਬੰਦਿਆਂ ਨੂੰ ਨਾਲ ਲੈ ਕੇ ਮੰਨੇਂ ਨੂੰ ਚੁੱਕ ਲਿਜਾਣ ਵਾਲੀ ਪੁਲੀਸ ਦਾ ਪਿੱਛਾ ਕੀਤਾ। ਇਨ੍ਹਾਂ ਦੇ ਨਾਲ ਇਕ ਸਾਬਕਾ ਪੁਲੀਸ ਮੁਲਾਜ਼ਮ ਹੋਣ ਕਰਕੇ ਮੁੰਡੇ ਦੀ ਸੂਹ ਤਾਂ ਅੱਗੇ ਤੋਂ ਅੱਗੇ ਮਿਲਦੀ ਰਹੀ ਪਰ ਸਾਰੇ ਥਾਣੇ ਚੌਂਕੀਆਂ ਵਾਲੇ ਪੱਕਾ ਦੱਸਣ ਦੀ ਬਜਾਏ ਟਾਲ੍ਹਾ-ਵਾਲਾ ਵੱਟਦੇ ਰਹੇ। ਨੂਰਮਹਿਲ ਵਾਲੇ ਇਨ੍ਹਾਂ ਨੂੰ ਭੇਜ ਦੇਣ ਸ਼ਾਹਕੋਟ ਨੂੰ ਤੇ ਉਹ ਆਖ ਦੇਣ ਕਿ ਤੁਹਾਡਾ ਮੁੰਡਾ ਨਕੋਦਰ ਹੈ। ਨਕੋਦਰ ਵਾਲਿਆਂ ਇਨ੍ਹਾਂ ਨੂੰ ਫਿਲੌਰ ਥਾਣੇ ਭੇਜ ਦਿੱਤਾ। ਸਾਰਾ ਦਿਨ ਘੁੰਮਦੇ ਘੁਮਾਉਂਦੇ ਦੇਰ ਰਾਤ ਇਹ ਭੁੱਖਣ ਭਾਣੇ ਫਿਲੌਰ ਪਹੁੰਚੇ ਪਰ ਮੁੰਡਾ ਉੱਥੇ ਵੀ ਨਹੀਂ ਸੀ। ਥੱਕ ਹਾਰ ਕੇ ਇਨ੍ਹਾਂ ਨੇ ਦੂਜੇ ਦਿਨ ਭਾਲ ਕਰਨ ਦੀ ਸਲਾਹ ਬਣਾਈ।

ਦੂਜੇ ਦਿਨ ਫਿਰ ਉਹੀ ਕਹਾਣੀ. ਚੱਲ ਗੁਰਾਇਆਂ ਚੱਲ ਫਗਵਾੜੇ। ਸਾਬਕਾ ਪੁਲਸੀਏ ਨੇ ਕਿਸੇ ਜਾਣੂ ਮੁਣਸ਼ੀ ਨਾਲ ਗੰਢ-ਤੁੱਪ ਕਰਕੇ ਪਤਾ ਕੀਤਾ ਕਿ ਮੰਨਾਂ ਨਵਾਂਸ਼ਹਿਰ ਥਾਣੇ ਹੈ। ਨਵਾਂਸ਼ਹਿਰ ਪਹੁੰਚਦਿਆਂ ਇਨ੍ਹਾਂ ਨੂੰ ਸ਼ਾਮ ਪੈ ਗਈ। ਇੱਥੇ ਵੱਡੇ ਅਫਸਰ ਦੀ ਜੇਬ ਉੱਤੇ 'ਓਂਕਾਰ ਸਿੰਘ' ਨਾਮ ਵਾਲੀ ਪੱਟੀ ਦੇਖ ਕੇ, ਉਹਨੂੰ 'ਸਿੱਖ ਭਰਾ' ਜਾਣਦਿਆਂ ਪਟਵਾਰੀ ਨੇ ਲੇਲ੍ਹੜੀਆਂ ਕੱਢੀਆਂ, ਤਰਲੇ ਮਾਰੇ ਕਿ ਸਾਨੂੰ ਮੰਨਾਂ ਮਿਲਾ ਦਿਉ। ਨਾਲ ਦੇ ਬੰਦੇ ਵੀ ਮੰਨੇਂ ਦੇ ਸਾਊ-ਸ਼ਰੀਫ ਧਰਮੀ ਹੋਣ ਬਾਰੇ ਦੱਸ ਕੇ ਉਸ ਅਫਸਰ ਨੂੰ ਪਸੀਜ਼ਦਾ ਕਰਨ ਲੱਗੇ। ਕੁੱਝ ਚਿਰ ਇਨ੍ਹਾਂ ਵੱਲ ਅੱਖਾਂ ਫਾੜ ਫਾੜ ਕੇ ਦੇਖਣ ਮਗਰੋਂ ਓਂਕਾਰ ਸਿੰਘ ਨੇ ਇੱਕ ਹੌਲਦਾਰ ਨੂੰ 'ਵਾਜ ਮਾਰ ਕੇ ਕਿਹਾ ਕਿ ਜਾਹ ਬਈ ਇਨ੍ਹਾਂ ਨੂੰ ਮੰਨਾਂ ਦਿਖਾ ਲਿਆ।

ਇਸ ਅਫਸਰ ਦਾ 'ਕੋਟਾਨਿ ਕੋਟ ਧੰਨਵਾਦ' ਕਰਕੇ ਇਹ ਸਾਰੇ ਜਣੇ ਹੌਲਦਾਰ ਦੇ ਨਾਲ ਚੱਲ ਪਏ। ਪਟਵਾਰੀ ਗੱਡੀ 'ਚ ਬੈਠਾ ਸੋਚ ਰਿਹਾ ਸੀ ਕਿ ਹੁਣ ਮੁੰਡੇ ਨੂੰ ਅੱਜ ਹੀ ਕਿਤੇ ਦੂਰ ਦਰਾਜ ਛੱਡ ਆਵਾਂਗੇ, ਘਰੇ ਬਿਲਗੇ ਨਹੀਂ ਜਾਣਾ। ਨਵਾਂਸ਼ਹਿਰ ਥਾਣੇ ਤੋਂ ਗੱਡੀ ਬੰਗਾ ਰੋਡ ਵੱਲ ਚਲੇ ਗਈ। ਸਾਰਿਆਂ ਦੇ ਚਿਹਰੇ ਆਸ਼ਾਵਾਦੀ ਹੋ ਗਏ ਸਨ! ਅੱਗੇ ਜਾ ਕੇ ਪੁਰਾਣੀਆਂ ਜਿਹੀਆਂ ਦੁਕਾਨਾਂ ਕੋਲ ਗੱਡੀ ਰੁਕੀ ਤੇ ਹੌਲਦਾਰ ਨੇ ਇਕ ਚਾਰਦੀਵਾਰੀ ਵੱਲ ਹੱਥ ਕਰਕੇ ਕਿਹਾ-"ਔਹ ਆ ਜੀ ਤੁਹਾਡਾ ਮੁੰਡਾ...ਮਿਲ ਲਉ!"

ਹੌਲਦਾਰ ਨੇ ਜਿੱਧਰ ਇਸ਼ਾਰਾ ਕੀਤਾ ਸੀ ਓਧਰ ਕੋਈ ਬੰਦਾ-ਪਰਿੰਦਾ ਨਹੀਂ ਸਗੋਂ ਸ਼ਮਸਾਨ ਘਾਟ ਦੇ ਥੜ੍ਹੇ ਉੱਤੇ ਸਿਵਾ ਬਲ ਰਿਹਾ ਸੀ...!"

ਦੂਜੇ ਦਿਨ ਅਖਬਾਰਾਂ ਵਿੱਚ ਏਦਾਂ ਦੀ ਇਬਾਰਤ ਵਾਲੀ ਖਬਰ ਛਪੀ-'ਬੀਤੇ ਦਿਨ ਬਿਸਤ ਦੁਆਬ ਨਹਿਰ ਦੇ ਸੋਇਤਾ-ਅਸਮਾਨ ਪੁਰ ਪੁਲ ਲਾਗੇ ਹੋਏ ਗਹਿਗੱਚ ਮੁਕਾਬਲੇ ਵਿੱਚ ਮਾਰੇ ਗਏ ਅਣਪਛਾਤੇ ਅਤਿਵਾਦੀ ਦੀ ਪਛਾਣ ਹੋਈ। ਉਹ ਮੰਜਕੀ ਇਲਾਕੇ ਦਾ ਖਤਰਨਾਕ ਦਹਿਸ਼ਤਗਰਦ ਮਨਜੀਤ ਸਿੰਘ ਉਰਫ ਮੰਨਾਂ ਸੀ...!!'

ਮੰਨੇਂ ਦੇ ਅਭਾਗੇ ਮਾਪਿਆਂ ਨੂੰ ਉਸਦੀਆਂ ਅਸਥੀਆਂ ਕਿਵੇਂ ਮਿਲੀਆਂ? ਇਹ ਦੱਸਣ ਦੀ ਬਜਾਏ ਕੁੱਝ ਹੋਰ ਵੇਰਵੇ-ਬਿਲਗੇ ਦੇ ਜਿਸ ਬੱਸ ਅੱਡੇ ਵਿੱਚ ਕਦੇ ਮੰਨਾਂ ਕਾਲਜ ਜਾਣ ਲਈ ਬੀਬਾ ਪੁੱਤ ਬਣਕੇ ਬੱਸੇ ਚੜ੍ਹਦਾ ਹੁੰਦਾ ਸੀ, ਥੋੜੇ ਚਿਰ ਬਾਅਦ ਬੱਸ ਅੱਡੇ ਦੇ ਦੁਕਾਨਦਾਰਾਂ ਨੇ ਇਹ ਦਰਦਨਾਕ ਦ੍ਰਿਸ਼ ਵੀ ਦੇਖਿਆ ਕਿ ਮੰਨੇਂ ਦੀ ਮਾਂ ਆਪਣੇ ਪੁੱਤ ਦੀਆਂ ਕਿਤਾਬਾਂ ਕਾਪੀਆਂ ਲੈ ਕੇ ਅੱਡੇ 'ਚ ਅਰਧ-ਪਾਗਲਾਂ ਵਾਂਗ ਘੁੰਮਦੀ ਰਹਿੰਦੀ! ਬੱਸਾਂ 'ਚ ਉਤਰਦੇ ਚੜ੍ਹਦੇ ਮੁੰਡੇ ਕੁੜੀਆਂ ਵੱਲ੍ਹ ਮੱਥੇ 'ਤੇ ਹੱਥ ਧਰਕੇ ਦੇਖਦੀ ਰਹਿੰਦੀ...ਕਿਸੇ ਮੁੰਡੇ ਨੂੰ ਪੁੱਛ ਲੈਂਦੀ-ਵੇ ਕਾਕਾ ਸਾਡਾ ਮੰਨਾਂ ਨੀ ਆਇਆ ??

ਅੱਖਾਂ ਪੰਝਦੇ ਦੁਕਾਨਦਾਰ ਉਹਨੂੰ ਫੜ ਫੜ ਕੇ ਘਰੇ ਛੱਡ ਜਾਂਦੇ। ਕਦੇ ਉਹਨੂੰ ਪਟਵਾਰੀ ਘਰੇ ਲਿਜਾਂਦਾ!

'ਅਣਪਛਾਤੀਆਂ ਲਾਸ਼ਾਂ ਕਹਿ ਕੇ ਕੋਹੇ ਬੋਟ ਅਲੂੰਏਂ

ਮੁਨਸਿਫ਼ ਕੋਲੋਂ ਪੁੱਤ ਭਾਲਦੀਆਂ ਖਾਲੜਿਆਂ ਦੀਆਂ ਮਾਵਾਂ!'-(ਸਾਦਿਕ)

ਪੱਥਰ ਦਿਲਾਂ ਨੂੰ ਰੁਆ ਦੇਣ ਵਾਲੀ ਇਹ ਹੌਲਨਾਕ ਵਾਰਤਾ ਮੈਂ ਏਸ ਕਾਰਨ ਨਹੀਂ ਲਿਖ ਰਿਹਾ ਕਿ ਮੰਨਾਂ ਮੇਰਾ ਭਾਣਜਾ ਲਗਦਾ ਸੀ ਤੇ ਮੈਂ ਉਹਦਾ ਮਾਮਾ। ਨਾ ਹੀ ਕਿਸੇ ਹਮਦਰਦੀ ਜਾਂ ਕੋਈ ਹੋਰ ਚਾਹਤ ਹੈ।

'ਲਹੂ ਬੇਦੋਸ਼ਿਆਂ ਦਾ ਜਦ ਵੀ ਡੁਲ੍ਹੇ ਗਾ ਇਹ ਤੜਪਣਗੇ

ਜੋ ਸ਼ਾਇਰ ਹੋਣਗੇ 'ਉਲਫਤ' ਉਨ੍ਹਾਂ ਨੂੰ ਦਰਦ ਆਏ ਗਾ। '-(ਉਲਫਤ ਬਾਜਵਾ)

ਕਿਉਂ ਕਿ ਪਟਵਾਰੀ ਭਾਈਏ ਦੇ ਪ੍ਰਵਾਰ ਨਾਲ 'ਫੁਲ ਵੋਹ ਤੋੜਾ ਕਿ ਚਮਨ ਮੇਂ ਵੀਰਾਨੀ ਹੁਈ' ਵਾਲੀ ਗੱਲ ਹੋਈ। ਮੰਨੇਂ ਦੇ ਸਦਮੇਂ ਵਿੱਚ ਹੀ ਪਹਿਲਾਂ ਸਾਡੀ ਭੈਣ ਪ੍ਰਕਾਸ਼ ਕੌਰ (ਫਿਲੌਰ ਲਾਗੇ ਥਲੇ ਪਿੰਡ ਵਾਲੀ ਭੂਆ ਦੀ ਬੇਟੀ) ਫਿਰ ਮੰਨੇਂ ਦੀ ਇੱਕ ਭੈਣ, ਇੱਕ ਭਰਾ ਅਤੇ ਫਿਰ ਪਟਵਾਰੀ ਖੁਦ, ਸਾਰੇ ਉੱਤੋ-ੜਿੱਤੀ ਮੌਤ ਦੇ ਮੂੰਹ ਜਾ ਪਏ।

ਇਹਤੋਂ ਵੀ ਕਿਤੇ ਵਧਕੇ ਦਰਦਨਾਕ ਅਣਹੋਣੀਆਂ ਉਸ ਦੌਰ ਵਿੱਚ ਹੋਈਆਂ ਪਰ ਇਹ ਕਰੁਣਾਮਈ ਬਿਰਤਾਂਤ ਲਿਖਣ ਦਾ ਇਤਫਾਕ ਵੀ ਇੰਜ ਬਣਿਆਂ ਕਿ ਇੱਕ ਦਿਨ ਮੈਂ ਜਪੁ ਜੀ ਸਾਹਿਬ ਦਾ ਪਾਠ ਕਰ ਰਿਹਾ ਸਾਂ। ਬਾਰ੍ਹਵੀਂ ਪਉੜੀ ਦੀ ਤੁਕ 'ਮੰਨੇ ਕੀ ਗਤਿ ਕਹੀ ਨ ਜਾਇ॥' ਪੜ੍ਹਦਿਆਂ ਮੇਰਾ ਧਿਆਨ ਉੱਖੜ ਕੇ ਬਿਲਗੇ ਚਲਾ ਗਿਆ! ਪਟਵਾਰੀ ਭਾਈਆ ਰੱਜ ਕੇ ਸ਼ੁਗਲੀ ਸੁਭਾਅ ਵਾਲਾ ਹੁੰਦਾ ਸੀ ਪਰ ਮੰਨੇਂ ਦੀ ਮੌਤ ਤੋਂ ਬਾਅਦ ਕਿਤੇ ਉਹ ਸਾਡੇ ਘਰੇ ਆਇਆ ਤਾਂ ਉਕਤ ਵੇਰਵੇ ਦੱਸਦਿਆਂ ਅੱਖਾਂ ਭਰਕੇ ਕਹਿੰਦਾ-"ਜਦ ਜੀ ਆਲ਼ੇ ਦੁਆਲ਼ੇ ਦੇ ਸੱਜਣਾ ਮਿੱਤਰਾਂ ਨੇ ਸਾਡੇ ਕੋਲ ਮੰਨੇਂ ਦੀਆਂ ਸਿਫਤਾਂ ਕਰਨੀਆਂ ਤਾਂ ਮੈਂ ਹੱਸਦਿਆਂ ਕਹਿਣਾ-ਜੀ ਸਾਡਾ ਮੰਨਾਂ ਤਾਂ ਬਾਬੇ ਨਾਨਕ ਜੀ ਦੇ ਲਿਖੇ ਫੁਰਮਾਨ 'ਤੇ ਹੀ ਫੁੱਲ ਚੜ੍ਹਾਉਂਦਾ ਐ-ਮੰਨੇ ਕੀ ਗਤਿ ਕਹੀ ਨ ਜਾਇ॥"

ਬੱਸ ਮੈਂ ਪਾਠ ਸੰਪੂਰਨ ਕਰਕੇ ਲਿਖਣ ਬਹਿ ਗਿਆ ਦਿਲ ਦਾ ਦਰਦ! ਹੁਣ ਸਿਰਲੇਖ ਵਾਲੀ ਟਾਹਲੀ ਬਾਰੇ ਵੀ ਪੜ੍ਹ ਲਉ ਕਿ ਉਹ 'ਟਾਹਲੀ ਸਾਹਿਬ' ਕਿਉਂ ਬਣੀ-ਮੰਨਾਂ-ਕਾਂਡ ਤੋਂ ਕੁੱਝ ਚਿਰ ਬਾਅਦ ਮੈਂ ਆਪਣੇ ਪਿੰਡੋਂ ਨਵਾਂਸ਼ਹਿਰ ਜਾਂਦਾ ਹੋਇਆ ਸਜਾਵਲ ਪੁਰ ਪਿੰਡ ਟੱਪਿਆ ਤਾਂ ਨਵਾਂਸ਼ਹਿਰ-ਚੰਡੀਗੜ੍ਹ ਰੋਡ ਉੱਤੇ ਕਾਫੀ ਲੋਕ ਇਕੱਠੇ ਹੋਏ ਦੇਖੇ। ਵਾਹੋ ਦਾਹੀ ਸਾਈਕਲ ਚਲਾਉਂਦਾ ਮੈਂ ਵੀ ਭੀੜ ਕੋਲ ਜਾ ਖੜ੍ਹਾ ਹੋਇਆ। ਇਸ ਸੜਕ ਦੇ ਇੱਕ ਪਾਸੇ ਸਜਾਵਲ ਪੁਰ ਦਾ ਗੁਰਦੁਆਰਾ ਸ਼ਹੀਦਾਂ ਹੈ, ਦੂਜੇ ਪਾਸੇ ਸਾਹਮਣੇ ਇੱਕ ਦਰਖਤ ਵਿੱਚ ਪੁਲੀਸ ਦੀ ਜਿਪਸੀ ਬੜੀ ਬੁਰੀ ਤਰਾਂ ਵੱਜ ਕੇ ਦੋਫਾੜ ਹੋਈ ਪਈ ਸੀ। ਲੋਕ ਦੱਸ ਰਹੇ ਸਨ ਕਿ ਐਕਸੀਡੈਂਟ ਤਾਜ਼ਾ ਹੀ ਹੋਇਆ ਹੈ। ਸਟੇਅਰਿੰਗ 'ਤੇ ਮਰੇ ਫਸੇ ਪਏ ਇੱਕ ਪੁਲਸੀਏ ਦੀਆਂ ਅੱਖਾਂ ਬਾਹਰ ਨੂੰ ਇੰਜ ਨਿਕਲੀਆਂ ਹੋਈਆਂ ਸਨ ਜਿਵੇਂ ਬਰਸਾਤਾਂ ਵਿੱਚ ਡੱਡੂ ਮਰੇ ਪਏ ਹੁੰਦੇ ਹਨ। ਉਸ ਦੀਆਂ ਦੋਵੇ ਬਾਹਾਂ ਤੇ ਖੁੱਲ੍ਹੇ ਹੱਥ ਆਲ਼ੇ ਦੁਆਲ਼ੇ ਨੂੰ ਫੈਲੇ ਹੋਏ ਸਿਕੰਦਰ ਦਾ ਕਥਨ ਚੇਤੇ ਕਰਾ ਰਹੇ ਜਾਪੇ ਕਿ ਅੰਤ ਸਮੇਂ ਮੇਰੇ ਦੋਵੇਂ ਹੱਥ ਕੱਫਣ ਤੋਂ ਬਾਹਰ ਕੱਢ ਦਿਉ! ਬੁਰੀ ਤਰਾਂ ਲਹੂ-ਲੁਹਾਣ ਹੋਏ ਪਏ ਇਸ ਬਾਵਰਦੀ ਪੁਲਸੀਏ ਦੀ ਜੇਬ੍ਹ ਉਤਲੇ ਬੈਜ ਉੱਪਰ ਵੀ ਭਾਵੇਂ ਖੂਨ ਦੇ ਛਿੱਟੇ ਪਏ ਹੋਏ ਸਨ ਪਰ ਉਹਦਾ ਨਾਂ ਪੂਰਾ ਪੜ੍ਹਿਆ ਜਾ ਰਿਹਾ ਸੀ-'ਓਂਕਾਰ ਸਿੰਘ!'

...ਦੁਪਾਲ ਪੁਰ ਸਾਡੇ ਘਰੇ ਆਏ ਪਟਵਾਰੀ ਨੂੰ ਜਦ ਮੈਂ ਸਾਈਕਲ ਪਿੱਛੇ ਬਿਠਾ ਕੇ ਬੱਸੇ ਚੜ੍ਹਾਉਣ ਜਾਡਲੇ ਜਾ ਰਿਹਾ ਸੀ ਤਾਂ ਉਹ ਐਕਸੀਡੈਂਟ ਵਾਲਾ ਥਾਂਹ ਦਿਖਾਉਣ ਲਈ ਸਜਾਵਲ ਪੁਰ ਵਿੱਚੀਂ ਲੰਘਿਆ।

"ਭਾਈਆ ਜੀ ਆਹ ਟਾਹਲੀ ਐ ਜਿਹਦੇ ਵਿੱਚ ਵੱਜ ਕੇ ਮੰਨੇਂ ਦਾ ਮੁਕਾਬਲਾ ਬਣਾਉਣ ਵਾਲਾ ਪੁਲਸੀਆ ਮਰਿਆ!"

ਆਪਣੇ ਦੋਹਾਂ ਹੱਥਾਂ ਨਾਲ ਟਾਹਲੀ ਨੂੰ ਫੜਕੇ ਫਿੱਕੀ ਜ਼ਰਦ ਜਿਹੀ 'ਮੁਸਕਾਨ' ਚਿਹਰੇ 'ਤੇ ਲਿਆਉਂਦਿਆਂ ਭਾਈਆ ਬੋਲਿਆ-

"ਟਾਹਲੀ ਨਹੀਂ ਕਾਕਾ, ਇਹਨੂੰ ਟਾਹਲੀ ਸਾਹਿਬ ਕਹੁ!"

'ਭਸਮਾਂ ਭੂਤ ਹੋਆ ਖਿਨ ਭੀਤਰਿ
ਅਪਨਾ ਕੀਆ ਪਾਇਆ॥'
(ਸ੍ਰੀ ਗੁਰੂ ਅਰਜਨ ਦੇਵ ਜੀ)

# ਭਰਮ-ਭੁਲੇਖਿਆਂ ਦਾ ਸ਼ਿਕਾਰ ਪੰਜਾਬ ਦੀਆਂ ਸਿਆਸੀ ਪਾਰਟੀਆਂ

ਗੁਰਮੀਤ ਸਿੰਘ ਪਲਾਹੀ
9815802070



ਪੰਜਾਬ ਭਰ ਵਿੱਚ ਘਰ-ਘਰ ਜਾ ਕੇ ਗਣਨਾ ਕਰਨ ਦੀ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਪ੍ਰਕਿਰਿਆ ਨਿਰੰਤਰ ਤੇਜ਼ੀ ਨਾਲ ਚੱਲ ਰਹੀ ਹੈ। ਚੋਣ ਕਮਿਸ਼ਨ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ 25 ਜੂਨ 2026 ਤੋਂ 18 ਦਿਨਾਂ ਦੇ ਅੰਦਰ ਸੂਬੇ ਨੇ ਇੱਕ ਕਰੋੜ ਤੋਂ ਵੱਧ ਗਣਨਾ ਫਾਰਮਾਂ ਨੂੰ ਸਫਲਤਾਪੂਰਵਕ ਡਿਜੀਟਲਾਈਜ਼ ਕਰ ਲਿਆ ਹੈ। ਇਸ ਦੇ ਨਾਲ ਹੀ, 25 ਜੂਨ ਤੋਂ 24 ਜੁਲਾਈ 2026 ਦੇ ਦਰਮਿਆਨ ਪੰਜਾਬ ਭਰ ਦੇ 2 ਕਰੋੜ 14 ਲੱਖ 61 ਹਜ਼ਾਰ 43 ਵੋਟਰਾਂ ਤੱਕ ਪਹੁੰਚ ਕੀਤੇ ਜਾਣ ਦਾ ਦਾਅਵਾ ਵੀ ਕੀਤਾ ਗਿਆ ਹੈ। ਇਸ ਕਾਰਜ ਲਈ 24,453 ਬੀ.ਐਲ.ਓ. ਲਗਾਏ ਗਏ ਹਨ।

ਇਸ ਸਭ ਦੇ ਬਾਵਜੂਦ, ਆਮ ਲੋਕ ਇਸ ਐਸ.ਆਈ.ਆਰ. ਪ੍ਰਕਿਰਿਆ ਤੋਂ ਪਰੇਸ਼ਾਨ ਹਨ। ਇਹ ਕੰਮ 2003 ਦੀ ਵੋਟਰ ਸੂਚੀ ਨੂੰ ਅਧਾਰ ਮੰਨ ਕੇ ਮੁਕੰਮਲ ਕੀਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਲੋਕਾਂ ਵਿੱਚ ਇੱਕ ਅਜੀਬ ਬੇਚੈਨੀ ਹੈ। ਖਾਸ ਕਰਕੇ ਉਨ੍ਹਾਂ ਲੋਕਾਂ ਵਿੱਚ ਚਿੰਤਾ ਜ਼ਿਆਦਾ ਹੈ ਜਿਨ੍ਹਾਂ ਤੱਕ ਹਾਲੇ ਬੀ.ਐਲ.ਓ. ਨਹੀਂ ਪਹੁੰਚੇ ਅਤੇ ਜਿਨ੍ਹਾਂ ਦੇ ਨਾਮ 2003 ਦੀ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਹਨ।

ਲੋਕਾਂ ਦੀ ਇਹ ਪਰੇਸ਼ਾਨੀ ਸਿਰਫ਼ ਵੋਟ ਕੱਟੇ ਜਾਣ ਜਾਂ ਨਵੀਂ ਵੋਟਰ ਸੂਚੀ ਵਿੱਚ ਨਾਮ ਸ਼ਾਮਲ ਨਾ ਹੋਣ ਤੱਕ ਸੀਮਤ ਨਹੀਂ ਹੈ; ਬਲਕਿ ਵੱਡੀ ਚਿੰਤਾ ਇਹ ਹੈ ਕਿ ਇਸ ਕਾਰਨ ਬੁਢਾਪਾ ਪੈਨਸ਼ਨ, ਮੁਫ਼ਤ ਅਨਾਜ ਅਤੇ ਔਰਤ ਸਨਮਾਨ ਰਾਸ਼ੀ ਸਮੇਤ ਸਾਰੀਆਂ ਸਰਕਾਰੀ ਸਹੂਲਤਾਂ ਬੰਦ ਹੋ ਸਕਦੀਆਂ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਵੀ ਸਿਆਸੀ ਧਿਰ ਦੇ ਜ਼ਮੀਨੀ ਵਰਕਰ ਜਾਂ ਨੇਤਾ ਇਨ੍ਹਾਂ ਲੋਕਾਂ ਦੀ ਕਿਸੇ ਕਿਸਮ ਦੀ ਸਹਾਇਤਾ ਨਹੀਂ ਕਰ ਰਹੇ। ਲੋਕਾਂ ਕੋਲ ਆਧਾਰ ਕਾਰਡ, ਪੈਨ ਕਾਰਡ ਅਤੇ ਵੋਟਰ ਕਾਰਡ ਤਾਂ ਹਨ, ਪਰ 2003 ਦੀ ਵੋਟਰ ਸੂਚੀ ਵਿੱਚ ਨਾਮ ਨਾ ਹੋਣ ਕਾਰਨ ਉਹ ਆਪਣੇ ਪਿਓ-ਦਾਦਿਆਂ ਦੇ ਨਾਮ, ਜਨਮ ਮਿਤੀ ਅਤੇ ਹੋਰ ਰਿਕਾਰਡ ਲੱਭਣ ਲਈ ਦਫ਼ਤਰਾਂ ਤੇ ਸਕੂਲਾਂ ਦੇ ਚੱਕਰ ਕੱਟ ਰਹੇ ਹਨ, ਜੋ ਕਿ ਸਭ ਵਿਅਰਥ ਸਾਬਤ ਹੋ ਰਿਹਾ ਹੈ।

ਇਹ ਪਰੇਸ਼ਾਨੀ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਉਨ੍ਹਾਂ ਔਰਤਾਂ ਨੂੰ ਆ ਰਹੀਆਂ ਮੁਸ਼ਕਿਲਾਂ ਨਾਲੋਂ ਵੀ ਵੱਧ ਹੈ, ਜਿਨ੍ਹਾਂ ਦੇ ਬੈਂਕ ਖਾਤੇ ਆਧਾਰ ਕਾਰਡ ਜਾਂ ਫੋਨ ਨੰਬਰਾਂ ਨਾਲ ਲਿੰਕ ਨਹੀਂ ਹਨ। ਬੈਂਕਾਂ ਵਿੱਚ ਨਵੇਂ ਖਾਤੇ ਖੁੱਲ੍ਹ ਨਹੀਂ ਰਹੇ, ਭਰੇ ਹੋਏ ਫਾਰਮ ਹੱਥਾਂ ਵਿੱਚ ਹਨ ਪਰ ਅਪਲੋਡ ਨਹੀਂ ਹੋ ਰਹੇ। ਸਿਆਸੀ ਪਾਰਟੀਆਂ ਔਰਤਾਂ ਦੀ ਇਸ ਮੁਸ਼ਕਿਲ ਵਿੱਚ ਮਦਦ ਕਰਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਰਹਿਮੋ-ਕਰਮ 'ਤੇ ਛੱਡ ਚੁੱਕੀਆਂ ਹਨ।

ਕੀ ਸਿਆਸੀ ਪਾਰਟੀਆਂ ਦਾ ਕੰਮ ਸਿਰਫ਼ ਵੋਟਾਂ ਹਥਿਆਉਣਾ ਅਤੇ ਵੱਡੇ-ਵੱਡੇ ਭਾਸ਼ਣ ਦੇਣਾ ਹੀ ਰਹਿ ਗਿਆ ਹੈ? ਕੀ ਲੋਕ-ਹਿੱਤ ਅਤੇ ਲੋਕ-ਤਕਲੀਫ਼ਾਂ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦੀਆਂ?

ਇੱਕ ਵਾਰ ਫਿਰ 'ਉਹੀ ਸਰਕਾਰ', 'ਡਬਲ ਇੰਜਣ ਸਰਕਾਰ' ਅਤੇ 'ਖੇਤਰੀ ਪਾਰਟੀ ਸਰਕਾਰ' ਦੇ ਨਾਅਰੇ ਹਵਾ ਵਿੱਚ ਗੂੰਜਣ ਲੱਗੇ ਹਨ। ਪੰਜਾਬ ਉਤੇ ਸ਼ਾਸਨ ਕਰਨ ਲਈ ਹਿੰਦੂ-ਸਿੱਖ ਵਿੱਚ ਵੰਡਣ ਦੇ ਪੱਤੇ ਖਿਲਾਰੇ ਜਾ ਰਹੇ ਹਨ। ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਹੁਣੇ ਜਿਹੇ ਜਾਰੀ ਹੋਈ ਫਿਲਮ 'ਤੇ ਬੰਦਸ਼ ਅਤੇ ਉਸ ਸਮੇਂ ਦੌਰਾਨ ਹੋਏ ਹਿੰਦੂਆਂ ਦੇ ਕਤਲਾਂ ਦੇ ਬਿਆਨਾਂ ਨਾਲ ਪੰਜਾਬ ਵਿੱਚ ਪਾੜ ਪਾਉਣ ਦੇ ਯਤਨ ਹੋ ਰਹੇ ਹਨ।



ਆਖਰ ਚੋਣਾਂ ਦੇ ਦਰਮਿਆਨ ਪੰਜਾਬ ਵਿੱਚ ਫਿਰਕੂ ਅੱਗ ਲਗਾਉਣ ਦੀ ਖੇਡ ਖੇਡਣ ਦੀ ਤਿਆਰੀ ਕਿਉਂ ਹੈ? ਪੰਜਾਬ ਪਹਿਲਾਂ ਹੀ ਵੱਡੇ ਦਰਦ ਹੰਢਾ ਚੁੱਕਾ ਹੈ, ਜਿਸ ਦੀ ਕੀਮਤ ਪੰਜਾਬੀਆਂ ਨੂੰ ਤਾਰਨੀ ਪਈ ਹੈ।

ਮੌਜੂਦਾ ਸਰਕਾਰ ਇਸ ਭਰਮ-ਭੁਲੇਖੇ ਵਿੱਚ ਹੈ ਕਿ ਉਹ ਐਸ.ਆਈ.ਆਰ. ਤੋਂ ਬਚੀਆਂ-ਖੁਚੀਆਂ ਵੋਟਾਂ ਵਿੱਚੋਂ ਵੋਟਰਾਂ ਨੂੰ ਆਪਣੇ ਹੱਕ ਵਿੱਚ ਭੁਗਤਾ ਲਵੇਗੀ। ਸਰਕਾਰ ਵੱਲੋਂ ਪਿੰਡਾਂ-ਸ਼ਹਿਰਾਂ ਵਿੱਚ ਸੜਕਾਂ ਦੀ ਮੁਰੰਮਤ ਸ਼ੁਰੂ ਹੈ, ਵਿਕਾਸ ਕਾਰਜਾਂ ਦੀ ਹਨੇਰੀ ਲਿਆਉਣ ਦੀ ਗੱਲ ਪ੍ਰਚਾਰੀ ਜਾ ਰਹੀ ਹੈ, ਔਰਤਾਂ ਨੂੰ ਸਨਮਾਨ ਰਾਸ਼ੀ ਦਿੱਤੀ ਜਾ ਰਹੀ ਹੈ ਅਤੇ ਨਵੀਆਂ ਮੁਫ਼ਤ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਪਰ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਪੰਜਾਬ ਦੇ ਅਸਲੀ ਮਸਲੇ ਜਿਉਂ ਦੇ ਤਿਉਂ ਖੜ੍ਹੇ ਹਨ। ਨਸ਼ਿਆਂ ਦਾ ਮੁੱਦਾ ਉਵੇਂ ਹੀ ਬਰਕਰਾਰ ਹੈ, ਸਰਕਾਰੀ ਨੌਕਰੀਆਂ ਦੇ ਦਾਅਵਿਆਂ ਦੇ ਬਾਵਜੂਦ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਨੌਜਵਾਨ ਹਾਲੇ ਵੀ ਵਿਦੇਸ਼ਾਂ ਵੱਲ ਪ੍ਰਵਾਸ ਕਰ ਰਹੇ ਹਨ। ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਕਾਬੂ ਵਿੱਚ ਨਹੀਂ ਹੈ।

ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਕਿਸਾਨਾਂ ਵਿੱਚ ਮੌਜੂਦਾ ਸਰਕਾਰ ਖ਼ਿਲਾਫ਼ ਭਾਰੀ ਰੋਸ ਅਤੇ ਅਸੰਤੋਸ਼ ਪਾਇਆ ਜਾ ਰਿਹਾ ਹੈ। ਕਿਸਾਨਾਂ ਵਿੱਚ ਸਭ ਤੋਂ ਵੱਡਾ ਗੁੱਸਾ ਇਸ ਗੱਲੋਂ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਐਕਵਾਇਰ ਕਰਨ ਲਈ ਸਰਕਾਰ ਨੇ ਜੋ ਸਕੀਮ ਪਹਿਲਾਂ ਲਾਗੂ ਕੀਤੀ ਸੀ ਅਤੇ ਫਿਰ ਵਿਰੋਧ ਕਾਰਨ ਰੱਦ ਕਰ ਦਿੱਤੀ ਸੀ, ਉਸੇ ਸਕੀਮ ਨੂੰ ਹੁਣ ਮੁੜ ਕੁਝ ਸੋਧਾਂ ਸਹਿਤ ਚੋਰ-ਦਰਵਾਜ਼ਿਓਂ ਲਿਆਂਦਾ ਗਿਆ ਹੈ।

ਕਿਸਾਨੀ ਅੱਜ ਸਿਰਫ਼ ਕਰਜ਼ੇ ਦੇ ਬੋਝ ਹੇਠ ਹੀ ਨਹੀਂ ਦੱਬੀ ਹੋਈ, ਬਲਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪਿੰਡ ਅਤੇ ਖੇਤੀਬਾੜੀ ਦੋਵੇਂ ਉੱਜੜਨ ਦੇ ਕੰਢੇ 'ਤੇ ਹਨ। ਇਸੇ ਤਰ੍ਹਾਂ ਸੂਬੇ ਦੇ ਬੇਰੁਜ਼ਗਾਰ ਵੀ ਸੜਕਾਂ 'ਤੇ ਉਤਰੇ ਹੋਏ ਹਨ ਅਤੇ ਸਰਕਾਰੀ ਕਰਮਚਾਰੀ ਆਪਣਾ ਹੱਕ ਯਾਨੀ 18% ਮਹਿੰਗਾਈ ਭੱਤਾ (ਡੀਏ) ਲੈਣ ਲਈ ਲਗਾਤਾਰ ਸੰਘਰਸ਼ ਅਤੇ ਅਦਾਲਤੀ ਲੜਾਈਆਂ ਲੜਨ ਦੇ ਰਾਹ ਪੈ ਚੁੱਕੇ ਹਨ।

ਜਿੱਥੋਂ ਤੱਕ ਵੱਖ-ਵੱਖ ਸਿਆਸੀ ਪਾਰਟੀਆਂ ਦੀ ਅੰਦਰੂਨੀ ਸਥਿਤੀ ਦਾ ਸਵਾਲ ਹੈ, ਉਹ ਸਭ ਲੋਕਾਂ ਦੇ ਅਸਲ ਮੁੱਦਿਆਂ 'ਤੇ ਲੜਨ ਦੀ ਬਜਾਏ ਭਰਮ-ਭੁਲੇਖਿਆਂ ਦਾ ਸ਼ਿਕਾਰ ਹਨ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਪਿਛਲੇ ਸਾਢੇ ਚਾਰ ਸਾਲ ਜਨਤਾ ਦੇ ਮਸਲਿਆਂ ਨੂੰ ਸੜਕਾਂ 'ਤੇ ਲਿਆਉਣ ਲਈ ਕੋਈ ਵੀ ਵੱਡਾ ਜਾਂ ਸਾਰਥਕ ਅੰਦੋਲਨ ਨਹੀਂ ਕੀਤਾ। ਉਨ੍ਹਾਂ ਦੀ ਸਿਆਸਤ ਸਿਰਫ਼ ਵਿਧਾਨ ਸਭਾ ਅੰਦਰ ਸ਼ਬਦੀ ਜੰਗ ਲੜਨ ਅਤੇ ਫੇਸਬੁੱਕ ਜਾਂ ਇੰਸਟਾਗ੍ਰਾਮ 'ਤੇ ਲੜਾਈ ਦਾ ਦਿਖਾਵਾ ਕਰਨ ਤੱਕ ਸੀਮਤ ਰਹੀ ਹੈ।

ਇਸ ਦੇ ਬਾਵਜੂਦ ਉਹ ਇਸ ਵਹਿਮ ਵਿੱਚ ਹਨ ਕਿ ਸੱਤਾਧਾਰੀ ਪਾਰਟੀ ਦੀਆਂ ਨਾਕਾਮੀਆਂ ਕਾਰਨ ਅਗਲੀ ਸਰਕਾਰ ਉਨ੍ਹਾਂ ਦੀ ਹੀ ਬਣੇਗੀ, ਜਦਕਿ ਕਾਂਗਰਸ ਖੁਦ ਅੰਦਰੂਨੀ ਕਾਟੋ-ਕਲੇਸ਼ ਵਿੱਚ ਫਸੀ ਹੋਈ ਹੈ ਅਤੇ ਇਸ ਦਾ ਹਰ ਨੇਤਾ ਆਪਣੇ ਆਪ ਨੂੰ ਅਗਲਾ ਮੁੱਖ ਮੰਤਰੀ ਸਮਝ ਕੇ ਧੜੇਬੰਦੀ ਨੂੰ ਹਵਾ ਦੇ ਰਿਹਾ ਹੈ।

ਦੂਜੇ ਪਾਸੇ, ਕੇਂਦਰ ਦੀ ਸੱਤਾ 'ਤੇ ਕਾਬਜ਼ ਭਾਜਪਾ ਪੱਛਮੀ ਬੰਗਾਲ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਜੋੜ-ਤੋੜ ਕਰਕੇ ਸਰਕਾਰ ਬਣਾਉਣ ਦਾ ਸੁਪਨਾ ਦੇਖ ਰਹੀ ਹੈ। ਪਰ ਉਨ੍ਹਾਂ ਕੋਲ ਪੰਜਾਬੀਆਂ ਦੇ ਇਸ ਸਵਾਲ ਦਾ ਕੋਈ ਜਵਾਬ ਹੈ ਕਿ ਉਨ੍ਹਾਂ ਨੇ ਸੂਬੇ ਦੇ ਹਿੱਤਾਂ ਲਈ ਕੀ ਕੀਤਾ? ਉਲਟਾ, ਪਾਣੀਆਂ ਦੇ ਮਾਮਲੇ ਵਿੱਚ ਪੰਜਾਬ ਨੂੰ ਬਾਹਰ ਰੱਖ ਕੇ ਹਰਿਆਣਾ ਤੇ ਰਾਜਸਥਾਨ ਨਾਲ ਸਮਝੌਤੇ ਕੀਤੇ ਗਏ ਅਤੇ ਤਿੰਨ ਖੇਤੀ ਕਾਨੂੰਨ ਬਣਾ ਕੇ ਕਿਸਾਨਾਂ ਦੀਆਂ ਜ਼ਮੀਨਾਂ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਸੂਬੇ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਖੇਤਰੀ ਪਾਰਟੀ ਹੋਣ ਦਾ ਦਾਅਵਾ ਕਰਦਾ ਸੀ, ਖੁਦਮੁਖਤਿਆਰੀ ਦਾ ਅਲੰਬਰਦਾਰ ਸੀ, ਅੱਜ ਖੁਦ ਟੁੱਟ-ਭੱਜ ਅਤੇ ਖੱਖੜੀਆਂ-ਖੱਖੜੀਆਂ ਹੋਣ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਅਕਾਲੀ ਦਲ ਦੀ ਆਪਸੀ ਫੁੱਟ ਅਤੇ ਧਾਰਮਿਕ ਮਾਮਲਿਆਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਕਾਰਨ ਲੋਕਾਂ ਵਿੱਚ ਉਸ ਦਾ ਅਧਾਰ ਖ਼ਤਮ ਹੋ ਰਿਹਾ ਹੈ। ਉਹ ਵੀ ਭਰਮ-ਭੁਲੇਖੇ 'ਚ ਹੈ ਕਿ ਅਗਲਾ ਪੰਜਾਬ ਦਾ ਹੁਕਮਰਾਨ ਉਹ ਹੀ ਹੋਵੇਗਾ।

ਦੂਜੇ ਪਾਸੇ, 'ਵਾਰਿਸ ਪੰਜਾਬ ਦੇ' ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਰਗੀਆਂ ਧਿਰਾਂ ਸਿਰਫ਼ ਸਿੱਖ ਵੋਟਾਂ ਅਤੇ ਭਾਵੁਕ ਮੁੱਦਿਆਂ ਦੇ ਸਿਰ 'ਤੇ ਪੰਜਾਬ ਵਿੱਚ ਸੱਤਾ ਹਾਸਲ ਕਰਨ ਦੇ ਭਰਮ ਪਾਲੀ ਬੈਠੀਆਂ ਹਨ। ਦੁਆਬਾ ਖੇਤਰ ਵਿੱਚ ਸਰਗਰਮ ਬਸਪਾ ਲਈ ਤਾਕਤ ਵਿੱਚ ਆਉਣਾ ਇੱਕ ਨਾਮੁਮਕਿਨ ਸੁਪਨੇ ਵਰਗਾ ਹੈ, ਜਦਕਿ ਉਹ ਵੀ ਪੰਜਾਬ ਸ਼ਾਸ਼ਕ ਬਣਨਾ ਲੋਚਦਾ ਹੈ। ਖੱਬੀਆਂ ਧਿਰਾਂ ਵੀ ਸਿਆਸੀ ਮੈਦਾਨ ਵਿੱਚ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੀਆਂ ਹਨ ਪਰ ਕੋਈ ਵੱਡਾ ਲੋਕ-ਉਭਾਰ ਪੈਦਾ ਕਰਨ ਵਿੱਚ ਅਸਮਰੱਥ ਰਹੀਆਂ ਹਨ, ਜਿਸਦੀ ਤਵੱਕੋ ਆਮ ਲੋਕਾਂ ਨੂੰ ਸੀ।

ਇੱਥੇ ਹੀ ਬੱਸ ਨਹੀਂ ਸਿਆਸੀ ਨੇਤਾ ਪਾਰਟੀਆਂ ਬਦਲ ਰਹੇ ਹਨ ਅਤੇ ਇਸ ਤਾਕ ਵਿੱਚ ਹਨ ਕਿ ਉਹਨਾਂ ਨੂੰ ਕਿਸ ਸਿਆਸੀ ਪਾਰਟੀ 'ਚ ਜਾ ਕੇ ਫ਼ਾਇਦਾ ਮਿਲੇਗਾ ਅਤੇ ਉਹ ਅਗਲੇ ਸ਼ਾਸ਼ਕ ਬਣ ਸਕਣਗੇ। ਇਹ ਸਵਾਰਥੀ ਨੇਤਾ ਲੋਕ ਹਿੱਤ ਤਿਆਗਕੇ, ਆਪਣੇ ਹਿੱਤਾਂ ਦੀ ਪੂਰਤੀ ਲਈ ਯਤਨਸ਼ੀਲ ਹਨ। "ਆਇਆ ਰਾਮ-ਗਿਆ ਰਾਮ" ਦੀ ਸਿਆਸਤ ਨੇ ਪੰਜਾਬ ਦੇ ਨੇਤਾਵਾਂ ਦੀ ਨੈਤਿਕਤਾ 'ਤੇ ਵੱਡੇ ਸੁਆਲ ਉਠਾਏ ਹਨ।

ਸਭ ਤੋਂ ਵੱਡਾ ਸੁਆਲ ਇਹ ਹੈ ਕਿ ਕੀ ਕੋਈ ਵੀ ਪਾਰਟੀ ਅਗਲੇ 5 ਸਾਲਾਂ ਦਾ ਮੈਨੀਫੈਸਟੋ ਅਤੇ ਉਸ ਨੂੰ ਲਾਗੂ ਕਰਨ ਦਾ ਰੋਡ-ਮੈਪ ਪੇਸ਼ ਕਰਨ ਲਈ ਤਿਆਰ ਹੈ? ਕੀ ਉਨ੍ਹਾਂ ਕੋਲ ਉੱਜੜ ਰਹੇ ਪੰਜਾਬ ਨੂੰ ਬਚਾਉਣ ਦਾ ਕੋਈ ਪਲਾਨ ਹੈ?

ਜੇਕਰ ਪਿੰਡ ਮਰ ਗਿਆ, ਤਾਂ ਪੰਜਾਬ ਮਰ ਜਾਵੇਗਾ ਕਿਉਂਕਿ ਪੰਜਾਬ ਦੀ ਰੂਹ ਪਿੰਡ, ਕਿਸਾਨ ਅਤੇ ਖੇਤੀ 'ਤੇ ਹੀ ਨਿਰਭਰ ਹੈ। ਪੰਜਾਬੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ ਵੰਡ ਕੇ ਮੰਗਤੇ ਬਣਾਉਣ ਦੀ ਬਜਾਏ, ਖੇਤੀ ਅਧਾਰਿਤ ਕਾਰਖਾਨੇ ਲਗਾ ਕੇ ਜਾਂ ਸਵੈ-ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਅਣਖੀ ਬਣਾਉਣ ਦੀ ਕੋਈ ਤਰਕੀਬ ਸਿਆਸੀ ਪਾਰਟੀਆਂ ਕੋਲ ਨਜ਼ਰ ਨਹੀਂ ਆਉਂਦੀ।

ਪੰਜਾਬ ਦਾ ਇਤਿਹਾਸ ਜ਼ੁਲਮ ਵਿਰੁੱਧ ਲੜਨ ਅਤੇ ਸਵਾਲਾਂ ਦੇ ਜਵਾਬ ਮੰਗਣ ਦਾ ਇਤਿਹਾਸ ਹੈ। ਸਿਆਸੀ ਧਿਰਾਂ ਨੂੰ ਆਪਣੇ ਭਰਮ-ਭੁਲੇਖੇ ਛੱਡ ਕੇ ਪੰਜਾਬ ਦੇ ਅਸਲ ਹਿਤੈਸ਼ੀ ਹੋਣ ਦਾ ਸਬੂਤ ਦੇਣਾ ਪਵੇਗਾ, ਤਾਂ ਜੋ ਪੰਜਾਬ ਦੇ ਜ਼ਖ਼ਮ ਭਰ ਸਕਣ ਅਤੇ ਪੰਜਾਬੀ ਮੁੜ ਅਣਖ ਨਾਲ ਜਿਉਣ ਦੇ ਕਾਬਲ ਹੋ ਸਕਣ।

○○○○○

# ਪੰਜਾਬ ਦੇ ਖੇਤਾਂ ਵਿੱਚ ਵੀ ਰੀਲੀਜ ਹੋ ਗਈ 'ਸਤਲੁਜ' ਫਿਲਮ

ਭਵਨਦੀਪ ਸਿੰਘ ਪੁਰਬਾ



'ਸਤਲੁਜ' ਫਿਲਮ ਦਾ ਵਿਵਾਦ ਪੂਰੇ ਜੋਰਾਂ ਤੇ ਹੈ। ਸਾਰਾ ਪੰਜਾਬ ਅੱਜ ਇਸ 'ਸਤਲੁਜ' ਫਿਲਮ ਅਤੇ ਦਿਲਜੀਤ ਦੁਸਾਂਝ ਦੇ ਹੱਕ ਵਿੱਚ ਹੈ। ਇਥੋਂ ਤੱਕ ਕਿ ਹਿੰਦੂ ਧਰਮ ਨਾਲ ਸਬੰਧਤ ਬਹੁੱਤ ਸਾਰੀਆਂ ਔਰਤਾਂ, ਭੈਣਾਂ ਤੇ ਵੀਰ ਵੀ 'ਸਤਲੁਜ' ਫਿਲਮ ਤੇ ਬੈਨ ਹੋਣ ਦੀ ਨਿਖੇਧੀ ਕਰ ਰਹੇ ਹਨ। ਇਹ ਫਿਲਮ 1984 ਦੇ ਦੁਖਾਂਤ ਨੂੰ ਬਿਆਨ ਕਰਦੀ ਹੈ। ਇਸ ਫਿਲਮ ਦੇ ਡਾਇਰੈਕਟਰ ਤੇ ਪ੍ਰੋਡਿਊਸਰ ਹਨੀ ਤਰਿਹਾਨ ਹਨ। ਇਹ ਫਿਲਮ ਆਰ.ਐਸ.ਵੀ.ਪੀ. ਮੂਵੀਜ ਅਤੇ ਮੈਕ ਗਫਿਨ ਪਿਕਚਰ ਦੇ ਬੈਨਰ ਹੇਠ ਬਣੀ ਹੈ। ਮੇਨ ਰੋਲ ਦਿਲਜੀਤ ਦੋਸਾਂਝ ਦਾ ਹੈ, ਉਸ ਨੇ ਇਸ ਫਿਲਮ ਵਿੱਚ ਕੰਮ ਕਰਨ ਲਈ ਕੋਈ ਪੈਸਾ ਨਹੀਂ ਲਿਆ। ਇਹ ਫਿਲਮ ਹਿਊਮਨ ਰਾਈਟਸ ਐਕਟੀਵਿਸਟ ਜਸਵੰਤ ਸਿੰਘ ਖਾਲੜਾ ਜੀ ਦੇ ਜੀਵਨ 'ਤੇ ਆਧਾਰਿਤ ਹੈ। ਫਿਲਮ ਦਾ ਪਹਿਲਾ ਨਾਮ 'ਘੱਲੂ-ਘਾਰਾ' ਰੱਖਿਆ ਗਿਆ। ਫਿਰ 'ਪੰਜਾਬ 95' ਅਤੇ ਹੁਣ 'ਸਤਲੁਜ'। ਸੰਨ 2022 'ਚ ਇਹ ਫਿਲਮ ਛਭਫਛ (ਪੰਜਾਬੀ 'ਚ ਇਸ ਨੂੰ "ਕੇਂਦਰੀ ਫਿਲਮ ਪ੍ਰਮਾਣੀਕਰਨ ਬੋਰਡ" ਕਹਿੰਦੇ ਹਨ) ਕੋਲ ਗਈ। ਛਭਫਛ ਨੇ ਪਹਿਲਾਂ ਥੀਏਟਰ ਲਈ ਕਰੀਬ 100 ਤੋਂ 127 ਕੱਟ ਅਤੇ ਟਾਈਟਲ ਬਦਲਣ ਲਈ ਕਿਹਾ ਸੀ। ਮੇਕਰਸ ਨੇ ਉਹ ਕੱਟ ਨਹੀਂ ਲਗਾਏ, ਟਾਈਟਲ ਬਦਲ ਦਿੱਤਾ ਸੀ। ਜੇਕਰ ਇੰਨ੍ਹੇ ਕੱਟ ਲਗਾ ਦਿੱਤੇ ਜਾਂਦੇ ਤਾਂ ਫਿਲਮ ਵਿੱਚ ਕੀ ਰਹਿ ਜਾਣਾ ਸੀ, ਅਸਲੀਅਤ ਤਾਂ ਖਤਮ ਹੀ ਹੋ ਜਾਣੀ ਸੀ। ਮੇਕਰਸ ਨਹੀਂ ਮੰਨੇ, 4 ਸਾਲ ਤੱਕ ਅਟਕਣ ਤੋਂ ਬਾਅਦ 3 ਜੁਲਾਈ 2026 ਨੂੰ ਇਹ ਫਿਲਮ ਜੀ-5 'ਤੇ ਉਸੇ ਤਰ੍ਹਾਂ (ਬਿਨ੍ਹਾਂ ਕੱਟਾਂ ਤੋਂ) ਰਿਲੀਜ਼ ਹੋਈ, ਪਰ 48 ਘੰਟੇ ਬਾਅਦ ਹਟਾ ਦਿੱਤੀ ਗਈ। ਇਸ ਸਬੰਧ ਵਿੱਚ ਦਿਲਜੀਤ ਦੋਸਾਂਝ ਨੇ ਕਿਹਾ ਕਿ ਮੈਨੂੰ ਪਹਿਲਾਂ ਹੀ ਪਤਾ ਸੀ ਇਹ ਹੋਵੇਗਾ। ਚਲੋਂ ਕੋਈ ਗੱਲ ਨਹੀਂ ਇਹ ਫਿਲਮ ਤੁਹਾਡੇ ਕੋਲ ਪਹੁੰਚ ਗਈ, ਇਹ ਹੁਣ ਤੁਹਾਡੀ ਫਿਲਮ ਹੈ।



## ਦਿਲਜੀਤ ਦੋਸਾਂਝ ਬਾਰੇ

ਦਿਲਜੀਤ ਦੋਸਾਂਝ ਦਾ ਜਨਮ 6 ਜਨਵਰੀ 1984 ਨੂੰ ਦੋਸਾਂਝ ਕਲਾਂ ਜਿਲ੍ਹਾ ਜਲੰਧਰ ਤੋਂ ਉਠ ਕੇ ਸਾਰੀ ਦੁਨੀਆਂ ਵਿੱਚ ਆਪਣੀ ਵੱਖਰੀ ਪਹਿਚਾਨ ਬਣਾਈ ਹੈ। ਉਸ ਦੀ ਗਾਇਕੀ, ਅਦਾਕਾਰੀ, ਫਿਲਮ ਕਿਸੇ ਜਾਣ ਪਹਿਚਾਣ ਦੀ ਮੁਹਤਾਜ ਨਹੀਂ ਹੈ। ਦਿਲਜੀਤ ਨੂੰ ਸਾਦਗੀ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਦਿਲਜੀਤ ਪੱਗ, ਦਸਤਾਰ ਅਤੇ ਪੰਜਾਬੀਅਤ ਨੂੰ ਹਮੇਸ਼ਾ ਮਾਣ ਨਾਲ ਦੁਨੀਆਂ ਸਾਹਮਣੇ ਰੱਖਦਾ ਹੈ। 'ਸਤਲੁਜ' ਫਿਲਮ ਬਾਰੇ ਉਸ ਦਾ ਕਹਿਣਾ ਹੈ ਕਿ ਖਾਲੜਾ ਸਾਹਿਬ ਦੀ ਸ਼ਹੀਦੀ ਅਤੇ ਮਨੁੱਖਤਾ ਲਈ ਯੋਗਦਾਨ ਕਰਕੇ ਹੀ ਉਨ੍ਹਾਂ ਨੇ ਇਹ ਫਿਲਮ ਕੀਤੀ ਹੈ। ਉਨ੍ਹਾਂ ਲਈ ਇਹ ਸਭ ਤੋਂ ਜ਼ਿਆਦਾ ਜ਼ਿੰਮੇਵਾਰੀ ਵਾਲਾ ਕਿਰਦਾਰ ਸੀ।

ਦਿਲਜੀਤ ਸਿਰਫ਼ ਸਟੇਜ 'ਤੇ ਹੀ ਨਹੀਂ, ਜ਼ਮੀਨੀ ਪੱਧਰ 'ਤੇ ਵੀ ਕੰਮ ਕਰਦਾ ਹੈ। 2020 ਵਿੱਚ ਕੋਵਿਡ ਮਹਾਂਮਾਰੀ ਦੌਰਾਨ ਪੰਜਾਬ ਦੇ ਹਸਪਤਾਲਾਂ ਲਈ ਆਕਸੀਜਨ ਕੰਸਨਟ੍ਰੇਟਰ, ਵੈਂਟੀਲੇਟਰ ਅਤੇ ਮੈਡੀਕਲ ਸਾਮਾਨ ਦਾਨ ਕੀਤਾ। ਦਿੱਲੀ ਦੇ ਸਰਹੱਦਾਂ 'ਤੇ ਬੈਠੇ ਕਿਸਾਨਾਂ ਲਈ ਲੰਗਰ ਅਤੇ ਖਾਣ-ਪੀਣ ਦਾ ਪ੍ਰਬੰਧ ਕੀਤਾ। ਟਿੱਕਰੀ ਅਤੇ ਸਿੰਘੂ ਬਾਰਡਰ 'ਤੇ ਲੰਗਰ, ਦਵਾਈਆਂ, ਗਰਮ ਕੱਪੜੇ ਭੇਜੇ। ਕਿਸਾਨਾਂ ਦੀ ਆਵਾਜ਼ ਦੁਨੀਆਂ ਤੱਕ ਪਹੁੰਚਾਉਣ ਲਈ ਸੋਸ਼ਲ ਮੀਡੀਆ 'ਤੇ ਵੀ ਬੋਲਿਆ। ਪੰਜਾਬ 'ਚ ਹੜ੍ਹਾਂ ਦੌਰਾਨ ਦਿਲਜੀਤ ਨੇ ਪੰਜਾਬ ਲਈ ਵੱਡੀ ਪਹਿਲ ਕੀਤੀ। ਉਸਨੇ 10 ਪਿੰਡ ਗੋਦ ਲਏ। ਦਿਲਜੀਤ ਗੁਰਦੁਆਰਾ ਸਾਹਿਬ 'ਚ ਅਕਸਰ ਮੱਥਾ ਟੇਕਣ ਜਾਂਦਾ ਹੈ। ਦਿਲਜੀਤ ਭਾਵੇਂ ਦੁਨੀਆਂ ਭਰ ਵਿੱਚ ਨਾਮ ਕਮਾ ਗਿਆ, ਪਰ ਉਹ ਆਪਣੀ ਜੜ੍ਹਾਂ ਨਹੀਂ ਭੁੱਲਿਆ।

## 'ਸਤਲੁਜ' ਫਿਲਮ ਤੇ ਬੈਨ ਕਿਉਂ ਲੱਗਿਆ ?

ਉਸ ਸਮੇਂ ਪੰਜਾਬ ਵਿੱਚ ਕਾਂਗਰਸ ਸਰਕਾਰ ਸੀ। ਹੁਣ ਸੈਂਟਰ ਵਿੱਚ ਬੀ.ਜੇ.ਪੀ. ਸਰਕਾਰ ਹੈ। ਇਹ ਫਿਲਮ ਕਾਂਗਰਸ ਦੇ ਉੱਲਟ ਜਾਂਦੀ ਹੈ ਫਿਰ ਬੀ.ਜੇ.ਪੀ. ਸਰਕਾਰ ਵੱਲੋਂ 'ਸਤਲੁਜ' ਫਿਲਮ ਬੈਨ ਕਿਉਂ ਕੀਤੀ ਗਈ ਹੈ ? ਸਰਦਾਰ ਜਸਵੰਤ ਸਿੰਘ ਖਾਲੜਾ ਜੀ ਨੇ ਲੋਕ ਅਧਿਕਾਰਾਂ ਦੀ ਗੱਲ ਕੀਤੀ ਹੈ। ਹਿਊਮਨ ਰਾਈਟਸ ਕਾਨੂੰਨ ਦੇ ਤਹਿਤ ਆਪਣਾ ਕਾਰਜ ਕੀਤਾ ਹੈ, ਉਨ੍ਹਾਂ ਨੇ ਕੋਈ ਹਿੰਦੂ, ਸਿੱਖ, ਮੁਸਲਿਮ ਜਾਂ ਇਸਾਈ ਨਹੀਂ ਵੇਖਿਆ। ਉਨ੍ਹਾਂ ਨੇ ਸਭ ਨੂੰ ਇਨਸਾਫ ਦਿਵਾਉਣ ਲਈ ਕੰਮ ਕੀਤਾ ਹੈ। ਉਨ੍ਹਾਂ ਤੇ ਮੌਜੂਦਾ ਸਰਕਾਰ ਨੇ ਇੰਨ੍ਹਾਂ ਧੱਕਾਂ ਕੀਤਾ ? ਆਪਣੇ ਹੱਕਾਂ ਲਈ ਲੜਨ ਵਾਲੇ, ਆਪਣੀ ਕੌਮ ਲਈ ਲੜਨ ਵਾਲੇ ਇਨਸਾਨ ਦੇ ਜੀਵਨ ਤੇ ਜੇਕਰ ਫਿਲਮ ਬਣੀ ਹੈ ਤੇ ਇਸ ਤੇ ਸਰਕਾਰ ਅਤੇ ਸੈਂਸਰ ਬੋਰਡ ਨੂੰ ਇੰਤਰਾਜ ਕਿਉਂ ? ਜਦੋਂ ਉਸਦੀ ਕਹਾਣੀ ਦਸਤਾਵੇਜ਼ਾਂ ਅਤੇ ਸਬੂਤਾਂ 'ਤੇ ਆਧਾਰਿਤ ਹੈ ਤਾਂ ਫਿਰ ਉਸ ਇਨਸਾਨ ਦੇ ਜੀਵਨ ਨੂੰ ਪਰਦੇ 'ਤੇ ਦਿਖਾਉਣ ਤੋਂ ਰੋਕ ਕਿਉਂ ? ਲੋਕ ਕਹਿੰਦੇ ਹਨ ਕਿ ਜੇ ਅਸੀਂ ਆਪਣੇ ਸ਼ਹੀਦਾਂ ਨੂੰ ਯਾਦ ਨਹੀਂ ਕਰ ਸਕਾਂਗੇ, ਆਪਣੇ ਹੱਕਾਂ ਲਈ ਲੜਨ ਵਾਲਿਆਂ ਦੀ ਕਹਾਣੀ ਨਹੀਂ ਦੱਸ ਸਕਾਂਗੇ ਤਾਂ ਅਸੀਂ ਅਗਲੀ ਪੀੜ੍ਹੀ ਨੂੰ ਕੀ ਦੱਸਾਂਗੇ ? ਇਸੇ ਲਈ ਅੱਜ ਸਾਰੇ ਪੰਜਾਬ ਦੇ ਲੋਕ, ਚਾਹੇ ਉਹ ਕਿਸੇ ਵੀ ਧਰਮ ਦੇ ਹੋਣ, ਕਿਸੇ ਮਜਹਬ ਦੇ ਹੋਣ ਉਹ ਕਹਿ ਰਹੇ ਹਨ "ਸਤਲੁਜ ਦਾ ਬੈਨ ਹਟਾਓ"।

ਸਰਕਾਰ ਨੇ 'ਸਤਲੁਜ' ਫਿਲਮ ਤੇ ਬੈਨ ਲਗਾਉਣ ਦਾ ਕਾਰਨ ਦੱਸਿਆ ਕਿ ਫਿਲਮ ਨੂੰ "ਐਂਟੀ-ਇੰਡੀਆ ਤਾਕਤਾਂ" ਵਰਤ ਸਕਦੀਆਂ ਹਨ। ਇਸ ਨਾਲ "ਰਾਸ਼ਟਰੀ ਸੁਰੱਖਿਆ ਅਤੇ ਸਦਭਾਵਨਾ" ਨੂੰ ਨੁਕਸਾਨ ਹੋ ਸਕਦਾ ਹੈ। ਫਿਲਮ 1980-90 ਦੇ ਪੰਜਾਬ 'ਚ ਪੁਲਿਸ ਅਤਿਆਚਾਰ, ਗੈਰ-ਕਾਨੂੰਨੀ ਕਤਲ ਅਤੇ ਦੀ ਕਹਾਣੀ ਹੈ। ਸਰਕਾਰ ਨੂੰ ਡਰ ਸੀ ਕਿ ਇਹ ਖਾਲਿਸਤਾਨ ਭਾਵਨਾ ਜਾਂ ਅਸ਼ਾਂਤੀ ਭੜਕਾ ਸਕਦੀ ਹੈ। ਸਰਕਾਰ ਦਾ ਮੰਨਣਾ ਆ ਕਿ ਇਹ ਮਸਲਾ ਅਜੇ ਵੀ ਬਹੁਤ ਸੰਵੇਦਨਸ਼ੀਲ ਹੈ ਅਤੇ 2027 ਦੀਆਂ ਪੰਜਾਬ ਚੋਣਾਂ ਤੋਂ ਪਹਿਲਾਂ ਪੁਰਾਣੇ ਜ਼ਖ਼ਮ ਖੋਲ੍ਹ ਸਕਦਾ ਹੈ। ਇਹ ਵਿਵਾਦ ਹੁਣ ਸਿਰਫ਼ ਫਿਲਮ ਦਾ ਨਹੀਂ ਰਿਹਾ, ਪੂਰੇ ਪੰਜਾਬ ਦੀ ਭਾਵਨਾ ਨਾਲ ਜੁੜ ਗਿਆ ਹੈ। ਸਰਕਾਰਾਂ ਚਾਹੇ ਕੋਈ ਵੀ ਹੋਣ ਉਹ ਨਹੀਂ ਚਾਹੁੰਦੀਆਂ ਹੁੰਦੀਆਂ ਕਿ ਪੁਲਿਸ ਕਾਰਵਾਈਆਂ 'ਤੇ ਸਵਾਲ ਉੱਠਣ ਕਿਉਂਕਿ ਇਸ ਨਾਲ ਰਾਜ ਦੀਆਂ ਸੰਸਥਾਵਾਂ 'ਤੇ ਸਵਾਲ ਖੜੇ ਹੁੰਦੇ ਹਨ। ਇਸ ਲਈ ਆਲੋਚਕ ਕਹਿੰਦੇ ਨੇ ਕਿ ਇਹ ਬੈਨ ਕਿਸੇ ਪਾਰਟੀ ਦੇ ਖਿਲਾਫ ਨਹੀਂ, ਸਗੋਂ ਇੱਕ ਇਤਿਹਾਸ ਨੂੰ ਦਬਾਉਣ ਦੀ ਕੋਸ਼ਿਸ਼ ਹੁੰਦੀ ਹੈ। ਇਸੇ ਰੀਐਕਸ਼ਨ ਕਾਰਨ ਅੱਜ ਪੰਜਾਬ ਦੇ ਲੋਕ ਇੱਕ ਮੰਚ 'ਤੇ ਆ ਗਏ ਹਨ। ਇਸੇ ਕਰਕੇ ਬਹੁਤ ਸਾਰੇ ਹਿੰਦੂ ਵੀਰ-ਭੈਣਾਂ ਵੀ ਇਸ ਬੈਨ ਦੀ ਨਿਖੇਧੀ ਕਰ ਰਹੇ ਨੇ ਕਿਉਂਕਿ ਉਹ ਇਸ ਨੂੰ ਸੱਚ ਦਬਾਉਣ ਵਜੋਂ ਦੇਖ ਰਹੇ ਹਨ।

## ਸਰਕਾਰ ਨੂੰ ਇਹ ਵੀ ਡਰ ਹੈ

ਸ਼ਾਇਦ ਸਰਕਾਰ ਨੂੰ ਇਹ ਵੀ ਡਰ ਹੈ ਕਿ ਜੇ ਇਹ ਇਤਿਹਾਸ ਖੁੱਲ੍ਹੇਆਮ ਸਾਹਮਣੇ ਆਇਆ ਤਾਂ ਨੌਜਵਾਨ ਪੀੜ੍ਹੀ ਅਤੇ ਸਿਸਟਮ ਵਿਚਕਾਰ ਦੂਰੀ ਵਧ ਜਾਵੇਗੀ। ਪਰ ਇਸ ਦਾ ਹੱਲ 'ਸਤਲੁਜ' ਵਰਗੀਆਂ ਫਿਲਮਾਂ ਬੈਨ ਕਰਨਾ ਨਹੀਂ ਹੈ। ਫਿਲਮ ਬੈਨ ਕਰਨ ਨਾਲ ਨਫਰਤ ਖਤਮ ਨਹੀਂ ਹੁੰਦੀ। ਉਹ ਅੰਦਰ ਹੀ ਅੰਦਰ ਪਲਦੀ ਹੈ। ਖਾਲੜਾ ਸਾਹਿਬ ਨੇ ਨਫਰਤ ਨਹੀਂ, ਕਾਨੂੰਨ ਦਾ ਰਾਹ ਚੁਣਿਆ ਸੀ। ਉਨ੍ਹਾਂ ਕੋਲ ਬੰਦੂਕ ਨਹੀਂ ਸੀ, ਕਾਗਜ਼ ਸਨ। ਇਹ ਬਿਲਕੁਲ ਸੱਚ ਹੈ ਕਿ ਉਸ ਸਮੇਂ ਪੰਜਾਬ 'ਚ ਹਾਲਾਤ ਬਹੁਤ ਖਰਾਬ ਸਨ। ਕਾਨੂੰਨ ਅਤੇ ਅੱਤ ਦੋਵੇਂ ਇਕੱਠੇ ਚੱਲ ਰਹੇ ਸਨ। ਜਦੋਂ ਕੋਈ ਸਿਸਟਮ ਦੇ ਖਿਲਾਫ ਉਂਗਲ ਚੁੱਕਦਾ ਹੈ ਤਾਂ ਸਿਸਟਮ ਦੇ ਲੋਕਾਂ ਨੂੰ ਉਹ ਖਟਕਦਾ ਹੈ। ਇਸੇ ਕਰਕੇ ਖਾਲੜਾ ਸਾਹਿਬ ਨੂੰ 1995 'ਚ ਅਗਵਾ ਕਰ ਲਿਆ ਗਿਆ। ਖਾਲੜਾ ਸਾਹਿਬ ਨੇ ਸਾਨੂੰ ਇਹ ਸਿਖਾਇਆ ਕਿ ਜ਼ੁਲਮ ਦੇ ਖਿਲਾਫ ਹਥਿਆਰ ਨਹੀਂ, ਕਲਮ ਚੁੱਕਣੀ ਹੈ ਕਾਨੂੰਨ ਅਨੁਸਾਰ। ਹੁਣ ਅਸੀਂ ਵੀ ਕਾਨੂੰਨ ਵਿੱਚ ਰਹਿ ਕੇ ਆਪਣੇ ਅਧਿਕਾਰਾਂ ਰਾਹੀ, ਵੋਟਾਂ ਰਾਹੀਂ ਗਲਤ ਸਰਕਾਰਾਂ ਦਾ ਵਿਰੋਧ ਕਰ ਸਕਦੇ ਹਾਂ।

## ਜਸਵੰਤ ਸਿੰਘ ਖਾਲੜਾ ਜੀ ਕੌਣ ਸਨ ?

ਸਰਦਾਰ ਜਸਵੰਤ ਸਿੰਘ ਖਾਲੜਾ ਜੀ ਵਕੀਲ ਸਨ, ਹਿਊਮਨ ਰਾਈਟਸ ਐਕਟੀਵਿਸਟ ਸਨ। ਸੰਨ 1990 ਦੇ ਦਹਾਕੇ 'ਚ ਉਨ੍ਹਾਂ ਨੇ ਸਰਕਾਰੀ ਰਿਕਾਰਡਾਂ 'ਚੋਂ 25,000 ਤੋਂ ਵੱਧ ਲਾਸ਼ਾਂ ਦਾ ਡਾਟਾ ਕੱਢਿਆ, ਜਿਨ੍ਹਾਂ ਦਾ ਅੰਤਿਮ ਸੰਸਕਾਰ ਅਣਪਛਾਤੇ ਕਹਿ ਕੇ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ ਕੋਈ ਹਥਿਆਰ ਨਹੀਂ ਚੁੱਕਿਆ, ਕੋਈ ਨਫਰਤ ਨਹੀਂ ਫੈਲਾਈ। ਉਨ੍ਹਾਂ ਨੇ ਸਿਰਫ਼ ਕਾਨੂੰਨ ਅਤੇ ਸੰਵਿਧਾਨ ਦੇ ਰਾਹ 'ਤੇ ਚੱਲ ਕੇ ਸੱਚ ਸਾਹਮਣੇ ਲਿਆਉਣਾ ਦੀ ਕੋਸ਼ਿਸ਼ ਕੀਤੀ ਹੈ। ਪਰ ਉਸ ਸਮੇਂ ਦੀ ਮੌਜੂਦਾ ਸਰਕਾਰ ਮੁੱਖ ਮੰਤਰੀ ਬੇਅੰਤ ਸਿੰਘ ਤੇ ਪੁਲਿਸ ਮੁੱਖੀ ਕੇ.ਪੀ.ਐਸ ਗਿੱਲ ਨੇ ਉਨ੍ਹਾਂ ਨੂੰ 1995 'ਚ ਅਗਵਾ ਕਰਵਾ ਕੇ ਮਾਰ ਦਿੱਤਾ। ਸੱਚ ਬੋਲਣ ਵਾਲੇ ਇਨਸਾਨ ਨੂੰ ਹਮੇਸ਼ਾ ਤਸੀਹੇ ਝੱਲਣੇ ਪੈਂਦੇ ਹਨ। ਪਰ ਸੱਚ ਦੇ ਰਾਸਤੇ ਤੇ ਤੁਰਨਾ ਸਾਡਾ ਧਰਮ ਹੈ। ਜੋ ਸੱਚ ਦੇ ਰਾਸਤੇ ਤੇ ਚੱਲਦਾ ਹੈ ਉਸ ਨੂੰ ਦੁਨੀਆਂ ਯਾਦ ਕਰਦੀ ਹੈ ਤੇ ਜਾਲਮਾਂ ਨੂੰ ਹਮੇਸ਼ਾ ਲਾਹਨਤਾਂ ਹੀ ਪੈਂਦੀਆਂ ਹਨ।

## ਸੱਚ ਕਦੇ ਲੁੱਕਦਾ ਨਹੀਂ

ਸੱਚ ਇਹ ਹੈ ਕਿ ਜਿਸ ਕਹਾਣੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਕਹਾਣੀ ਹੋਰ ਜ਼ੋਰ ਨਾਲ ਸਾਹਮਣੇ ਆਉਂਦੀ ਹੈ। ਵੈਸੇ ਹੁਣ ਤਾਂ ਸਾਰੇ ਪੰਜਾਬ ਕੋਲ 'ਸਤਲੁਜ' ਫਿਲਮ ਪਹੁੰਚ ਗਈ ਹੈ। ਇਸ 'ਸਤਲੁਜ' ਫਿਲਮ ਦੇ ਨਿਰਮਾਤਾ 'ਹਨੀ ਤਰਿਹਾਨ' ਨੂੰ ਚਾਹੇ ਇਸ ਦਾ ਆਰਥਿਕ ਤੌਰ ਤੇ ਨੁਕਸਾਨ ਹੋਇਆ ਹੈ ਪਰ ਇਸ ਇਤਿਹਾਸਕ ਦਸਤਾਵੇਜ ਨੇ 'ਸਤਲੁਜ' ਫਿਲਮ ਦੇ ਨਿਰਮਾਤਾ ਨਿਰਦੇਸ਼ਕ ਹਨੀ ਤਰਿਹਾਨ ਅਤੇ ਦਿਲਜੀਤ ਦੁਸਾਂਝ ਨੂੰ ਸਾਰੇ ਪੰਜਾਬੀਆਂ ਦੇ ਦਿਲਾਂ ਵਿੱਚ ਵਸਾ ਦਿੱਤਾ ਹੈ। ਜਦੋਂ ਸਰਕਾਰ ਕਿਸੇ ਫਿਲਮ ਨੂੰ ਬੈਨ ਕਰਦੀ ਆ, ਤਾਂ ਉਹੀ ਫਿਲਮ ਹਰ ਘਰ 'ਚ ਪਹੁੰਚ ਜਾਂਦੀ ਆ। ਲੱਖਾਂ ਲੋਕਾਂ ਨੇ 'ਸਤਲੁਜ' ਫਿਲਮ ਡਾਊਨਲੋਡ ਕਰ ਲਈ, ਗੁਰਦੁਆਰਿਆਂ ਅਤੇ ਸਾਂਝੀਆਂ ਜਗ੍ਹਾ ਤੇ ਪ੍ਰੋਜੈਕਟਰ ਲਾ ਕੇ 'ਸਤਲੁਜ' ਫਿਲਮ ਦਿਖਾਈ ਜਾ ਰਹੀ ਹੈ। ਹੁਣ ਤਾਂ ਪੰਜਾਬ ਦੇ ਖੇਤਾਂ ਵਿੱਚ ਵੀ 'ਸਤਲੁਜ' ਫਿਲਮ ਰੀਲੀਜ ਹੋ ਗਈ ਹੈ। "ਸੱਚ ਦਬਾਉਣ ਨਾਲ ਮਰਦਾ ਨਹੀਂ, ਹੋਰ ਉੱਚਾ ਹੁੰਦਾ ਹੈ"।

# ਸਿੱਖਾਂ ਦੇ ਇਤਿਹਾਸਕ ਜ਼ਖ਼ਮਾਂ ਨੂੰ ਭਰਨ ਲਈ ਪਿਆਰ, ਨਿਆਂ ਅਤੇ ਭਾਵਨਾਤਮਕ ਅਪਣੱਤ ਦੀ ਲੋੜ

ਡਾਕਟਰ ਇਕਬਾਲ ਸਿੰਘ ਲਾਲਪੁਰਾ
+91 98773 53321



ਸਿੱਖ ਪੰਥ ਦੀ ਸਿਰਜਣਾ ਮਨੁੱਖ ਤੋਂ ਦੇਵਤਾ ਵਜੋਂ ਕੀਤੀ ਗਈ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 1469 ਈਸਵੀ ਵਿੱਚ ਪ੍ਰਕਾਸ਼ ਤੋਂ ਲੈ ਕੇ ਅੱਜ ਤੱਕ ਸਿੱਖ ਕੌਮ ਨੇ ਅਧਿਆਤਮਿਕ ਉੱਚਾਈਆਂ, ਅਸਾਧਾਰਣ ਕੁਰਬਾਨੀਆਂ, ਰਾਜਨੀਤਿਕ ਉਥਲ-ਪੁਥਲ ਅਤੇ ਲਗਾਤਾਰ ਸੰਘਰਸ਼ ਦਾ ਸਾਹਮਣਾ ਕੀਤਾ ਹੈ। ਮਨੁੱਖਤਾ ਦੀ ਸੇਵਾ ਤੇ ਰਾਖੀ ਇਸ ਦੇਵਤਾ ਸੰਤ-ਸਿਪਾਹੀ ਸੰਕਲਪ ਦੀ ਬੁਨਿਆਦ ਹੈ, ਪਰ ਇਸ ਲੰਬੇ ਇਤਿਹਾਸ ਨੇ ਸਿੱਖ ਮਨੋਵਿਗਿਆਨ ਉੱਤੇ ਡੂੰਘਾ ਪ੍ਰਭਾਵ ਛੱਡਿਆ ਹੈ। ਅੱਜ ਜੇ ਸਿੱਖ ਕੌਮ ਦੇ ਕੁਝ ਹਿੱਸਿਆਂ ਵਿੱਚ ਅਵਿਸ਼ਵਾਸ, ਭਾਵਨਾਤਮਕ ਸੰਵੇਦਨਸ਼ੀਲਤਾ ਨਜ਼ਰ ਆਉਂਦੀ ਹੈ, ਤਾਂ ਇਸ ਨੂੰ ਕੇਵਲ ਵਰਤਮਾਨ ਰਾਜਨੀਤੀ ਦੇ ਸੰਦਰਭ ਵਿੱਚ ਨਹੀਂ, ਸਗੋਂ ਪਿਛਲੀਆਂ ਦੋ ਸਦੀਆਂ ਦੇ ਅਨੁਭਵਾਂ ਦੀ ਰੌਸ਼ਨੀ ਵਿੱਚ ਵੀ ਸਮਝਣ ਦੀ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਦੀ ਜੋਤ ਵਜੋਂ ਦਰਸਾਉਂਦੇ ਹਨ। ਉਨ੍ਹਾਂ ਨੇ ਉਸ ਸਮੇਂ ਇੱਕ ਨਵਾਂ ਮਾਰਗ ਦਿਖਾਇਆ ਜਦੋਂ ਬਹੁਤੇ ਸੰਤ ਸੰਸਾਰ ਤਿਆਗ ਕੇ ਜੰਗਲਾਂ ਅਤੇ ਪਹਾੜਾਂ ਵਿੱਚ ਤਪੱਸਿਆ ਕਰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਸਿਖਾਇਆ ਕਿ ਰਬ ਇੱਕ ਹੈ, ਉਹ ਹਰ ਮਨੁੱਖ ਦੇ ਅੰਦਰ ਵੱਸਦਾ ਹੈ ਅਤੇ ਉਸ ਦੀ ਪ੍ਰਾਪਤੀ ਗ੍ਰਿਹਸਥ ਜੀਵਨ ਜੀਉਂਦਿਆਂ ਨਾਮ ਸਿਮਰਨ, ਕਿਰਤ ਕਰਨ ਅਤੇ ਨਿਸ਼ਕਾਮ ਸੇਵਾ ਰਾਹੀਂ ਹੋ ਸਕਦੀ ਹੈ। ਉਨ੍ਹਾਂ ਨੇ ਮਨੁੱਖ ਨੂੰ ਨਿਡਰ, ਨਿਰਵੈਰ ਅਤੇ ਮਨੁੱਖੀ ਮਰਿਆਦਾ ਦੀ ਰੱਖਿਆ ਲਈ ਸਮਰਪਿਤ ਜੀਵਨ ਜੀਉਣ ਦਾ ਉਪਦੇਸ਼ ਦਿੱਤਾ।

ਅਗਲੇ ਨੌਂ ਗੁਰੂ ਸਾਹਿਬਾਨ ਨੇ ਇਸੇ ਫ਼ਲਸਫ਼ੇ ਨੂੰ ਅੱਗੇ ਵਧਾਇਆ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀਆਂ ਸ਼ਹਾਦਤਾਂ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਦਿੱਤੀਆਂ ਗਈਆਂ ਵਿਸ਼ਵ ਇਤਿਹਾਸ ਦੀਆਂ ਮਹਾਨ ਕੁਰਬਾਨੀਆਂ ਹਨ। 1699 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਸੰਤ ਅਤੇ ਸਿਪਾਹੀ ਦੇ ਗੁਣਾਂ ਨਾਲ ਭਰਪੂਰ ਮਨੁੱਖ ਦੀ ਸਿਰਜਣਾ ਕੀਤੀ, ਜੋ ਅਨਿਆਂ ਦਾ ਵਿਰੋਧ ਕਰੇ ਅਤੇ ਸਮੁੱਚੀ ਮਨੁੱਖਤਾ ਦੀ ਰੱਖਿਆ ਲਈ ਆਪਣਾ ਜੀਵਨ ਸਮਰਪਿਤ ਕਰੇ। 1708 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀ ਗੁਰੂ ਦਾ ਦਰਜਾ ਦੇ ਕੇ ਉਨ੍ਹਾਂ ਨੇ ਗੁਰੂ ਪਰੰਪਰਾ ਨੂੰ ਅਮਰ ਰੂਪ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ਾਲਮ ਹਾਕਮਾਂ ਨੂੰ ਸਜ਼ਾ ਦੇ ਕੇ 1710 ਵਿੱਚ ਖ਼ਾਲਸਾ ਰਾਜ ਦੀ ਨੀਂਹ ਰੱਖੀ। ਪਹਿਲੀ ਵਾਰ ਕਿਸਾਨਾਂ ਨੂੰ ਜ਼ਮੀਨ ਦੀ ਮਾਲਕੀ ਮਿਲੀ ਅਤੇ ਸਮਾਜਿਕ ਨਿਆਂ ਨੂੰ ਰਾਜ ਦਾ ਆਧਾਰ ਬਣਾਇਆ ਗਿਆ। ਇਸ ਤੋਂ ਬਾਅਦ ਨਵਾਬ ਕਪੂਰ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਅਤੇ ਮਿਸਲਾਂ ਨੇ ਲਗਾਤਾਰ ਸੰਘਰਸ਼ ਕਰਕੇ ਸਿੱਖ ਸ਼ਕਤੀ ਨੂੰ ਸੰਗਠਿਤ ਕੀਤਾ।

ਇਸ ਸੰਘਰਸ਼ ਦਾ ਸਿਖਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਦਿਖਾਈ ਦਿੰਦਾ ਹੈ। ਉਨ੍ਹਾਂ ਨੇ ਇੱਕ ਅਜਿਹਾ ਧਰਮ-ਨਿਰਪੱਖ, ਨਿਆਂਪ੍ਰਬੰਧ ਅਤੇ ਸਹਿਣਸ਼ੀਲ ਰਾਜ ਕਾਇਮ ਕੀਤਾ ਜਿਸ ਵਿੱਚ ਹਰ ਧਰਮ ਦੇ ਲੋਕਾਂ ਨੂੰ ਬਰਾਬਰ ਦਾ ਸਨਮਾਨ ਮਿਲਿਆ। ਸਿੱਕੇ ਗੁਰੂ ਸਾਹਿਬਾਨ ਦੇ ਨਾਮ ਉੱਤੇ ਜਾਰੀ ਹੁੰਦੇ ਸਨ ਅਤੇ ਰਾਜ ਦਾ ਉਦੇਸ਼ ਕਿਸੇ ਇੱਕ ਧਰਮ ਦੀ ਸਰਵਉੱਚਤਾ ਨਹੀਂ, ਸਗੋਂ ਨਿਆਂਪੂਰਣ ਸ਼ਾਸਨ ਸੀ। ਇਹ ਸਿੱਖ ਰਾਜਨੀਤਿਕ ਦਰਸ਼ਨ ਦੀ ਸਭ ਤੋਂ ਉੱਚੀ ਪ੍ਰਾਪਤੀ ਸੀ।

ਪਰ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਅੰਦਰੂਨੀ ਫੁੱਟ ਨੇ ਸਾਮਰਾਜ ਨੂੰ ਕਮਜ਼ੋਰ ਕਰ ਦਿੱਤਾ। 1849 ਵਿੱਚ ਬਰਤਾਨਵੀ ਹਕੂਮਤ ਨੇ ਪੰਜਾਬ ਉੱਤੇ ਕਬਜ਼ਾ ਕਰ ਲਿਆ। ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਧਰਮ ਅਤੇ ਰਾਜ ਤੋਂ ਵੱਖ ਕਰ ਦਿੱਤਾ ਗਿਆ ਅਤੇ ਮਹਾਰਾਣੀ ਜਿੰਦ ਕੌਰ ਨੂੰ ਜਲਾਵਤਨ ਕਰ ਦਿੱਤਾ ਗਿਆ। ਇਹ ਕੇਵਲ ਰਾਜਨੀਤਿਕ ਹਾਰ ਨਹੀਂ ਸੀ; ਇਸ ਨੇ ਸਿੱਖ ਕੌਮ ਦੀ ਸਮੂਹਕ ਯਾਦ ਅਤੇ ਮਨੋਵਿਗਿਆਨ ਉੱਤੇ ਡੂੰਘਾ ਪ੍ਰਭਾਵ ਛੱਡਿਆ।

ਬਰਤਾਨਵੀ ਰਾਜ ਦੌਰਾਨ ਇੱਕ ਪਾਸੇ ਸਿੱਖਾਂ ਦੀ ਬਹਾਦਰੀ ਨੂੰ ਆਪਣੀ ਫੌਜ ਵਿੱਚ ਵਰਤਿਆ ਗਿਆ, ਜਦਕਿ ਦੂਜੇ ਪਾਸੇ ਸਿੱਖ ਪਹਿਚਾਣ ਨੂੰ ਕਮਜ਼ੋਰ ਕਰਨ ਵਾਲੀਆਂ ਕਈ ਧਾਰਾਵਾਂ ਸਰਗਰਮ ਰਹੀਆਂ। ਈਸਾਈ ਮਿਸ਼ਨਰੀਆਂ, ਮੁਸਲਿਮ ਲੀਗ, ਆਰਿਆ ਸਮਾਜ, ਬ੍ਰਹਮੋ ਸਮਾਜ ਅਤੇ ਹੋਰ ਅੰਦੋਲਨਾਂ ਨੇ ਸਿੱਖ ਧਰਮ ਦੀ ਸੁਤੰਤਰਤਾ ਉੱਤੇ ਸਵਾਲ ਉਠਾਏ। ਕਈ ਇਤਿਹਾਸਕ ਗੁਰਦੁਆਰੇ ਮਹੰਤਾਂ ਦੇ ਕਬਜ਼ੇ ਹੇਠ ਚਲੇ ਗਏ ਅਤੇ ਸਿੱਖ ਧਾਰਮਿਕ ਜੀਵਨ ਵਿੱਚ ਵਿਗਾੜ ਆਇਆ।

ਇਸ ਚੁਣੌਤੀ ਦਾ ਜਵਾਬ 1873 ਵਿੱਚ ਸਿੰਘ ਸਭਾ ਲਹਿਰ ਨੇ ਦਿੱਤਾ, ਜਿਸ ਨੇ ਸਿੱਖ ਪਹਿਚਾਣ ਅਤੇ ਗੁਰਮਤਿ ਦੇ ਪੁਨਰਜਾਗਰਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਨੇ ਇਤਿਹਾਸਕ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਵਾਇਆ ਅਤੇ 1925 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ। ਇਹ ਸਿੱਖ ਇਤਿਹਾਸ ਦਾ ਮਹੱਤਵਪੂਰਨ ਮੋੜ ਸੀ। ਪਰ ਇਸੇ ਸਮੇਂ ਸਿੱਖ ਲੀਡਰਸ਼ਿਪ ਬਰਤਾਨਵੀ ਹਮਾਇਤੀ ਅਤੇ ਕਾਂਗਰਸ ਹਮਾਇਤੀ ਧੜਿਆਂ ਵਿੱਚ ਵੰਡ ਗਈ। ਨਤੀਜੇ ਵਜੋਂ ਇੱਕ ਅਜਿਹੀ ਸੁਤੰਤਰ, ਦੂਰਅੰਦੇਸ਼ ਅਤੇ ਵਿਸ਼ਵ-ਪੱਧਰੀ ਸਿੱਖ ਲੀਡਰਸ਼ਿਪ ਵਿਕਸਿਤ ਨਾ ਹੋ ਸਕੀ ਜੋ ਸਿੱਖ ਫ਼ਲਸਫ਼ੇ, ਸਿੱਖਿਆ ਅਤੇ ਸੰਸਥਾਵਾਂ ਦੇ ਵਿਕਾਸ ਨੂੰ ਲੰਬੇ ਸਮੇਂ ਦੀ ਦਿਸ਼ਾ ਦੇ ਸਕਦੀ। ਇਸ ਦਾ ਪ੍ਰਭਾਵ ਅੱਗੇ ਚੱਲ ਕੇ ਆਜ਼ਾਦੀ ਤੋਂ ਬਾਅਦ ਵੀ ਮਹਿਸੂਸ ਕੀਤਾ ਗਿਆ।

ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਸਿੱਖਾਂ ਦਾ ਯੋਗਦਾਨ ਉਨ੍ਹਾਂ ਦੀ ਗਿਣਤੀ ਨਾਲੋਂ ਕਈ ਗੁਣਾ ਵੱਧ ਸੀ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਹਜ਼ਾਰਾਂ ਸਿੱਖਾਂ ਨੇ ਆਜ਼ਾਦੀ ਲਈ ਆਪਣੇ ਪ੍ਰਾਣ ਨਿਛਾਵਰ ਕੀਤੇ। ਉਨ੍ਹਾਂ ਨੂੰ ਇਹ ਆਸ ਸੀ ਕਿ ਆਜ਼ਾਦ ਭਾਰਤ ਵਿੱਚ ਨਿਆਂ, ਬਰਾਬਰੀ ਅਤੇ ਧਾਰਮਿਕ ਆਜ਼ਾਦੀ ਦੇ ਉਹੀ ਆਦਰਸ਼ ਸਥਾਪਿਤ ਹੋਣਗੇ ਜਿਨ੍ਹਾਂ ਲਈ ਉਨ੍ਹਾਂ ਦੇ ਗੁਰੂਆਂ ਅਤੇ ਪੁਰਵਜਾਂ ਨੇ ਕੁਰਬਾਨੀਆਂ ਦਿੱਤੀਆਂ ਸਨ। ਪਰ 1947 ਦੀ ਵੰਡ ਸਿੱਖ ਕੌਮ ਲਈ ਇੱਕ ਹੋਰ ਡੂੰਘਾ ਸਦਮਾ ਸਾਬਤ ਹੋਈ। ਲੱਖਾਂ ਸਿੱਖ ਆਪਣੇ ਪੁਰਖਿਆਂ ਦੀ ਧਰਤੀ, ਗੁਰਧਾਮਾਂ, ਘਰਾਂ ਅਤੇ ਜਾਇਦਾਦਾਂ ਤੋਂ ਵਾਂਝੇ ਹੋ ਗਏ। ਹਜ਼ਾਰਾਂ ਲੋਕ ਮਾਰੇ ਗਏ ਅਤੇ ਅਨੇਕਾਂ ਪਰਿਵਾਰ ਸਦਾ ਲਈ ਉਜੜ ਗਏ। ਇਹ ਸਿਰਫ਼ ਭੂਗੋਲਿਕ ਵੰਡ ਨਹੀਂ ਸੀ, ਸਗੋਂ ਸਿੱਖਾਂ ਦੀ ਇਤਿਹਾਸਕ ਯਾਦ ਅਤੇ ਸੱਭਿਆਚਾਰਕ ਵਿਰਾਸਤ ਦਾ ਵੀ ਵਿਛੋੜਾ ਸੀ।

ਆਜ਼ਾਦੀ ਤੋਂ ਬਾਅਦ ਵੀ ਸਿੱਖਾਂ ਨਾਲ ਸੰਬੰਧਿਤ ਕਈ ਮੁੱਦੇ ਲੰਬੇ ਸਮੇਂ ਤੱਕ ਵਿਵਾਦਾਂ ਦਾ ਵਿਸ਼ਾ ਬਣੇ ਰਹੇ। ਪੰਜਾਬੀ ਭਾਸ਼ਾ, ਪੰਜਾਬੀ ਸੂਬਾ, ਪਾਣੀਆਂ, ਚੰਡੀਗੜ੍ਹ ਅਤੇ ਕੇਂਦਰ-ਰਾਜ ਸੰਬੰਧਾਂ ਬਾਰੇ ਉੱਠੇ ਵਿਵਾਦਾਂ ਨੇ ਸਿੱਖ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ। ਦੂਜੇ ਪਾਸੇ, ਸਿੱਖ ਲੀਡਰਸ਼ਿਪ ਵੀ ਅਕਸਰ ਪੰਥਕ ਅਤੇ ਰਾਜਨੀਤਿਕ ਤਰਜੀਹਾਂ ਵਿਚਕਾਰ ਸੰਤੁਲਨ ਬਣਾਉਣ ਵਿੱਚ ਅਸਫਲ ਰਹੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸੰਸਥਾਵਾਂ, ਜੋ ਮੁੱਢਲੇ ਤੌਰ 'ਤੇ ਧਾਰਮਿਕ ਅਤੇ ਸਿੱਖਿਆਕ ਮਿਸ਼ਨ ਲਈ ਬਣੀਆਂ ਸਨ, ਉਨ੍ਹਾਂ ਉੱਤੇ ਰਾਜਨੀਤਿਕ ਪ੍ਰਭਾਵ ਵਧਦਾ ਗਿਆ। ਇਸ ਕਾਰਨ ਸਿੱਖ ਫ਼ਲਸਫ਼ੇ, ਇਤਿਹਾਸ, ਖੋਜ ਅਤੇ ਵਿਸ਼ਵ-ਪੱਧਰੀ ਪ੍ਰਚਾਰ ਨੂੰ ਉਹ ਤਰਜੀਹ ਨਾ ਮਿਲੀ ਜਿਸ ਦੀ ਲੋੜ ਸੀ।

ਇਸੇ ਦੌਰ ਵਿੱਚ ਕੁਝ ਸਿੱਖ ਨੌਜਵਾਨ ਅੰਤਰਰਾਸ਼ਟਰੀ ਕ੍ਰਾਂਤੀਕਾਰੀ ਅਤੇ ਕਮਿਊਨਿਸਟ ਵਿਚਾਰਧਾਰਾਵਾਂ ਦੇ ਪ੍ਰਭਾਵ ਹੇਠ ਵੀ ਆਏ। ਸਮਾਜਿਕ ਨਿਆਂ ਦੀ ਭਾਵਨਾ ਭਾਵੇਂ ਸਿੱਖ ਧਰਮ ਨਾਲ ਮੇਲ ਖਾਂਦੀ ਹੈ, ਪਰ ਨਾਸਤਿਕਤਾ ਗੁਰਮਤਿ ਦੇ ਮੂਲ ਅਧਿਆਤਮਕ ਸਿਧਾਂਤਾਂ ਨਾਲ ਮੇਲ ਨਹੀਂ ਖਾਂਦੀ। ਇਸ ਕਾਰਨ ਕੁਝ ਵਰਗਾਂ ਵਿੱਚ ਵਿਚਾਰਧਾਰਕ ਉਲਝਣ ਪੈਦਾ ਹੋਈ। ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਮਨੁੱਖ ਨੂੰ ਕੇਵਲ ਇੱਕ ਚੰਗਾ ਨਾਗਰਿਕ ਬਣਾਉਣਾ ਨਹੀਂ, ਸਗੋਂ ਰੱਬੀ ਸੱਚ ਨਾਲ ਜੋੜ ਕੇ ਮਨੁੱਖਤਾ ਦੀ ਸੇਵਾ ਲਈ ਸਮਰਪਿਤ "ਸੰਤ-ਸਿਪਾਹੀ" ਬਣਾਉਣਾ ਸੀ।ਇਹ ਅਸਲ ਵਿਚ ਦੇਵਤੇ ਦੀ ਸਿਰਜਣਾ ਸੀ।

ਪਿਛਲੇ ਪੰਜਾਹ ਸਾਲਾਂ ਦੌਰਾਨ ਪੰਜਾਬ ਨੇ ਹਿੰਸਾ, ਦਹਿਸ਼ਤ ਤੇ ਬੇਗੁਨਾਹ ਲੋਕਾਂ ਦੀਆਂ ਮੌਤਾਂ ਦਾ ਇੱਕ ਦਰਦਨਾਕ ਦੌਰ ਵੇਖਿਆ। ਇਸ ਸਮੇਂ ਨੇ ਸਿੱਖ ਨੌਜਵਾਨਾਂ ਅਤੇ ਪਰਿਵਾਰਾਂ ਦੇ ਮਨਾਂ ਉੱਤੇ ਡੂੰਘੇ ਮਨੋਵਿਗਿਆਨਕ ਜ਼ਖ਼ਮ ਛੱਡੇ ਹਨ। ਕਿਸੇ ਵੀ ਨਿਰਦੋਸ਼ ਦੀ ਹੱਤਿਆ ਜਾਂ ਹਿੰਸਾ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ, ਪਰ ਇਨ੍ਹਾਂ ਘਟਨਾਵਾਂ ਨੂੰ ਇਤਿਹਾਸਕ ਸੰਦਰਭ ਤੋਂ ਵੱਖ ਕਰਕੇ ਵੀ ਨਹੀਂ ਸਮਝਿਆ ਜਾ ਸਕਦਾ। ਨਿਆਂ ਵਿੱਚ ਦੇਰੀ, ਵਿਰੋਧੀ ਵਿਆਖਿਆਵਾਂ, ਆਪਸੀ ਅਵਿਸ਼ਵਾਸ ਅਤੇ ਰਾਜਨੀਤਿਕ ਧਰੁਵੀਕਰਨ ਨੇ ਕਈ ਨੌਜਵਾਨਾਂ ਵਿੱਚ ਨਿਰਾਸ਼ਾ ਅਤੇ ਭਰਮ ਨੂੰ ਜਨਮ ਦਿੱਤਾ।

ਅੱਜ ਦੀ ਲੋੜ ਟਕਰਾਅ ਨੂੰ ਵਧਾਉਣ ਦੀ ਨਹੀਂ, ਸਗੋਂ ਜ਼ਖ਼ਮਾਂ ਨੂੰ ਭਰਨ ਦੀ ਹੈ। ਲਗਭਗ ਦੋ ਸਦੀਆਂ ਦੇ ਇਤਿਹਾਸ ਨੇ ਇਹ ਸਿਖਾਇਆ ਹੈ ਕਿ ਸਥਾਈ ਸ਼ਾਂਤੀ ਕੇਵਲ ਸੁਰੱਖਿਆ ਉਪਾਵਾਂ ਨਾਲ ਨਹੀਂ, ਸਗੋਂ ਨਿਆਂ, ਸੱਚ, ਭਰੋਸੇ ਅਤੇ ਭਾਵਨਾਤਮਕ ਆਪਣੱਤ ਨਾਲ ਹੀ ਸਥਾਪਿਤ ਹੋ ਸਕਦੀ ਹੈ। ਸਿੱਖ ਕੌਮ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਦੇਸ਼ ਉਸ ਦੀਆਂ ਕੁਰਬਾਨੀਆਂ ਦਾ ਸਤਿਕਾਰ ਕਰਦਾ ਹੈ, ਉਸ ਦੀ ਪਹਿਚਾਣ ਦੀ ਰੱਖਿਆ ਕਰਦਾ ਹੈ ਅਤੇ ਉਸ ਨੂੰ ਰਾਸ਼ਟਰ-ਨਿਰਮਾਣ ਦਾ ਬਰਾਬਰ ਦਾ ਭਾਗੀਦਾਰ ਮੰਨਦਾ ਹੈ। ਅੱਗੇ ਦਾ ਰਾਹ-ਸਿੱਖ ਫ਼ਲਸਫ਼ੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਅਤੇ ਪ੍ਰਮਾਣਿਕ ਸਿੱਖ ਇਤਿਹਾਸ ਦਾ ਭਾਰਤ ਅਤੇ ਵਿਸ਼ਵ ਪੱਧਰ ਉੱਤੇ ਯੋਜਨਾਬੱਧ ਅਤੇ ਵਿਗਿਆਨਕ ਪ੍ਰਚਾਰ ਕੀਤਾ ਜਾਵੇ।

ਧਾਰਮਿਕ ਸੰਸਥਾਵਾਂ ਨੂੰ ਰਾਜਨੀਤਿਕ ਦਖ਼ਲ ਤੋਂ ਮੁਕਤ ਕਰਕੇ ਉਨ੍ਹਾਂ ਨੂੰ ਮੁੜ ਅਧਿਆਤਮਕਤਾ, ਸਿੱਖਿਆ, ਖੋਜ ਅਤੇ ਸਮਾਜ ਸੇਵਾ ਦੇ ਕੇਂਦਰ ਬਣਾਇਆ ਜਾਵੇ।

ਸਿੱਖ ਇਤਿਹਾਸ, ਗੁਰਮਤਿ, ਪੰਜਾਬੀ ਭਾਸ਼ਾ ਅਤੇ ਲੀਡਰਸ਼ਿਪ ਦੇ ਅਧਿਐਨ ਲਈ ਵਿਸ਼ਵ-ਪੱਧਰੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਸਥਾਪਿਤ ਕੀਤੀਆਂ ਜਾਣ।

ਸਿੱਖ ਨੌਜਵਾਨਾਂ ਨੂੰ ਉੱਚ ਸਿੱਖਿਆ, ਤਕਨਾਲੋਜੀ, ਖੋਜ, ਉਦਯੋਗ ਅਤੇ ਜਨ ਸੇਵਾ ਵਿੱਚ ਅੱਗੇ ਵਧਣ ਲਈ ਵਿਸ਼ੇਸ਼ ਮੌਕੇ ਪ੍ਰਦਾਨ ਕੀਤੇ ਜਾਣ। ਪੰਥਕ ਮਤਭੇਦਾਂ ਨੂੰ ਸੰਵਾਦ, ਸਹਿਮਤੀ ਅਤੇ ਗੁਰੂ-ਕੇਂਦਰਿਤ ਦ੍ਰਿਸ਼ਟੀਕੋਣ ਰਾਹੀਂ ਹੱਲ ਕਰਕੇ ਸਮੂਹਕ ਲੀਡਰਸ਼ਿਪ ਨੂੰ ਮਜ਼ਬੂਤ ਕੀਤਾ ਜਾਵੇ।

ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਸਿੱਖ ਸੰਸਥਾਵਾਂ ਵਿਚਕਾਰ ਨਿਰੰਤਰ ਅਤੇ ਸੰਸਥਾਗਤ ਸੰਵਾਦ ਦੀ ਵਿਵਸਥਾ ਹੋਵੇ ਤਾਂ ਜੋ ਲੰਬੇ ਸਮੇਂ ਤੋਂ ਲਟਕੇ ਮੁੱਦਿਆਂ ਦਾ ਸੰਵਿਧਾਨਕ ਅਤੇ ਸ਼ਾਂਤੀਪੂਰਨ ਹੱਲ ਲੱਭਿਆ ਜਾ ਸਕੇ।

ਪਿਛਲੇ ਦਹਾਕਿਆਂ ਦੀ ਹਿੰਸਾ ਨਾਲ ਪ੍ਰਭਾਵਿਤ ਸਾਰੇ ਪਰਿਵਾਰਾਂ ਲਈ ਨਿਆਂ, ਸੱਚਾਈ, ਸਨਮਾਨ ਅਤੇ ਪੁਨਰਵਿਸ਼ਵਾਸ ਦੀ ਪ੍ਰਕਿਰਿਆ ਨੂੰ ਅੱਗੇ ਵਧਾਇਆ ਜਾਵੇ।

ਭਾਰਤ ਅਤੇ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਬੁੱਧੀਜੀਵੀਆਂ, ਵਿਦਵਾਨਾਂ, ਪੇਸ਼ੇਵਰਾਂ ਅਤੇ ਉਦਯੋਗਪਤੀਆਂ ਨੂੰ ਸਿੱਖ ਸਮਾਜ ਦੇ ਬੌਧਿਕ ਅਤੇ ਸਮਾਜਿਕ ਪੁਨਰ-ਨਿਰਮਾਣ ਨਾਲ ਜੋੜਿਆ ਜਾਵੇ। ਗੁਰੂ ਸਾਹਿਬਾਨ ਦੀ ਮਰਯਾਦਾ ਅਨੁਸਾਰ ਸਮੂਹਕ ਪੰਥਕ ਫ਼ੈਸਲਾ-ਪ੍ਰਕਿਰਿਆ, ਪੰਜ ਪਿਆਰਿਆਂ ਦੀ ਪਰੰਪਰਾ ਅਤੇ "ਦੀਦਾਰ ਖ਼ਾਲਸਾ" ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਬਾਰੇ ਗੰਭੀਰ ਵਿਚਾਰ ਕੀਤਾ ਜਾਵੇ।

ਸਭ ਤੋਂ ਮਹੱਤਵਪੂਰਨ, ਭਾਰਤ ਵੱਲੋਂ ਸਿੱਖ ਕੌਮ ਨੂੰ ਇਹ ਸਪਸ਼ਟ ਸੰਦੇਸ਼ ਮਿਲਣਾ ਚਾਹੀਦਾ ਹੈ ਕਿ ਉਹ ਦੇਸ਼ ਦੇ ਬਰਾਬਰ ਸਨਮਾਨਤ ਨਾਗਰਿਕ ਹਨ; ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਧਾਰਮਿਕ ਪਹਿਚਾਣ, ਆਸਥਾ ਅਤੇ ਭਾਵਨਾਵਾਂ ਦੀ ਰੱਖਿਆ ਰਾਸ਼ਟਰ ਦੀ ਸਾਂਝੀ ਜ਼ਿੰਮੇਵਾਰੀ ਹੈ। ਪਿਆਰ, ਨਿਆਂ, ਨਿਰਪੱਖਤਾ ਅਤੇ ਭਾਵਨਾਤਮਕ ਆਪਣੱਤ ਹੀ ਉਹ ਆਧਾਰ ਹਨ ਜਿਨ੍ਹਾਂ ਉੱਤੇ ਸਿੱਖ ਕੌਮ ਅਤੇ ਭਾਰਤ ਦਰਮਿਆਨ ਭਰੋਸੇ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਕੇਵਲ ਇੱਕ ਹੱਥ ਭਾਵ ਸਰਕਾਰ ਨਾਲ ਤਾੜੀ ਨਹੀਂ ਵੱਜ ਸਕਦੀ, ਸਿੱਖ ਕੌਮ ਦੇ ਆਗੂਆਂ ਨੂੰ ਵੀ ਪੀੜਤ ਹੋਣ ਦਾ ਰਾਗ ਬੰਦ ਕਰਕੇ ਨਵੀਂ ਪੀੜ੍ਹੀ ਦੇ ਵਿਕਾਸ ਲਈ ਯਤਨ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰ ਵੱਲੋਂ ਵੀ ਸਿੱਖ ਧਰਮ ਦੇ ਵਿਕਾਸ ਲਈ ਇੱਕ ਬੋਰਡ ਬਣਾਇਆ ਜਾ ਸਕਦਾ ਹੈ, ਜੋ ਦੇਸ਼ ਭਰ ਦੇ ਸਿੱਖਾਂ ਨਾਲ ਸੰਪਰਕ ਵਿੱਚ ਰਹੇ।

ਸਿੱਖ ਫ਼ਲਸਫ਼ੇ ਤੇ ਇਤਿਹਾਸ ਦਾ ਸੰਦੇਸ਼ ਟਕਰਾਅ ਨਹੀਂ, ਸਗੋਂ ਮਨੁੱਖਤਾ ਦੀ ਰੱਖਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਸਾਹਿਬਾਨ ਨੇ ਇੱਕ ਅਜਿਹੇ ਮਨੁੱਖ ਦੀ ਪਰਿਕਲਪਨਾ ਕੀਤੀ ਜੋ ਰੱਬ ਨਾਲ ਜੁੜਿਆ ਹੋਵੇ, ਨਿਆਂ ਲਈ ਖੜ੍ਹਾ ਹੋਵੇ ਅਤੇ ਸਮੂਹ ਮਨੁੱਖਤਾ ਨੂੰ ਆਪਣਾ ਪਰਿਵਾਰ ਸਮਝੇ। ਸਿੱਖ ਕੌਮ ਦਾ ਭਵਿੱਖ ਵੀ ਅਤੀਤ ਦੀ ਕੜਵਾਹਟ ਵਿੱਚ ਨਹੀਂ, ਸਗੋਂ ਗੁਰੂ ਸਾਹਿਬਾਨ ਦੀ ਇਸ ਸਦੀਵੀ ਦ੍ਰਿਸ਼ਟੀ ਅਨੁਸਾਰ ਪਿਆਰ, ਨਿਆਂ, ਭਰੋਸੇ ਅਤੇ ਭਾਵਨਾਤਮਕ ਆਪਣੱਤ ਰਾਹੀਂ ਹੀ ਸੁਰੱਖਿਅਤ ਅਤੇ ਪ੍ਰਕਾਸ਼ਮਾਨ ਬਣ ਸਕਦਾ ਹੈ।

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743


# ਗੁਰੂ ਬੈਠਾ ਅਮਰੁ ਸਰੂਪ ਹੋਇ

**ਕਿਸ਼ਤ-46**

ਸਤਗੁਰ ਕੀ ਸੇਵਾ ਗਾਖੜੀ
ਸਿਰੁ ਦੀਜੈ ਆਪੁ ਗਵਾਇ॥ ਮਹਲਾ 3॥
ਪੰਨਾ 27

ਨਾਨਕ ਸੇਵਕੁ ਸੋਈ ਆਖੀਐ
ਜੋ ਸਿਰੁ ਧਰੇ ਉਤਾਰਿ॥ ਮਹਲਾ 3॥
ਪੰਨਾ 1247

'ਅੱਜ ਤੁਹਾਨੂੰ ਗੁਰੂ-ਘਰ ਵੱਲੋਂ ਸਭੇ ਬਖ਼ਸ਼ਸ਼ਾਂ ਝੋਲੀ ਵਿਚ ਪਾਈਆਂ। ਹੁਣ ਤੁਸੀਂ ਇਥੇ ਰਹਿ ਕੇ ਨਹੀਂ ਸਗੋਂ ਆਪਣੇ ਇਲਾਕੇ ਵਿਚ ਲੰਗਰ ਚਲਾਉ ਅਰ ਨਾਮ-ਬਾਣੀ ਦਾ ਪ੍ਰਚਾਰ ਕਰੋ ਤਾਂ ਜੁ ਦ੍ਰਿੜ ਹੋ ਕੇ ਹਰ ਕੋਈ ਮਨੁੱਖਤਾ ਦੀ ਸੇਵਾ ਵਿਚ ਆਪਾ ਭੇਟ ਕਰੇ, ਤੁਸੀਂ ਅੱਜ ਤੋਂ ਗੁਰੂ ਕੇ 'ਜੀਵੜੇ' ਹੋਏ'।

ਸਭਿ ਰਿਧਿ ਸਿਧਿ ਬਖ਼ਸ਼ਣ ਕੋ ਕਰਯੋ।
ਨਾਮੁ 'ਜੀਵੜਾ' ਤਿਸ ਕੋ ਧਰਯੋ।...
'ਤੁਮ ਅਬ ਅਪਨੇ ਗ੍ਰਿਹ ਕਉ ਜਾਵਹੁ।
ਸੱਤਯ ਨਾਮ ਕੋ ਜਾਪ ਜਪਾਵਹੁ।
ਗੁਰਮੁਖ ਮਾਰਗ ਕਰਹੁ ਪਕਾਸ਼।
ਜਹਿਂ ਕਹਿਂ ਹੋਵਹਿਂ ਭਗਤਿ ਨਿਵਾਸ'।
38॥54॥ਰਾਸ 1

ਸਾਰੀ ਸੰਗਤ ਸੁਣ ਵੇਖ ਰਹੀ ਸੀ। ਮਾਣਕ ਚੰਦ ਜੀ ਨੂੰ ਨਵੇਂ ਬਸਤ੍ਰ ਪਹਿਨਾ ਕੇ ਸਤਿਗੁਰਾਂ ਸਿਰੋਪਾਉ ਦੇਂਦਿਆਂ ਗੁਰੂ-ਘਰ ਵੱਲੋਂ ਮੰਜੀ ਦੀ ਬਖ਼ਸ਼ਿਸ਼ ਕੀਤੀ ਅਰ ਵੈਰੋਵਾਲ ਦੇ ਇਲਾਕੇ ਦਾ ਪ੍ਰਚਾਰਕ ਥਾਪਿਆ।

**ਹੋਰ ਇਤਿਹਾਸਕ ਹਵਾਲੇ:**

ਤਬ ਬਾਉਲੀ ਕੇ ਪਥਰ ਕੋ ਤੋੜਨੇ ਕੇ ਵਾਸਤੇ ਮਾਨਕ ਚੰਦ ਖਤ੍ਰੀ ਜਾਤ ਪਥਰੀਆ ਥਾ, ਸਿਖ ਥਾ।। ਉਸ ਕੋ ਬਚਨ ਹੋਆ। ਮਾਨਕ ਚੰਦ ਤੂ ਜਾ ਕਰ ਤੋੜ, ਤੇਰੇ ਸੇ ਤੁਟੈਗਾ। ਤਬ ਮਾਨਕ ਚੰਦ ਬਚਨ ਮਾਨ ਕਰ ਜਾਇ ਕਰ ਕੁੰਦਾਲਾ ਪਥਰ ਪਰ ਮਾਰਾ ਤਬ ਅਮੋਘ ਜਲ ਨਿਕਸਿਆ। ਐਸਾ ਜਲ ਨਿਕਸਿਆ ਜੋ ਮਾਨਕ ਬੂਡ ਗਏ।..ਤਬ ਬਚਨ ਹੋਆ ਮਾਨਕ ਨਹੀ ਮਰਤੇ ਮੇਰੇ ਪਾਸ ਲੇ ਆਉ। ਤਬ ਮਾਨਕ ਚੰਦ ਨੋ ਸਤਿਗੁਰ ਆਗੇ ਰਖ ਦਿਤਾ। ਤਬ ਸਾਹਿਬ ਨੇ ਚਰਨ ਮਾਨਕ ਚੰਦ ਕੀ ਛਾਤੀ ਪਰ ਧਰਾ। ਮਾਨਕ ਚੰਦ ਉਠ ਖੜੇ ਹੋਏ।37॥ ਮ.ਪ੍ਰ.ਵਾਰਤਕ

ਦੋਹਰਾ॥ ਮਿਰਤਕ ਮਾਨਕ ਚੰਦ ਕੋ
ਲੇ ਆਏ ਤਤਕਾਲ।
ਸਤਿਗੁਰ ਕੇ ਆਗੇ ਧਰਾ
ਦੇਖਾ ਦੀਨ ਦਇਆਲ।11॥
**ਚੌਪਾਈ॥ ਦੇਖ ਦਿਆਲ ਦਇਆ ਮਨ ਕਰਾ।**
ਪ੍ਰਭ ਦਾਹਨ ਚਰਨ ਮਸਤਕ ਤਿਸ ਧਰਾ।
ਮਾਥੇ ਪ੍ਰਗਟਿਓ ਪੂਰਨ ਭਾਗ।
ਉਠ ਬੈਠਾ ਜਨ ਸੋਇਆ ਜਾਗ।12॥..
ਰਿਧ ਸਿਧ ਬਖਸ ਤਿਸ ਕਰਾ।
ਮਾਨਕ ਜੀਵੜਾ ਨਾਮ ਤਿਸ ਧਰਾ।..14॥
ਮ.ਪ੍ਰ.

ਹੇਰਿ ਗੁਰ ਸ਼ਕਤਿ ਚਕਿਤ ਸਭ ਭਏ ਲੋਗ, **(ਗੁਰੂ ਕੀ ਸ਼ਕਤੀ ਵੇਖ ਸਭ ਲੋਕ ਹੈਰਾਨ ਹੋ ਗਏ)** ਸੋਗ ਗਯੋ, ਰਹਯੋ ਪ੍ਰਮੋਦ ਉਰਿ ਸਬਿ ਕੇ।(ਉਦਾਸੀ ਦੂਰ ਹੋਈ, ਸਭਨਾਂ ਅੰਦਰ ਖੁਸ਼ੀ ਆ ਗਈ)



ਬਾਉਲੀ ਸਾਹਿਬ ਸ੍ਰੀ ਗੋਇੰਦਵਾਲ

ਸੰਤਤਿ ਮਹਾਨ ਭਈ ਤਾਹਿ ਕੀ ਜਹਾਨ ਪਰ, (ਉਸ ਦੀ ਸੰਤਾਨ ਸੰਸਾਰ ਵਿਚ ਪ੍ਰਸਿਧ ਹੈ) ਜੀਵੜੇ ਸਦਾਵਤ ਹੈਂ, ਅਬ ਲੌ ਸੁ ਤਬਿ ਕੇ।45॥ਪ.ਪ੍ਰ. (ਹੁਣ ਤਕ ਉਹ ਆਪ ਨੂੰ ਜੀਵੜੇ ਸਦਾਉਂਦੇ ਹਨ) ਗਿ.ਗਿਆਨ ਸਿੰਘ

ਮਾਣਕ ਚੰਦ ਦੀ ਉਲਾਦ ਦੇ ਵੈਰੋਵਾਲ ਰਹਿੰਦੇ ਹਨ ਤੇ ਜੀਵੜੇ ਬਾਵੇ ਕਹਿਲਾਉਂਦੇ ਹਨ। ਇਨ੍ਹਾਂ ਨੂੰ ਸਨਮਾਨ ਗੁਰੂ ਦੇ ਵੰਸ਼ਜ ਬਾਵਿਆਂ ਵਾਲਾ ਮਿਲਦਾ ਹੈ। ਮਾਣਕ ਚੰਦ ਨੂੰ ਮੰਜੀ ਵੈਰੋਵਾਲ ਮਿਲੀ ਸੀ।

ਮਾਣਕ ਚੰਦ ਬਾਬਤ ਇਕ ਰਵਾਇਤ ਹੈ ਕਿ ਇਹ ਬੱਟੇ ਦੇ ਰਹਿਣ ਵਾਲੇ ਸਨ। ਜਦ ਓਥੇ ਗੁਰੂ ਨਾਨਕ ਦੇਵ ਜੀ ਗਏ ਤਾਂ ਇਸ ਦੇ ਪਿਤਾ ਨੇ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਪੁਤ੍ਰ ਲਈ ਅਰਦਾਸ ਕੀਤੀ ਤਾਂ ਗੁਰੂ ਜੀ ਨੇ ਵਰ ਦਿਤਾ, 'ਜਾਉ ਹਰੀ ਚੰਦ! ਤੇਰੇ ਮਾਣਕ ਜੰਮੇਗਾ'। ਇਸੇ ਕਰ ਕੇ ਪਿਤਾ ਨੇ ਨਾਉਂ ਮਾਣਕ ਰਖਿਆ ਸੀ। ਗੁ.ਚ. ਭਾਈ ਵੀਰ ਸਿੰਘ

**ਕੜ ਕਦੋਂ ਟੁੱਟਾ**

ਇਸ ਬਾਬਤ ਸਾਡੇ ਵਿਦਵਾਨਾਂ ਵਿਚ ਮੱਤਭੇਦ ਹੈ ਜੋ ਅਸੀਂ ਅੰਤਿਕਾ ਵਿਚ ਦਿਆਂਗੇ। ਸਾਡੀ ਜਾਚੇ, ਬਾਉਲੀ ਸਾਹਿਬ ਦੀ ਸੇਵਾ ਵੈਸਾਖ ਸੰਮਤ 1616 ਭਾਵ ਸੰਨ 1559 ਸ਼ੁਰੂ ਹੋਈ। ਸੰਮਤ 1621 ਭਾਵ ਸੰਨ 1564 ਵਿਚ ਕੜ ਟੁੱਟਾ ਅਰ ਬਾਉਲੀ ਵਿਚ ਜਲ ਭਰਿਆ। ਇਸ ਉਪਰੰਤ ਕੁਝ ਸਮਾਂ ਕਾਰ-ਸੇਵਾ ਵਿਚ ਹੋਰ ਲੱਗਾ ਜਿਵੇਂ ਪਉੜੀਆਂ ਤੇ ਕੰਧਾਂ ਪੱਕੀਆਂ ਕਰਨੀਆਂ, ਛੱਤ ਪੈਣੀ ਅਰ ਉੱਪਰ ਹਲਟ ਲੱਗਣੇ। ਇਸ ਤਰਹ ਤਕਰੀਬਨ 6-7 ਸਾਲ ਸੇਵਾ ਚਲਦੀ ਰਹੀ।

ਬਾਉਲੀ ਦਾ ਕੜ ਟੁੱਟਣ ਦੇ ਨਾਲ ਇਹ ਗੱਲ ਵੀ, ਕਿਸੇ ਤਰਹ, ਫੈਲੀ ਹੋਈ ਹੈ ਕਿ ਉਸੇ ਦਿਨ ਹੀ ਚਿਤੌੜ ਦਾ ਗੜ੍ਹ ਫ਼ਤਹ ਹੋਇਆ। ਵਿਚਾਰ ਕੀਤਿਆਂ ਇਹ ਗੱਲ ਅਨਹੋਣੀ ਹੋਣ ਕਰ ਕੇ ਬਿਲਕੁਲ ਨਿਰਮੂਲ ਹੈ।

ਬਾਦਸ਼ਾਹ ਅਕਬਰ ਨੇ ਸੰਮਤ 1624 ਭਾਵ ਸੰਨ 1567 ਵਿਚ ਚਿਤੌੜ 'ਤੇ ਹਮਲਾ ਕੀਤਾ ਅਰ 13 ਫ਼ਰਵਰੀ ਸੰਨ 1569 ਨੂੰ ਜੈਮੱਲ ਮਾਰਿਆ ਗਿਆ ਅਰਥਾਤ ਫ਼ਤਹ ਹੋਇਆ। ਪਾਠਕ ਪੜ੍ਹ ਆਏ ਹਨ ਕਿ ਬਾਉਲੀ ਦਾ ਕੜ ਸੰਮਤ 1621 ਭਾਵ ਸੰਨ 1564 ਨੂੰ ਟੁੱਟਾ ਅਰ ਬਾਉਲੀ ਦੀ ਸਾਰੀ ਸੇਵਾ ਅਗਲੇ ਡੇਢ ਸਾਲ ਵਿਚ ਮੁਕੰਮਲ ਹੋ ਗਈ। ਇਸ ਲਈ ਕੜ ਟੁੱਟਣ ਵਾਲੇ ਦਿਨ ਗੜ੍ਹ ਫ਼ਤਹ ਹੋਇਆ, ਧਾਰਨਾ ਨਿਰਮੂਲ ਹੈ। ਅਸੀਂ ਮਹਾਨ ਇਤਿਹਾਸਕਾਰ ਗਿ. ਪ੍ਰਤਾਪ ਸਿੰਘ ਜੀ ਦੀ ਟਿੱਪਣੀ ਨਾਲ ਇਸ ਵਿਚਾਰ ਨੂੰ ਸੰਕੋਚਦੇ ਹਾਂ:

ਅਬੁਲ-ਫ਼ਜ਼ਲ ਕ੍ਰਿਤ ਅਕਬਰ ਨਾਮੇ ਅਨੁਸਾਰ ਭੀ ਇਸ ਸਾਕੇ ਦਾ ਸੰਮਤ 1623-24 ਬਣਦਾ ਹੈ।

ਤਵਾਰੀਖ ਗੁਰੂ ਖ਼ਾਲਸਾ ਦੀ ਲਿਖਤ ਅਨੁਸਾਰ ਬਾਉਲੀ ਸਾਹਿਬ ਗੋਇੰਦਵਾਲ ਦਾ ਕੜ ਚੇਤਰ ਸੰਮਤ 1621 ਬਿਕ੍ਰਮੀ ਨੂੰ ਟੁਟਾ। ਭਾਵ ਅਕਬਰ ਦੇ ਚਤੌੜ ਤੇ ਹਮਲਾ ਕਰਨ ਤੋਂ ਤਿੰਨ ਸਾਲ ਪਹਿਲੇ ਬਾਉਲੀ ਸਾਹਿਬ ਬਣ ਚੁਕੀ ਸੀ। ਇਸ ਲਈ 'ਜਬ ਕੜ ਟੁਟੇ ਤਬ ਗੜ ਛੁਟੇ' ਨਾ ਤੇ ਵਰ ਹੈ, ਨਾ ਪੇਸ਼ੀਨ ਗੋਈ। ਜਿਸ ਤਰ੍ਹਾਂ ਪਹਿਲੇ ਗੁਰੂ ਜੀ ਨਾਲ ਸੱਤ ਮੁਠਾਂ ਭੰਗ ਦੇ ਬਦਲੇ ਬਾਬਰ ਨੂੰ ਸਤ ਪਾਤਸ਼ਾਹੀਆਂ ਦੇਣ ਦੀ ਸਾਖੀ ਜੋੜੀ ਗਈ ਹੈ, ਇਸੇ ਤਰ੍ਹਾਂ ਕਿਸੇ ਨੇ ਤੀਸਰੇ ਪਾਤਸ਼ਾਹ ਨਾਲ ਚਤੌੜ ਬਾਰੇ ਇਹ ਵਰ ਦੇਣ ਦੀ ਸਾਖੀ ਜੋੜ ਦਿਤੀ ਹੈ। ਇਹ ਦਰੁਸਤ ਨਹੀਂ।
ਪੰਨਾ 128 ਗੁਰ ਇਤਿਹਾਸ

**ਮਾਈ ਦਾਸ**

ਇਨ੍ਹੀਂ ਦਿਨੀਂ ਹੀ ਇਕ ਮਾਈ ਦਾਸ ਨਾਮੇ ਸ੍ਰੀ ਕ੍ਰਿਸ਼ਨ-ਸੇਵੀ ਵੈਸ਼ਨਵ ਆਇਆ ਹੋਇਆ ਸੀ ਜਿਸ ਨੂੰ ਹਜ਼ੂਰ ਨੇ ਭਾਈ ਮਾਣਕ ਚੰਦ ਨੂੰ ਸੌਂਪ ਦਿੱਤਾ ਕਿ ਉਹ ਇਸ ਦੀ ਲਿਵ ਨਿਰਗੁਣ ਕਰਤਾਰ ਨਾਲ ਜੋੜ ਕੇ ਆਪਣੇ ਨਾਲ ਪ੍ਰਚਾਰ ਵਿਚ ਸਹਿਯੋਗ ਲਵੇ। ਮਾਈ ਦਾਸ ਵੀ ਇਸੇ ਇਲਾਕੇ ਦੇ ਨਰੋਲੀ ਪਿੰਡ ਦਾ ਵਸਨੀਕ ਬ੍ਰਾਹਮਣ ਪਿਛੋਕੜ ਵਾਲਾ ਸੱਜਣ ਸੀ। ਕਰਤਾਰ ਨੇ ਇਸ ਅੰਦਰ ਕੁਝ ਧਰਮ ਭਾਵਨਾ ਤਾਂ ਦਿੱਤੀ ਹੋਈ ਸੀ ਪਰ, ਵੈਸ਼ਨਵ ਸਾਧੂਆਂ ਦੀ ਸੰਗਤ ਵਿਚ ਇਹ ਅਵਤਾਰ-ਪੂਜਾ ਵਾਲੇ ਪਾਸੇ ਹੋ ਗਿਆ। ਕੁਝ ਸਮਾਂ ਲੰਘੇ ਤੇ ਇਸ ਅੰਦਰ ਕਿਸੇ ਘਾਟ ਦਾ ਅਹਿਸਾਸ ਹੋਣ ਲੱਗਾ ਤਾਂ ਇਹ ਆਤਮ-ਰਸ ਦੀ ਭਾਲ ਕਰਦਾ ਹੋਇਆ ਗੋਇੰਦਵਾਲ ਸਾਹਿਬ ਆ ਨਿਕਲਿਆ। ਜਦੋਂ ਦਰਸ਼ਨ ਕਰਨ ਲਈ ਅੰਦਰ ਵੜਨ ਲਗਾ ਤਾਂ ਸੇਵਾਦਾਰ ਨੇ ਰੋਕ ਕੇ ਪਹਿਲਾਂ ਲੰਗਰ ਛਕਣ ਲਈ ਗੁਰੂ ਕਾ ਹੁਕਮ ਸੁਣਾਇਆ। ਸੁਣ ਕੇ ਠਠੰਬਰ ਗਿਆ। ਥੋੜਾ ਜਿਹਾ ਅਗੇ ਹੋ ਕੇ ਲੰਗਰ ਵਿਚ ਝਾਤੀ ਮਾਰੀ ਤਾਂ ਅੰਦਰ ਸੇਵਾ ਵਾਲੇ ਵੀ ਤੇ ਛਕਣ ਵਾਲੇ ਵੀ ਇਕੱਠੇ ਬੈਠੇ ਦਿੱਸੇ ਜੋ ਚਾਰੇ ਹੀ ਵਰਨਾਂ ਦੇ ਭਾਸਦੇ ਸਨ। ਮਨ ਨਾ ਮੰਨਿਆ ਕਿ ਇਕ ਤਾਂ ਮੈ ਆਪੇ ਪਕਾ ਕੇ ਖਾਣ ਵਾਲਾ ਹਾਂ ਦੂਜਾ ਲੰਗਰ ਵਿਚ ਵੀ ਜਾ ਕੇ ਮੈਂ ਵਰਣਾਸ਼੍ਰਮ ਨੂੰ ਕਿਵੇਂ ਉਲੰਘ ਸਕਦਾ ਹਾਂ? ਸੋ, ਬਿਨਾਂ ਲੰਗਰ ਛਕਿਆਂ ਅਰ ਗੁਰੂ ਸਾਹਿਬ ਦੇ ਦਰਸ਼ਨ ਕੀਤਿਆਂ ਵਾਪਸ ਮੁੜ ਗਿਆ।

ਆਪਣੇ ਪਿੰਡ ਪਰਤ ਤਾਂ ਗਿਆ ਪਰ ਓਥੇ ਬੇਚੈਨੀ ਨੇ ਸਾਥ ਨ ਛੱਡਿਆ ਤਾਂ ਇਕ ਦਿਨ ਹੁਲਾਰਾ ਆਇਆ ਅਰ ਇਸ ਨੇ ਦੁਆਰਕਾ ਦਾ ਰੁਖ਼ ਕਰ ਲਿਆ। ਘਰੋਂ ਕਾਫ਼ੀ ਦੂਰ ਜਾ ਚੁੱਕਾ ਸੀ, ਮਥਰਾ ਤੋਂ ਬਾਦ ਦੁਆਰਕਾ, ਗੁਜਰਾਤ ਨੂੰ ਜਾ ਰਿਹਾ ਸੀ, ਅੰਦਰੋਂ ਆਵਾਜ਼ ਆਈ ਕਿ ਮੇਰੇ ਕੋਲੋਂ ਭੁੱਲ ਹੋ ਗਈ ਹੈ ਮੈਨੂੰ ਗੋਇੰਦਵਾਲ ਹੀ ਜਾਣਾ ਚਾਹੀਦਾ ਹੈ ਜੇ ਭਗਵਾਨ ਕਿਰਪਾ ਕੀਤੀ ਤਾਂ ਓਥੇ ਹੀ ਮੈਨੂੰ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਵੀ ਹੋ ਜਾਣਗੇ। ਵਾਪਸ ਮੁੜਿਆ ਤੇ ਗੋਇੰਦਵਾਲ ਸਾਹਿਬ ਪਹੁੰਚ ਗਿਆ। ਹੁਣ ਬਿਨਾਂ ਗਿਲਾਨੀ ਦੇ ਲੰਗਰ ਛਕ ਕੇ ਜਦੋਂ ਦਰਸ਼ਨਾਂ ਲਈ ਦਰਬਾਰ ਵਿਚ ਪਹੁੰਚਿਆ ਤਾਂ ਮਾਈ ਦਾਸ ਨੂੰ ਇਉਂ ਹੀ ਜਾਪਿਆ ਕਿ ਓਹ ਪ੍ਰਤੱਖ ਸ੍ਰੀ ਕ੍ਰਿਸ਼ਨ ਜੀ ਦੇ ਦੀਦਾਰ ਕਰ ਰਿਹਾ ਹੈ। ਸ਼ਰਧਾ ਨਾਲ ਭਰਪੂਰ ਮਨ ਨਾਲ ਮੱਥਾ ਟੇਕਿਆ ਜਦੋਂ ਸੀਸ ਉਠਾਇਆ ਤਾਂ ਹੁਣ ਸਨਮੁਖ ਧੰਨ ਗੁਰੂ ਅਮਰਦਾਸ ਜੀ ਦਿੱਸੇ। ਗੁਰੂ ਪਾਤਸ਼ਾਹ ਜੀ ਮੁਸਕਰਾਉਂਦਿਆਂ ਆਖਿਆ,

'ਆਉ ਭਗਤ ਜੀ! ਹੁਣ ਤੁਸੀਂ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਘਰ ਵਿਚ ਆ ਗਏ ਹੋ, ਜੀ ਆਇਆਂ ਨੂੰ! ਸੁਣਾਓ, ਬ੍ਰਿੰਦਾਬਨ ਦੀ ਯਾਤਰਾ ਸਫ਼ਲ ਰਹੀ'? ਅੰਤਰਜਾਮੀ ਹਜ਼ੂਰ ਕੋਲੋਂ ਇਹ ਸੁਣਦਿਆਂ ਸਾਰ ਮਾਈ ਦਾਸ ਦੀ ਖ਼ੁਸ਼ੀ ਦਾ ਕੋਈ ਅੰਤ ਨਾ ਰਿਹਾ ਅਰ ਨਿਹਾਲ ਹੁੰਦਿਆਂ ਹੱਥ ਜੋੜ ਕਹਿਣ ਲਗਾ,

'ਸਤਿਗੁਰੂ ਜੀ! ਹੁਣ ਮੈਨੂੰ ਆਪਣਾ ਸਿੱਖ ਬਣਾ ਲਵੋ, ਮੇਰੇ ਕੋਲੋਂ ਪਹਿਲਾਂ ਭੁੱਲ ਹੋ ਗਈ ਹੈ ਜੁ ਮੈਂ ਆਪ ਜੀ ਦਾ ਪ੍ਰਤਾਪ ਨਹੀਂ ਜਾਣ ਸਕਿਆ'।

'ਹੇ ਪ੍ਰਭੂ ਜੇ ਪ੍ਰਸੰਨ ਮੁਝ ਪਰ ਹੋ।
ਰਾਖੋ ਚਰਨ ਕਮਲ ਰਜ ਕਰ ਹੋ।
ਨਿਤ ਦਰਸ਼ਨ ਮੈਂ ਤੁਮਰੇ ਪਾਊਂ।
ਜਨਮ ਜਨਮ ਕੋ ਭਰਮ ਮਿਟਾਊਂ'।24॥

ਗੁਰਦੇਵ ਜੀ ਨੇ ਹੌਸਲਾ ਦੇਂਦਿਆਂ ਆਖਿਆ,

'ਤੁਸੀਂ ਏਥੇ ਆਏ ਹੋ, ਹੁਣ ਸਾਡੇ ਕੋਲ ਕੁਝ ਦਿਨ ਠਹਿਰੋ, ਸੰਗਤ ਦੀ ਹਾਜ਼ਰੀ ਭਰੋ ਅਰ ਏਥੋਂ ਦਾ ਵਰਤ-ਵਿਹਾਰ ਅਤੇ ਮਰਯਾਦਾ ਨੂੰ ਵੇਖੋ ਸਮਝੋ, ਕੋਈ ਵਿਚਾਰ ਤੁਹਾਡੇ ਮਨ ਵਿਚ ਆਵੇ ਤਾਂ ਸਾਡੇ ਨਾਲ ਸਾਂਝਾ ਕਰਨਾ। ਕਰਤਾਰ ਨੇ ਤੁਹਾਨੂੰ ਏਥੇ ਭੇਜਿਆ ਹੈ ਤਾਂ ਉਸ ਨੇ ਜ਼ਰੂਰ ਤੁਹਾਡੇ ਕੋਲੋਂ ਕੋਈ ਖ਼ਾਸ ਸੇਵਾ ਲੈਣੀ ਹੋਵੇਗੀ'।

**ਚਲਦਾ.....**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-2

# ਤੂੰ ਸੁੱਤਾ ਰੱਬ ਜਾਗਦਾ



## ਕਹਾਣੀ



ਸ਼ਿਵਚਰਨ ਜੱਗੀ ਕੁੱਸਾ

ਸ਼ੇਰ! ਕਾਫ਼ੀ 'ਘੈਂਸ-ਘੈਂਸ' ਤੋਂ ਬਾਅਦ ਦਲਜੀਤ ਨੂੰ ਦੁੱਧ ਦੀਆਂ ਬੋਤਲਾਂ ਢੋਣ ਵਾਲੀ ਵੈਨ ਨਾਲ ਨਰੜ ਦਿੱਤਾ। ਦਲਜੀਤ ਸਵੇਰੇ ਦੋ ਵਜੇ ਤੋਂ ਲੈ ਕੇ ਅੱਠ ਵਜੇ ਤੱਕ ਦੁੱਧ ਦੀਆਂ ਬੋਤਲਾਂ ਘਰਾਂ ਮੂਹਰੇ ਰੱਖਦਾ ਅਤੇ ਸ਼ਾਮ ਨੂੰ ਪੰਜ ਤੋਂ ਸੱਤ ਵਜੇ ਤੱਕ ਖਾਲੀ ਬੋਤਲਾਂ ਇਕੱਤਰ ਕਰਦਾ। ਕੰਮ ਕੋਈ ਭਾਰਾ ਨਹੀਂ, ਪਰ ਫ਼ੁਰਤੀ ਵਾਲਾ ਜ਼ਰੂਰ ਸੀ। ਉਸ ਦਾ ਰੇੜ੍ਹਾ ਸੋਹਣਾ ਰੁੜ੍ਹ ਪਿਆ ਸੀ। ਖ਼ਰਚਾ ਕੋਈ ਨਹੀਂ ਸੀ। ਗੱਡੀ ਦਾ ਤੇਲ ਫ਼ਰਮ ਦਾ ਸੀ। ਰਹਾਇਸ਼ ਭਰਾਵਾਂ ਕੋਲ ਸੀ। ਪੱਕੀ ਪਕਾਈ ਰੋਟੀ ਮਿਲਦੀ ਸੀ। ਮਹੀਨੇ ਦੀ ਬੱਚਤ ਬੈਂਕ ਵਿਚ ਜਮ੍ਹਾਂ ਹੋਈ ਜਾ ਰਹੀ ਸੀ। ਕੋਹੜ ਕਿਰਲੇ ਵਰਗਾ ਦਲਜੀਤ ਕੁਝ ਮਹੀਨਿਆਂ ਵਿਚ ਹੀ ਬਾਘੜ ਬਿੱਲੇ ਵਾਂਗ ਦੁੜਕ ਗਿਆ ਸੀ। ਮੂਲੀ ਵਰਗੀ ਧੌਣ ਬੋਹੜ ਦੇ ਮੁੱਢ ਵਰਗੀ ਹੋ ਗਈ ਸੀ। ਪਿੰਡੋਂ ਬੇਬੇ-ਬਾਪੂ ਨੇ ਦਲਜੀਤ ਦੇ ਵਿਆਹ ਬਾਰੇ ਜੋਰ ਦੇਣਾ ਸ਼ੁਰੂ ਕਰ ਦਿੱਤਾ। ਵਿਆਹ ਬਾਰੇ ਗੱਲ ਚੱਲੀ ਤਾਂ ਦੋਨਾਂ ਭਰਜਾਈਆਂ ਨੇ ਵੱਖੋ-ਵੱਖ ਤਰ੍ਹਾਂ ਨਾਲ ਦਲਜੀਤ ਦੀਆਂ ਵਾਗਾਂ ਆਪਣੇ ਵੱਲ ਨੂੰ ਖਿੱਚਣੀਆਂ ਸ਼ੁਰੂ ਕਰ ਦਿੱਤੀਆਂ। ਹਰ ਕੋਈ ਆਪਣੀ-ਆਪਣੀ ਭੈਣ ਇੰਡੀਆ ਤੋਂ ਕੈਨੇਡਾ ਨੂੰ ਖਿੱਚਣ ਲਈ ਮੁੱਠੀਆਂ ਵਿਚ ਥੁੱਕੀ ਫਿਰਦੀ ਸੀ। ਮੁੰਡਿਆਂ ਦੇ ਸਹੁਰਿਆਂ ਨੇ ਬਾਪੂ ਮੱਲ ਸਿੰਘ ਕੋਲ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ। ਪਰ ਉਹ ਮੱਲ ਸਿੰਘ ਦੇ ਕੌੜ ਸੁਭਾਅ ਤੋਂ ਡਰਦੇ ਸਨ। ਉਹਨਾਂ ਨੇ ਵੀ ਕੁੜੀਆਂ ਦੀ ਪੂਛ ਦਾ ਵੱਟ ਹੀ ਕਸਿਆ, ਦੂਹਰੇ ਮਰੋੜੇ ਦਿੱਤੇ! ਦਰਾਣੀ-ਜਿਠਾਣੀ ਵਿਚ ਤਣਾਅ ਜਿਹਾ ਆ ਗਿਆ। ਹਰ ਕੋਈ ਆਪਣੀ ਹੀ ਭੈਣ ਦੇ ਭਵਿੱਖ ਪ੍ਰਤੀ ਸੁਚੇਤ ਸੀ। ਦੋ ਘਰਾਂ ਦਾ ਖਿੜਿਆ ਮਾਹੌਲ ਘੁੱਟਿਆ-ਘੁੱਟਿਆ ਜਿਹਾ ਬੀਤਣ ਲੱਗਾ। ਘਰ ਵਾਲਿਆਂ ਨੂੰ ਇਕ-ਦੂਜੇ ਪ੍ਰਤੀ ਠੁੰਗਾਂ-ਠੰਗੋਰਾਂ ਸ਼ੁਰੂ ਹੋ ਗਈਆਂ। ਇਕ-ਦੂਜੀ 'ਤੇ ਪਹਿਲਾਂ ਉਂਗਲਾਂ ਉਠੀਆਂ ਅਤੇ ਫਿਰ ਦੂਸ਼ਣ ਲੱਗਣ ਲੱਗ ਪਏ।

ਸਾਰਿਆਂ ਤੋਂ ਜ਼ਿਆਦਾ ਦੁਖੀ ਲਾਲੀ ਸੀ।

-"ਤੁਸੀਂ ਭੈਣ ਦੇਣੇ ਦੀਓ ਦੱਸੋ ਬਈ ਆਪ ਵਸਣੈਂ ਕਿ ਨਹੀਂ?" ਉਸ ਨੇ ਇਕ ਦਿਨ ਪੀ ਕੇ ਆਖ ਦਿੱਤਾ।

-"ਕਿਤੇ ਭੈਣਾਂ ਨੂੰ ਵਸਾਉਂਦੀਆਂ ਵਸਾਉਂਦੀਆਂ ਆਪ ਨਾ ਘਰੇ ਬਹਿ ਜਾਇਓ-"

ਮਾਹੌਲ ਕੁਝ ਕੁ ਠਰਿਆ ਰਿਹਾ। ਪਰ ਅਜੀਬ ਤਣਾਓ ਸੀ! ਕੋਈ ਕਿਸੇ ਨਾਲ ਬੋਲ ਸਾਂਝਾ ਨਹੀਂ ਕਰਦਾ ਸੀ। ਦਲਜੀਤ ਸਾਰਿਆਂ ਤੋਂ ਵੱਧ ਦੁਖੀ ਸੀ। ਉਸ ਨੂੰ ਅਹਿਸਾਸ ਸੀ ਕਿ ਉਸ ਕਰਕੇ ਹੀ ਇਹ ਸਾਰਾ ਪਾੜਾ ਪਿਆ ਸੀ। ਉਸ ਦੇ ਆਉਣ ਤੋਂ ਪਹਿਲਾਂ ਸਾਰੇ ਵਧੀਆ ਰੰਗੀਂ ਵਸਦੇ ਸਨ। ਨਾ ਸੈਹਾ ਨਿਕਲਦਾ ਤੇ ਨਾ ਕੁੱਤੀ ਭੌਂਕਦੀ! ਨਾ ਉਹ ਇੱਥੇ ਰਹਿੰਦਾ ਅਤੇ ਨਾ ਹੀ ਫ਼ਸਾਦ ਵਧਦਾ। ਉਸ ਨੇ ਵੱਖ ਕਮਰਾ ਲੈ ਕੇ ਰਹਿਣਾ ਸ਼ੁਰੂ ਕਰ ਦਿੱਤਾ। ਫ਼ਰਮ 'ਚ ਕੰਮ ਕਰਦੀ ਕੁੜੀ 'ਬਿੱਲੀ' ਨਾਲ ਉਸ ਦੀ ਨੇੜਤਾ ਵਧ ਗਈ ਸੀ। ਬਿੱਲੀ ਦਾ ਅਸਲ ਨਾਂ ਬਲਵਿੰਦਰ ਸੀ। ਬਿੱਲੀ ਖੁੱਲ੍ਹੀ ਡੁੱਲ੍ਹੀ, ਪਰ ਸਾਊ ਪੰਜਾਬਣ ਕੁੜੀ ਸੀ ਅਤੇ ਇਸ ਫ਼ਰਮ ਵਿਚ ਸੈਕਟਰੀ ਤੌਰ 'ਤੇ ਕੰਮ ਕਰ ਰਹੀ ਸੀ। ਦਲਜੀਤ ਅਤੇ ਬਿੱਲੀ ਦੀ ਨੇੜਤਾ ਦਾ ਇਕ ਇਹ ਵੀ ਵੱਡਾ ਕਾਰਨ ਸੀ ਕਿ ਉਹ ਦਲਜੀਤ ਦੇ ਜਿਲ੍ਹੇ ਦੀ ਹੀ ਕੁੜੀ ਸੀ ਅਤੇ ਡੀ. ਐਮ. ਕਾਲਜ ਮੋਗੇ ਹੀ ਪੜ੍ਹੀ ਸੀ। ਪੜ੍ਹੀ-ਲਿਖੀ ਕੁੜੀ ਕਿਸੇ ਨੇੜਲੇ ਰਿਸ਼ਤੇਦਾਰ ਨੇ ਮੰਗਵਾ ਤਾਂ ਲਈ ਸੀ, ਪਰ ਤਨਖਾਹ ਦੇ ਲਾਲਚ ਕਰਕੇ ਕਿਸੇ ਤਣ-ਪੱਤਣ ਨਹੀਂ ਲਾ ਰਿਹਾ ਸੀ। ਕੁੜੀ ਹੀ ਵਿਆਹੀ ਜਾਂਦੀ ਤਾਂ ਫਿਰ ਤਨਖਾਹ ਕਿੱਥੋਂ ਆਉਣੀ ਸੀ? ਪੈਸਾ ਕਿਸੇ ਨੇ ਤਿਆਗਿਐ?

ਦਲਜੀਤ ਹੁਣ ਭਰਾਵਾਂ ਦੇ ਘਰੇ ਵੀ ਘੱਟ ਹੀ ਗੇੜਾ ਮਾਰਦਾ। ਇਹ ਨਹੀਂ ਬਈ ਉਸ ਨੂੰ ਭਰਾਵਾਂ ਦਾ ਮੋਹ ਨਹੀਂ ਆਉਂਦਾ ਸੀ। ਆਪਦਾ ਖੂਨ ਉਬਾਲਾ ਮਾਰਦਾ ਸੀ। ਪਰ ਕਲੇਸ਼ ਦੇ ਡਰੋਂ ਉਹ ਮੋਹ-ਪਿਆਰ ਕੁਚਲ ਕੇ ਵੀ ਚੁੱਪ ਸੀ। ਖਾਣਾ ਉਹ ਫ਼ਾਸਟ-ਫ਼ੂਡ ਜਾਂ ਬਿੱਲੀ ਨਾਲ ਹੀ ਖਾ ਲੈਂਦਾ। ਇਕ ਦਿਨ ਕੌਫ਼ੀ-ਸ਼ਾਪ ਵਿਚ ਬੈਠੀ ਬਿੱਲੀ ਨੇ ਆਪਣੀ ਸਾਰੀ ਦਰਦ ਕਹਾਣੀ ਦਲਜੀਤ ਨਾਲ ਸਾਂਝੀ ਕਰ ਕੇ ਦਿਲ ਦਾ ਭਾਰ ਹਲਕਾ ਕਰ ਲਿਆ। ਤਿੰਨ ਭੈਣਾਂ ਸਨ, ਇਕ ਨਿੱਕਾ ਭਰਾ ਸੀ। ਗ਼ਰੀਬ ਕਿਸਾਨ ਬਾਪੂ ਨੇ ਆਪਣੇ ਦੂਰੋਂ ਲੱਗਦੇ ਸਾਲੇ ਨਾਲ ਕੁੜੀ ਕੈਨੇਡਾ ਦੇ ਲਾਲਚ ਵਿਚ ਉਸ ਨਾਲ ਤੋਰ ਦਿੱਤੀ ਸੀ। ਉਹੀ ਰਿਸ਼ਤੇਦਾਰ ਕੁੜੀ ਦੀ ਕਮਾਈ ਖਾਂਦਾ ਲੋਹੇ ਦਾ ਥਣ ਬਣਿਆਂ ਬੈਠਾ ਸੀ। ਨਾ ਵਿਆਹੁੰਦਾ ਸੀ, ਨਾ ਹੀ ਕੋਈ ਕਿਤੇ ਗੱਲ ਬਾਤ ਚਲਾਉਂਦਾ ਸੀ। ਘਰ ਆਉਂਦੀ ਲਕਸ਼ਮੀ ਮਾਤਾ ਨੂੰ ਉਹ ਕਿਉਂ ਧੱਕਦਾ? ਦਲਜੀਤ ਨੂੰ ਦਿਲੋਂ ਭੋਲੀ ਮਾਸੂਮ ਕੁੜੀ ਨਾਲ ਹਮਦਰਦੀ ਜਾਗ ਪਈ। ਉਸ ਨੇ ਵੀ ਆਪਣੀ ਸਾਰੀ ਰਮਾਇਣ ਕੁੜੀ ਅੱਗੇ ਰੱਖ ਦਿੱਤੀ। ਦੁਖੀ ਨੂੰ ਦੁਖੀ ਮਿਲੇ, ਹਮਦਰਦੀ ਆਪਣੇ ਆਪ ਆ ਹੱਥ ਅੱਡਦੀ ਹੈ! ਦੋਹਾਂ ਦੀ ਦਿਲੀ ਸਾਂਝ ਹੋਰ ਵਧ ਗਈ।

ਜਦ ਦਲਜੀਤ ਦੋਨੀਂ ਘਰੀਂ ਗੇੜਾ ਮਾਰਨੋਂ ਹਟ ਗਿਆ ਤਾਂ ਲਾਲੀ ਨੇ ਬੇਬੇ-ਬਾਪੂ ਨੂੰ ਦੱਸ ਕੇ ਦੁਖੀ ਕਰਨ ਦੀ ਵਜਾਏ, ਰਾਹਦਾਰੀ ਭੇਜ ਕੇ ਕੈਨੇਡਾ ਹੀ ਮੰਗਵਾ ਲਏ। ਦੋਹਾਂ ਨੂੰਹਾਂ ਨੇ ਸੱਸ-ਸਹੁਰੇ ਦੇ ਗੋਡੇ ਘੁੱਟਣੇ ਸ਼ੁਰੂ ਕਰ ਦਿੱਤੇ। ਇਕ-ਦੂਜੀ ਤੋਂ ਵਧ ਕੇ ਤਲ਼ੀਆਂ ਦੀ ਮਾਲਿਸ਼ ਹੋਣ ਲੱਗ ਪਈ। ਕਈ ਦਿਨਾਂ ਤੋਂ ਸੱਤਾਂ ਪੱਤਣਾਂ ਦਾ ਤਾਰੂ ਮੱਲ ਸਿੰਘ ਹਾਲਾਤ ਤਾੜਦਾ ਰਿਹਾ, ਪਰ ਚੁੱਪ ਰਿਹਾ। ਬੇਬੇ ਉਸ ਤੋਂ ਵੀ ਵੱਧ ਚੁੱਪ ਸੀ। ਉਸ ਨੂੰ ਪ੍ਰਤੱਖ ਪਤਾ ਸੀ ਕਿ ਜਿਸ ਦਿਨ ਮੱਲ ਸਿੰਘ ਬੋਲਿਆ, ਕੱਫ਼ਣ ਹੀ ਪਾੜੂਗਾ! ਜਦ ਕਈ ਦਿਨਾਂ ਦੇ ਬਾਅਦ ਵੀ ਦਲਜੀਤ ਨਾ ਬਹੁੜਿਆ ਤਾਂ ਅੜਬ ਮੱਲ ਸਿੰਘ ਨੂੰ ਕਮਲ ਵਾਲਾ ਹੀਂਗਣਾਂ ਛੁੱਟ ਪਿਆ। ਉਹ ਸ਼ਾਮ ਨੂੰ ਘਰ ਆਏ ਬਾਲੀ 'ਤੇ ਵਰ੍ਹ ਪਿਆ।

-"ਉਏ ਜੀਤੇ ਨੂੰ ਕੀ ਹੋਇਐ? ਉਹ ਆਉਂਦਾ ਕਿਉਂ ਨ੍ਹੀ?"

ਬਾਲੀ ਚੁੱਪ ਰਿਹਾ। ਬੋਲਦਾ ਤਾਂ ਕੀ ਬੋਲਦਾ?

-"ਉਏ ਘੁੱਗੂਆ ਜਿਹਾ! ਤੂੰ ਸੰਖ ਬਣ ਕੇ ਖੜ੍ਹ ਜਾਨੈ, ਬੋਲਦਾ ਕਿਉਂ ਨ੍ਹੀ ਉਏ?" ਮੱਲ ਸਿੰਘ ਨੂੰ ਚੇਹ ਚੜ੍ਹ ਗਈ। ਉਸ ਦੀ ਅਵਾਜ਼ ਸਾਰੇ ਘਰ ਵਿਚ ਨਗਾਰੇ ਵਾਂਗ ਖੜਕ ਰਹੀ ਸੀ।

-"ਵੇ ਬੱਸ ਵੀ ਕਰ ਹੁਣ, ਕਾਹਤੋਂ ਡੰਡ ਪਾਈ ਐ?" ਬੇਬੇ ਨੇ ਮੁਰਦਈ ਜਿਹਾ ਵਾਸਤਾ ਪਾਇਆ।

-"ਨੀ ਤੂੰ ਬਹਿਜਾ ਚੁੱਪ ਕਰਕੇ! ਪਹਿਲਾਂ ਮੈਨੂੰ ਕਿਤੇ ਤੇਰੇ ਆਲੇ ਨਟ ਨਾ ਕਸਣੇ ਪੈ ਜਾਣ!" ਮੱਲ ਸਿੰਘ ਦੀ ਅਵਾਜ਼ ਹੋਰ ਉਚੀ ਘੜਿਆਲ਼ ਵਾਂਗ ਗੂੰਜੀ।

-"ਬਾਪੂ ਜੀ, ਤੁਸੀਂ ਸਾਰੀ ਗੱਲ ਲਾਲੀ ਨੂੰ ਈ ਪੁੱਛਲੋ।"

-"ਬੁਲਾ ਉਹਨੂੰ!"

ਬਾਲੀ ਨੇ ਲਾਲੀ ਨੂੰ ਸੈੱਲ ਫ਼ੋਨ 'ਤੇ ਫ਼ੋਨ ਕਰ ਦਿੱਤਾ।

-"ਸਾਲੇ ਗੱਲ ਈ ਨ੍ਹੀ ਗੌਲਦੇ, ਉਤੋਂ ਆਹ ਨ੍ਹੀ ਮਾਨ, ਲਾ ਕੇ ਕੰਨ ਨੂੰ ਚੱਕੀਰਾਹਾ ਜਿਆ, ਜਾਹੜਾਂ ਜੀਆਂ ਕੱਢੀ ਜਾਣਗੀਆਂ ਸਾਰੀ ਦਿਹਾੜੀ।" ਮੱਲ ਸਿੰਘ ਨੂੰ ਨੂੰਹਾਂ ਦੇ ਫ਼ੋਨਾਂ 'ਤੇ ਬਹੁਤ ਚਿੜ ਸੀ।

ਲਾਲੀ ਆ ਗਿਆ। ਉਸ ਨੇ ਆਉਣਸਾਰ ਬਗੈਰ ਕਿਸੇ ਭੂਮਿਕਾ ਦੇ ਸਾਰੀ ਗੱਲ ਬਾਪੂ ਨੂੰ ਦੱਸ ਦਿੱਤੀ ਅਤੇ ਦਲਜੀਤ ਨੂੰ ਬੇਕਸੂਰ ਕਰਾਰ ਦੇ ਦਿੱਤਾ। ਜਿਹੜਾ ਨਿੱਤ ਦੇ ਕੰਜਰਖਾਨੇ ਤੋਂ ਡਰਦਾ ਪਰ੍ਹੇ ਹੀ ਰਹਿੰਦਾ ਸੀ। ਬੇਬੇ ਦੇ ਦਿਲੋਂ ਟੀਸ ਉਠੀ। ਬਾਪੂ ਹੋਰ ਭੜਕ ਪਿਆ।

-"ਮੈਂ ਉਹਨੂੰ ਕਿਸੇ ਕੰਗਾਲ ਦੇ ਘਰੇ ਚਾਹੇ ਵਿਆਹ ਲਵਾਂ, ਥੋਡੇ ਜਮਾਂ ਨ੍ਹੀ ਵਿਆਹੁੰਦਾ! ਐਨਾ ਚਿਰ ਹੋ ਗਿਆ ਥੋਨੂੰ ਐਥੇ ਆਈਆਂ ਨੂੰ, ਕਦੇ ਥੋਡੇ 'ਚੋਂ ਕਿਸੇ ਦੇ ਪਿਉ ਨੇ ਆ ਕੇ ਸਾਡੀ ਬਾਤ ਪੁੱਛੀ ਐ? ਬਈ ਹੈਗੇ ਐਂ ਕਿ ਮਰਗੇ? ਮੈਂ ਰਿਸ਼ਤੇਦਾਰ ਲੈਣੇ ਐਂ ਵਰਤਣ ਆਲੇ, ਚਾਹੇ ਕਿੰਨੇ ਵੀ ਗਰੀਬ ਹੋਣ, ਰਾਠਾਂ ਦੀ ਮੈਨੂੰ ਜਮਾਂ ਲੋੜ ਨੀ..! ਅਗਲਾ ਦੁਖਦੇ ਸੁਖਦੇ ਪਤਾ ਤਾਂ ਕਰੂ..? ਖਾਂਦੇ ਪੀਂਦਿਆਂ ਨੂੰ ਅਸੀਂ ਹੇਠ ਵਿਛਾਉਣੈਂ ਕਿ ਉਤੇ ਲੈਣੈਂ? ਸਾਡੇ ਕੋਲੇ ਆਬਦੀ ਖਾਧੀ ਨ੍ਹੀ ਮੁਕਦੀ..! ਮੈਂ ਵੀ ਸੋਚਦਾ ਸੀ ਬਈ ਇਹਨਾਂ ਨੇ ਐਥੇ ਕਦੇ ਬੱਤੀ ਨ੍ਹੀ ਸੀ ਵਾਹੀ, ਹੁਣ ਇਕ ਦਮ ਕਿਮੇ ਸਾਹਣ ਮਾਂਗੂੰ ਗੇੜੇ ਮਾਰਨ ਲੱਗਪੇ? ਵਿਚਲੀ ਗੱਲ ਦਾ ਮੈਨੂੰ ਕੀ ਪਤਾ ਸੀ? ਤੇਰੀ ਬੇਬੇ ਕਿਹਾ ਕਰੇ, ਅਖੇ ਰਿਸ਼ਤੇਦਾਰਾਂ ਨਾਲ ਨਾ ਵਿਗੜਿਆ ਕਰ! ਐਹੋ ਜੇ ਰਿਸ਼ਤੇਦਾਰਾਂ ਦੇ ਮੈਂ ਮਾਰਾਂ ਗੋਲੀ ਸਾਲਿਆਂ ਦੇ! ਐਹੋ ਜੇ ਮਤਲਬੀ ਰਿਸ਼ਤੇਦਾਰਾਂ ਨੂੰ ਕੀ ਬੰਦੇ ਨੇ ਰਗੜ ਕੇ ਫੋੜੇ 'ਤੇ ਲਾਉਣੈ? ਖਬਰਦਾਰ ਜੇ ਅੱਜ ਤੋਂ ਕਿਸੇ ਨੇ ਦਲਜੀਤੇ ਬਾਰੇ ਗੱਲ ਵੀ ਕੀਤੀ ਐ, ਫੜ ਕੇ ਵਿਚਾਲਿਓਂ ਪਾੜਦੂੰ...!" ਮੱਲ ਸਿਉਂ ਨੇ ਆਪਣਾ ਚੌੜਾ ਅਤੇ ਭਾਰਾ ਪੈਰ ਦੁਰਮਟ ਵਾਂਗ ਧਰਤੀ 'ਤੇ ਮਾਰਿਆ।

-"ਚੱਲੋ ਉਏ! ਮੈਨੂੰ ਦਲਜੀਤੇ ਕੋਲੇ ਲੈ ਕੇ ਚੱਲੋ!"

ਉਹ ਸ਼ਾਮ ਜਿਹੀ ਨੂੰ ਦਲਜੀਤ ਦੇ ਘਰ ਪੁੱਜ ਗਏ। ਕੰਮ ਤੋਂ ਵਿਹਲਾ ਦਲਜੀਤ ਅੱਜ ਦਾਰੂ ਨਾਲ ਰੱਜਿਆ ਬੈਠਾ ਸੀ। ਜਦੋਂ ਬਾਪੂ ਨੇ ਮੋਹ ਅਤੇ ਦਰੇਗ ਨਾਲ, "ਉਏ ਕਿਮੇਂ ਐਂ ਮੇਰਿਆ ਜੀਤਿਆ ਪੁੱਤ?" ਆਖਿਆ ਤਾਂ ਦਲਜੀਤ ਦੀ ਧਾਹ ਨਿਕਲ ਗਈ। ਬਾਪੂ ਦੀ ਬੁੱਕਲ ਨੂੰ ਹਾਬੜਿਆ ਉਹ ਮੱਲ ਸਿੰਘ ਦੇ ਪੈਰਾਂ 'ਤੇ ਡਿੱਗ ਪਿਆ। ਕਦੇ ਨਿੱਕਾ ਹੁੰਦਾ ਉਹ ਬਾਪੂ ਦੇ ਘਨ੍ਹੇੜਿਆਂ 'ਤੇ ਚੜ੍ਹਿਆ, ਰੋਇਆ ਕਰਦਾ ਸੀ। ਪਰ ਅੱਜ ਭਰ ਜੁਆਨ, ਕੁਇੰਟਲ ਦੀ ਦੇਹ, ਦਲਜੀਤ ਹਾਲਾਤਾਂ ਦਾ ਝੰਬਿਆ ਮਨ ਹੌਲਾ ਕਰੀ ਜਾ ਰਿਹਾ ਸੀ। ਬਾਪੂ ਦੀਆਂ ਅੱਖਾਂ ਵਿਚੋਂ ਵੀ ਜਲ ਤੁਰ ਪਿਆ। ਪਰਬਤ ਵਰਗਾ ਮੱਲ ਸਿੰਘ ਪੁੱਤਰ ਦੇ ਵੈਰਾਗ ਵਿਚ ਹੰਝੂਆਂ ਦੀ ਝੜ੍ਹੀ ਲਾਈ ਜਾ ਰਿਹਾ ਸੀ। ਉਸ ਨੇ ਚੁੱਕ ਕੇ ਆਪਣੀ ਅੰਦਰ ਨੂੰ ਹਿੱਕ ਨਾਲ ਲਾ ਲਿਆ। ਹਿੱਕ ਠਰ ਗਈ।

-"ਕੀ ਹਾਲ ਕਰੀ ਫਿਰਦੈਂ, ਹੈਂ..!" ਬਾਪੂ ਨੇ ਉਸ ਦਾ ਮੂੰਹ ਪੂੰਝਿਆ। ਸ਼ਰਾਬੀ ਪੁੱਤ ਵੀ ਉਸ ਨੂੰ ਪਿਆਰਾ-ਪਿਆਰਾ ਲੱਗਿਆ ਸੀ।

-"ਬਾਪੂ ਜੀ, ਥੋਨੂੰ ਮੈਂ ਬੜੇ ਦੁੱਖ ਦਿੱਤੇ, ਬੱਸ ਉਹੀ ਭੁਗਤਦੈਂ।" ਦਲਜੀਤ ਫਿਰ ਰੋ ਪਿਆ।

-"ਕਮਲ ਨ੍ਹੀ ਮਾਰੀਦਾ ਹੁੰਦਾ! ਚੱਲ ਕਰ 'ਕੱਠਾ ਆਬਦਾ ਛਿੱਛ-ਪੱਤ ਤੇ ਪਿੰਡ ਚੱਲੀਏ, ਐਸ ਮੁਲਕ ਦਾ ਤਾਂ ਪਾਣੀ ਈ ਮਾੜੈ ਪੁੱਤ! ਆਪਣੇ ਘਰੇ ਕੀ ਘਾਟੈ? ਐਥੇ ਐਮੇ ਬਿਰ-ਬਿਰ ਕਰਦਾ ਫਿਰਦੈਂ, ਚੱਲ ਤੁਰ!"

-"ਬਾਪੂ ਭਰਾਵਾਂ ਵੱਲੋਂ ਮੈਨੂੰ ਕੋਈ ਅਚਾ ਨ੍ਹੀ, ਬੱਸ ਭਰਜਾਈਆਂ ਨੇ ਈ ਵੰਡ ਲਿਆ ਸੀ..! ਬਾਪੂ ਜੀ ਮੈਂ ਥੋਨੂੰ ਬੜਾ ਸਤਾਇਆ ਤੇ ਹੁਣ ਖੁਦ ਭੁੱਜੀ ਜਾਨੈਂ।" ਦਲਜੀਤ ਦੀਆਂ ਅੱਖਾਂ ਦਾ ਹੜ੍ਹ ਫਿਰ ਹਿੱਲ ਪਿਆ।

-"ਪੁੱਤ ਬਿਲਕੁਲ ਪ੍ਰਵਾਹ ਨਾ ਕਰ! ਤੁਰ ਮੇਰੇ ਨਾਲ! ਮੈਂ ਤੈਨੂੰ ਐਥੇ ਰਹਿਣ ਈ ਨ੍ਹੀ ਦੇਣਾ।"

-"ਬਾਪੂ ਲੱਗਦੀ ਤਾਂ ਸ਼ਰਮ ਐਂ, ਪਰ ਇਕ ਗੱਲ ਆਖਾਂ?"

-"ਸੌ ਆਖ ਪੁੱਤਰਾ..! ਸੌ ਆਖ..!!"

-"ਮੈਥੋਂ ਬਿੱਲੀ ਬਿਨਾ ਜਿਉਂ ਨ੍ਹੀ ਹੋਣਾ, ਉਹਨੂੰ ਨਾਲ ਲੈ ਚੱਲੋ, ਬੜੀ ਤੰਗ ਐ ਵਿਚਾਰੀ ਐਥੇ।"

-"ਬਿੱਲੀ ਹੈ ਕੌਣ?" ਬਾਪੂ ਮਜੌਰਾਂ ਦੀ ਮਾਂ ਵਾਂਗ ਝਾਕ ਰਿਹਾ ਸੀ।

-"ਨੱਥੂਆਲੇ ਦੀ ਕੁੜੀ ਐ-।" ਦਲਜੀਤ ਨੇ ਸਾਰੀ ਗੱਲ ਦੱਸੀ।

-"ਪੁੱਤਰਾ ਤੇਰੀ ਖੁਸ਼ੀ ਲਈ ਮੈਂ ਹਰ ਖੂਹ ਪੱਟਣ ਲਈ ਤਿਆਰ ਐਂ..! ਚਲੋ ਦੋਨੋਂ ਈ! ਆਬਦਾ ਖਾਇਓ ਪੀਓ ਮੌਜਾਂ ਕਰਿਓ!"

ਬਾਪੂ, ਬੇਬੇ, ਦਲਜੀਤ ਅਤੇ ਬਿੱਲੀ ਦੀਆਂ ਭਾਰਤ ਦੀਆਂ ਤਿਆਰੀਆਂ ਹੋ ਗਈਆਂ। ਭਰਾ ਖ਼ੁਸ਼ ਸਨ। ਪਰ ਭਰਜਾਈਆਂ ਕੁਝ ਕੁ ਤੰਗ ਸਨ। ਬਿੱਲੀ ਅਤੇ ਦਲਜੀਤ ਦੇ ਮੰਗਣੇ ਦੀ ਰਸਮ, ਬਿੱਲੀ ਦੇ ਅਖੌਤੀ ਮਾਮੇ ਤੋਂ ਬਗੈਰ ਹੀ ਕਰ ਦਿੱਤੀ ਗਈ।

-"ਸ਼ਾਮੋਂ..! ਦੇਖ ਰੱਬ ਦੇ ਰੰਗ ਨਿਆਰੇ..! ਪੁੱਤ ਦੇ ਨਾਲ ਨੂੰਹ ਵੀ ਮਿਲਗੀ..! ਪਤਾ ਨ੍ਹੀ ਇਹਨੂੰ ਸੰਜੋਗਾਂ ਕਰਕੇ ਈ ਆਹ ਕਨੇਡੇ ਦਾ ਦਾਣਾ ਪਾਣੀ ਚੁਗਣਾ ਪਿਆ? ਬੜਾ ਬੇਅੰਤ ਐ ਮੇਰਾ ਦਾਤਾ..! ਸਾਧੂ ਸੰਤ ਐਮੇਂ ਨ੍ਹੀ ਗਾਉਂਦੇ ਫਿਰਦੇ ਹੁੰਦੇ: ਤੂੰ ਸੁੱਤਾ ਰੱਬ ਜਾਗਦਾ, ਤੇਰੀ ਡਾਢੇ ਨਾਲ ਪ੍ਰੀਤ..! ਅੱਜ ਮੈਂ ਕਿਸੇ ਦੇ ਲੈਣ ਦਾ ਨ੍ਹੀ।" ਜਹਾਜ ਵਿਚ ਨਾਸ਼ਤਾ ਕਰਦਾ ਬਾਬਾ ਮੱਲ ਸਿਉਂ ਆਖ ਰਿਹਾ ਸੀ। ਫਿਰ ਉਸ ਨੇ ਵੱਡਾ ਸਾਰਾ ਡਕਾਰ੍ਹ ਮਾਰ ਕੇ 'ਵਾਹਿਗੁਰੂ' ਆਖਿਆ ਅਤੇ ਕਿਸੇ ਆਨੰਦ ਵਿਚ ਅੱਖਾਂ ਮੀਟ ਲਈਆਂ।

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445

# ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ



ਸੰਸਾਰ ਅਤੇ ਕਾਇਨਾਤ ਨੂੰ ਚਲਾਉਣ ਲਈ ਵਿਆਹ ਜ਼ਰੂਰੀ ਹੁੰਦੇ ਹਨ। ਪਰ ਹਰ ਖਿੱਤੇ, ਹਰ ਧਰਮ, ਹਰ ਜਾਤੀ ਵਿੱਚ ਵਿਆਹ ਦਾ ਵੱਖਰਾ ਅੰਦਾਜ਼ ਹੁੰਦਾ ਹੈ। ਰੂੜੀਵਾਦੀ ਸਮੇਂ ਅਤੇ ਅੱਜ ਦੇ ਸਮੇਂ ਵਿੱਚ ਵਿਆਹਾਂ ਦਾ ਬਹੁਤ ਵੱਡਾ ਅੰਤਰ ਹੈ। ਅੱਜ ਵਿਆਹ ਕਰਵਾਉਣ ਵਾਲੇ ਮੁੰਡੇ ਕੁੜੀਆਂ ਖੁਸ਼ ਵੀ ਹੁੰਦੇ ਹਨ। ਪਹਿਲੇ ਸਮਿਆਂ ਵਿੱਚ ਮਾਪਿਆ ਅੱਗੇ ਦਬ ਕੇ ਮੁੰਡੇ ਕੁੜੀਆਂ ਵਿਆਹ ਕਰ ਲੈਂਦੇ ਸਨ, ਪਰ ਕਈ ਵਾਰ ਸਾਰੀ ਉਮਰ ਪਛਤਾਉਂਦੇ ਰਹਿੰਦੇ ਸਨ। ਇਸ ਪਛਤਾਵੇ ਦਾ ਕਿਸੇ ਨੂੰ ਮਿਹਣਾ ਨਹੀਂ ਦੇ ਸਕਦੇ ਸਨ।

ਰੂੜੀਵਾਦੀ ਵਿਚਾਰਾਂ ਚ ਫਸੀ ਮਾਨਸਿਕਤਾ ਕਿਸੇ ਵੇਲੇ ਕਿਸੇ ਲਾਗੀ ਦੇ ਹੱਥ ਰੁਪਈਆ ਦੇ ਕੇ ਰਿਸ਼ਤਾ ਪੱਕਾ ਕਰ ਲੈਂਦੀ ਸੀ। ਬਾਅਦ ਵਿੱਚ ਜੋ ਹੋਵੇ ਸੋ ਹੋਵੇ। ਇਸੇ ਪ੍ਰਸੰਗ ਤੇ ਦੇਖਿਆ ਜਾਵੇ ਤਾਂ ਇੱਕ ਪਿਓ ਨੇ ਜਿਵੇਂ ਰੋਹੀ ਗਰਮੀ ਦੀ ਕਿੱਕਰ ਹੋਰ ਵੀ ਕਾਲੀ ਹੋ ਜਾਂਦੀ ਹੈ ਉਸੇ ਤਰ੍ਹਾਂ ਦਾ ਵਰ ਆਪਣੀ ਧੀ ਲਈ ਲੱਭ ਲਿਆ ਸੀ, ਪਰ ਉਸ ਵਿੱਚ ਸਮੇਂ ਸੁਣਦਾ ਕੌਣ ਸੀ? ਜੇਕਰ ਕੁੜੀ ਨੂੰ ਕਨਸੋਅ ਮਿਲ ਜਾਵੇ ਤਾਂ ਉਸਦੇ ਮੰਗੇਤਰ ਦਾ ਰੰਗ ਕਾਲਾ ਹੈ ਤਾਂ ਪਿਓ ਜਾਂ ਭਰਾ ਨੂੰ ਤਾਂ ਨਹੀਂ ਆਖ ਸਕਦੀ ਮਾਂ ਅੱਗੇ ਸਾਰਾ ਗੁੱਸਾ ਕੱਢਦੀ ਸੀ,

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ
ਬਾਪੂ ਦੇ ਪਸੰਦ ਆ ਗਿਆ"

ਧੀਆਂ ਬਾਰੇ ਜੰਮਦੀ ਸਾਰੇ ਹੀ ਕਿਹਾ ਜਾਂਦਾ ਸੀ ਕਿ "ਕਿੰਨਾ ਜੰਮੀਆਂ ਕਿੰਨਾਂ ਨੇ ਲੈ ਜਾਣੀਆਂ"

ਇਹ ਤਾਂ ਹੈ ਹੀ ਸੀ। ਪਰ ਬਾਪ ਧੀ ਨੂੰ ਹਮੇਸ਼ਾ ਬੋਝ ਸਮਝਦੇ ਸਨ। ਕਿ ਇੱਕ ਵਾਰ ਪੜ੍ਹ ਲਿਖ ਕੇ ਆਪਣੇ ਘਰ ਚਲੇ ਜਾਣ ਇਸਨੂੰ "ਹੱਥ ਪੀਲਾ ਕਰਨਾ" ਕਿਹਾ ਜਾਂਦਾ ਸੀ। ਧੀਆਂ ਦੇ ਮਾਪਦੰਡਾਂ ਤੇ ਖਰਾ ਨਾ ਉਤਰਨ ਵਾਲੇ ਮਾਹੀ ਦੀ ਕੰਨਸੋਅ ਜਦੋਂ ਧੀ ਤੱਕ ਪੈਂਦੀ ਸੀ ਤਾਂ ਇਸ ਨੂੰ ਸੱਭਿਆਚਾਰਕ ਵੰਨਗੀ ਵਿੱਚ ਇਸ ਤਰਾ ਪਰੋਇਆ ਜਾਂਦਾ ਸੀ "ਨਹੀਂ ਤੇ ਮਰ ਜੇ ਮੰਗੇਤਰ ਮੇਰਾ, ਨਹੀਂ ਤਾਂ ਬਾਪੂ ਮੈਂ ਮਰ ਜਾ"

ਵਿਚਾਰੀ ਧੀ ਨੂੰ ਰੋਹੀ ਦੇ ਕਿੱਕਰ ਤੋਂ ਕਾਲੇ ਰੰਗ ਦਾ ਮਾਹੀ ਮਿਲਣ ਨਹੀਂ ਉਸਦੀਆਂ ਸਖੀਆਂ ਸਹੇਲੀਆਂ ਇਸ ਤਰ੍ਹਾਂ ਮਿਹਣਾ ਦਿੰਦੀਆਂ ਸਨ "ਤੇਰੇ ਮਾਹੀ ਦਾ ਤਾਂ ਰੰਗ ਕਾਲਾ ਤੂੰ ਚੰਦ ਵਾਂਗ ਚਮਕਦੀ ਏਂ" ਜੇ ਰੂੜੀਵਾਦੀ ਵਿਚਾਰਾਂ ਨਾਲ ਵੀ ਵਿਆਹ ਤਾਂ ਕਰਨਾ ਪੈਂਦਾ ਸੀ। ਪਰ ਇਸ ਦਾ ਨਫਾ ਨੁਕਸਾਨ ਭਵਿੱਖ ਦੀ ਗਰਭ ਵਿੱਚ ਹੁੰਦਾ ਸੀ। ਕੁੜੀਆਂ ਦੇ ਮੇਲ ਨਾਲ ਜਦੋਂ ਸਖੀਆਂ ਕਾਲਾ ਰੰਗ ਦੇਖਦੀਆਂ ਤਾਂ ਵਾਰਤਾਲਾਪ ਕਰਦੀਆਂ

"ਕੁੜੀਆਂ ਸਾਡੀ ਤਿੱਲੇ ਦੀ ਤਾਰ ਏ, ਮੁੰਡਾ ਤਾਂ ਲੱਗਦਾ ਕੋਈ ਕਾਲੀ ਤਾਰ ਵੇ, ਜੋੜ ਤਾਂ ਜੁੜਦਾ ਨਹੀਂ, ਨਿਲੱਜਿਓ ਲੱਜ ਤੁਹਾਨੂੰ ਨਹੀਂ"

ਕੁੜੀਆਂ ਇਸੇ ਲਈ ਸਬਰ ਵਾਲੀਆਂ ਹੁੰਦੀਆਂ ਸਨ ਕਿ ਬਾਪੂ ਨੇ ਜੋ ਕਰ ਦਿੱਤਾ ਸੋ ਕਰ ਦਿੱਤਾ। ਕੁੜੀਆਂ ਪ੍ਰਵਾਨ ਕਰ ਲੈਂਦੀਆਂ ਸਨ। ਅੰਦਰੋਂ ਅੰਦਰੀ ਚਾਅ-ਮਲਾਰ ਫੁੱਟਣ ਲੱਗਦੇ ਸਨ। ਹੋਰ ਤੇ ਹੋਰ ਡੋਲੀ ਚੜ੍ਹਨ ਵੇਲੇ ਕੁੜੀਆਂ ਵੀ ਅੰਦਰੂਨੀ ਭਾਵ ਪ੍ਰਗਟ ਕਰਦੀਆਂ ਸਨ,

"ਮੈਂ ਤਾਂ ਕੁੜੀਆਂ ਦਾ ਦਿਲ ਪਰਚਾਵਾਂ
ਰੋਂਦੀ ਨਾ ਤੂੰ ਜਾਣੀ ਸੋਹਣਿਆ"

ਅੱਜ ਦੇ ਜ਼ਮਾਨੇ ਵਿੱਚ ਬਿਲਕੁਲ ਉਲਟ ਹੈ। ਮਾਪੇ ਕੁੜੀ ਨੂੰ ਬੋਝ ਨਹੀਂ ਸਮਝਦੇ। ਪਿਛਲੇ ਕੁਝ ਸਮਿਆਂ ਵਿੱਚ ਕੁੜੀਆਂ ਦਾ ਬੋਲਬਾਲਾ ਸਮਾਜ ਵਿੱਚ ਵਧਿਆ ਹੈ। ਇਸੇ ਲਈ ਪੰਜਾਬ ਚ ਲਿੰਗ ਅਨੁਪਾਤ ਵਿੱਚ ਆਈ ਗਰਾਵਟ ਨੂੰ ਕੁਝ ਠਲ ਪਈ ਹੈ। ਹੁਣ ਲਿੰਗ ਅਨੁਪਾਤ ਵਿੱਚ ਵੀ ਸੁਧਾਰ ਹੋ ਰਿਹਾ ਹੈ। ਕੁੜੀਆਂ ਦੇ ਜੰਮਣ ਸਾਰ ਚਾਅ ਮਲਾਰ ਕੀਤੇ ਜਾਂਦੇ ਹਨ। ਕੁੜੀਆਂ ਦੀ ਲੋਹੜੀ ਵੀ ਪਾਈ ਜਾਂਦੀ ਹੈ।

ਅੱਜ ਮੁੰਡੇ ਕੁੜੀਆਂ ਆਪਣੀ ਪਸੰਦ ਦੀ ਚੋਣ ਆਪ ਕਰਦੇ ਹਨ। ਇੱਥੋਂ ਤੱਕ ਕਿ ਆਈਲੈਟਸ ਨੇ ਵਿਦੇਸ਼ ਜਾਣ ਦੀ ਹੋੜ ਵਿੱਚ ਜਾਤ ਪਾਤ ਵੀ ਖਤਮ ਕਰ ਦਿੱਤੀ ਹੈ। ਬਾਹਰ ਗਏ ਬੱਚੇ ਆਪਣਾ ਰਸਤਾ ਆਪ ਅਖਤਿਆਰ ਕਰਦੇ ਹਨ। ਕਈ ਵਾਰ ਸੋਸ਼ਲ ਮੀਡੀਆ ਤੇ ਵੇਖਿਆ ਜਾਵੇ ਤਾਂ ਕਾਲੇ ਰੰਗ ਵਾਲਿਆਂ ਨੂੰ ਵੀ ਕੁੜੀਆਂ ਪਸੰਦ ਕਰਦੀਆਂ ਹਨ। ਕਾਲਿਆਂ ਨਾਲ ਵਿਆਹ ਵੀ ਕਰ ਰਹੀਆਂ ਹਨ। ਵਿਆਹ ਤੋਂ ਬਾਅਦ ਧੀਆਂ ਸਹੁਰੇ ਘਰ ਜਾਂਦੀਆਂ ਹਨ। ਉੱਥੇ ਦੀ ਫਿਕਰ ਵੀ ਮਾਂ ਪਿਓ ਨੂੰ ਰਹਿੰਦੀ ਹੈ। ਸਹੁਰੇ ਘਰ ਧੀਆਂ ਆਰਥਿਕ ਮੁਸ਼ਕਿਲ ਵਿੱਚੋਂ ਦੀ ਲੰਘਦੀਆਂ ਹਨ। ਇਹਨਾਂ ਹਾਲਾਤਾਂ ਨਾਲ ਵੀ ਧੀਆਂ ਨੂੰ ਸਿੱਝਣਾ ਪੈਂਦਾ ਹੈ। ਇਸ ਦੇ ਨਾਲ ਇਹਨਾਂ ਦੇ ਮਾਪੇ ਵੀ ਇਸੇ ਪੀੜਾ ਵਿੱਚ ਗ੍ਰਸੇ ਰਹਿੰਦੇ ਹਨ। ਪਰ ਗੁਰਬਤ ਫਿਰ ਵੀ ਪੇਸ਼ ਨਹੀਂ ਜਾਣ ਦਿੰਦੀ। ਪਤਨੀ ਬਾਰ-ਬਾਰ ਪਤੀ ਨੂੰ ਗਹਿਣੇ ਬਣਾਉਣ ਲਈ ਕਹਿੰਦੀ ਹੈ। ਪਰ ਫਿਰ ਵੀ ਨਹੀਂ ਬਣਾਏ ਜਾ ਸਕਦੇ। ਇਸੇ ਲਈ ਪਤਨੀ ਆਪਣੇ ਪਤੀ ਨੂੰ ਮਿਹਣਾ ਦਿੰਦਾ ਹੈ ਕਿ

"ਅਸੀਂ ਮਰ ਗਏ ਕਮਾਈਆਂ ਕਰਦੇ ਤੇਰੇ ਅਜੇ ਬੰਦ ਨਾ ਬਣੇ, ਪਾਟੀ ਘੱਗਰੀ ਤੇ ਬਗੜ ਦਾ ਨਾਲਾ ਤੇਰਾ ਦੱਸ ਕੀ ਵੇਖਿਆ?"

ਕਈ ਵਾਰ ਪੰਜਾਬੀ ਸਮਾਜ ਵਿੱਚ ਬਾਪੂ ਭਾਵੇਂ ਰਿਸ਼ਤਾ ਕਾਲੇ ਨੂੰ ਨਾ ਕਰਨਾ ਚਾਹੁੰਦਾ ਹੋਵੇ ਪਰ ਰਿਸ਼ਤੇਦਾਰ ਪੇਸ਼ ਨਹੀਂ ਜਾਣ ਦਿੰਦੇ। ਉਹ ਨਰਾਜ਼ਗੀ ਪ੍ਰਗਟ ਕਰਦੇ ਹਨ, ਫਿਰ ਰਿਸ਼ਤਾ ਕਰ ਦਿੰਦੇ ਹਨ। ਇਸੇ ਲਈ ਸੱਭਿਆਚਾਰਕ ਸਿੱਠਣੀ ਮਿਲਦੀ ਹੈ

"ਮੁੰਡਾ ਰੋਹੀ ਦੀ ਕਿੱਕਰ ਦਾ ਜਾਦੂ, ਵਿਆਹ ਕੇ ਲੈ ਗਿਆ ਭੂਤ ਦੀ ਛਿਟੀ"


ਅੱਜ ਰਿਸ਼ਤੇ ਕਰਨੇ ਸਮੇਂ ਦੇ ਹਾਣੀ ਬਣ ਗਏ ਹਨ। ਪਸੰਦ ਪਹਿਲਾਂ ਦੇਖੀ ਜਾਦੀ ਹੈ। ਰਿਸ਼ਤਾ ਬਾਅਦ ਵਿੱਚ ਹੁੰਦਾ ਹੈ। ਆਓ ਕੁੜੀਆਂ ਵਾਲਿਓ, ਕੁੜੀਆਂ ਦੀ ਸਲਾਹ ਨਾਲ ਰਿਸ਼ਤੇ ਕਰੀਏ।

## ਚਰਚਿਤ ਸੜਕ ਹਾਦਸੇ ਦੇ ਮਾਮਲੇ ਵਿੱਚ ਧਰਮੇਸ਼ ਪਟੇਲ ਵਿਰੁੱਧ ਕਤਲ ਦੀ ਕੋਸ਼ਿਸ਼ ਦੇ ਦੋਸ਼ ਰੱਦ



ਸੈਕਰਾਮੈਂਟੋ, ਕੈਲੀਫੋਰਨੀਆ-ਅਖਬਾਰਾਂ ਦੀ ਸੁਰਖੀਆਂ ਬਣੇ ਇਕ ਮਾਮਲੇ ਵਿੱਚ ਪਾਸਾਡੇਨਾ ਦੇ ਰੇਡੀਓਲੋਜਿਸਟ ਧਰਮੇਸ਼ ਪਟੇਲ ਵਿਰੁੱਧ ਕਤਲ ਦੀ ਕੋਸ਼ਿਸ਼ ਦੇ ਦੋਸ਼ਾਂ ਨੂੰ ਅਦਾਲਤ ਦੁਆਰਾ ਰੱਦ ਕਰ ਦਿੱਤਾ ਗਿਆ ਹੈ। ਅਦਾਲਤ ਨੇ ਇਹ ਫੈਸਲਾ ਪਟੇਲ ਦੁਆਰਾ ਪ੍ਰਵਾਨਿਤ ਮਾਨਸਿਕ ਸਿਹਤ ਪਰਵਰਤਨ ਪ੍ਰੋਗਰਾਮ ਨੂੰ ਪੂਰਾ ਕਰਨ ਤੋਂ ਬਾਅਦ ਸੁਣਾਇਆ ਹੈ। ਸਰਕਾਰੀ ਵਕੀਲਾਂ ਨੇ ਦੋਸ਼ ਲਾਇਆ ਸੀ ਕਿ ਪਟੇਲ ਨੇ ਜਾਣਬੁੱਝ ਕੇ ਕਾਰ ਨੂੰ ਉੱਤਰੀ ਕੈਲੀਫੋਰਨੀਆ ਦੀ ਇੱਕ ਖੱਡ ਵਿੱਚ ਸੁੱਟ ਦਿੱਤਾ ਸੀ ਜਿਸ ਕਾਰ ਵਿਚ ਉਸ ਦੀ ਪਤਨੀ ਤੇ ਦੋ ਛੋਟੇ ਬੱਚੇ ਸਵਾਰ ਸਨ। ਲਾਏ ਦੋਸ਼ਾਂ ਅਨੁਸਾਰ ਪਟੇਲ ਨੇ ਆਪਣੇ ਪਰਿਵਾਰ ਨੂੰ ਮਾਰਨ ਦੇ ਇਰਾਦੇ ਨਾਲ ਇਹ ਹਾਦਸਾ ਜਾਣਬੁਝ ਕੇ ਕੀਤਾ ਸੀ। ਇਹ ਘਟਨਾ ਜਨਵਰੀ 2023 ਵਿੱਚ ਵਾਪਰੀ ਸੀ। ਪਟੇਲ ਦੀ ਪਤਨੀ ਨੇਹਾ ਪਟੇਲ ਨੇ ਵੀ ਬਿਆਨ ਦਿੱਤਾ ਸੀ ਕਿ ਉਸ ਦੇ ਪਤੀ ਨੇ ਜਾਣਬੁਝ ਕੇ ਕਾਰ ਖੱਡ ਵਿਚ ਸੁੱਟੀ ਸੀ। ਚੰਗੀ ਗੱਲ ਇਹ ਰਹੀ ਕਿ ਇਸ ਹਾਦਸੇ ਵਿਚ ਪਟੇਲ ਤੇ ਪਰਿਵਾਰ ਦੇ ਬਾਕੀ ਜੀਅ ਬਚ ਗਏ ਸਨ। ਅਦਾਲਤ ਵਿੱਚ ਮਨੋਵਿਗਿਆਨੀਆਂ ਨੇ ਗਵਾਹੀ ਦਿੱਤੀ ਕਿ ਜਦੋਂ ਹਾਦਸਾ ਹੋਇਆ ਤਾਂ ਪਟੇਲ ਵੱਡੇ ਡਿਪਰੈਸ਼ਨ ਵਿੱਚ ਸੀ।

## ਮਾਈਕ੍ਰੋਸਾਫਟ ਵੱਲੋਂ 1600 ਨੌਕਰੀਆਂ ਤੁਰੰਤ ਖਤਮ ਕਰਨ ਦਾ ਐਲਾਨ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਮਾਈਕ੍ਰੋਸਾਫਟ ਦਾ ਹਿੱਸਾ ਬਣਨ ਤੋਂ ਬਾਅਦ ਡਬਲਯੂ ਏ- ਐਕਸਬਾਕਸ ਆਪਣੇ ਸਭ ਤੋਂ ਵੱਡੇ ਪੁਨਰਗਠਨ ਲਈ ਤਿਆਰ ਹੈ। ਸੀ ਈ ਓ ਆਸ਼ਾ ਸ਼ਰਮਾ ਨੇ ਕਰਮਚਾਰੀਆਂ ਨੂੰ ਦਿੱਤੇ ਇੱਕ ਨੋਟ ਵਿੱਚ ਹਜ਼ਾਰਾਂ ਨੌਕਰੀਆਂ ਵਿੱਚ ਕਟੌਤੀ, ਲੀਡਰਸ਼ਿਪ ਵਿੱਚ ਤਬਦੀਲੀਆਂ ਅਤੇ ਗੇਮਿੰਗ ਡਿਵੀਜ਼ਨ ਦੇ ਕਾਰਜਾਂ ਵਿੱਚ ਇੱਕ ਵੱਡੇ ਬਦਲਾਅ ਦੀ ਰੂਪ ਰੇਖਾ ਦਾ ਵੇਰਵਾ ਦਿੱਤਾ ਹੈ। ਐਕਸਬਾਕਸ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਪੁਨਰਗਠਨ ਦੱਸਦੇ ਹੋਏ, ਸ਼ਰਮਾ ਨੇ ਕਿਹਾ ਕਿ ਲਗਭਗ 1,600 ਅਹੁਦਿਆਂ ਨੂੰ ਤੁਰੰਤ ਖਤਮ ਕੀਤਾ ਜਾ ਰਿਹਾ ਹੈ। 2027 ਵਿੱਤੀ ਸਾਲ ਦੇ ਅੰਤ ਤੱਕ ਮਾਈਕ੍ਰੋਸਾਫਟ ਦੇ 3200 ਹੋਰ ਅਹੁਦੇ ਖਤਮ ਕਰ ਦਿੱਤੇ ਜਾਣਗੇ। ਪੁਨਰਗਠਨ ਦੇ ਹਿੱਸੇ ਵਜੋਂ ਚਾਰ ਐਕਸਬਾਕਸ ਸਟੂਡੀਓ ਵੀ ਕੰਪਨੀ ਦੀ ਮਾਲਕੀ ਤੋਂ ਬਾਹਰ ਚਲੇ ਜਾਣਗੇ। ਇਹ ਕਾਰਵਾਈ ਮਾਈਕ੍ਰੋਸਾਫਟ ਦੇ ਕੰਪਨੀ ਵਿੱਚ 4,800 ਨੌਕਰੀਆਂ ਨੂੰ ਖਤਮ ਕਰਨ ਦੇ ਵਿਆਪਕ ਫੈਸਲੇ ਦਾ ਹਿੱਸਾ ਹੈ। ਸ਼ਰਮਾ ਨੇ ਕਿਹਾ ਕਿ ਮੈਂ ਜਾਣਦੀ ਹਾਂ ਕਿ ਇਹ ਦੁਖਦਾਈ ਹੈ ਪਰੰਤੂ ਇਹ ਪੁਨਰਗਠਨ ਸਾਲਾਂ ਦੇ ਨਿਵੇਸ਼ ਤੋਂ ਬਾਅਦ ਆਇਆ ਹੈ ਤੇ ਅਜਿਹਾ ਕਰਨਾ ਲਾਜਮੀ ਬਣ ਗਿਆ ਹੈ।

## ਟਰੰਪ ਨੂੰ ਹਰਾਉਣਾ ਸਾਡੀ ਪਾਰਟੀ ਦੀ ਪਹਿਲੀ ਤਰਜੀਹ- ਐਮੀ ਬੇਰਾ


ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕਾਂਗਰਸ ਮੈਂਬਰ ਅਮੀ ਬੇਰਾ ਨੇ ਕਿਹਾ ਹੈ ਕਿ ਡੈਮੋਕ੍ਰੇਟਿਕ ਪਾਰਟੀ ' ਚ ਵਚਿਾਰਧਾਰਕ ਮਤਭੇਦ ਹਨ ਪਰੰਤੂ ਸਾਡੀ ਪਹਿਲੀ ਤਰਜੀਹ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਹਰਾਉਣਾ ਅਤੇ ਅਮਰੀਕੀਆਂ ਦੀਆਂ ਆਰਥਕਿ ਚਿੰਤਾਵਾਂ ਨੂੰ ਹੱਲ ਕਰਨਾ ਹੈ। ਉਨਾਂ ਕਿਹਾ ਕਿ ਸਾਡੇ ਵਿਆਪਕ ਮਸ਼ਿਨ ਸਾਹਮਣੇ ਵਿਚਾਰਧਾਰਕ ਮੱਤਭੇਦ ਸੈਕੰਡਰੀ ਹਨ। ਉਨਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਡੈਮੋਕ੍ਰੇਟਿਕ ਵੱਖ-ਵੱਖ ਵਚਿਾਰਾਂ ਵਾਲੀ ਇੱਕ ਵੱਡੀ ਪਾਰਟੀ ਹੈ ਪਰ ਮੈਂਬਰ ਸਾਂਝੇ ਟੀਚਿਆਂ 'ਤੇ ਇੱਕਜੁੱਟ ਹਨ। ਬੇਰਾ ਨੇ ਕਿਹਾ ਕਿ ਸਾਡਾ ਮਕਸਦ ਟਰੰਪ ਨੂੰ ਰੋਕਣਾ ਤੇ ਉਸ ਦੇ ਭ੍ਰਿਸ਼ਟ ਸ਼ਾਸਨ ਨੂੰ ਜਵਾਬਦੇਹ ਬਣਾਉਣਾ ਹੈ। ਉਨ੍ਹਾਂ ਦੀਆਂ ਟਿੱਪਣੀਆਂ ਨਿਊਯਾਰਕ ਵਿੱਚ ਡੈਮੋਕ੍ਰੇਟਕਿ ਸਮਾਜਵਾਦੀ ਉਮੀਦਵਾਰਾਂ ਦੁਆਰਾ ਉੱਚ-ਪੱਧਰੀ ਪ੍ਰਾਇਮਰੀ ਜਿੱਤਾਂ ਪ੍ਰਾਪਤ ਕਰਨ ਤੋਂ ਬਾਅਦ ਆਈਆਂ ਹਨ। ਜੇਤੂ ਉਮੀਦਵਾਰਾਂ ਦਾ ਮੇਅਰ ਜ਼ੋਹਰਾਨ ਮਮਦਾਨੀ ਦੁਆਰਾ ਸਮਰਥਨ ਕੀਤਾ ਗਿਆ ਸੀ, ਜਨਿ੍ਹਾਂ ਦੇ ਆਪਣੇ ਉਭਾਰ ਨੇ ਡੈਮੋਕ੍ਰੇਟਕਿ ਰਾਜਨੀਤੀ ਵਿੱਚ ਡੈਮੋਕ੍ਰੇਟਕਿ ਸਮਾਜਵਾਦ ਦੇ ਵਧ ਰਹੇ ਪ੍ਰਭਾਵ ਨੂੰ ਉਜਾਗਰ ਕੀਤਾ ਹੈ।

## ਗ੍ਰਿਫਤਾਰੀ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਪ੍ਰਵਾਸੀ ਦੀ ਗੋਲੀ ਵੱਜਣ ਨਾਲ ਮੌਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਹਿਊਸਟਨ ਵਿੱਚ ਫੈਡਰਲ ਇਮੀਗ੍ਰੇਸ਼ਨ ਇਨਫੋਰਸਮੈਂਟ ਏਜੰਟਾਂ ਵੱਲੋਂ ਚਲਾਈ ਗੋਲੀ ਨਾਲ ਇੱਕ ਮੈਕਸੀਕਨ ਪ੍ਰਵਾਸੀ ਦੀ ਮੌਤ ਹੋ ਗਈ। ਇਹ ਜਾਣਕਾਰੀ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ ਸੀ ਈ) ਅਧਿਕਾਰੀਆਂ ਨੇ ਜਾਰੀ ਇਕ ਬਿਆਨ ਵਿੱਚ ਦਿੱਤੀ ਹੈ। ਏਜੰਸੀ ਦੇ ਬੁਲਾਰੇ ਅਨੁਸਾਰ ਮੰਗਲਵਾਰ ਨੂੰ ਸਥਾਨਕ ਸਮੇ ਅਨੁਸਾਰ ਸਵੇਰੇ 7 ਵਜੇ ਤੋਂ ਥੋੜੀ ਦੇਰ ਪਹਿਲਾਂ ਟੈਕਸਾਸ ਸ਼ਹਿਰ ਦੇ ਪੂਰਬੀ ਇਲਾਕੇ ਵਿੱਚ ਇੱਕ 'ਯੋਜਨਾਬੱਧ ਇਨਫੋਰਸਮੈਂਟ ਕਾਰਵਾਈ' ਵਿੱਚ ਲੋਰੇਂਜੋ ਸਲਗਾਡੋ ਅਰਾਓਜੋ ਨਾਮੀ ਪ੍ਰਵਾਸੀ ਨੂੰ ਆਈ ਸੀ ਈ ਏਜੰਟਾਂ ਨੇ ਉਸ ਵੇਲੇ ਗੋਲੀ ਮਾਰ ਦਿੱਤੀ ਜਦੋਂ ਉਸ ਨੇ ਗ੍ਰਿਫਤਾਰੀ ਤੋਂ ਬਚਣ ਲਈ ਭੱਜਣ ਦੀ ਕੋਸ਼ਿਸ਼ ਕੀਤੀ।


ਬੁਲਾਰੇ ਅਨੁਸਾਰ ਸਲਗਾਡੋ ਅਰਾਓਜੋ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਆਈ ਸੀ ਈ ਏਜੰਟਾਂ ਨੇ ਇਹ ਕਾਰਵਾਈ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ਾਂ 'ਤੇ ਸ਼ੁਰੂ ਕੀਤੀ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਹਮਲਾਵਰ ਮੁਹਿੰਮ ਤਹਿਤ ਕੀਤੀ ਹੈ। ਅਧਿਕਾਰੀਆਂ ਨੇ ਘਟਨਾ ਸਬੰਧੀ ਹੋਰ ਵੇਰਵੇ ਜਾਰੀ ਨਹੀਂ ਕੀਤੇ ਹਨ।

# ਸਿਹਤ ਤੇ ਸੁੰਦਰਤਾ



## ਬ੍ਰੈਸਟ ਕੈਂਸਰ ਦੀ ਜਾਂਚ ਵਿੱਚ ਝਿਜਕ ਜਾਨਲੇਵਾ: ਭਾਰਤ ਵਿੱਚ ਬਚਣ ਦੀ ਦਰ ਸਿਰਫ਼ 65%

### ✪ ਵਰਲਡ ਹੈਲਥ ਆਰਗੇਨਾਈਜੇਸ਼ਨ ਦੀ ਰਿਪੋਰਟ ਵਿੱਚ ਖੁਲਾਸਾ



ਨਵੀਂ ਦਿੱਲੀ- ਵਰਲਡ ਹੈਲਥ ਆਰਗੇਨਾਈਜੇਸ਼ਨ ਦੀ ਇੱਕ ਤਾਜ਼ਾ ਰਿਪੋਰਟ ਮੁਤਾਬਕ ਭਾਰਤ ਵਿੱਚ ਬ੍ਰੈਸਟ (ਛਾਤੀ) ਦੇ ਕੈਂਸਰ ਦੇ ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵਿੱਚ ਪਹਿਲਾਂ ਨਾਲੋਂ ਸੁਧਾਰ ਹੋਇਆ ਹੈ, ਪਰ ਵਿਕਸਤ ਅਤੇ ਅਮੀਰ ਦੇਸ਼ਾਂ ਦੇ ਮੁਕਾਬਲੇ ਇਹ ਅਜੇ ਵੀ ਬਹੁਤ ਘੱਟ ਹੈ। ਭਾਰਤ ਵਿੱਚ ਇਸ ਕੈਂਸਰ ਦੀ ਜਾਂਚ ਤੋਂ ਬਾਅਦ 3 ਵਿੱਚੋਂ ਸਿਰਫ਼ 2 ਔਰਤਾਂ (ਲਗਭਗ 65.7%) ਹੀ ਘੱਟੋ-ਘੱਟ 5 ਸਾਲ ਤੱਕ ਜੀਉਂਦੀਆਂ ਰਹਿ ਪਾਉਂਦੀਆਂ ਹਨ, ਜਦਕਿ ਵਿਸ਼ਵ ਦੀ ਔਸਤ 77.8% ਹੈ। ਦੂਜੇ ਪਾਸੇ, ਅਮਰੀਕਾ ਵਿੱਚ ਇਹ ਦਰ 88.5% ਅਤੇ ਯੂਰਪੀ ਦੇਸ਼ਾਂ ਵਿੱਚ 84% ਤੱਕ ਹੈ।

ਰਿਪੋਰਟ ਮੁਤਾਬਕ ਵੱਖ-ਵੱਖ ਦੇਸ਼ਾਂ ਦੀ ਆਰਥਿਕ ਸਥਿਤੀ ਦਾ ਅਸਰ ਮਰੀਜ਼ਾਂ ਦੇ ਬਚਣ ਦੀ ਦਰ 'ਤੇ ਸਾਫ਼ ਦੇਖਿਆ ਜਾ ਸਕਦਾ ਹੈ। ਉੱਚ ਆਮਦਨ ਵਾਲੇ ਅਮੀਰ ਦੇਸ਼ਾਂ ਵਿੱਚ ਬਚਣ ਦੀ ਦਰ 87.3% ਹੈ, ਉੱਚ-ਮੱਧ ਆਮਦਨ ਵਾਲੇ ਦੇਸ਼ਾਂ ਵਿੱਚ 78.7%, ਭਾਰਤ ਵਰਗੇ ਨਿਮਨ-ਮੱਧ ਆਮਦਨ ਵਾਲੇ ਦੇਸ਼ਾਂ ਵਿੱਚ 60.1% ਅਤੇ ਸਭ ਤੋਂ ਗ਼ਰੀਬ ਦੇਸ਼ਾਂ ਵਿੱਚ ਇਹ ਦਰ ਮਹਿਜ਼ 41.9% ਰਹਿ ਜਾਂਦੀ ਹੈ। ਸਾਲ 2024 ਵਿੱਚ ਇਸ ਬਿਮਾਰੀ ਕਾਰਨ ਦੁਨੀਆ ਭਰ ਵਿੱਚ 6.9 ਲੱਖ ਲੋਕਾਂ ਦੀ ਮੌਤ ਹੋਈ, ਜਿਨ੍ਹਾਂ ਵਿੱਚੋਂ ਲਗਭਗ 70% ਮੌਤਾਂ ਘੱਟ ਅਤੇ ਮੱਧ ਆਮਦਨ ਵਾਲੇ ਦੇਸ਼ਾਂ ਵਿੱਚ ਹੋਈਆਂ ਹਨ। ਭਾਰਤ ਵਿੱਚ 1990 ਦੇ ਦਹਾਕੇ ਦੌਰਾਨ ਬ੍ਰੈਸਟ ਕੈਂਸਰ ਤੋਂ ਬਚਣ ਦੀ ਦਰ ਮਹਿਜ਼ 31% ਤੋਂ 54% ਦੇ ਵਿਚਕਾਰ ਸੀ, ਜੋ ਕਿ ਹੁਣ ਵਧ ਕੇ ਲਗਭਗ 65% ਤੋਂ ਉੱਪਰ ਪਹੁੰਚ ਗਈ ਹੈ। ਹਾਲਾਂਕਿ, ਜਾਗਰੂਕਤਾ ਦੀ ਘਾਟ, ਸਮਾਜਿਕ ਝਿਜਕ, ਟੈਸਟ ਕਰਵਾਉਣ ਵਿੱਚ ਦੇਰੀ ਅਤੇ ਵਿੱਤੀ ਤੰਗੀ ਅਜੇ ਵੀ ਵੱਡੀਆਂ ਚੁਣੌਤੀਆਂ ਹਨ। ਇਸ ਝਿਜਕ ਕਾਰਨ ਔਰਤਾਂ ਉਦੋਂ ਡਾਕਟਰ ਕੋਲ ਪਹੁੰਚਦੀਆਂ ਹਨ ਜਦੋਂ ਕੈਂਸਰ ਆਖਰੀ ਪੜਾਅ 'ਤੇ ਪਹੁੰਚ ਚੁੱਕਾ ਹੁੰਦਾ ਹੈ। ਮਾਹਿਰਾਂ ਮੁਤਾਬਕ ਸਮੇਂ ਸਿਰ ਬਿਮਾਰੀ ਦੀ ਪਛਾਣ ਅਤੇ ਸਹੀ ਇਲਾਜ ਨਾਲ ਹੀ ਇਨ੍ਹਾਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ।

## ਵਾਲਾਂ ਦੀ ਹਰ ਸਮੱਸਿਆ ਹੋਵੇਗੀ ਦੂਰ ! ਮਹਿੰਗੇ ਪ੍ਰੋਡਕਟਸ ਛੱਡੋ ਅਤੇ ਅਪਣਾਓ ਵਾਲ ਧੋਣ ਦਾ ਇਹ 'ਜਾਪਾਨੀ ਫਾਰਮੂਲਾ'



ਨਵੀਂ ਦਿੱਲੀ-ਜਾਪਾਨ ਦੀਆਂ ਔਰਤਾਂ ਆਪਣੇ ਕੁਦਰਤੀ ਤੌਰ 'ਤੇ ਸਿਲਕੀ, ਸਮੂਥ ਅਤੇ ਸ਼ਾਈਨੀ ਵਾਲਾਂ ਲਈ ਪੂਰੀ ਦੁਨੀਆ ਵਿੱਚ ਜਾਣੀਆਂ ਜਾਂਦੀਆਂ ਹਨ। ਉਨ੍ਹਾਂ ਦੀ ਇਸ ਖ਼ੂਬਸੂਰਤੀ ਦਾ ਰਾਜ਼ ਕੋਈ ਮਹਿੰਗੇ ਪ੍ਰੋਡਕਟਸ ਨਹੀਂ, ਬਲਕਿ ਵਾਲਾਂ ਦੀ ਸਹੀ ਸਫ਼ਾਈ ਅਤੇ ਸਕੈਲਪ ਦੀ ਦੇਖਭਾਲ ਨਾਲ ਜੁੜੀ ਇੱਕ ਖ਼ਾਸ ਹੇਅਰ ਵਾਸ਼ਿੰਗ ਤਕਨੀਕ ਹੈ। ਜੇਕਰ ਤੁਹਾਡੇ ਵਾਲ ਰੁੱਖੇ, ਬੇਜਾਨ ਜਾਂ ਕਮਜ਼ੋਰ ਹੋ ਚੁੱਕੇ ਹਨ, ਤਾਂ ਤੁਸੀਂ ਵੀ ਇਸ ਜਾਪਾਨੀ ਰੂਟੀਨ ਨੂੰ ਅਪਣਾ ਕੇ ਆਪਣੇ ਵਾਲਾਂ ਨੂੰ ਅੰਦਰੋਂ ਸਿਹਤਮੰਦ ਬਣਾ ਸਕਦੇ ਹੋ। ਇਸ ਜਾਪਾਨੀ ਤਰੀਕੇ ਦੀ ਸ਼ੁਰੂਆਤ 'ਪ੍ਰੀ-ਕੌਂਬਿੰਗ' ਯਾਨੀ ਵਾਲ ਧੋਣ ਤੋਂ ਪਹਿਲਾਂ ਸੁੱਕੇ ਵਾਲਾਂ ਨੂੰ ਚੰਗੀ ਤਰ੍ਹਾਂ ਕੰਘੀ ਕਰਨ ਨਾਲ ਹੁੰਦੀ ਹੈ, ਤਾਂ ਜੋ ਗੰਢਾਂ ਖੁੱਲ੍ਹ ਸਕਣ ਅਤੇ ਖ਼ੂਨ ਦਾ ਦੌਰਾ ਬਿਹਤਰ ਹੋਵੇ। ਇਸ ਤੋਂ ਬਾਅਦ ਵਾਲਾਂ ਨੂੰ 1-2 ਮਿੰਟ ਤੱਕ ਹਲਕੇ ਗੁਣਗੁਣੇ ਪਾਣੀ ਨਾਲ ਚੰਗੀ ਤਰ੍ਹਾਂ ਭਿਓਂਇਆ ਜਾਂਦਾ ਹੈ ਤਾਂ ਜੋ ਸਕੈਲਪ ਦੇ ਰੋਮ ਖੁੱਲ੍ਹ ਜਾਣ ਅਤੇ ਗੰਦਗੀ ਢਿੱਲੀ ਪੈ ਜਾਵੇ।

ਖ਼ਾਸ ਗੱਲ ਇਹ ਹੈ ਕਿ ਇਸ ਤਕਨੀਕ ਵਿੱਚ ਸ਼ੈਂਪੂ ਨੂੰ ਸਿੱਧਾ ਸਿਰ 'ਤੇ ਪਾਉਣ ਦੀ ਬਜਾਏ ਹਥੇਲੀਆਂ ਵਿੱਚ ਪਾਣੀ ਨਾਲ ਝੱਗ ਬਣਾ ਕੇ ਲਗਾਇਆ ਜਾਂਦਾ ਹੈ ਅਤੇ 2-3 ਮਿੰਟ ਤੱਕ ਉਂਗਲਾਂ ਦੇ ਪੋਰਿਆਂ ਨਾਲ ਸਕੈਲਪ ਦੀ ਹਲਕੀ ਮਸਾਜ ਕੀਤੀ ਜਾਂਦੀ ਹੈ। ਸ਼ੈਂਪੂ ਨੂੰ ਪੂਰੀ ਤਰ੍ਹਾਂ ਸਾਫ਼ ਕਰਨ ਲਈ ਆਖ਼ਰੀ ਵਾਰ ਵਾਲਾਂ ਨੂੰ ਠੰਢੇ ਜਾਂ ਨਾਰਮਲ ਪਾਣੀ ਨਾਲ ਧੋਣਾ ਚਾਹੀਦਾ ਹੈ। ਇਸ ਤੋਂ ਬਾਅਦ ਕੰਡੀਸ਼ਨਰ ਨੂੰ ਸਿਰਫ਼ ਵਾਲਾਂ ਦੇ ਸਿਰਿਆਂ 'ਤੇ ਲਗਾਓ ਅਤੇ ਧੋ ਲਓ।


ਵਾਲਾਂ ਨੂੰ ਸੁਕਾਉਣ ਲਈ ਜਾਪਾਨੀ ਔਰਤਾਂ ਹੀਟ ਟੂਲਸ (ਜਿਵੇਂ ਡਰਾਇਰ) ਦੀ ਵਰਤੋਂ ਕਰਨ ਦੀ ਬਜਾਏ ਵਾਲਾਂ ਨੂੰ ਕੁਦਰਤੀ ਹਵਾ ਵਿੱਚ ਸੁਕਾਉਣਾ (ਏਅਰ ਡ੍ਰਾਈ) ਪਸੰਦ ਕਰਦੀਆਂ ਹਨ। ਵਾਲਾਂ ਨੂੰ ਤੌਲੀਏ ਨਾਲ ਰਗੜਨ ਦੀ ਬਜਾਏ ਹਲਕੇ ਹੱਥਾਂ ਨਾਲ ਪ੍ਰੈਸ ਕਰਨਾ ਚਾਹੀਦਾ ਹੈ ਅਤੇ ਆਖ਼ਰ ਵਿੱਚ ਨਮੀ ਬਣਾਈ ਰੱਖਣ ਲਈ ਹੇਅਰ ਸੀਰਮ ਜਾਂ ਆਰਗਨ ਆਇਲ ਦੀ ਵਰਤੋਂ ਕਰਨੀ ਚਾਹੀਦੀ ਹੈ। ਨਿਯਮਿਤ ਰੂਪ ਵਿੱਚ ਇਸ ਤਰੀਕੇ ਨੂੰ ਅਪਣਾਉਣ ਨਾਲ ਕੁਝ ਹੀ ਹਫ਼ਤਿਆਂ ਵਿੱਚ ਵਾਲ ਮਜ਼ਬੂਤ ਅਤੇ ਚਮਕਦਾਰ ਬਣ ਜਾਂਦੇ ਹਨ।

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



*ਬਘੇਲ ਨਾਲ ਮੀਟਿੰਗ ਮਗਰੋਂ ਵੀ ਕਾਂਗਰਸ 'ਚ ਰੇੜਕਾ ਬਰਕਰਾਰ- ਇਕ ਖ਼ਬਰ



-ਸਭੇ ਕੰਨ ਪੜਵਾ ਕੇ ਬੈਠ ਜਾਂਦੇ, ਮੁਸ਼ਕਿਲ ਜੋਗ ਦਾ ਤੋੜ ਚੜ੍ਹਾਉਣ ਬੇਟਾ।

*ਅਯਾਤੁੱਲਾ ਅਲੀ ਖ਼ਾਮੇਨੇਈ ਦੇ ਖ਼ੂਨ ਦਾ ਬਦਲਾ ਜ਼ਰੂਰ ਲਵਾਂਗਾ- ਮੁਜਤਬਾ ਖ਼ਾਮੇਨੇਈ



-ਵੱਢ ਕੇ ਡੋਗਰ ਨੂੰ, ਪੱਕੇ ਪੁਲ 'ਤੇ ਗੰਡਾਸੀ ਮਾਂਜੀ।

*ਇਜ਼ਰਾਈਲ ਦੇ ਮੁੱਦੇ ਉਤੇ ਮੋਦੀ ਦੀ ਚੁੱਪੀ 'ਤੇ ਕਾਂਗਰਸ ਦਾ ਤਿੱਖਾ ਹਮਲਾ- ਇਕ ਖ਼ਬਰ




-ਕੁਝ ਬੋਲ ਵੇ ਦਿਲਾਂ ਦੀ ਘੁੰਡੀ ਖੋਲ੍ਹ ਵੇ ਕਿ ਅੱਧੀ ਰਾਤੋਂ ਰਾਤ ਟੱਪ ਗਈ।

*300 ਗ੍ਰਾਮ ਹੈਰੋਇਨ ਅਤੇ ਡਰੱਗ ਮਨੀ ਸਮੇਤ ਪੁਲਿਸ ਸਬ-ਇੰਸਪੈਕਟਰ ਗ੍ਰਿਫ਼ਤਾਰ- ਇਕ ਖ਼ਬਰ



-ਉਸ ਖੇਤ 'ਤੇ ਕੀ ਬਹਾਰ ਆਉਣੀ, ਜਿੱਥੇ ਵਾੜ ਹੀ ਉਸ ਨੂੰ ਖਾਂਵਦੀ ਏ।

*ਇਰਾਨ ਨੇ ਹੋਰਮੁਜ਼ ਜਲਡਮਰੂਮੱਧ 'ਚ ਭਾਰਤੀ ਤੇਲ ਟੈਂਕਰ ਦਾ ਰਸਤਾ ਰੋਕਿਆ- ਇਕ ਖ਼ਬਰ



-ਹੱਥ ਸੋਚ ਕੇ ਗੰਦਲ ਨੂੰ ਪਾਈਂ, ਕਿਹੜੀ ਏਂ ਤੂੰ ਸਾਗ ਤੋੜਦੀ।

*ਜੰਮੂ-ਕਸ਼ਮੀਰ ਨੂੰ ਤੁਰੰਤ ਪੂਰਨ ਰਾਜ ਦਾ ਦਰਜਾ ਦਿਤਾ ਜਾਵੇ- ਫਾਰੂਕ ਅਬਦੁੱਲਾ



-ਸਾਡਾ ਹੱਕ, ਐਥੇ ਰੱਖ।

*ਪਾਕਿਸਤਾਨ ਅਤੇ ਅਰਬ ਦੇਸ਼ਾਂ ਨਾਲ ਪੰਜਾਬ ਰਾਹੀਂ ਕਿਉਂ ਨਹੀਂ ਹੋ ਸਕਦਾ ਵਪਾਰ?- ਇਕ ਸਵਾਲ

-ਜਿਸ ਬੰਦੇ ਨੂੰ ਤੁਸੀਂ ਭੁੱਖਾ ਮਾਰਨਾ ਚਾਹੁੰਦੇ ਹੋ, ਕੀ ਉਸ ਨੂੰ ਰੋਟੀ ਦਿਉਗੇ?

*ਦੋ ਦਸੰਬਰ ਦੇ ਹੁਕਨਾਮਿਆਂ ਤੋਂ ਮੁਕਰਨ ਵਾਲਿਆਂ ਵਿਰੁੱਧ ਪੰਥਕ ਇਕੱਠ ਕਿਉਂ ਨਾ ਕੀਤਾ ਗਿਆ?- ਗਿ. ਹਰਪ੍ਰੀਤ ਸਿੰਘ




-ਜਿਸ ਦੀ ਖਾਈਏ ਬਾਜਰੀ, ਉਸ ਦੀ ਭਰੀਏ ਹਾਜ਼ਰੀ।

*ਹਾਈ ਕਮਾਨ 'ਤੇ ਸਵਾਲ ਚੁੱਕਣ ਵਾਲਿਆਂ ਨੂੰ ਬਘੇਲ ਦੀ ਚਿਤਾਵਨੀ- ਇਕ ਖ਼ਬਰ



-ਆਉਂਦੀ ਜਾਂਦੀ ਨੂੰ ਘੜਾ ਚੁਕਾਉਂਦਾ, ਮਗਰੋਂ ਮਾਰਦਾ ਗੋਡਾ।

*ਗ੍ਰੀਨਲੈਂਡ ਵਿਕਾਊ ਨਹੀਂ ਹੈ- ਡੈਨਿਸ਼ ਪ੍ਰਧਾਨ ਮੰਤਰੀ



-ਰੰਗ ਮੁਸ਼ਕੀ ਦੇਖ ਕੇ ਮੇਰਾ, ਮੁੰਡਾ ਮਾਰਦਾ ਗੇੜੇ ਤੇ ਗੇੜਾ।

*ਪੰਜਾਬ ਕਾਂਗਰਸ 2027 ਦੀਆਂ ਚੋਣਾਂ ਲਈ ਤਿਆਰ- ਭੂਪੇਸ਼ ਪਟੇਲ

-ਚਲ ਚੱਲੀਏ ਵਿਸਾਖੀ ਵਾਲੇ ਮੇਲੇ, ਮੁੰਡਾ ਤੇਰਾ ਮੈਂ ਚੁੱਕ ਲਊਂ।

*ਇਸ਼ਤਿਹਾਰਾਂ 'ਤੇ ਕਰੋੜਾਂ ਫੂਕਣ ਵਾਲ਼ੀ ਸਰਕਾਰ ਕੋਲ ਕਰਮਚਾਰੀਆਂ ਲਈ ਖ਼ਜ਼ਾਨਾ ਖ਼ਾਲੀ- ਇਕ ਖ਼ਬਰ



-ਮੇਰਾ ਮੋਰਨੀ ਜਿਹੀ ਦਾ ਗਲ਼ ਖਾਲੀ, ਆਪ ਤਾਂ ਜ਼ੰਜੀਰੀ ਰੱਖਦਾ।

*ਪੰਜਾਬ ਦੇ ਮੰਤਰੀਆਂ ਅਤੇ ਵਿਧਾਇਕਾਂ ਨੇ ਪੰਜਾਬ ਭਰ 'ਚ ਕੀਤੀਆਂ ਲੋਕ ਮਿਲਣੀਆਂ- ਇਕ ਖ਼ਬਰ

-ਰੁੱਤ ਯਾਰੀਆਂ ਲਾਉਣ ਦੀ ਆਈ, ਬੇਰੀਆਂ ਦੇ ਬੇਰ ਪੱਕ ਗਏ।

*ਵਿਦਵਾਨ ਬੁਲਾਰਿਆਂ ਨੇ ਪੰਜਾਬ ਦੇ ਪਾਣੀਆਂ ਦੇ ਵਿਸ਼ੇ 'ਤੇ ਕੀਤੀ ਭਰਵੀਂ ਵਿਚਾਰ-ਚਰਚਾ- ਇਕ ਖ਼ਬਰ

-ਸੱਪ ਤਾਂ ਕਦੋਂ ਦਾ ਲੰਘ ਚੁੱਕਿਐ, ਐਵੇਂ ਜ਼ਮੀਨ 'ਤੇ ਲਾਠੀਆਂ ਮਾਰੀ ਚਲੋ।

*'ਆਪ' ਸਰਕਾਰ ਵਾਰ ਵਾਰ ਕਰਜ਼ਾ ਲੈ ਕੇ ਸੂਬੇ ਨੂੰ ਵਿਤੀ ਸੰਕਟ ਵਲ ਧੱਕ ਰਹੀ ਹੈ- ਕੇਵਲ ਸਿੰਘ ਢਿੱਲੋਂ



-ਲੌਂਗ ਘੜਾ ਦਊਂਗਾ, ਗੁੱਸਾ ਛੱਡ ਮੁਟਿਆਰੇ।

* * *

## ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਗੁਰਦੁਆਰਾ ਖਡੂਰ ਸਾਹਿਬ

### ਕੰਤ ਨਗਰ

ਰਿਆਸਤ ਬਿਹਾਰ ਦੇ ਜ਼ਿਲ੍ਹਾ ਪੁਰਾਨਿਆ ਦਾ ਇਕ ਪਿੰਡ ਕੰਤ ਨਗਰ ਹੈ। ਇਹ ਭਾਗਲਪੁਰ ਤੋਂ 15 ਕਿਲੋਮੀਟਰ ਪੂਰਬ ਵੱਲ ਸਥਿਤ ਹੈ। ਇਸ ਪਿੰਡ ਨੂੰ ਕੰਤ ਨਗਰ ਲੱਛਮੀ ਵੀ ਆਖਦੇ ਹਨ। ਇਸ ਪਿੰਡ ਵਿੱਚ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਆਏ ਹਨ। ਗੁਰੂ ਸਾਹਿਬਾਨ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਕੁਝ ਸਦੀਆਂ ਬਾਅਦ ਇਹ ਪਿੰਡ, ਇਕ ਹੜ੍ਹ ਵਿੱਚ ਦਰਿਆ ਰੋੜ੍ਹ ਕੇ ਲੈ ਗਿਆ ਸੀ। ਸਿੱਖਾਂ ਨੇ ਦੂਜੀ ਥਾਂ 'ਤੇ ਕੰਤ ਨਗਰ ਵਸਾ ਲਿਆ। ਇਹ ਪਿੰਡ ਵੀ ਇਕ ਹੋਰ ਹੜ੍ਹ ਵਿੱਚ ਰੁੜ੍ਹ ਗਿਆ। ਫਿਰ ਸਿੱਖ ਇਸ ਤੋਂ ਅੱਗੇ ਇਕ ਹੋਰ ਥਾਂ ਵੱਸ ਗਏ। ਇਹ ਬਿਹਾਰੀ ਸਿੱਖ ਆਸ-ਪਾਸ ਦੇ ਸੱਤ ਪਿੰਡਾਂ ਵਿੱਚ ਰਹਿੰਦੇ ਹਨ। ਬਹੁਤੇ ਲਕਸ਼ਮੀਪੁਰ ਰਹਿੰਦੇ ਹਨ। ਇਕ ਪੁਰਾਤਨ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਹੋਰ ਇਤਿਹਾਸਕ ਨਿਸ਼ਾਨੀਆਂ ਸਾਂਭੀਆਂ ਹੋਈਆਂ ਹਨ। ਹਰ ਪਿੰਡ ਵਿੱਚ ਵੱਖਰਾ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਹੁਣ ਸਿੱਖਾਂ ਨੇ ਪੁਰਾਣੇ ਕੰਤ ਨਗਰ ਵਿੱਚ ਨਵਾਂ ਗੁਰਦੁਆਰਾ ਸਾਹਿਬ ਉਸਾਰ ਲਿਆ ਹੈ। ਇਸ ਨੂੰ ਗੁਰਦੁਆਰਾ ਪਾਤਸ਼ਾਹੀ ਨੌਵੀਂ ਆਖਿਆ ਜਾਂਦਾ ਹੈ। ਇਸ ਗੁਰਦੁਆਰੇ ਦੀ ਸੇਵਾ-ਸੰਭਾਲ ਪਟਨਾ ਸਾਹਿਬ ਗੁਰਦੁਆਰਾ ਪ੍ਰਬੰਧਕ ਬੋਰਡ ਕਰਦਾ ਹੈ।

ਪੁਸਤਕ ਸੂਚੀ:-
1. ਦਿਲਗੀਰ, ਹਰਜਿੰਦਰ ਸਿੰਘ, ਡਾ.- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997
2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

### ਕੰਧਕੋਟ

ਪਾਕਿਸਤਾਨ ਦੇ ਜ਼ਿਲ੍ਹਾ ਜੈਕਬਆ ਬਾਦ ਵਿੱਚ ਇਕ ਤਹਿਸੀਲ ਕੰਧਕੋਟ ਆਉਂਦੀ ਹੈ। ਇਸੇ ਤਹਿਸੀਲ ਕੰਧਕੋਟ ਦੇ ਸੁਨਿਆਰ ਬਾਜ਼ਾਰ ਅੰਦਰ, ਨਾਨਕਵਾੜਾ ਮੁਹੱਲੇ ਵਿੱਚ ਇਤਿਹਾਸਕ ਅਸਥਾਨ ਗੁਰਦੁਆਰਾ ਨਾਨਕਵਾੜਾ, ਕੰਧਕੋਟ ਆਉਂਦਾ ਹੈ। ਜ਼ਿਲ੍ਹਾ ਜੈਕਬਆ ਬਾਦ ਅੱਜ ਕੱਲ੍ਹ ਸਿੰਧ ਵਿੱਚ ਆਉਂਦਾ ਹੈ। ਇਸ ਅਸਥਾਨ ਨੂੰ ਨਾਨਕ ਦਰਬਾਰ ਕਰਕੇ ਵੀ ਯਾਦ ਕੀਤਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਸਿੰਧ ਦੀ ਫੇਰੀ ਸਮੇ ਇਥੇ ਆਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅੱਜ ਕੱਲ੍ਹ ਵੀ ਹੁੰਦਾ ਹੈ। ਇਸ ਗੁਰਦੁਆਰੇ ਦੀ ਸੇਵਾ-ਸੰਭਾਲ ਭਾਈ ਧੰਨਾ ਸਿੰਘ ਕਰਦੇ ਹਨ। ਦਰਬਾਰ ਦੇ ਨਾਲ ਕੁਝ ਮੰਦਰ ਵੀ ਉਸਾਰੇ ਗਏ ਹਨ, ਜੋ ਸਿੰਧੀਆਂ ਨੇ ਬਣਵਾਏ ਹਨ। ਵਿਸਾਖੀ ਅਤੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਭਾਰੀ ਦੀਵਾਨ ਸਜਦਾ ਹੈ। ਇਥੇ ਹਜ਼ਾਰਾਂ ਵਿੱਚ ਗੁਰੂ ਨਾਨਕ ਨਾਮ ਲੇਵਾ ਮੌਜੂਦ ਹਨ। ਦਰਬਾਰ ਦੋ ਮੰਜ਼ਲਾ ਖੂਬਸੂਰਤ ਬਣਿਆ ਹੋਇਆ ਹੈ। ਬਾਹਰ ਮੁੱਖ ਦਰਵਾਜੇ ਦੀ ਡਿਉਢੀ 23 ਮਾਰਚ 1966 ਵਿੱਚ ਬਣੀ ਹੈ। ਜਿਸ ਦੀ ਗਵਾਹੀ ਡਿਉਢੀ ਉਪਰ ਲਿਖੀ ਤਾਰੀਕ ਦੱਸਦੀ ਹੈ। ਤਾਰੀਕ ਦੇ ਹੇਠਾਂ ਅੰਗ੍ਰੇਜ਼ੀ ਵਿੱਚ-Guru Nanak Darbar K-Kot ਲਿਖਿਆ ਹੋਇਆ ਹੈ। ਡਿਉਢੀ ਨੂੰ ਰੰਗ-ਬਿਰੰਗੀ ਚਿੱਤਰਕਾਰੀ ਹੋਈ ਹੈ।

ਪੁਸਤਕ ਸੂਚੀ:-
1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998
2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

### ਖਟਕੜ

ਹਰਿਆਣਾ ਰਿਆਸਤ ਦੇ ਜੀਂਦ ਵਿੱਚ ਆਉਂਦਾ ਇਕ ਪਿੰਡ ਖਟਕੜ ਹੈ, ਜੋ ਜੀਂਦ ਤੋਂ 8 ਕਿਲੋਮੀਟਰ ਦੂਰ ਉੱਤਰ-ਪੱਛਮ ਵੱਲ ਹੈ। ਜੀਂਦ ਦਾ ਅਕਸ਼ਾਂਸ਼ 290-18 ਅਤੇ ਰੇਖਾਂਸ਼ ਦੇਸ਼ਾਂਤਰ 760-19 ਹੈ। ਗੁਰੂ ਤੇਗ ਬਹਾਦਰ ਸਾਹਿਬ ਧਮਧਾਨ ਤੋਂ ਜੀਂਦ ਜਾਣ ਸਮੇਂ ਇਸ ਪਿੰਡ ਵਿੱਚ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਣਿਆ ਹੋਇਆ ਹੈ।

ਖਟਕੜ ਪਿੰਡ ਦੇ ਚੌਧਰੀ ਡੱਲ ਨੇ ਚੋਰਾਂ ਨੂੰ ਗੁਰੂ ਸਾਹਿਬ ਦੇ ਘੋੜੇ ਚੁਰਾਉਣ ਲਈ ਭੇਜਿਆ ਜੋ ਅੰਨ੍ਹੇ ਹੋ ਗਏ। ਚੋਰ ਅਤੇ ਡੱਲ, ਪਛਤਾ ਕੇ ਗੁਰੂ ਸਾਹਿਬ ਦੀ ਸ਼ਰਨ ਆਏ ਅਤੇ ਗੁਰਸਿੱਖੀ ਦੇ ਕੁਟੰਭ ਵਿੱਚ ਸ਼ਾਮਿਲ ਹੋ ਕੇ, ਸਦਾ ਲਈ ਕੁਕਰਮਾਂ ਦਾ ਤਿਆਗ ਕੀਤਾ। ਇਸ ਪਿੰਡ ਦਾ ਪਾਣੀ ਬੜਾ ਖਾਰਾ ਸੀ। ਗੁਰੂ ਸਾਹਿਬ ਨੇ ਪਿੰਡ ਵਾਸੀਆਂ ਦੀ ਬੇਨਤੀ 'ਤੇ ਨਵੇਂ ਖੂਹ ਦੀ ਨਿਸ਼ਾਨਦੇਹੀ ਕੀਤੀ ਅਤੇ ਖੂਹ ਦਾ ਪਾਣੀ ਬਹੁਤ ਮਿੱਠਾ ਨਿਕਲਿਆ, ਜਿਸ ਤੋਂ ਸਭ ਪਿੰਡ ਵਾਸੀ ਪ੍ਰਸੰਨ ਹੋਏ। ਗੁਰਦੁਆਰੇ ਨਾਲ 125 ਏਕੜ ਜ਼ਮੀਨ ਪਿੰਡ ਵੱਲੋਂ ਜਗੀਰ ਵਜੋਂ ਲੱਗੀ ਹੋਈ ਹੈ।

ਗੁਰਦੁਆਰਾ ਸਾਹਿਬ ਛੋਟਾ ਜਿਹਾ ਗੁੰਬਦਦਾਰ ਕਮਰੇ ਆਕਾਰ ਦਾ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹੈ। ਇਹੋ ਕਮੇਟੀ ਗ੍ਰੰਥੀ ਸਿੰਘਾਂ ਦੀ ਨਿਯੁਕਤੀ ਕਰਦੀ ਹੈ, ਜੋ ਗੁਰਦੁਆਰਾ ਸਾਹਿਬ ਦੀ ਸੇਵਾ ਅਤੇ ਜ਼ਮੀਨ ਆਦਿ ਦੀ ਨਿਗਰਾਨੀ ਕਰਦਾ ਹੈ। ਪਿੰਡ ਵਿੱਚ ਸਿੱਖ ਆਬਾਦੀ ਬਹੁਤ ਹੀ ਘੱਟ ਹੈ।

ਪੁਸਤਕ ਸੂਚੀ:-
1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
3. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
4. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।

### ਖਡੂਰ ਸਾਹਿਬ

ਪੰਜਾਬ ਦੇ ਪਹਿਲਾਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਅੱਜ-ਕੱਲ੍ਹ ਜ਼ਿਲ੍ਹਾ ਤਰਨਤਾਰਨ ਵਿੱਚ ਇਕ ਪੁਰਾਤਨ ਪਿੰਡ ਖਡੂਰ ਸਾਹਿਬ ਹੈ। ਇਹ ਪਿੰਡ ਤਰਨਤਾਰਨ ਦੇ ਪੂਰਬ ਵੱਲ 19 ਕਿਲੋਮੀਟਰ ਦੂਰ ਹੈ। ਤਰਨ-ਤਾਰਨ ਦਾ ਅਕਸ਼ਾਂਸ਼ 310-27 ਅਤੇ ਰੇਖਾਂਸ਼ ਦੇਸ਼ਾਂਤਰ 740-56 ਹੈ।

ਗੁਰੂ ਨਾਨਕ ਸਾਹਿਬ, ਇਕ ਵੇਰ ਆਪਣੇ ਸਿੱਖ ਭਾਈ ਜੋਧਾ ਨੂੰ ਮਿਲਣ, ਇਸ ਪਿੰਡ ਆਏ ਸਨ। ਗੁਰੂ ਅੰਗਦ ਸਾਹਿਬ ਦੇ ਪਿਤਾ ਬਾਬਾ ਫੇਰੂ ਜੀ ਵੀ ਆਪਣੀ ਪੁਸ਼ਤੈਨੀ ਧਰਤੀ ਮਤੇ ਦੀ ਸਰਾਂ ਛੱਡ ਕੇ ਖਡੂਰ ਵਿੱਚ ਰਹਿਣ ਲੱਗ ਪਏ ਸਨ। ਇਸੇ ਹੀ ਪਿੰਡ ਵਿੱਚ ਬਾਬਾ ਫੇਰੂ ਜੀ ਦੀ ਭੈਣ ਅਤੇ ਬੇਟੇ ਭਾਈ ਲਹਿਣਾ (ਬਾਅਦ ਵਿੱਚ ਗੁਰੂ ਅੰਗਦ ਸਾਹਿਬ) ਦਾ ਵਿਆਹ 1519 ਵਿੱਚ ਹੋਇਆ ਸੀ। ਭਾਈ ਲਹਿਣਾ ਜੀ ਨੂੰ ਜਦੋਂ ਦੂਜਾ ਨਾਨਕ (ਗੁਰੂ ਅੰਗਦ ਸਾਹਿਬ) 1539 ਵਿੱਚ ਗੁਰਗੱਦੀ ਦਿੱਤੀ ਗਈ ਤੇ ਉਨ੍ਹਾਂ ਖਡੂਰ ਸਾਹਿਬ ਨੂੰ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਬਣਾਇਆ। ਗੁਰੂ ਸਾਹਿਬ ਇਸੇ ਪਿੰਡ 1552 ਤੱਕ ਰਹੇ। ਇਥੇ ਹੀ ਖਡੂਰ ਸਾਹਿਬ ਵਿੱਚ (ਗੁਰੂ) ਅਮਰਦਾਸ (ਸਾਹਿਬ) ਸ਼ਰਧਾਲੂ ਬਣ ਕੇ ਸੇਵਾ ਕਰਦੇ ਰਹੇ ਅਤੇ ਬਾਅਦ ਵਿੱਚ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ। ਖਡੂਰ ਸਾਹਿਬ ਵਿੱਚ ਹੇਠ ਲਿਖੇ ਇਤਿਹਾਸਕ ਅਸਥਾਨ ਹਨ।

**1. ਗੁਰਦੁਆਰਾ ਤਪਿਆਨਾ ਸਾਹਿਬ :**

ਇਹ ਗੁਰਦੁਆਰਾ ਪਿੰਡ ਦੇ ਉੱਤਰ ਵੱਲ 250 ਮੀਟਰ ਦੂਰ ਹੈ। ਮੁਕਾਮੀ ਰਿਵਾਇਤ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਭਾਈ ਬਾਲਾ ਅਤੇ ਭਾਈ ਮਰਦਾਨਾ ਨਾਲ ਇਥੇ ਸੰਗਤਾਂ ਨੂੰ ਉਪਦੇਸ਼ ਦਿੱਤਾ ਸੀ। ਇਥੇ ਹੀ ਬਾਅਦ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਜਨਮ ਸਾਖੀ, ਭਾਈ ਬਾਲੇ ਦੇ ਕਹਿਣ 'ਤੇ ਲਿਖੀ ਗਈ। ਗੁਰਦੁਆਰੇ ਦੇ ਨਾਲ ਹੀ ਇਕ ਛੋਟਾ ਜਿਹਾ ਬੜ੍ਹਾ ਬਣਿਆ ਹੋਇਆ ਹੈ, ਜੋ ਤਲਾਬ ਦੇ ਕੰਢੇ 'ਤੇ ਸਥਿਤ ਹੈ। ਇਹੋ ਭਾਈ ਬਾਲੇ ਦੀ ਸਮਾਧ ਹੈ। ਗੁਰ-ਦੁਆਰੇ ਅੰਦਰ ਇਕ ਮੁਰੱਬਾ ਹਾਲ ਹੈ, ਜਿਸ ਵਿੱਚ ਸੰਗਮਰਮਰ ਦਾ ਪ੍ਰਕਾਸ਼ ਅਸਥਾਨ ਸੁਸ਼ੋਭਿਤ ਹੈ। ਹਾਲ ਦੇ ਉਪਰ ਕੰਵਲ ਗੁੰਬਦ ਅਤੇ ਸੁਨਹਿਰੀ ਕਲਸ ਲੱਗਾ ਹੋਇਆ ਹੈ। ਹਾਲ ਦੇ ਸਾਹਮਣੇ ਇਕ ਏਕੜ ਇੱਟਾਂ ਦੀ ਦੀਵਾਰ ਦੇ ਅਹਾਤੇ ਅੰਦਰ ਸਰੋਵਰ ਬਣਿਆ ਹੋਇਆ ਹੈ।

**2. ਗੁਰਦੁਆਰਾ ਤਪ ਅਸਥਾਨ ਗੁਰੂ ਅੰਗਦ ਸਾਹਿਬ :**

ਗੁਰਦੁਆਰਾ ਤਪਿਆਨਾ ਸਾਹਿਬ ਦੇ ਸਾਹਮਣੇ ਉਹ ਚਬੂਤਰਾ ਹੈ, ਜਿਥੇ ਗੁਰੂ ਅੰਗਦ ਸਾਹਿਬ ਪਾਠ ਕੀਤਾ ਕਰਦੇ ਸਨ। ਇਸ ਗੁਰਦੁਆਰੇ ਵਿੱਚ ਮੁਰੱਬਾ ਹਾਲ ਗੁੰਬਦਨੁਮਾ ਹੈ। ਕੇਂਦਰੀ ਗੁੰਬਦ ਉਪਰ ਸੁਨਹਿਰੀ ਕਲਸ ਲੱਗਾ ਹੋਇਆ ਹੈ, ਜਿਸ ਉਪਰ ਦੋਧਾਰੀ ਖੰਡਾ ਨਜ਼ਰੀਂ ਪੈਂਦਾ ਹੈ।


**3. ਗੁਰਦੁਆਰਾ ਦਰਬਾਰ ਸਾਹਿਬ, ਅੰਗੀਠਾ ਸਾਹਿਬ :**

ਇਹ ਉਹ ਥਾਂ ਹੈ, ਜਿਥੇ ਗੁਰੂ ਅੰਗਦ ਸਾਹਿਬ ਦਾ ਸਸਕਾਰ ਕੀਤਾ ਗਿਆ ਸੀ। ਇਸ ਗੁਰਦੁਆਰੇ ਅੰਦਰ ਪ੍ਰਕਾਸ਼ ਅਸਥਾਨ ਮੁਰੱਬਾ ਆਕਾਰ ਦਾ ਹੈ ਅਤੇ ਸਾਹਮਣੇ ਹਾਲ ਹੈ। ਪ੍ਰਕਾਸ਼ ਅਸਥਾਨ ਦੇ ਆਸ-ਪਾਸ ਗੋਲ ਪਰਿਕਰਮਾਂ ਦੀ ਥਾਂ ਬਣੀ ਹੈ। ਇਸ ਦੇ ਨਾਲ ਹੀ ਮੁਰੱਬਾ ਆਕਾਰ ਦਾ ਗੁੰਬਦ ਬਣਿਆ ਹੈ, ਜਿਸ ਨੂੰ ਕਿਲ੍ਹਾ ਸਾਹਿਬ ਆਖਿਆ ਜਾਂਦਾ ਹੈ। ਇਹ ਉਹ ਹੀ ਕਿੱਲਾ ਹੈ ਜੋ ਬਾਅਦ ਵਿੱਚ ਕਰੀਰ ਦਾ ਦਰਖ਼ਤ ਬਣਿਆ, ਜਿਸ ਨਾਲ ਗੁਰੂ ਅਮਰਦਾਸ ਜੀ, ਗੁਰੂ ਅੰਗਦ ਸਾਹਿਬ ਜੀ ਦੇ ਇਸ਼ਨਾਨ ਲਈ ਗਾਗਰ ਲੈ ਕੇ ਆਉਂਦੇ ਠੋਕਰ ਖਾ ਕੇ ਡਿੱਗ ਪਏ ਸਨ। ਡਿਉਢੀ ਸਾਹਮਣੇ ਹੀ ਉਹ ਖੂਹ ਹੈ, ਜਿਸ ਨੂੰ ਬੀਬੀ ਅਮਰੋ ਜੀ ਦਾ ਖੂਹ ਆਖਿਕਆ ਜਾਂਦਾ ਹੈ। ਬੀਬੀ ਅਮਰੋ ਜੀ ਗੁਰੂ ਅੰਗਦ ਸਾਹਿਬ ਦੀ ਸਪੁੱਤਰੀ ਸਨ, ਜਿਨ੍ਹਾਂ ਦੇ ਸ਼ਬਦ ਉਚਾਰਨ ਕਾਰਨ ਹੀ ਬਾਬਾ ਅਮਰਦਾਸ ਜੀ, ਗੁਰੂ ਅੰਗਦ ਸਾਹਿਬ ਦੇ ਚਰਨੀਂ ਲੱਗੇ। ਗੁਰੂ ਅੰਗਦ ਸਾਹਿਬ, ਖਡੂਰ ਸਾਹਿਬ ਵਿੱਚ 13 ਸਾਲ (1539-52) ਤੱਕ ਰਹੇ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਸ਼ੇਰੇ ਪੰਜਾਬ ਸਰਦਾਰ ਰਣਜੀਤ ਸਿੰਘ ਦਾ ਰਾਜ ਨਹੀਂ ਸੀ, ਰਾਜ ਸਰਕਾਰ-ਏ-ਖ਼ਾਲਸਾ ਦਾ ਸੀ 1849 ਤੋਂ ਪਹਿਲਾਂ ਦੇਸ ਪੰਜਾਬ ਮੌਜੂਦਾ ਭਾਰਤ ਦੇਸ਼ ਦਾ ਅੰਗ ਨਹੀਂ ਸੀ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477





**ਪ੍ਰਚੱਲਤ ਰਿਵਾਜ ਵਿਰੁੱਧ ਰਣਜੀਤ ਸਿੰਘ ਨੇ ਆਪਣੇ ਨਾਂਅ ਦੇ ਸਿੱਕੇ ਨਹੀਂ ਚਲਾਏ, ਸਗੋਂ ਉਸ ਦੇ ਸਿੱਕਿਆਂ ਉੱਤੇ ਗੁਰੂ ਨਾਨਕ ਸਾਹਿਬ ਦਾ ਨਾਂਅ ਹੁੰਦਾ ਸੀ, ਉਸ ਨੇ ਨਾਨਕਸ਼ਾਹੀ ਰੁਪਏ ਅਤੇ ਨਾਨਕਸ਼ਾਹੀ ਮੋਹਰਾਂ ਚਲਾਈਆਂ । ਇਨ੍ਹਾਂ ਸਿੱਕਿਆਂ 'ਤੇ ਇਕ ਪਾਸੇ ਗੁਰੂ ਨਾਨਕ ਸਾਹਿਬ ਦੀ ਤਸਵੀਰ ਸੀ, ਦੂਜੇ ਪਾਸੇ ਸਿੱਕਾ ਬਣਾਉਣ ਦਾ ਸਾਲ । ਰਣਜੀਤ ਸਿੰਘ ਸਦਾ ਹੀ ਆਪਣੇ ਆਪ ਨੂੰ ਖ਼ਾਲਸਾ ਪੰਥ ਦਾ ਦਾਸ ਸਮਝਦਾ ਰਿਹਾ । ਇਕ ਵਾਰੀ ਪ੍ਰਧਾਨ ਮੰਤਰੀ ਧਿਆਨ ਸਿੰਘ ਨੇ ਰਣਜੀਤ ਸਿੰਘ ਨੂੰ ਕਿਹਾ ਕਿ ਉਨ੍ਹਾਂ ਦਾ ਹਾਕਮ ਹੈ ਤੇ ਉਸ ਨੂੰ ਨਿਮਾਣੇ ਜਿਹੇ ਦਾਸਾਂ ਦੀ ਤਰ੍ਹਾਂ ਆਪਣੇ ਲੱਕ ਦੇ ਦੁਆਲੇ ਪੱਟਕਾ ਨਹੀਂ ਬੰਨ੍ਹਣਾ ਚਾਹੀਦਾ ।**



ਗੁਰੂ ਨੂੰ ਪਿੱਠ ਦੇ ਕੇ ਅਤੇ ਪੰਥ ਦਾ ਸਾਥ ਛੱਡ ਕੇ ਭਾਜਪਾ ਵਿੱਚ ਸ਼ਾਮਿਲ ਹੋਏ ਸਿੱਖਾਂ ਕੋਲੋਂ ਭਾਜਪਾ ਸਿਧਾਂਤ ਹੀਣ ਪ੍ਰਾਪੇਗੰਡਾ ਕਰਵਾ ਰਹੇ ਹਨ ਕਿ ਪੰਜਾਬ ਵਿੱਚ ਭਾਜਪਾ ਰਣਜੀਤ ਸਿੰਘ ਵਰਗਾ ਰਾਜ ਲਿਆਵੇਗੀ। ਹੁਣ ਤਾਂ ਸਰਦਾਰ ਰਣਜੀਤ ਸਿੰਘ ਦੀ ਫੋਟੋ ਦੇ ਨਾਲ ਵੋਟਾਂ ਨਾਲ ਚੁਣੇ ਹੋਏ ਭਾਜਪਾ ਦੇ ਨੇਤਾ ਸ੍ਰੀ ਨਰਿੰਦਰ ਮੋਦੀ ਦੀ ਫੋਟੋ ਵੀ ਲੱਗਣੀ ਸ਼ੁਰੂ ਹੋ ਗਈ ਹੈ। ਹੱਥਲੇ ਲੇਖ ਵਿੱਚ ਅਸੀਂ ਤਿੰਨ ਜਰੂਰੀ ਨੁਕਤਿਆਂ 'ਤੇ ਟੂਕ ਮਾਤਰ ਵਿਚਾਰ ਚਰਚਾ ਕਰਾਂਗੇ, ਟੂਕ ਮਾਤਰ ਦਾਸ ਨੇ ਤਾਂ ਲਿਖਿਆ ਹੈ ਕਿ - 1469 ਤੋਂ 1699, ਤੇ 1699 ਤੋਂ 1799 ਤੱਕ ਅਤੇ 1801 ਦੀ ਵੈਸਾਖੀ ਵਾਲੇ ਦਿਨ ਸ਼ੇਰ-ਏ-ਪੰਜਾਬ ਸਰਦਾਰ ਰਣਜੀਤ ਸਿੰਘ ਦੀ ਅਗਵਾਈ ਵਿੱਚ ਸਰਕਾਰ-ਏ-ਖ਼ਾਲਸਾ, ਖਾਲਸਾ ਰਾਜ, ਦੇ ਰਾਜਕਾਲ ਵਾਸਤੇ ਨਾਨਕ ਸ਼ਾਹੀ ਸਿੱਕਾ ਚਾਲੂ ਕਰਨ ਵੇਲੇ ਦੀਆਂ ਸਾਰੀਆਂ ਇਤਿਹਾਸਕ ਘਟਨਾਵਾਂ ਨੂੰ ਇਕ ਲੇਖ ਵਿੱਚ ਤਾਂ ਬਿਆਨ ਨਹੀਂ ਕੀਤਾ ਜਾ ਸਕਦਾ। ਇਥੇ ਇਹ ਵੀ ਜਿਕਰਯੋਗ ਹੈ ਕਿ 1801 ਤੋਂ 1849 ਤੱਕ ਨਾਨਕ ਦੇ ਨਾਂਅ ਦਾ ਸਿੱਕਾ ਚੱਲਿਆ, ਕਿਉਂਕਿ, "ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ।" (ਅੰਕ 966 ਸ੍ਰੀ ਗੁਰੂ ਗ੍ਰੰਥ ਸਾਹਿਬ) ਭਾਵ ਮਾਰਿਆ ਸਿੱਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ (ਮੁਕਤ ਪੰਥ) ਚਲਾਇਆ।

ਪਹਿਲਾ ਨੁਕਤਾ ਇਹ ਹੈ ਕਿ, A short history of the Sikhs, 1469 ਤੋਂ 1765, ਲੇਖਕ ਪ੍ਰਿੰ: ਤੇਜਾ ਸਿੰਘ, ਡਾ: ਗੰਡਾ ਸਿੰਘ ਅਤੇ ਸੋਹਣ ਸਿੰਘ ਸੀਤਲ ਤੋਂ ਲੈ ਕੇ ਡਾ: ਸੁਖਦਿਆਲ ਸਿੰਘ ਇਤਿਹਾਸਕਾਰਾਂ ਨੇ ਮੰਨਿਆ ਹੈ ਕਿ 1765 ਤੱਕ ਪੰਜਾਬ ਉੱਤੇ ਸਿੱਖ ਮਿਸਲਾਂ ਦਾ ਰਾਜ ਹੋ ਗਿਆ ਸੀ। 1799 ਨੂੰ ਪੰਜਾਬ ਦੇ ਸਿੱਖਾਂ-ਹਿੰਦੂਆਂ ਤੇ ਮੁਸਲਮਾਨਾਂ ਨੇ ਸਰਬ ਸੰਮਤੀ ਨਾਲ ਸ਼ੁਕਰਚਕੀਆ ਮਿਸਲ ਦੇ ਸਰਦਾਰ ਰਣਜੀਤ ਸਿੰਘ ਨੂੰ ਆਪਣਾ ਤੱਤਕਾਲੀਨ ਰਾਜਸੀ ਨੇਤਾ ਪ੍ਰਵਾਨ ਕੀਤਾ ਸੀ, ਪਰ ਅਜੋਕੇ ਵੋਟ-ਤੰਤਰ ਰਾਜ ਵਾਂਗ ਵੋਟਾਂ ਪਾ ਕੇ ਉਸ ਨੂੰ ਆਪਣਾ ਨੇਤਾ ਨਹੀਂ ਸੀ ਮੰਨਿਆ ਤੇ ਨਾ ਹੀ ਉਸ ਨੇ ਅਜੋਕੇ ਵੋਟਾਂ ਨਾਲ ਚੁਣੇ ਹੋਏ ਭਾਜਪਾ ਦੇ ਨੇਤਾਵਾਂ ਵਾਂਗ ਘੱਟ-ਗਿਣਤੀ ਕੌਮਾਂ ਉੱਤੇ ਅਤਿਆਚਾਰ ਕੀਤੇ ਸਨ, ਸਗੋਂ ਹਿੰਦੂ ਮੁਸਲਮਾਨਾਂ ਨੂੰ ਸਿੱਖਾਂ ਨਾਲੋਂ ਵੀ ਵੱਧ ਸਤਿਕਾਰ ਦਿੱਤਾ। ਹੁਣ ਇਹ ਵੀ ਸੁਆਲ ਪੈਦਾ ਹੁੰਦਾ ਹੈ ਕਿ ਕੀ ਅੱਜ ਭਾਜਪਾ ਵੀ ਸਿੱਖਾਂ ਤੇ ਮੁਸਲਮਾਨਾਂ ਨਾਲ ਉਹੋ ਜਿਹਾ ਹੀ ਵਿਵਹਾਰ ਕਰਦੀ ਹੈ ਜੇਹੋ ਜਿਹਾ ਸਰਦਾਰ ਰਣਜੀਤ ਸਿੰਘ ਨੇ ਹਿੰਦੂਆਂ ਨਾਲ ਕੀਤਾ ਸੀ।

ਦੂਸਰਾ ਨੁਕਤਾ ਇਹ ਹੈ ਰਾਜ ਰਣਜੀਤ ਸਿੰਘ ਦਾ ਨਹੀਂ, ਰਾਜ, ਸਰਕਾਰ-ਏ-ਖ਼ਾਲਸਾ ਦਾ ਸੀ। ਸਿਰਦਾਰ ਕਪੂਰ ਸਿੰਘ ਨੇ, ਸਰਕਾਰ-ਏ-ਖ਼ਾਲਸਾ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਵਿੱਚ ਕੀਤੀ ਹੈ, Peoples Republic led by Khalsa ਭਾਵ-ਖ਼ਾਲਸੇ ਦੀ ਅਗਵਾਈ ਵਿੱਚ ਲੋਕਾਂ ਦਾ ਗਣਰਾਜ। ਪ੍ਰਚੱਲਤ ਰਿਵਾਜ ਵਿਰੁੱਧ ਰਣਜੀਤ ਸਿੰਘ ਨੇ ਆਪਣੇ ਨਾਂਅ ਦੇ ਸਿੱਕੇ ਨਹੀਂ ਚਲਾਏ, ਸਗੋਂ ਉਸ ਦੇ ਸਿੱਕਿਆਂ ਉੱਤੇ ਗੁਰੂ ਨਾਨਕ ਸਾਹਿਬ ਦਾ ਨਾਂਅ ਹੁੰਦਾ ਸੀ, ਉਸ ਨੇ ਨਾਨਕਸ਼ਾਹੀ ਰੁਪਏ ਅਤੇ ਨਾਨਕਸ਼ਾਹੀ ਮੋਹਰਾਂ ਚਲਾਈਆਂ। ਇਨ੍ਹਾਂ ਸਿੱਕਿਆਂ 'ਤੇ ਇਕ ਪਾਸੇ ਗੁਰੂ ਨਾਨਕ ਸਾਹਿਬ ਦੀ ਤਸਵੀਰ ਸੀ, ਦੂਜੇ ਪਾਸੇ ਸਿੱਕਾ ਬਣਾਉਣ ਦਾ ਸਾਲ। ਰਣਜੀਤ ਸਿੰਘ ਸਦਾ ਹੀ ਆਪਣੇ ਆਪ ਨੂੰ ਖ਼ਾਲਸਾ ਪੰਥ ਦਾ ਦਾਸ ਸਮਝਦਾ ਰਿਹਾ। ਇਕ ਵਾਰੀ ਪ੍ਰਧਾਨ ਮੰਤਰੀ ਧਿਆਨ ਸਿੰਘ ਨੇ ਰਣਜੀਤ ਸਿੰਘ ਨੂੰ ਕਿਹਾ ਕਿ ਉਨ੍ਹਾਂ ਦਾ ਹਾਕਮ ਹੈ ਤੇ ਉਸ ਨੂੰ ਨਿਮਾਣੇ ਜਿਹੇ ਦਾਸਾਂ ਦੀ ਤਰ੍ਹਾਂ ਆਪਣੇ ਲੱਕ ਦੇ ਦੁਆਲੇ ਪੱਟਕਾ ਨਹੀਂ ਬੰਨ੍ਹਣਾ ਚਾਹੀਦਾ। ਰਣਜੀਤ ਸਿੰਘ ਨੇ ਪੁੱਛਿਆ ਕਿ ਰਾਜ ਵਿੱਚ ਸਿੱਕਾ ਕਿਸ ਦੇ ਨਾਂਅ ਦਾ ਚੱਲਦਾ ਹੈ। ਧਿਆਨ ਸਿੰਘ ਨੇ ਜੁਆਬ ਦਿੱਤਾ, ਗੁਰੂ ਨਾਨਕ ਦੇ ਨਾਂਅ ਦਾ। ਤਾ ਅੱਗਿਉਂ ਸ: ਰਣਜੀਤ ਸਿੰਘ ਨੇ ਹੱਸਕੇ ਕਿਹਾ ਕਿ ਹਾਕਮ ਉਹ ਹੈ ਜਿਸ ਦੇ ਨਾਂਅ ਦਾ ਸਿੱਕਾ ਚੱਲਦਾ ਹੈ। ਰਣਜੀਤ ਸਿੰਘ ਆਪਣੇ ਉਸ ਹਾਕਮ ਗੁਰੂ ਦਾ ਨਿਮਾਣਾ ਜਿਹਾ ਦਾਸ ਹੈ। ਰਣਜੀਤ ਸਿੰਘ ਨੇ ਨਾ ਤਾਂ ਆਪਣੇ ਨਾਂਅ ਅਤੇ ਨਾ ਹੀ ਆਪਣੇ ਖਾਨਦਾਨ ਜਾਂ ਮਿਸਲ ਦੇ ਨਾਂਅ 'ਤੇ ਰਾਜ ਕੀਤਾ। ਉਸ ਨੇ ਆਪਣੀ ਰਾਜ ਸੱਤਾ ਸਰਕਾਰ-ਏ-ਖ਼ਾਲਸਾ ਦੇ ਨਾਂਅ 'ਤੇ ਹੀ ਵਰਤੀ ਸੀ। ਰਣਜੀਤ ਸਿੰਘ ਮੁੱਢਲੇ ਦਿਨਾਂ ਵਿੱਚ ਸਿੰਘ ਸਾਹਿਬ ਦੇ ਨਾਂਅ ਉੱਤੇ ਬੁਲਾਏ ਜਾਣ ਨੂੰ ਪਸੰਦ ਕਰਦਾ ਸੀ, ਵਡੇਰੀ ਉਮਰ ਦੇ ਸਿੱਖ ਸਰਦਾਰ ਰਣਜੀਤ ਸਿੰਘ ਨੂੰ ਅਕਸਰ ਭਾਈ ਸਾਹਿਬ ਕਹਿਕੇ ਬੁਲਾਉਂਦੇ ਸਨ। ਉਹ ਸਦਾ ਮਹਿਸੂਸ ਕਰਦਾ ਸੀ ਕਿ ਉਸ ਨੂੰ ਗੁਰੂ ਨਾਨਕ ਦੀ ਮਿਹਰ ਸਦਕਾ ਹੀ ਰਾਜ ਪ੍ਰਾਪਤ ਹੋਇਆ ਹੈ। ਉਹ ਆਪਣੇ ਆਪ ਨੂੰ ਪੰਥ ਦਾ ਅਤੇ ਗੁਰੂ ਘਰ ਦਾ ਕੂਕਰ ਸਮਝਦਾ ਸੀ ਅਤੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦਾ ਰਣਜੀਤ ਨਗਾਰਾ ਕਹਿੰਦਾ ਹੁੰਦਾ ਸੀ। ਸਾਹਿਬਜ਼ਾਦਿਆਂ ਨੂੰ ਖ਼ਾਲਸਾ ਦੇ ਨਾਂਅ ਨਾਲ ਪੁਕਾਰਿਆ ਜਾਂਦਾ ਸੀ। ਜਿਵੇਂ ਖ਼ਾਲਸਾ ਖੜਕ ਸਿੰਘ, ਖ਼ਾਲਸਾ ਸ਼ੇਰ ਸਿੰਘ ਅਤੇ ਖ਼ਾਲਸਾ ਨੌਨਿਹਾਲ ਸਿੰਘ। ਇਸ ਤੋਂ ਪਤਾ ਲੱਗਦਾ ਹੈ ਉਸ ਨੂੰ ਖ਼ਾਲਸਾ ਪੰਥ ਨਾਲ ਕਿੰਨਾ ਲਗਾਉ ਸੀ। ਰਣਜੀਤ ਸਿੰਘ ਆਪਣੀ ਸਰਕਾਰ ਲਈ ਸਦਾ ਖ਼ਾਲਸਾ ਜੀਓ ਜਾਂ ਸਰਕਾਰੇ ਖ਼ਾਲਸਾ ਦੀ ਵਰਤੋਂ ਕਰਦਾ ਸੀ। ਕਿਉਂਕਿ ਉਹ ਸਮਝਦਾ ਸੀ ਕਿ ਉਸ ਨੂੰ ਰਾਜ ਦੀ ਸਾਰੀ ਸ਼ਕਤੀ ਖ਼ਾਲਸੇ ਤੋਂ ਹੀ ਪ੍ਰਾਪਤ ਹੋਈ ਸੀ। ਉਸ ਦੀ ਸਾਰੀ ਸਰਕਾਰੀ ਖਤੋ-ਕਿਤਾਬਤ ਖ਼ਾਲਸੇ ਦੇ ਨਾਂਅ ਹੀ ਹੁੰਦੀ ਸੀ। ਉਸ ਦੀ ਸਰਕਾਰ ਵਿੱਚ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ, ਨਾਲ ਹੀ ਇਕ ਦੂਸਰੇ ਨੂੰ ਸੰਬੋਧਨ ਕੀਤਾ ਜਾਂਦਾ ਸੀ ਅਤੇ ਸਰਕਾਰੀ ਤੌਰ 'ਤੇ ਕਸਮ ਚੁੱਕਣ ਦੀ ਰਸਮ ਵੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਕੀਤੀ ਜਾਂਦੀ ਸੀ। ਰਣਜੀਤ ਸਿੰਘ ਨੇ ਆਪਣੇ ਰਾਜਸੀ ਜੀਵਨ ਦੇ ਅਰੰਭ ਵਿੱਚ ਹੀ ਇਕ ਅਨੁਭਵ ਕਰ ਲਿਆ ਸੀ ਚੂੰਕਿ ਲਾਹੌਰ ਦੇ ਵੱਖ-ਵੱਖ ਮਤਾਂ ਦੇ ਲੋਕਾਂ ਨੇ ਲਾਹੌਰ ਉੱਤੇ ਰਾਜ ਕਰਨ ਲਈ ਉਸ ਨੂੰ ਬੁਲਾਇਆ ਸੀ। ਇਸ ਲਈ ਉਸ ਵਾਸਤੇ ਯੋਗ ਗੱਲ ਇਹ ਸੀ ਕਿ ਉਹ ਸਭ ਲੋਕਾਂ ਵੱਲ ਇਕੋ ਜਿਹੀ ਨੀਤੀ ਧਾਰਨ ਕਰੇ ਅਤੇ ਆਪਣੇ ਕਰਮਚਾਰੀਆਂ ਨੂੰ ਆਪਣੇ ਮੁਲਕ ਦੇ ਵੱਖ-ਵੱਖ ਧਰਮਾਂ ਅਤੇ ਕੌਮਾਂ ਵਿੱਚੋਂ ਬਿਨਾਂ ਕਿਸੇ ਭੇਦ ਭਾਵ ਦੇ ਨੌਕਰੀ ਵਿੱਚ ਲਵੇ। ਰਣਜੀਤ ਸਿੰਘ ਦਾ ਗੈਰ-ਸਿੱਖ ਪਰਜਾ ਪ੍ਰਤੀ ਰਵੱਈਆ, ਉਸ ਦੀ ਖੁੱਲ-ਦਿਲੀ, ਦਿਆਲਤਾ ਅਤੇ ਪਿਤਰੀ ਭਾਵਨਾ ਉੱਤੇ ਅਧਾਰਿਤ ਸੀ। ਉਸ ਦਾ ਰਵੱਈਆ ਅਤੇ ਵਿਹਾਰ ਧਾਰਮਿਕ ਸੀ ਪਰ ਫਿਰਕੂ ਨਹੀਂ ਸੀ (ਨੋਟ-ਹੁਣ ਸਿੱਖਾਂ ਲਈ ਖ਼ਾਸ ਤੌਰ 'ਤੇ ਸੋਚਣ ਦਾ ਸਮਾਂ ਹੈ ਕਿ ਹੁਣ ਜਦੋਂ ਦੇਸ਼ ਵਿੱਚ ਫਿਰਕੂ ਹਨੇਰੀ ਝੁੱਲ ਰਹੀ ਹੈ ਅਤੇ ਫਿਰਕੂ ਧਰੁਵੀਕਰਨ (ਪੋਲਰਾਈਜੇਸ਼ਨ) ਦਾ ਦੌਰ ਚੱਲ ਰਿਹਾ ਹੈ ਤਾਂ ਸਿੱਖ ਕੌਮ ਨੂੰ ਗੁਰੂ ਗ੍ਰੰਥ, ਗੁਰੂ ਖ਼ਾਲਸਾ ਪੰਥ ਦੇ ਸਿਧਾਂਤ ਅਨੁਸਾਰ ਪੰਜਾਬ ਨੂੰ ਬਚਾਉਣ ਅਤੇ ਸਿੱਖ ਕੌਮ ਨੂੰ ਆਪਣੀ ਵਿਲੱਖਣ ਹੋਂਦ ਹਸਤੀ ਨੂੰ ਕਾਇਮ ਰੱਖਣ ਲਈ ਆਪਣੇ ਸਿਧਾਂਤਾ ਪ੍ਰਤੀ ਹੋਰ ਪਰਪੱਕਤਾ ਨਾਲ ਪਹਿਰਾ ਦੇਣਾ ਪਵੇਗਾ ਕਿਉਂਕਿ ਪੰਥ ਤੋਂ ਬਿਨਾਂ ਪੰਜਾਬ ਨੂੰ ਹੋਰ ਕੋਈ ਵੀ ਸਿਆਸੀ ਪਾਰਟੀ ਨਹੀਂ ਬਚਾ ਸਕੇਗੀ, ਪੰਥ ਹੈ ਤਾਂ ਪੰਜਾਬ ਹੈ)। ਰਣਜੀਤ ਸਿੰਘ ਆਪਣੇ ਰਾਜ ਨੂੰ ਪੰਜਾਬੀਆਂ ਦਾ ਰਾਜ ਨਹੀਂ ਖ਼ਾਲਸੇ ਦਾ ਰਾਜ ਕਹਿੰਦਾ ਸੀ। ਅਸੀਂ ਸਰਕਾਰ-ਏ-ਖ਼ਾਲਸਾ ਦੀ ਵਿਆਖਿਆ ਉੱਪਰ ਕਰ ਆਏ ਹਾਂ ਭਾਵ-ਖ਼ਾਲਸੇ ਦੀ ਅਗਵਾਈ ਵਿੱਚ ਲੋਕਾਂ ਦਾ ਗਣਰਾਜ। ਉਸ ਨੇ ਧਰਮ ਦੇ ਅਧਾਰ 'ਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ। ਖ਼ਾਲਸਾ ਰਾਜ ਵਿੱਚ ਉਸ ਦੇ ਸਿਵਲ ਅਤੇ ਸੈਨਿਕ ਅਹੁਦੇ ਉੱਤੇ ਰਾਜ ਦੀਆਂ ਉੱਚੀਆਂ ਪਦਵੀਆਂ, ਹਿੰਦੂਆਂ, ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਅਰਥਾਤ ਵੱਖ-ਵੱਖ ਕੌਮਾਂ ਦੇ ਲੋਕਾਂ ਦੇ ਹੱਥਾਂ ਵਿੱਚ ਸਨ। ਰਣਜੀਤ ਸਿੰਘ ਨੌਕਰੀ ਲਈ, ਗੁਣ ਯੋਗਤਾ ਅਤੇ ਰਾਜ ਪ੍ਰਤੀ ਵਫ਼ਾਦਾਰੀ ਦੇ ਆਧਾਰ 'ਤੇ ਚੋਣ ਕਰਦਾ ਸੀ। ਉਸ ਦੀ ਨਜ਼ਰ ਵਿੱਚ ਜਾਤ-ਪਾਤ ਲਈ ਕੋਈ ਥਾਂ ਨਹੀਂ ਸੀ। ਜਿਵੇਂ ਰਣਜੀਤ ਸਿੰਘ ਨੇ ਹਿੰਦੂ-ਸਿੱਖ, ਮੁਸਲਮਾਨਾਂ ਦੀਆਂ ਸਰਕਾਰ-ਏ-ਖਾਲਸਾ ਵਿੱਚ ਯੋਗਤਾ ਦੇ ਅਧਾਰ 'ਤੇ ਨਿਯੁਕਤੀਆਂ ਕੀਤੀਆਂ, ਇਸ ਤੋਂ ਉਸ ਦੇ ਗੈਰ-ਫਿਰਕੂ ਰਵੱਈਏ ਦਾ ਸਾਫ਼ ਪਤਾ ਲੱਗ ਜਾਂਦਾ ਹੈ।

ਆਖਰੀ ਤੇ ਤੀਸਰਾ ਨੁਕਤਾ ਇਹ ਹੈ ਕਿ 1849 ਤੋਂ ਪਹਿਲਾਂ ਦੇਸ ਪੰਜਾਬ ਮੌਜੂਦਾ ਭਾਰਤ ਦਾ ਅੰਗ ਨਹੀਂ ਸੀ। ਅਜੋਕਾ ਭਾਰਤ ਤਾਂ ਇਕ ਅਖੰਡ ਦੇਸ ਕਦੇ ਸੀ ਹੀ ਨਹੀਂ। ਇਸ ਨੂੰ ਹਿੰਦ ਕਿਹਾ ਜਾਂਦਾ ਸੀ। ਤਾਹੀਉਂ ਤਾਂ ਸ਼ਾਹ ਮੁਹੰਮਦ ਨੇ ਕਿਹਾ ਸੀ ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ

**ਬਾਕੀ ਹਿਸਾ 40 ਸਫ਼ੇ ਤੇ ਪੜ੍ਹੋ**

39 ਸਫ਼ੇ ਦੀ ਬਾਕੀ

ਬਾਦਸ਼ਾਹੀ ਫੌਜਾਂ ਭਾਰੀਆਂ ਨੀ। ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੈ ਜੇਹੜੀਆਂ ਖ਼ਾਲਸੇ ਨੇ ਤੇਗਾ ਮਾਰੀਆਂ ਨੀ। ਸ਼ਾਹ ਮੁਹੰਮਦਾ ਇਕ ਸਰਦਾਰ ਬਾਝੋਂ ਫੌਜਾਂ ਜਿੱਤਕੇ ਹਾਰੀਆਂ ਨੀ। ਹਿੰਦ ਪੰਜਾਬ ਦੀ ਜੰਗ ਬਾਰੇ ਸ਼ਾਹ ਮੁਹੰਮਦ ਦਾ ਅਹਿਸਾਸ ਬੇਹੱਦ ਸੰਵੇਦਨਸ਼ੀਲ ਹੈ। ਸ਼ਾਹ ਮੁਹੰਮਦ ਆਪਣੇ ਕਿੱਸੇ ਵਿੱਚ ਬਹੁਤ ਵਿਸਥਾਰ ਨਾਲ ਲਿਖਦਾ ਹੈ, ਕਿ ਹਿੰਦ ਪੰਜਾਬ ਉੱਤੇ ਕਿਵੇਂ ਹਨੇਰੀ ਬਣਕੇ ਝੁੱਲ ਆਇਆ ਅਤੇ ਕਿਵੇਂ ਹਿੰਦੋਸਤਾਨੀ-ਪੂਰਬੀ ਤੇ ਦੱਖਣੀ, ਦੇਸ ਪੰਜਾਬ ਉੱਤੇ ਅੰਗ੍ਰੇਜ਼ਾਂ ਦਾ ਕਬਜਾ ਕਰਾਉਣ ਲਈ ਪੱਬਾਂ ਭਾਰ ਹੋ ਗਏ, ਪਰ ਅੱਗੋਂ ਜਿਹੜਾ ਪੂਰਬੀਆਂ ਦੱਖਣੀਆਂ ਅਤੇ ਅੰਗ੍ਰੇਜ਼ਾਂ ਨੂੰ ਪੰਜਾਬ ਦੇ ਦੇਸ਼ ਵਾਸੀਆਂ ਨੇ ਉਨ੍ਹਾਂ ਨੂੰ ਮੈਦਾਨ-ਏ-ਜੰਗ ਵਿੱਚ ਜਿਹੜੇ ਲੋਹੇ ਦੇ ਚਣੇ ਚਬਾਏ, ਇਸ ਦੀ ਉਨ੍ਹਾਂ ਨੂੰ ਆਸ ਨਹੀਂ ਸੀ। ਸ਼ਾਹ ਮੁਹੰਮਦ ਲਿਖਦਾ ਹੈ: ਆਈਆਂ ਪੜਤਲਾਂ ਬੀੜ ਕੇ ਤੋਪ-ਖਾਨੇ ਅੱਗੋਂ ਸਿੰਘਾਂ ਨੇ ਪਾਸੜੇ ਮੋੜ ਸੁੱਟੇ। ਮੇਵਾ ਸਿੰਘ ਤੇ ਮਾਖੇ ਖਾਂ ਹੋਇ ਸਿਧੇ ਹੱਲੇ ਤਿੰਨ ਫਰੰਗੀ ਦੇ ਤੋੜ ਸੁੱਟੇ। ਸ਼ਾਮ ਸਿੰਘ ਅਟਾਰੀਵਾਲੇ ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁੱਟੇ। ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ। ਅੱਗੇ ਸ਼ਾਹ ਮੁਹੰਮਦ ਲਿਖਦਾ ਹੈ: ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ ਤੁਸਾਂ ਲਾਜ ਅੰਗ੍ਰੇਜ਼ ਦੀ ਰੱਖਣੀ ਜੀ। ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ ਹਿੰਦੋਸਤਾਨੀ ਤੇ ਪੂਰਬੀ ਦੱਖਣੀ ਜੀ। ਨੰਦਨ ਟਾਪੂਆਂ ਵਿੱਚ ਕੁਰਲਾਟ ਪਿਆ ਕੁਰਸੀ ਚਾਹ ਹਜ਼ਾਰ ਹੈ ਸੱਖਣੀ ਜੀ। ਸ਼ਾਹ ਮੁਹੰਮਦ ਨੇ ਸਪੱਸ਼ਟ ਕਰ ਦਿੱਤਾ ਦੇਸ ਪੰਜਾਬ ਹਿੰਦ ਨਾਲੋਂ ਵੱਖਰਾ ਦੇਸ਼ ਸੀ। ਅਜੋਕੇ ਭਾਰਤ ਨੂੰ ਉਸ ਵੇਲੇ ਹਿੰਦ ਕਿਹਾ ਜਾਂਦਾ ਸੀ। ਹਿੰਦ ਇਕ ਤਰ੍ਹਾਂ ਦਾ ਖੁੱਲ੍ਹਾ ਖਿੱਤਾ ਸੀ ਜੋ ਕਈ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਹਿੰਦ (ਅਜੋਕਾ ਭਾਰਤ) ਕਈ ਰਿਆਸਤਾਂ ਵਿੱਚ ਵੰਡਿਆ ਹੋਇਆ ਕਰਕੇ ਹਿੰਦ ਵਿੱਚ ਵਪਾਰ ਕਰਨ ਗਈ ਈਸਟ ਇੰਡੀਆ ਕੰਪਨੀ ਨੇ 1757 ਵਿੱਚ ਪਲਾਸੀ ਦੀ ਲੜਾਈ ਜਿੱਤ ਕੇ ਅੰਗ੍ਰੇਜ਼ੀ ਰਾਜ ਦੀ ਨੀਂਹ ਰੱਖ ਦਿੱਤੀ ਤੇ ਫਿਰ ਕੱਲੀ ਕੱਲੀ ਰਿਆਸਤ ਉੱਤੇ ਕਬਜ਼ਾ ਕਰਦੇ ਗਏ। ਤੇ ਫਿਰ 12 ਅਗਸਤ 1765 ਨੂੰ ਮੁਗਲ ਬਾਦਸ਼ਾਹ ਆਲਮ ਦੂਜੇ ਨੇ ਈਸਟ ਇੰਡੀਆ ਕੰਪਨੀ ਨਾਲ ਇਲਾਹਾਬਾਦ ਵਿਖੇ ਸੰਧੀ 'ਤੇ ਦਸਤਖ਼ਤ ਕੀਤੇ ਅਤੇ ਕੰਪਨੀ ਨੂੰ ਹਿੰਦ (ਅਜੋਕਾ ਭਾਰਤ) ਦੇ ਰਾਜਨੀਤਕ ਅਤੇ ਸਵੈਧਾਨਿਕ ਕੰਮਾਂ ਕਾਰਾਂ ਵਿੱਚ ਦਖ਼ਲ ਦੇਣ ਦਾ ਅਧਿਕਾਰ ਦਿੱਤਾ। ਜਿਸ ਨਾਲ ਬ੍ਰਿਟਿਸ਼ ਰਾਜ ਦੀ ਅਰੰਭਤਾ ਹੋ ਗਈ। ਇਧਰ 12 ਅਗਸਤ 1765 ਦੀ ਇਲਾਹਾਬਾਦ ਦੀ ਸੰਧੀ ਦੁਆਰਾ ਬ੍ਰਿਟਿਸ਼ ਰਾਜ ਦੀ ਅਰੰਭਤਾ ਹੋਈ, ਦੂਜੇ ਪਾਸੇ 1765 ਨੂੰ ਹੀ ਦੇਸ ਪੰਜਾਬ ਉੱਤੇ ਸਿੱਖ ਮਿਸਲਾਂ ਦਾ ਰਾਜ ਸਥਾਪਤ ਹੋ ਗਿਆ। ਜਿਸ ਦਾ ਅਸੀਂ ਵਿਸਥਾਰ ਨਾਲ ਉਪਰ ਜ਼ਿਕਰ ਕਰ ਆਏ ਹਾਂ। ਜਦੋਂ 1765 ਵਿੱਚ ਹਿੰਦ ਉੱਤੇ ਅੰਗ੍ਰੇਜ਼ ਸਰਕਾਰ ਦਾ ਯੂਨੀਅਨ ਜੈਕ ਦਾ ਝੰਡਾ ਲਹਿਰਾਇਆ ਸੀ, ਉਦੋਂ 1765 ਨੂੰ ਪੰਜਾਬ ਉੱਤੇ ਖ਼ਾਲਸਾ ਰਾਜ ਦਾ ਝੰਡਾ ਝੂਲਿਆ ਸੀ, ਲਾਹੌਰ ਸਿੱਖਾਂ ਦੀ ਰਾਜਧਾਨੀ ਸੀ। ਖ਼ਾਲਸੇ ਕੋਲ ਆਪਣੀ ਰਾਜਧਾਨੀ, ਆਪਣੀ ਫੌਜ, ਆਪਣਾ ਕੌਮੀ ਝੰਡਾ, ਨਾਨਕ ਦੇ ਨਾਂ ਦੀਆਂ ਮੋਹਰਾਂ ਤੇ ਸਿੱਕੇ ਸਨ। ਪੰਜਾਬ ਸਿੱਖ ਕੌਮ ਦੀ ਜਨਮ ਭੂਮੀ ਹੈ, ਸਿੱਖ ਹੋਮ ਲੈਂਡ ਹੈ ਇਥੇ ਅੱਜ ਨਹੀਂ ਤਾਂ ਕੱਲ੍ਹ ਨੂੰ ਖ਼ਾਲਸੇ ਦਾ ਰਾਜ ਸਥਾਪਤ ਹੋਣਾ ਹੀ ਹੋਣਾ ਹੈ, ਕਿਉਂਕਿ ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ ਜਿਹੜੀ ਕਰੇਗਾ ਖ਼ਾਲਸਾ ਪੰਥ ਮੀਆਂ। ਸ਼ੇਰੇ ਪੰਜਾਬ ਰਣਜੀਤ ਸਿੰਘ ਖ਼ਾਲਸਾ ਰਾਜ ਦੀ ਸ਼ਾਨ ਜਰੂਰ ਸੀ ਪਰ ਰਾਜ ਰਣਜੀਤ ਸਿੰਘ ਦਾ ਨਹੀਂ, ਰਾਜ ਖ਼ਾਲਸੇ ਦਾ ਸੀ, ਭਾਵ-ਸਰਕਾਰ-ਏ-ਖ਼ਾਲਸਾ - ਆਸ ਕਰਦਾ ਹਾਂ ਕਿ ਇਤਿਹਾਸ ਵਿੱਚ ਰੁਚੀ ਰੱਖਣ ਵਾਲੇ ਪਾਠਕ ਜਨ ਇਸ ਲੇਖ ਤੋਂ ਕੋਈ ਲਾਭ ਲੈ ਸਕਣਗੇ। ਕਿਉਂਕਿ ਭਾਜਪਾਈ ਸਿੱਖ ਲੇਖਕ ਇਤਿਹਾਸ ਦੀ ਕੋਈ ਗੱਲ 1699 ਤੋਂ 1799 ਤੱਕ ਈਸਵੀ ਦੀ ਨਹੀਂ ਕਰਦੇ ਸਗੋਂ ਉਥੋਂ ਸ਼ੁਰੂ ਕਰਦੇ ਹਨ ਜਦੋਂ ਸਿੱਖੀ ਭੇਖ ਵਿੱਚ ਬ੍ਰਾਹਮਣਾਂ ਤੇ ਡੋਗਰਿਆਂ ਨੇ ਸਿੱਖਾਂ ਦੀ ਪਿੱਠ ਵਿੱਚ ਛੁਰਾ ਮਾਰਕੇ ਉਨ੍ਹਾਂ ਵਿੱਚ ਖਾਨਾਜੰਗੀ ਸ਼ੁਰੂ ਕਰਵਾ ਦਿੱਤੀ ਅਤੇ ਡੋਗਰਿਆਂ ਨੇ ਜੰਮੂ-ਕਸ਼ਮੀਰ ਦੇ ਰਾਜ ਬਦਲੇ ਗੋਰਿਆਂ ਨਾਲ ਗੁਪਤ ਮੀਟਿੰਗਾਂ ਕਰਕੇ ਪੰਜਾਬ ਉੱਤੇ 1849 ਨੂੰ ਅੰਗ੍ਰੇਜ਼ਾਂ ਦਾ ਕਬਜ਼ਾ ਕਰਵਾ ਦਿੱਤਾ। ਭਾਜਪਾਈ ਸਿੱਖ ਲੇਖਕ ਸਿੱਖ ਰਾਜ ਕਿਵੇਂ ਗਿਆ ਦੇ ਇਤਿਹਾਸ 'ਤੇ ਜੋਰ ਦਿੰਦੇ ਹਨ, ਪਰ ਸਿੱਖ ਰਾਜ ਕਿਵੇਂ ਬਣਿਆ ਦੀ ਗੱਲ ਨਹੀਂ ਕਰਦੇ। ਤੱਥਾਂ ਨੂੰ ਤਰੋੜਿਆ ਮਰੋੜਿਆ ਜਾ ਰਿਹਾ ਹੈ। ਇਕ ਭਾਜਪਾਈ ਸਿੱਖ ਲੇਖਕ ਨੇ ਤਾਂ ਇਥੋਂ ਤੱਕ ਲਿਖ ਦਿੱਤਾ ਕਿ ਸ਼ਾਹ ਮੁਹੰਮਦ ਨੂੰ ਅੰਗਰੇਜਾਂ ਨੇ ਸਿੱਖ ਰਾਜ ਨੂੰ ਬਦਨਾਮ ਕਰਨ ਤੇ ਆਪਸੀ ਫੁੱਟ ਪਾਉਣ ਲਈ ਤਾਇਨਾਤ ਕੀਤਾ ਸੀ। ਅਜਿਹੇ ਲੇਖਕਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ।

**ਹਵਾਲਾ ਪੁਸਤਕਾਂ**: (1) A Short history of the Sikhs, 1469 ਤੋਂ 1765, ਲੇਖਕ ਪ੍ਰਿੰਸੀਪਲ ਤੇਜਾ ਸਿੰਘ, ਗੰਡਾ ਸਿੰਘ (2) ਰਾਜ ਕਰੇਗਾ ਖ਼ਾਲਸਾ, ਲੇਖਕ ਸ: ਕਪੂਰ ਸਿੰਘ (3) ਜੀਵਨੀ ਮਹਾਰਾਜਾ ਰਣਜੀਤ ਸਿੰਘ, ਲੇਖਕ ਡਾ: ਭਗਤ ਸਿੰਘ ਐੱਮ.ਏ., ਪੀ.ਐੱਚ.ਡੀ., ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ (4) ਸਾਂਝੇ ਪੰਜਾਬ ਦਾ ਦਰਦ, ਕਿਸਾ ਸ਼ਾਹ ਮੁਹੰਮਦ-ਲੇਖਕ ਸ: ਗੁਰਤੇਜ ਸਿੰਘ (5) ਸਿੱਖ ਰਾਜ ਕਿਵੇਂ ਬਣਿਆ-ਸੋਹਣ ਸਿੰਘ ਸੀਤਲ (6) ਸਾਡਾ ਇਤਿਹਾਸ ਭਾਗ ਦੂਜਾ-ਲੇਖਕ ਪ੍ਰਿੰ: ਸਤਿਬੀਰ ਸਿੰਘ (7) ਸ਼੍ਰੋਮਣੀ ਸਿੱਖ ਇਤਿਹਾਸ (1708-1799)-ਲੇਖਕ ਡਾ: ਸੁਖਦਿਆਲ ਸਿੰਘ

0000

# ਆਪਣੇ ਬੱਚੇ ਦੀ ਕਾਤਲ ਰੋਜ਼ਦੀਪ ਨੂੰ ਸਥਾਨਕ ਲੋਕਾਂ ਦੇ ਵਿਰੋਧ ਕਾਰਨ ਪੁਲਿਸ ਨੇ ਇਲਾਕੇ ਤੋਂ ਹਟਾਇਆ





ਗਲਾਸਗੋ,(ਹਰਜੀਤ ਸਿੰਘ ਦੁਸਾਂਝ) - ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਉਸ ਵੇਲੇ ਤਣਾਅਪੂਰਨ ਸਥਿਤੀ ਪੈਦਾ ਹੋ ਗਈ ਜਦੋਂ ਆਪਣੇ ਹੀ ਬੱਚੇ ਦੇ ਕਤਲ ਦੇ ਮਾਮਲੇ ਵਿੱਚ ਸਜ਼ਾਯਾਫਤਾ ਰੋਜ਼ਦੀਪ ਅਡੇਕੋਆ ਦੇ ਗਲਾਸਗੋ ਦੇ ਇੱਕ ਰਿਹਾਇਸ਼ੀ ਇਲਾਕੇ ਵਿੱਚ ਹੋਣ ਦੀ ਖ਼ਬਰ ਸਥਾਨਕ ਲੋਕਾਂ ਵਿੱਚ ਫੈਲ ਗਈ। ਇਸ ਤੋਂ ਬਾਅਦ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਇਕੱਠੇ ਹੋ ਗਏ ਅਤੇ ਉਸ ਦੇ ਵਿਰੋਧ ਵਿੱਚ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

ਮੌਕੇ 'ਤੇ ਮੌਜੂਦ ਲੋਕਾਂ ਵੱਲੋਂ "ਡੈਣ" ਅਤੇ "ਬੱਚੇ ਦੀ ਕਾਤਲ" ਵਰਗੇ ਨਾਅਰੇ ਲਗਾਏ ਗਏ। ਹਾਲਾਤ ਨੂੰ ਵਿਗੜਦਾ ਦੇਖਦਿਆਂ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਰੋਜ਼ਦੀਪ ਅਡੇਕੋਆ ਨੂੰ ਸੁਰੱਖਿਆ ਘੇਰੇ ਵਿੱਚ ਉਥੋਂ ਹਟਾ ਦਿੱਤਾ। ਪੁਲਿਸ ਨੇ ਭੀੜ ਨੂੰ ਕਾਬੂ ਵਿੱਚ ਰੱਖਣ ਲਈ ਵਾਧੂ ਅਧਿਕਾਰੀ ਵੀ ਤਾਇਨਾਤ ਕੀਤੇ। ਪੁਲਿਸ ਅਨੁਸਾਰ ਘਟਨਾ ਦੌਰਾਨ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਲੋੜੀਂਦੇ ਸਾਰੇ ਕਦਮ ਚੁੱਕੇ ਗਏ।

ਜ਼ਿਕਰਯੋਗ ਹੈ ਕਿ ਪੰਜਾਬੀ ਮੂਲ ਦੀ ਰੋਜ਼ਦੀਪ ਅਡੇਕੋਆ ਨੂੰ 2014 ਵਿੱਚ ਆਪਣੇ ਤਿੰਨ ਸਾਲਾ ਪੁੱਤਰ ਮਿਕਾਇਲ ਕੁਲਾਰ ਦੀ ਹੱਤਿਆ ਦੇ ਦੋਸ਼ ਵਿੱਚ 11 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸ ਮਾਮਲੇ ਨੇ ਉਸ ਵੇਲੇ ਪੂਰੇ ਬ੍ਰਿਟੇਨ ਨੂੰ ਹਿਲਾ ਕੇ ਰੱਖ ਦਿੱਤਾ ਸੀ ਅਤੇ ਅੱਜ ਵੀ ਇਹ ਦੇਸ਼ ਦੇ ਸਭ ਤੋਂ ਚਰਚਿਤ ਅਪਰਾਧਿਕ ਮਾਮਲਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਸੀ ਕਿ ਅਜਿਹੇ ਗੰਭੀਰ ਅਪਰਾਧ ਵਿੱਚ ਦੋਸ਼ੀ ਠਹਿਰਾਏ ਗਏ ਵਿਅਕਤੀ ਨੂੰ ਉਨ੍ਹਾਂ ਦੇ ਇਲਾਕੇ ਵਿੱਚ ਰੱਖਣ ਬਾਰੇ ਉਨ੍ਹਾਂ ਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ, ਜਿਸ ਕਾਰਨ ਲੋਕਾਂ ਵਿੱਚ ਗੁੱਸਾ ਫੈਲ ਗਿਆ।

ਦੂਜੇ ਪਾਸੇ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਾਨੂੰਨ ਆਪਣੇ ਹੱਥ ਵਿੱਚ ਨਾ ਲੈਣ। ਇਸ ਘਟਨਾ ਦੀਆਂ ਵੀਡਿਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋਈਆਂ, ਜਿਨ੍ਹਾਂ ਵਿੱਚ ਪੁਲਿਸ ਨੂੰ ਭੀੜ ਵਿਚੋਂ ਰੋਜ਼ਦੀਪ ਅਡੇਕੋਆ ਨੂੰ ਸੁਰੱਖਿਅਤ ਢੰਗ ਨਾਲ ਬਾਹਰ ਲੈ ਜਾਂਦੇ ਹੋਏ ਦੇਖਿਆ ਗਿਆ। ਇਸ ਘਟਨਾ ਨੇ ਇੱਕ ਵਾਰ ਫਿਰ ਇਹ ਚਰਚਾ ਛੇੜ ਦਿੱਤੀ ਹੈ ਕਿ ਗੰਭੀਰ ਅਪਰਾਧਾਂ ਵਿੱਚ ਸਜ਼ਾ ਪੂਰੀ ਕਰ ਚੁੱਕੇ ਵਿਅਕਤੀਆਂ ਦੀ ਮੁੜ ਵਸੇਬੇ ਦੀ ਪ੍ਰਕਿਰਿਆ ਅਤੇ ਭਾਈਚਾਰੇ ਦੀ ਸੁਰੱਖਿਆ ਵਿਚਕਾਰ ਸੰਤੁਲਨ ਕਿਵੇਂ ਬਣਾਇਆ ਜਾਵੇ।


# ਨਵੰਬਰ 2026 ਤੋਂ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਲਈ ਸੱਤ ਨਵੇਂ ਨਿਯਮ ਲਾਗੂ ਹੋਣਗੇ

**ਬਰਤਾਨੀਆ ਵਿੱਚ ਨਵੰਬਰ 2026 ਤੋਂ ਕਿਰਾਏ ਦੇ ਘਰਾਂ ਨਾਲ ਸੰਬੰਧਿਤ ਕਈ ਹੋਰ ਨਵੇਂ ਨਿਯਮ ਲਾਗੂ ਕੀਤੇ ਜਾਣਗੇ। ਇਹ ਬਦਲਾਅ Renters' Rights Act ਦੇ ਅਗਲੇ ਪੜਾਅ ਦਾ ਹਿੱਸਾ ਹਨ, ਜਿਨ੍ਹਾਂ ਦਾ ਮਕਸਦ ਕਿਰਾਏਦਾਰਾਂ ਨੂੰ ਵੱਧ ਸੁਰੱਖਿਆ ਅਤੇ ਮਕਾਨ ਮਾਲਕਾਂ ਲਈ ਸਪੱਸ਼ਟ ਨਿਯਮ ਲਾਗੂ ਕਰਨਾ ਹੈ।ਨਵੇਂ ਨਿਯਮਾਂ ਅਨੁਸਾਰ ਕਿਰਾਏਦਾਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਇੱਕ ਲਾਜ਼ਮੀ ਲੈਂਡਲਾਰਡ ਓਮਬਡਜ਼ਮੈਨ ਪ੍ਰਣਾਲੀ ਸ਼ੁਰੂ ਕੀਤੀ ਜਾਵੇਗੀ।**

ਇਸ ਤੋਂ ਇਲਾਵਾ, ਸਾਰੇ ਨਿੱਜੀ ਮਕਾਨ ਮਾਲਕਾਂ ਲਈ ਇੱਕ ਰਾਸ਼ਟਰੀ ਪ੍ਰਾਈਵੇਟ ਰੈਂਟਲ ਡਾਟਾਬੇਸ ਵਿੱਚ ਰਜਿਸਟ੍ਰੇਸ਼ਨ ਲਾਜ਼ਮੀ ਹੋਵੇਗੀ, ਤਾਂ ਜੋ ਕਿਰਾਏ ਵਾਲੀਆਂ ਜਾਇਦਾਦਾਂ ਦੀ ਨਿਗਰਾਨੀ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾ ਸਕੇ। ਇਸ ਤੋਂ ਪਹਿਲਾਂ ਮਈ 2026 ਵਿੱਚ ਲਾਗੂ ਹੋਏ ਨਿਯਮਾਂ ਤਹਿਤ 'ਨੋ-ਫਾਲਟ' (Section 21) ਬੇਦਖ਼ਲੀ ਖ਼ਤਮ ਕੀਤੀ ਜਾ ਚੁੱਕੀ ਹੈ, ਕਿਰਾਏ ਵਿੱਚ ਸਾਲ ਵਿੱਚ ਕੇਵਲ ਇੱਕ ਵਾਰ ਹੀ ਵਾਧਾ ਕੀਤਾ ਜਾ ਸਕਦਾ ਹੈ, ਕਿਰਾਏ ਦੀ ਬੋਲੀ (ਬਿਡਿੰਗ ਵਾਰ) 'ਤੇ ਪਾਬੰਦੀ ਹੈ, ਇੱਕ ਮਹੀਨੇ ਤੋਂ ਵੱਧ ਅਗਾਊਂ ਕਿਰਾਇਆ ਨਹੀਂ ਮੰਗਿਆ ਜਾ ਸਕਦਾ, ਬੱਚਿਆਂ ਵਾਲੇ ਜਾਂ ਬੈਨਿਫਿਟ ਲੈਣ ਵਾਲੇ ਕਿਰਾਏਦਾਰਾਂ ਨਾਲ ਭੇਦਭਾਵ ਨਹੀਂ ਕੀਤਾ ਜਾ ਸਕਦਾ ਅਤੇ ਪਾਲਤੂ ਜਾਨਵਰ ਰੱਖਣ ਦੀ ਬੇਨਤੀ ਨੂੰ ਬਿਨਾਂ ਵਾਜਬ ਕਾਰਨ ਰੱਦ ਨਹੀਂ ਕੀਤਾ ਜਾ ਸਕੇਗਾ। ਸਰਕਾਰ ਦਾ ਕਹਿਣਾ ਹੈ ਕਿ ਇਹ ਸੁਧਾਰ ਕਿਰਾਏ ਦੀ ਮਾਰਕੀਟ ਨੂੰ ਹੋਰ ਨਿਰਪੱਖ ਅਤੇ ਪਾਰਦਰਸ਼ੀ ਬਣਾਉਣ ਲਈ ਲਿਆਂਦੇ ਜਾ ਰਹੇ ਹਨ। ਹਾਲਾਂਕਿ ਕੁਝ ਮਕਾਨ ਮਾਲਕਾਂ ਦੀਆਂ ਸੰਸਥਾਵਾਂ ਨੇ ਚਿੰਤਾ ਜਤਾਈ ਹੈ ਕਿ ਨਵੇਂ ਨਿਯਮਾਂ ਨਾਲ ਉਨ੍ਹਾਂ 'ਤੇ ਪ੍ਰਸ਼ਾਸਕੀ ਅਤੇ ਵਿੱਤੀ ਬੋਝ ਵੱਧ ਸਕਦਾ ਹੈ।

# ਕਾਵਿ-ਕਿਆਰੀ

## ਗਜ਼ਲ



ਦਿਹੁੰ ਅਸਾਡੇ ਦਰ ਤੋਂ ਤੁਰ ਗਏ ਖੜੇ ਖੜੇ!
ਰਾਤਾਂ ਹੱਥੋਂ ਤਾਰੇ ਕਿਰ ਗਏ ਫੜੇ ਫੜੇ!!

ਗਲ ਗਲ ਤਾਣੀਂ, ਗ਼ਮ ਦੇ ਪਾਣੀ ਆਣ ਚੜ੍ਹੇ,
ਅਪਣੇ ਵੱਲੋਂ ਤੁਰੇ ਬਥੇਰਾ ਰੜੇ ਰੜੇ।

ਹੱਸਦੇ ਕੋਲੇ, ਤੁਰਦੇ ਤੁਰਦੇ ਖੜਦੇ ਸਨ,
ਦੁੱਖ ਦੇ ਵੇਲੇ ਤੁਰ ਗਏ ਸੱਜਣ ਖੜੇ ਖੜੇ।

ਮੈਖ਼ਾਨੇ ਵਿੱਚ ਪੀਂਦਾ ਪੰਡਿਤ ਫੜਿਆ ਜਦ,
ਸਿਰ ਵਿੱਚ ਪਾਣੀ ਪੈ ਗਿਆ ਉਸਦੇ ਘੜੇ ਘੜੇ।

ਮੈਂ ਜਦ ਸੂਰਜ ਬਣ ਕੇ ਅੰਬਰ ਚੜ੍ਹਿਆ ਤਾਂ,
ਹੱਸੇ ਹਨੇਰੇ ਉਪਰੋਂ ਅੰਦਰ ਸੜੇ! ਸੜੇ!!

ਸੋਚਾਂ ਫ਼ਿਕਰਾਂ ਦੇ ਘੁਣ ਨੇ, ਸਭ ਖਾਧੇ ਨੇ,
ਸੜਕਾਂ 'ਤੇ ਜੋ ਲੋਕ ਫਿਰਨ ਪਏ ਦੜੇ ਦੜੇ।

ਇਸ ਦੁਨੀਆਂ ਵਿੱਚ ਕਿਸ ਦੇ ਸੁਪਨੇ ਤੋੜ ਚੜ੍ਹੇ,
ਤੱਕਣ ਨੂੰ ਤਾਂ ਸੁਪਨੇ ਤੱਕੇ ਬੜੇ ਬੜੇ।

**ਲੇਖਕ: ਸ਼ੇਰ ਸਿੰਘ ਕੰਵਲ**
**ਕਾਸ਼ਨੀ ਦੇ ਫੁੱਲ ਵਿੱਚੋਂ ਧੰਨਵਾਦ ਸਹਿਤ**

---

## ਮਾਂ



ਮਾਂ ਤਾਂ ਬੱਸ ਇਕ ਧਰਤ ਨਿਰਾਲੀ
ਉਸਦਾ ਪਹਿਰਾ ਉਸਦਾ ਮਾਲੀ!

ਉਹ ਤਾਂ ਬੱਸ ਇਕ ਹੱਡ ਮਾਸ ਏ
ਇਸਦੇ ਵਿੱਚ ਕੀ ਗੱਲ ਖਾਸ ਏ

ਉਸਦੀ ਕੁੱਖ ਵਿੱਚ ਤੇਰਾ ਬੀਅ ਏ
ਉਸਨੇ ਤਾਂ ਨਾ ਕਰਨੀ ਸੀਅ ਏ

ਉਸਦੀ ਤਾਂ ਬੱਸ ਪੀੜ ਆਪਣੀ
ਕੁੱਖ-ਯੰਤਰ ਪਰ ਕੀ ਨਾਪਣੀ

ਤੇਰੇ ਬੀਅ ਜਦ ਬੂਟਾ ਬਣਨਾ
ਤੂੰ ਮਾਲਕ ਤੇ ਮੈਂ ਠੂਠਾ ਬਣਨਾ

_ਉਸ ਨਾ ਮੇਰੀ ਛਾਵੇਂ ਬਹਿਣਾ
ਮੈਂ ਨਾ ਉਹਦੀ ਛਾਵੇਂ ਬਹਿਣਾ

ਅਜ਼ਲਾਂ ਦੀ ਇਹ ਤੜਫ਼ ਹੈ
ਪਤਾ ਨਹੀਂ ਕਿਸ ਕਦ ਤੱਕ ਰਹਿਣਾ...

**ਲੇਖਿਕਾ: ਕਮਰਜੀਤ ਕੌਰ ਕਿਸ਼ਾਂਵਲ**
**ਗਗਨ ਦਮਾਮੇ ਦੀ ਤਾਲ ਵਿੱਚੋਂ ਧੰਨਵਾਦ ਸਹਿਤ**

## ਗ਼ਜ਼ਲ



**ਡਾ. ਮੁਹਿੰਦਰ ਸਿੰਘ ਰਾਏ**

ਮ੍ਰਿਗਰਾਜ, ਰਾਜ ਹਨ ਕਰਦੇ ਵਿੱਚ ਜੰਗਲ ਦੇ।
ਪਹਿਲਵਾਨ ਰਾਜ ਹਨ ਕਰਦੇ ਵਿੱਚ ਦੰਗਲ ਦੇ।
ਕਦੀ ਮਹਾਂਦੀਪ ਸਨ ਲੱਭੇ ਕਈ ਉੱਦਮੀਆਂ ਨੇ,
ਅੱਜ ਲਾਉਂਦੇ ਨੇ ਉਹ ਚੱਕਰ ਗ੍ਰਹਿ ਮੰਗਲ ਦੇ।
ਜੋ ਰਹੇ ਸਦਾ ਗੁਲਾਮ, ਅੱਜ ਉਹਨਾਂ ਨੂੰ ਭੁੱਲ ਗਏ।
ਜਿਹਨਾਂ ਤੋੜੇ ਸੀ ਕੁੰਡੇ, ਗੁਲਾਮੀ ਦੇ ਸੰਗਲ ਦੇ।
ਸਿਰਫ਼ ਵਿੱਚ ਸਤ੍ਹਾ ਦੇ ਹੀ ਟਿਕੇ ਰਹਿਣ ਲਈ,
ਕਰਵਾ ਰਹੇ ਨੇ ਫ਼ਸਾਦ ਤਰਸ਼ੂਲ ਅਤੇ ਤੰਗਲ ਦੇ।
ਦੇਖੋ ਪੰਜ-ਆਬ ਨੂੰ ਵਿੱਚ ਹੜ੍ਹਾਂ ਦੇ ਰੋੜ੍ਹਨ ਲਈ,
ਉਨ੍ਹਾਂ ਬਦਲ ਦਿੱਤੇ ਹਨ ਮੈਂਬਰ ਭਾਖੜਾ ਨੰਗਲ ਦੇ।
ਪੈਣ ਵਿਰੋਧੀਆਂ ਉੱਤੇ ਛਾਪੇ ਨਿੱਤ ਹੀ ਈ. ਡੀ. ਦੇ,
ਪਰ ਦੁੱਧ ਧੋਤੇ ਹੋ ਜਾਂਦੇ ਨੇ ਮੈਂਬਰ ਮੰਤਰੀ ਮੰਡਲ ਦੇ।
ਪਿਛਿਓਂ ਹੋ ਕੇ ਅਜ਼ਾਦ ਕਈ ਮੰਜ਼ਲਾਂ ਮਾਰ ਗਏ,
ਪਰ ਕੁੱਝ ਨਾ ਪਹੁੰਚੇ ਅਜੇ ਵੀ ਨੇੜੇ ਤੇੜੇ ਮੰਜ਼ਿਲ ਦੇ।
'ਰਾਏ' ਅੱਸੀਵਾਂ ਚੜ੍ਹ ਜਾਣਾ ਦੇਸ਼ ਅਜ਼ਾਦ ਹੋਏ ਨੂੰ,
ਪਰ ਅਜੇ ਨਾ ਹੱਥੋਂ ਲੱਥੇ ਭਾਰ ਕਰਮੰਡਲ ਦੇ।

## ਸਮੇਂ ਦੀ ਪਾਬੰਦੀ

ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।

ਨਹੀਂ ਸਮੇਂ ਉੱਤੇ ਜਾਣਾ, ਕਰਨਾ ਸਦਾ ਹੀ ਬਹਾਨਾ,
ਕਰੇ ਇਤਰਾਜ਼ ਜਦੋਂ ਕੋਈ, ਅੱਗੋਂ ਠੁੱਠ ਹੀ ਦਿਖਾਣਾ,
ਹੱਦ ਢੀਠਤਾ ਦੀ ਲੰਘ, ਹਾਸੀ ਹੱਸਣੀ ਨਿਸੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।


ਸਮਾਂ ਹੋਵੇ ਭਾਵੇਂ ਖੁਸ਼ੀ ਦਾ, ਤੇ ਭਾਵੇਂ ਹੋਵੇ ਗ਼ਮੀ,
ਜਿਹੜਾ ਲੇਟ ਹੋ ਕੇ ਘੜੇ, ਸਦਾ ਘਾੜਤ ਹੀ ਨਵੀਂ,
ਐਸੇ ਸੱਜਣਾ ਨੂੰ ਸਦਾ, ਕਿਹਾ ਜਾਂਵਦਾ ਪਾਖੰਡੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।

ਚੜ੍ਹ ਸਟੇਜਾਂ ਉੱਤੇ ਜਦੋਂ, ਢੀਠ ਮਾਈਕ ਫੜ ਲੈਂਦੇ,
ਗੱਲ ਝੱਟ ਨਹੀਂ ਮੁਕਾਉਂਦੇ, ਸਗੋਂ ਚੌੜੇ ਹੁੰਦੇ ਰਹਿੰਦੇ,
ਲੱਖ ਮਿੰਨਤਾਂ ਵੀ ਕਰੋ, ਭੁੱਲ ਜਾਣ ਹਰ ਪਾਬੰਦੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।
ਸਮੇਂ ਦੀ ਪਾਬੰਦੀ, ਮੈਨੂੰ ਲੱਗੇ ਬੜੀ ਚੰਗੀ,
ਜਿਹੜਾ ਕਦਰ ਨਾ ਜਾਣੇ, ਉਹਦੀ ਕਰੇ ਜੱਗ ਭੰਡੀ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ
ਯੂ ਕੇ

## ਹੀਟ ਵੇਵ



ਧੁੱਪਾਂ ਨੂੰ ਬੜੇ ਤਾਰਸੇ ਸੀ ਜੀ, ਹੀਟ ਵੇਵ ਆਈ
ਹੁਣ ਕਹਿੰਦੇ ਨੇ ਏਦਾਂ ਦੀ ਕੀ, ਹੀਟ ਵੇਵ ਆਈ

ਪੱਬਾਂ ਅਤੇ ਕਲੱਬਾਂ ਬਾਹਰ ਠਹਾਕੇ ਪੈਂਦੇ ਨੇ
ਕਰਨ ਪਿਆਕੜ ਹੀ ਹੀ ਹੀ, ਹੀਟ ਵੇਵ ਆਈ

ਸਨ ਟੈਨ ਕਰਦੇ ਨੇ ਗੋਰੇ ਲਾਲੋ ਲਾਲ ਹੋਏ
ਵਿੰਡਲੂ ਖਾ ਨਾ ਕਰਦੇ ਸੀ, ਹੀਟ ਵੇਵ ਆਈ

ਫੁੱਟਬਾਲ ਫੀਫਾ ਦਾ ਘਰੋ ਘਰ ਹੈ ਚਾਅ ਚੜ੍ਹਿਆ
ਸਕੂਲੀਂ ਮੰਗ ਹੈ ਛੁੱਟੀ ਦੀ, ਹੀਟ ਵੇਵ ਆਈ

ਬੈਕ ਗਾਰਡਨ ਛਤਰੀ ਤਾਣੀ ਜਾਂ ਬਿਰਖਾਂ ਥੱਲੇ
ਲੈਣ ਨਜ਼ਾਰੇ ਸਾਡੇ ਵੀ, ਹੀਟ ਵੇਵ ਆਈ

ਮੱਤ ਮਾਰਨੀ ਤੋਰੀਆਂ, ਕੱਦੂਆਂ ਅਤੇ ਟਮਾਟਰਾਂ ਨੇ
ਜਿਹਨਾ ਬਹੀਚੇ ਬੀਜੇ ਬੀ, ਹੀਟ ਵੇਵ ਆਈ


ਬਹੁਤੀ ਠੰਢ ਤੇ ਗਰਮੀ ਤੋਂ ਬਚ ਕੇ ਰਿਹੋ ਬੁੜਿਓ
ਕੋਲ਼ ਕੋਈ ਨਹੀਂ ਰਹਿੰਦਾ ਜੀਅ, ਹੀਟ ਵੇਵ ਆਈ

ਬੁਰਾ ਗਲੋਬਲ ਗਰਮੀ ਤੋਂ ਵੀ ਡਰਦੇ ਨੇ ਲੋਕੀ
ਪੈ ਨਾ ਜਾਏ ਪੱਕੀ ਲੀਹ , ਹੀਟ ਵੇਵ ਆਈ

ਡੀ ਹਾਈਡਰੇਟ ਹੋਣੇ ਦਾ ਵੀ ਖਤਰਾ ਹੈ 'ਢੇਸੀ'
ਸ਼ਰਬਤ ਅਤੇ ਸ਼ਿਕੰਜਵੀ ਪੀ, ਹੀਟ ਵੇਵ ਆਈ

ਕੁਲਵੰਤ ਢੇਸੀ
* * * * *

## ਨੇਕੀ ਬਨਾਮ ਬਦੀ



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

ਸੱਚ-ਕੁਫਰ ਜਾਂ ਨੇਕੀ ਤੇ ਬਦੀ ਵਾਂਗਰ
ਸਦਾ ਰਹਿਣੇ ਨੇ ਕ੍ਰਿਸ਼ਨ ਤੇ ਕੰਸ ਭਾਈ।
ਹੁੰਦਾ ਟਾਕਰਾ ਆਇਆ ਏ ਜਾਲਮਾਂ ਦਾ
ਖਤਮ ਹੋਈ ਨਾ ਜ਼ੁਲਮ ਦੀ ਅੰਸ ਭਾਈ।
ਦੁਨੀਆਂ ਵਿੱਚ ਜੇ ਬਗਲੇ ਹਨ ਬਹੁਤ ਹੁੰਦੇ
ਵਿਰਲੇ ਕੀਮਤੀ ਹੁੰਦੇ ਜੀਅ ਹੰਸ ਭਾਈ।
ਹੱਕ ਸੱਚ ਇਨਸਾਫ ਲਈ ਆਏ ਲੜਦੇ
ਗਿਣਤੀ ਸੂਰਿਆਂ ਵਾਲ਼ੀ ਸਹੰਸ ਭਾਈ।
ਜਾਨਾਂ ਲੈਂਦੇ ਇੱਕ ਆ ਜਾਂਦੇ 'ਦੂਸਰੇ' ਵੀ
ਰੱਖ ਕੇ ਸਿਰ ਤਲੀ ਜੂਝਣੇ 'ਵਾਲੜੇ' ਵੀ।
ਜ਼ੁਲਮ-ਓ-ਜ਼ਬਰ ਜੇ ਕਦੇ ਵੀ ਮੁੱਕਣੇ ਨੀ
ਆਉਂਦੇ ਰਹਿਣਗੇ ਸੂਰਮੇਂ 'ਖਾਲੜੇ' ਵੀ!

7 ਸਫ਼ੇ ਦੀ ਬਾਕੀ

ਬੀਬੀ ਖਾਲੜਾ ਦੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ-ਮਰਹੂਮ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਵਿੱਚ 1980-90 ਦੇ ਦਹਾਕੇ ਦੌਰਾਨ ਲਾਪਤਾ ਕੀਤੇ ਗਏ ਲੋਕਾਂ ਅਤੇ ਝੂਠੇ ਪੁਲੀਸ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆਉਣ ਲਈ ਇੱਕ 'ਪੀਪਲਜ਼ ਕਮਿਸ਼ਨ' (ਲੋਕ ਕਮਿਸ਼ਨ) ਬਣਾਇਆ ਜਾਵੇ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਮਾਰੇ ਗਏ ਸਿੱਖ ਨੌਜਵਾਨਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਅਤੇ ਪੀੜਤ ਪਰਿਵਾਰਾਂ ਨੂੰ ਮਾਲੀ ਮਦਦ ਦੇਣ ਦੀ ਮੰਗ ਵੀ ਕੀਤੀ।

ਸਿਆਸੀ ਮਾਹਿਰ ਅਮਰੀਕ ਸਿੰਘ ਮੁਕਤਸਰ ਮਨੁੱਖੀ ਅਧਿਕਾਰ ਸੰਗਠਨ ਦਾ ਕਹਿਣਾ ਹੈ ਕਿ ਸਿਆਸੀ ਪਾਰਟੀਆਂ ਪੰਜਾਬ ਦੇ ਇਸ ਦਰਦ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਨੂੰ ਸਿਰਫ਼ ਵੋਟ ਬੈਂਕ ਵਜੋਂ ਵਰਤਦੀਆਂ ਹਨ। ਪਰਦੇ ਦੇ ਪਿੱਛੇ, ਪ੍ਰਸ਼ਾਸਨਿਕ ਅਧਿਕਾਰੀਆਂ ਦੇ ਵੱਡੇ ਵਰਗ ਨੂੰ ਨਾਰਾਜ਼ ਨਾ ਕਰਨ ਦੀ ਸਿਆਸੀ ਮਜਬੂਰੀ ਕਾਰਨ, ਦੋਸ਼ੀਆਂ ਨੂੰ ਸਖ਼ਤੀ ਨਾਲ ਕਾਨੂੰਨ ਦੇ ਕਟਹਿਰੇ ਵਿੱਚ ਲਿਆਉਣ ਦੀ ਬਜਾਏ ਉਨ੍ਹਾਂ ਦੀ ਪੁਸ਼ਤਪਨਾਹੀ (ਪਿੱਠ ਪੂਰਨਾ) ਲਗਾਤਾਰ ਜਾਰੀ ਰੱਖੀ ਜਾਂਦੀ ਹੈ।

### 6733 ਫਰਜ਼ੀ ਮੁਕਾਬਲਿਆਂ ਦੀ ਜਾਂਚ ਤੋਂ ਸੀਬੀਆਈ ਦਾ ਪਿੱਛੇ ਹਟਣਾ-ਮਨੁੱਖੀ ਅਧਿਕਾਰਾਂ ਦਾ ਇੱਕ ਹੋਰ ਘਾਣ ?

ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਫ਼ਿਲਮ 'ਸਤਲੁਜ' ਨੂੰ ਓਟੀਟੀ ਪਲੇਟਫਾਰਮ ਤੋਂ ਹਟਾਏ ਜਾਣ ਦੇ ਵਿਵਾਦ ਨੇ ਜਿੱਥੇ ਕਲਾ ਦੀ ਆਜ਼ਾਦੀ 'ਤੇ ਸਵਾਲ ਖੜ੍ਹੇ ਕੀਤੇ ਹਨ, ਉੱਥੇ ਹੀ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿੱਚ ਕੇਂਦਰੀ ਜਾਂਚ ਬਿਊਰੋ ਦੇ ਤਾਜ਼ਾ ਰਵੱਈਏ ਨੇ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ। 1984 ਤੋਂ 1995 ਦਰਮਿਆਨ ਹੋਏ 6,733 ਕਥਿਤ ਫਰਜ਼ੀ ਮੁਕਾਬਲਿਆਂ ਦੀ ਦੁਬਾਰਾ ਜਾਂਚ ਤੋਂ ਸੀਬੀਆਈ ਦਾ ਕੋਰਾ ਇਨਕਾਰ ਇਹ ਸਪੱਸ਼ਟ ਕਰਦਾ ਹੈ ਕਿ ਦੇਸ਼ ਦੀਆਂ ਸਰਵਉੱਚ ਜਾਂਚ ਏਜੰਸੀਆਂ ਲਈ ਇਨਸਾਫ਼ ਨਾਲੋਂ 'ਸੰਸਾਧਨਾਂ ਦੀ ਘਾਟ' ਅਤੇ 'ਸਮੇਂ ਦੀ ਦੂਰੀ' ਵੱਡੇ ਬਹਾਨੇ ਬਣ ਚੁੱਕੇ ਹਨ।

ਜਸਵੰਤ ਸਿੰਘ ਖਾਲੜਾ ਨੇ 1990 ਦੇ ਦਹਾਕੇ ਵਿੱਚ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਸਿਰਫ਼ ਤਿੰਨ ਸ਼ਮਸ਼ਾਨਘਾਟਾਂ ਤੋਂ 2,000 ਤੋਂ ਵੱਧ ਗ਼ੈਰ-ਕਾਨੂੰਨੀ ਸਸਕਾਰਾਂ ਦੇ ਸਬੂਤ ਇਕੱਠੇ ਕੀਤੇ ਸਨ। ਅੱਜ 'ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ ਪ੍ਰੋਜੈਕਟ' ਵਰਗੀਆਂ ਸੰਸਥਾਵਾਂ ਨੇ ਪੰਜਾਬ ਦੇ 26 ਜ਼ਿਲ੍ਹਿਆਂ ਵਿੱਚੋਂ ਅਜਿਹੇ 6,733 ਮਾਮਲਿਆਂ ਦਾ ਦਸਤਾਵੇਜ਼ੀਕਰਨ ਕਰਕੇ ਅਦਾਲਤ ਦਾ ਬੂਹਾ ਖੜਕਾਇਆ ਹੈ। ਪਰ ਸੀਬੀਆਈ ਦਾ ਇਹ ਕਹਿਣਾ ਕਿ ਇਹ ਮਾਮਲਾ ਬਹੁਤ ਪੁਰਾਣਾ ਹੈ ਅਤੇ ਏਜੰਸੀ ਕੋਲ ਸਾਧਨਾਂ ਦੀ ਘਾਟ ਹੈ, ਬੇਹੱਦ ਮੰਦਭਾਗਾ ਅਤੇ ਗੈਰ-ਜ਼ਿੰਮੇਵਾਰਾਨਾ ਹੈ। ਕੀ ਲੋਕਤੰਤਰ ਵਿੱਚ ਕਿਸੇ ਨਾਗਰਿਕ ਦੇ ਜੀਵਨ ਦੇ ਅਧਿਕਾਰ ਦੀ ਉਲੰਘਣਾ ਅਤੇ ਰਾਜ ਵੱਲੋਂ ਕੀਤੇ ਗਏ ਕਥਿਤ ਜ਼ੁਲਮ ਦੀ ਜਾਂਚ ਸਿਰਫ਼ ਇਸ ਲਈ ਰੋਕ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਵਕਤ ਗੁਜ਼ਰ ਚੁੱਕਾ ਹੈ ?

ਇਹ ਵੀ ਬੜੀ ਹੈਰਾਨੀ ਅਤੇ ਚਿੰਤਾ ਦੀ ਗੱਲ ਹੈ ਕਿ ਜਿਨ੍ਹਾਂ 70 ਐਫਆਈਆਰਜ਼ ਦੀ ਜਾਂਚ ਹੋਈ, ਉਨ੍ਹਾਂ ਵਿੱਚੋਂ 64 ਮਾਮਲਿਆਂ ਦਾ ਨਿਪਟਾਰਾ ਹੋਇਆ ਅਤੇ ਲਗਭਗ 135 ਪੁਲਿਸ ਮੁਲਾਜ਼ਮਾਂ ਨੂੰ ਸਜ਼ਾਵਾਂ ਵੀ ਮਿਲੀਆਂ। ਇਨ੍ਹਾਂ ਸਜ਼ਾਵਾਂ ਨੇ ਇਹ ਸਾਬਤ ਕੀਤਾ ਕਿ ਖਾਲੜਾ ਦੇ ਦਾਅਵੇ ਹਵਾਈ ਨਹੀਂ ਸਨ, ਸਗੋਂ ਉਨ੍ਹਾਂ ਦੇ ਪਿੱਛੇ ਇੱਕ ਖ਼ੌਫ਼ਨਾਕ ਸੱਚਾਈ ਛੁਪੀ ਹੋਈ ਸੀ। ਪਰ ਇਸ ਇਨਸਾਫ਼ ਦੀ ਰਫ਼ਤਾਰ ਨੂੰ ਦੇਖੋ-ਸਰਕਾਰਾਂ ਵੱਲੋਂ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਵਿੱਚ 25 ਸਾਲ ਲਗਾ ਦਿੱਤੇ ਗਏ ਅਤੇ ਇਸ ਦੌਰਾਨ ਮੁਲਜ਼ਮਾਂ ਨੂੰ ਬਚਾਉਣ ਲਈ ਸਰਕਾਰੀ ਪੱਧਰ 'ਤੇ ਲੀਗਲ ਸੈੱਲ ਤੱਕ ਬਣਾਏ ਗਏ। ਇਹ ਦਰਸਾਉਂਦਾ ਹੈ ਕਿ ਸਿਸਟਮ ਨੇ ਹਮੇਸ਼ਾ ਪੀੜਤਾਂ ਦੀ ਬਜਾਏ ਗੁਨਾਹਗਾਰਾਂ ਦੀ ਪਿੱਠ ਥਾਪੜੀ ਹੈ।

ਫ਼ਿਲਮ 'ਸਤਲੁਜ' ਦੇ ਵਿਵਾਦ ਦਰਮਿਆਨ ਅਦਾਕਾਰ ਦਿਲਜੀਤ ਦੋਸਾਂਝ ਦੀ ਇਹ ਟਿੱਪਣੀ ਬਿਲਕੁਲ ਸਹੀ ਜਾਪਦੀ ਹੈ ਕਿ ਇੰਨੇ ਸਾਲਾਂ ਬਾਅਦ ਵੀ ਖਾਲੜਾ ਦੀ ਆਤਮਾ ਅਤੇ ਉਨ੍ਹਾਂ ਦੇ ਮਿਸ਼ਨ ਨੂੰ ਪੂਰਾ ਇਨਸਾਫ਼ ਨਹੀਂ ਮਿਲ ਸਕਿਆ। ਜਸਵੰਤ ਸਿੰਘ ਖਾਲੜਾ ਨੂੰ ਖੁਦ ਅਗਵਾ ਕਰਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਲਾਸ਼ ਤੱਕ ਪਰਿਵਾਰ ਨੂੰ ਨਸੀਬ ਨਹੀਂ ਹੋਈ। ਹਜ਼ਾਰਾਂ ਮਾਵਾਂ ਦੇ ਪੁੱਤ ਨਦੀਆਂ-ਨਹਿਰਾਂ ਵਿੱਚ ਰੋੜ੍ਹ ਦਿੱਤੇ ਗਏ ਜਾਂ ਲਾਵਾਰਿਸ ਕਹਿ ਕੇ ਸਾੜ ਦਿੱਤੇ ਗਏ। ਅਦਾਲਤਾਂ ਅਤੇ ਜਾਂਚ ਏਜੰਸੀਆਂ ਨੂੰ ਇਹ ਸਮਝਣਾ ਹੋਵੇਗਾ ਕਿ ਕਿਸੇ ਵੀ ਸਮਾਜ ਵਿੱਚ ਸਥਾਈ ਸ਼ਾਂਤੀ ਉਦੋਂ ਤੱਕ ਨਹੀਂ ਆ ਸਕਦੀ, ਜਦੋਂ ਤੱਕ ਇਨਸਾਫ਼ ਦੀ ਪ੍ਰਕਿਰਿਆ ਪੂਰੀ ਨਹੀਂ ਹੁੰਦੀ।

ਪ੍ਰਸਿਧ ਵਕੀਲ ਰਾਜਵਿੰਦਰ ਦਾ ਕਹਿਣਾ ਹੈ ਕਿ ਇਨਸਾਫ਼ ਦੇ ਰਾਹ ਵਿੱਚ ਸਮੇਂ ਦੀ ਦੇਰੀ ਜਾਂ ਸਾਧਨਾਂ ਦੀ ਘਾਟ ਦਾ ਬਹਾਨਾ ਬਣਾਉਣਾ ਮਨੁੱਖੀ ਅਧਿਕਾਰਾਂ ਦਾ ਇੱਕ ਹੋਰ ਕਤਲ ਹੈ। ਪੰਜਾਬ ਸੰਤਾਪ ਦੇ ਦੌਰ ਦੇ ਜ਼ਖ਼ਮਾਂ ਨੂੰ ਭਰਨ ਲਈ ਇਹ ਜ਼ਰੂਰੀ ਹੈ ਕਿ ਹਰ ਇੱਕ ਅਗਿਆਤ ਸਸਕਾਰ ਅਤੇ ਫਰਜ਼ੀ ਮੁਕਾਬਲੇ ਦਾ ਸੱਚ ਸਾਹਮਣੇ ਆਵੇ, ਤਾਂ ਜੋ ਆਉਣ ਵਾਲੀਆਂ ਨਸਲਾਂ ਇਹ ਯਾਦ ਰੱਖ ਸਕਣ ਕਿ ਕਾਨੂੰਨ ਦਾ ਰਾਜ ਕਿਸੇ ਵੀ ਤਾਕਤ ਤੋਂ ਉੱਪਰ ਹੁੰਦਾ ਹੈ।

# ਬਿੱਟੂ ਦੀ ਬਿਆਨਬਾਜ਼ੀ ਜਾਂ ਸਿਆਸੀ ਏਜੰਡਾ ?

## ✪ ਫ਼ਿਲਮ 'ਸਤਲੁਜ' ਦੇ ਵਿਰੋਧ ਨਾਲ ਭਾਜਪਾ ਨੂੰ ਨੁਕਸਾਨ ਦਾ ਖ਼ਦਸ਼ਾ

ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਕਾਰਜਾਂ 'ਤੇ ਆਧਾਰਿਤ ਦਿਲਜੀਤ ਦੋਸਾਂਝ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ 'ਸਤਲੁਜ' ਨੂੰ ਓਟੀਟੀ ਪਲੇਟਫਾਰਮ 'ਜ਼ੀ5' ਤੋਂ ਹਟਾਏ ਜਾਣ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਹੈ। ਇਸ ਵਿਵਾਦ ਦੇ ਕੇਂਦਰ ਵਿੱਚ ਕੇਂਦਰੀ ਰਾਜ ਮੰਤਰੀ ਅਤੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਆ ਗਏ ਹਨ, ਜਿਨ੍ਹਾਂ ਦੇ ਫਿਰਕੂ ਤੇ ਭੜਕਾਊ ਸਿਖ ਵਿਰੋਧੀ ਬਿਆਨਾਂ ਅਤੇ ਤਰਕਾਂ ਨੇ ਇਸ ਸਿਆਸੀ ਲਾਟ ਨੂੰ ਹੋਰ ਹਵਾ ਦੇ ਦਿੱਤੀ ਹੈ।

ਬਿੱਟੂ ਨੇ ਫ਼ਿਲਮ ਵਿੱਚ ਦਿਖਾਏ ਗਏ 25 ਹਜ਼ਾਰ ਲਾਪਤਾ ਜਾਂ ਗੈਰ-ਕਾਨੂੰਨੀ ਢੰਗ ਨਾਲ ਸਸਕਾਰ ਕੀਤੇ ਗਏ ਲੋਕਾਂ ਦੇ ਅੰਕੜੇ ਨੂੰ ਬਿਲਕੁਲ ਗ਼ਲਤ ਅਤੇ ਬਿਨਾਂ ਦਸਤਾਵੇਜ਼ੀ ਸਬੂਤ ਦੇ ਆਧਾਰਿਤ ਦੱਸਿਆ ਹੈ। ਉਨ੍ਹਾਂ ਨਿਰਮਾਤਾ-ਨਿਰਦੇਸ਼ਕ ਨੂੰ ਚੁਣੌਤੀ ਦਿੱਤੀ ਹੈ ਕਿ ਜੇਕਰ ਕੋਈ ਇਸ ਦਾ ਸਬੂਤ ਲਿਆਵੇਗਾ ਤਾਂ ਉਹ ਮਾਫ਼ੀ ਮੰਗਣਗੇ, ਨਹੀਂ ਤਾਂ ਉਹ ਕਾਨੂੰਨੀ ਕਾਰਵਾਈ ਕਰਨਗੇ। ਬਿੱਟੂ ਦਾ ਤਰਕ ਹੈ ਕਿ ਰਚਨਾਤਮਕ ਆਜ਼ਾਦੀ ਦੇ ਨਾਂ 'ਤੇ ਇਤਿਹਾਸ ਨੂੰ ਇਕਪਾਸੜ ਨਹੀਂ ਦਿਖਾਇਆ ਜਾ ਸਕਦਾ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸੰਤਾਪ ਦੇ ਦੌਰ ਵਿੱਚ ਸ਼ਹੀਦ ਹੋਏ ਪੰਜਾਬ ਪੁਲਿਸ ਦੇ ਜਵਾਨਾਂ (ਜਿਵੇਂ ਗੁਰਸਿੱਖ ਆਈਪੀਐੱਸ ਅਧਿਕਾਰੀ ਅਵਿੰਦਰ ਸਿੰਘ) ਅਤੇ ਮਾਰੇ ਗਏ ਨਿਰਦੋਸ਼ ਹਿੰਦੂਆਂ ਤੇ ਆਮ ਨਾਗਰਿਕਾਂ ਦੀ ਕੁਰਬਾਨੀ ਨੂੰ ਵੀ ਬਰਾਬਰ ਥਾਂ ਮਿਲਣੀ ਚਾਹੀਦੀ ਹੈ। ਬਿੱਟੂ ਅਨੁਸਾਰ ਖਾਲੜਾ ਸਾਹਿਬ ਨੇ ਮਨੁੱਖੀ ਅਧਿਕਾਰਾਂ ਲਈ ਕੰਮ ਕੀਤਾ ਸੀ, ਜਿਸ ਨੂੰ ਹਿੰਦੂ-ਸਿੱਖ ਦੇ ਨਜ਼ਰੀਏ ਨਾਲ ਨਹੀਂ ਦੇਖਿਆ ਜਾਣਾ ਚਾਹੀਦਾ ਕਿਉਂਕਿ ਮਰਨ ਵਾਲਿਆਂ ਵਿੱਚ ਹਰ ਧਰਮ ਦੇ ਲੋਕ ਸ਼ਾਮਲ ਸਨ।

ਸਿੱਖ ਭਾਈਚਾਰੇ ਅਤੇ ਪੰਜਾਬ ਦੇ ਕਈ ਹਲਕਿਆਂ ਵਿੱਚ ਰਵਨੀਤ ਬਿੱਟੂ ਦੇ ਇਸ ਰਵੱਈਏ ਨੂੰ ਲੈ ਕੇ ਭਾਰੀ ਨਾਰਾਜ਼ਗੀ ਹੈ। ਭਾਈਚਾਰੇ ਦਾ ਮੰਨਣਾ ਹੈ ਕਿ:ਜਸਵੰਤ ਸਿੰਘ ਖਾਲੜਾ ਨੇ ਪੰਜਾਬ ਦੇ ਕਾਲੇ ਦੌਰ ਦੌਰਾਨ ਤਿੰਨ ਸ਼ਮਸ਼ਾਨਘਾਟਾਂ (ਅੰਮ੍ਰਿਤਸਰ, ਮਜੀਠਾ ਅਤੇ ਤਰਨਤਾਰਨ) ਵਿੱਚ ਗੈਰ-ਕਾਨੂੰਨੀ ਢੰਗ ਨਾਲ ਸਾੜੀਆਂ ਗਈਆਂ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦੇ ਤੱਥ ਜਨਤਕ ਕੀਤੇ ਸਨ, ਜਿਸ ਲਈ ਉਨ੍ਹਾਂ ਨੂੰ ਆਪਣੀ ਜਾਨ ਵੀ ਗੁਆਉਣੀ ਪਈ।

ਬਿੱਟੂ ਵੱਲੋਂ ਸੋਸ਼ਲ ਮੀਡੀਆ 'ਤੇ ਮਰੇ ਹੋਏ ਵਿਅਕਤੀਆਂ ਦੀਆਂ ਤਸਵੀਰਾਂ/ ਵੀਡੀਓਜ਼ ਸਾਂਝੀਆਂ ਕਰਕੇ ਇਸ ਇਤਿਹਾਸਕ ਸੱਚ ਅਤੇ ਅੰਕੜਿਆਂ 'ਤੇ ਸਵਾਲ ਚੁੱਕਣ ਨੂੰ ਭਾਈਚਾਰਾ ਅਤੀਤ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਅਤੇ ਸਿੱਖ ਕਾਰਕੁਨਾਂ ਦੀ ਕੁਰਬਾਨੀ ਨੂੰ ਘਟਾ ਕੇ ਦੇਖਣ ਵਜੋਂ ਲੈ ਰਿਹਾ ਹੈ।

ਬਿੱਟੂ ਦਿਲਜੀਤ ਦੋਸਾਂਝ ਨਾਲ 'ਔਖਾ' ਕਿਉਂ-ਰਵਨੀਤ ਬਿੱਟੂ ਦੀ ਇਸ ਸਰਗਰਮੀ ਪਿੱਛੇ ਦੀ ਮਨਸ਼ਾ ਨੂੰ ਵਿਰੋਧੀ ਧਿਰਾਂ ਸਿਆਸੀ ਏਜੰਡਾ ਦੱਸ ਰਹੀਆਂ ਹਨ। ਬਿੱਟੂ ਮੁਤਾਬਕ ਉਨ੍ਹਾਂ ਦੀ ਮਨਸ਼ਾ ਪੰਜਾਬ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣਾ ਹੈ ਤਾਂ ਜੋ ਨਵੀਂ ਪੀੜ੍ਹੀ ਸਾਹਮਣੇ ਅਧੂਰਾ ਸੱਚ ਨਾ ਜਾਵੇ। ਹਾਲਾਂਕਿ, ਵਿਰੋਧੀਆਂ (ਜਿਵੇਂ ਕਾਂਗਰਸ ਆਗੂ ਪਰਗਟ ਸਿੰਘ) ਦਾ ਦੋਸ਼ ਹੈ ਕਿ ਬਿੱਟੂ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਸਿਆਸੀ ਲਾਹਾ ਲੈਣ ਲਈ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੇ ਹਨ। ਹਾਲਾਂਕਿ ਬਿੱਟੂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਨਿੱਜੀ ਲੜਾਈ ਦਿਲਜੀਤ ਦੋਸਾਂਝ ਨਾਲ ਨਹੀਂ ਹੈ, ਪਰ ਉਹ ਇਸ ਗੱਲੋਂ ਔਖੇ ਹਨ ਕਿ ਫ਼ਿਲਮ ਦੇ ਮੁੱਖ ਅਦਾਕਾਰ (ਦਿਲਜੀਤ) ਅਤੇ ਨਿਰਮਾਤਾ 'ਰਚਨਾਤਮਕ ਆਜ਼ਾਦੀ' ਦੇ ਨਾਂ 'ਤੇ ਬਿਨਾਂ ਪੁਖਤਾ ਸਰਕਾਰੀ ਜਾਂ ਅਦਾਲਤੀ ਰਿਕਾਰਡ ਦੇ 25 ਹਜ਼ਾਰ ਦਾ ਅੰਕੜਾ ਪੇਸ਼ ਕਰ ਰਹੇ ਹਨ, ਜਿਸ ਨਾਲ ਸਮਾਜ ਵਿੱਚ ਵੰਡੀਆਂ ਪੈ ਸਕਦੀਆਂ ਹਨ।

ਬਿੱਟੂ ਦੇ ਬਿਆਨਾਂ ਦਾ ਕੀ ਪਾਰਟੀ ਨੂੰ ਨੁਕਸਾਨ ਹੋਵੇਗਾ ?-ਰਵਨੀਤ ਬਿੱਟੂ ਦੇ ਬਿਆਨਾਂ ਨੇ ਭਾਜਪਾ ਦੇ ਅੰਦਰੂਨੀ ਹਲਕਿਆਂ ਵਿੱਚ ਵੀ ਚਿੰਤਾ ਪੈਦਾ ਕਰ ਦਿੱਤੀ ਹੈ। ਪਾਰਟੀ ਦੇ ਸੀਨੀਅਰ ਆਗੂਆਂ ਨੇ ਬਿੱਟੂ ਨੂੰ ਸੰਜਮ ਵਰਤਣ ਦੀ ਸਲਾਹ ਦਿੱਤੀ ਹੈ:

ਇਕਬਾਲ ਸਿੰਘ ਲਾਲਪੁਰਾ ਕੌਮੀ ਘੱਟਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਨੇ ਯਾਦ ਦਿਵਾਇਆ ਕਿ 25 ਹਜ਼ਾਰ ਵਾਲਾ ਮੁੱਦਾ ਖਾਲੜਾ ਜੀ ਨੇ ਚੁੱਕਿਆ ਸੀ ਅਤੇ ਬਾਅਦ ਵਿੱਚ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਇਸ ਦੀ ਵੈਰੀਫਿਕੇਸ਼ਨ ਵੀ ਕਰਵਾਈ ਸੀ। ਉਨ੍ਹਾਂ ਬਿੱਟੂ ਨੂੰ ਨਸੀਹਤ ਦਿੰਦਿਆਂ ਕਿਹਾ, "ਬਿੱਟੂ ਜੀ ਸਿਆਣੇ ਆਦਮੀ ਹਨ, ਉਨ੍ਹਾਂ ਨੂੰ ਸੋਚ ਸਮਝ ਕੇ ਅਤੇ ਵਿਚਾਰ ਕਰਕੇ ਗੱਲ ਕਹਿਣੀ ਚਾਹੀਦੀ ਹੈ।"

ਮਨੋਰੰਜਨ ਕਾਲੀਆ ਸੀਨੀਅਰ ਭਾਜਪਾ ਆਗੂ ਨੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਮਾਮਲੇ ਵਿੱਚ ਸੁਪਰੀਮ ਕੋਰਟ ਦਾ ਫੈਸਲਾ ਆ ਚੁੱਕਾ ਹੈ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲ ਚੁੱਕੀਆਂ ਹਨ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਿੱਟੂ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਸੋਸ਼ਲ ਮੀਡੀਆ 'ਤੇ ਤਸਵੀਰਾਂ ਸਾਂਝੀਆਂ ਕਰਕੇ ਬੇਵਜ੍ਹਾ ਇਸ ਮੁੱਦੇ ਨੂੰ ਉਭਾਰ ਰਹੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਤੀਤ ਦੀਆਂ ਘਟਨਾਵਾਂ ਨੂੰ ਲੋਕਾਂ ਵਿੱਚ ਵੰਡੀਆਂ ਪਾਉਣ ਲਈ ਵਰਤਣਾ ਠੀਕ ਨਹੀਂ ਹੈ।

ਪੰਜਾਬ ਦੇ ਭਾਜਪਾ ਆਗੂਆਂ ਦੇ ਬਿਆਨਾਂ ਤੋਂ ਸਾਫ਼ ਹੈ ਕਿ ਬਿੱਟੂ ਦੀ ਬਿਆਨਬਾਜ਼ੀ ਨਾਲ ਪੰਜਾਬ ਵਿੱਚ ਹਿੰਦੂ-ਸਿੱਖ ਭਾਈਚਾਰਕ ਸਾਂਝ ਅਤੇ ਭਾਜਪਾ ਦੇ ਅਕਸ ਨੂੰ ਠੇਸ ਪਹੁੰਚਣ ਦਾ ਖ਼ਦਸ਼ਾ ਹੈ, ਜਿਸ ਕਾਰਨ ਪਾਰਟੀ ਦੇ ਅੰਦਰ ਹੀ ਉਨ੍ਹਾਂ ਦੇ ਬਿਆਨਾਂ ਦਾ ਵਿਰੋਧ ਹੋ ਰਿਹਾ ਹੈ।

ਜਿੱਥੇ ਰਵਨੀਤ ਬਿੱਟੂ ਹਿੰਸਾ ਦੇ ਸਾਰੇ ਪੀੜਤਾਂ (ਪੁਲਿਸ ਅਤੇ ਆਮ ਨਾਗਰਿਕਾਂ) ਲਈ ਇੱਕ ਸਾਂਝੇ ਜਾਂਚ ਕਮਿਸ਼ਨ ਦੀ ਮੰਗ ਕਰਕੇ ਆਪਣੇ ਬਿਆਨਾਂ ਨੂੰ ਸੰਤੁਲਿਤ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਉੱਥੇ ਹੀ ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਸਣੇ ਕਾਂਗਰਸੀ ਆਗੂਆਂ (ਮਨੀਸ਼ ਤਿਵਾੜੀ, ਪਰਗਟ ਸਿੰਘ) ਨੇ ਚੇਤਾਵਨੀ ਦਿੱਤੀ ਹੈ ਕਿ ਪੁਰਾਣੇ ਦਰਦਨਾਕ ਦੌਰ ਦਾ ਹਵਾਲਾ ਦੇ ਕੇ ਨਵੀਂ ਪੀੜ੍ਹੀ ਨੂੰ ਭੜਕਾਉਣਾ ਪੰਜਾਬ ਦੇ ਭਵਿੱਖ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ–51

# ਇਤਿਹਾਸ ਸ਼੍ਰੀ ਗੁਰੂ ਗ੍ਰੰਥ ਸਾਹਿਬ

**ਸਾਡਾ ਤਰਕ ਹੈ ਕਿ ਇਹ ਰਚਨਾਵਾਂ ਜੋ ਮਰਨ ਸਮੇਂ ਰਚੀਆਂ ਗਈਆਂ ਪੰਦਰ੍ਹਾਂ ਸਾਲ ਪਹਿਲਾਂ ਲਿਖੀ ਪੋਥੀ ਵਿੱਚ ਆ ਨਹੀਂ ਸਕਦੀਆਂ । ਡਾ। ਸੁੰਦਰ ਦਾਸ ਜੀ ਨੇ ਪਹਿਲਾਂ ਕਬੀਰ ਜੀ ਅਤੇ ਸਿਕੰਦਰ ਵਿੱਚਕਾਰ ਹੋਈ ਖਟਪਟੀ ਦੀਆਂ ਘਟਨਾਵਾਂ ਨੂੰ ਮੁੱਖ ਰੱਖਕੇ, ਦੂਜਾ ਗੁਰੂ ਨਾਨਕ ਜੀ ਦਾ ਕਬੀਰ ਨਾਲ ਮੇਲ ਹੋਣ ਵਾਲੀ ਬਾਣੀ ਦੇ ਪ੍ਰਮਾਣ ਨੂੰ ਲੈ ਕੇ ਕਬੀਰ ਜੀ ਦੇ ਚਲਾਣੇ ਦੀ ਤਿਥੀ ਨੂੰ ਪਹਿਲਾਂ ਕਹਿਣ ਵਾਲੀਆਂ ਸਾਰੀਆਂ ਕਲਪਨਾਂ ਰੱਦ ਕਰਕੇ ਕਬੀਰ ਜੀ ਦਾ 1575 ਦਾ ਚਲਾਣਾ ਹੀ ਮੰਨਿਆ ਹੈ । ਜਿਵੇਂ ਅਸੀਂ ਚਲਾਣੇ ਦੀ ਤਿਥੀ ਸੰਬੰਧੀ ਪੁਰਾਤਨ ਗ੍ਰੰਥਾਂ ਦੇ ਪ੍ਰਮਾਣ ਦਿੱਤੇ ਹਨ, ਚਲਾਣੇ ਦੀ ਤਾਰੀਖ ਏਹੋ ਮੰਨੀ ਗਈ ਹੈ। ਸ਼ਿਆਮ ਸੁੰਦਰ ਦਾਸ ਜੀ ਦੀ ਇਕ ਭੁਲੇਖੇ ਭਰੀ ਟੂਕ ਹੈ ।**

## ਗੁਰੂ ਨਾਨਕ ਅਤੇ ਕਬੀਰ ਜੀ

ਗੁਰੂ ਨਾਨਕ ਅਤੇ ਕਬੀਰ ਜੀ, ਦੋਹਾਂ ਹਸਤੀਆਂ ਦਾ ਸਮਾਂ ਮੇਲ ਖਾਂਦਾ ਹੈ। ਬਾਣੀ ਬਾਰੇ ਕਿਸੇ ਸ਼ੰਕਾ ਰਹਿਤ ਲਿਖਤ ਵਿੱਚ ਸਭ ਤੋਂ ਪਹਿਲਾਂ ਦਾ ਪ੍ਰਮਾਣ ਗੋਇੰਦਵਾਲ ਵਾਲੀਆਂ ਪੋਥੀਆਂ ਵਿੱਚ ਮਿਲਦਾ ਹੈ। ਗੁਰੂ ਨਾਨਕ ਜੀ ਦੇ ਚਲਾਣੇ ਪਿੱਛੋਂ ਪੰਝੀ ਕੁ ਸਾਲ ਬਾਅਦ ਇਹ ਪੋਥੀਆਂ ਲਿਖੀਆਂ ਗਈਆਂ। ਪੋਥੀਆਂ ਵਿੱਚ ਲਿਖਤ ਹੈ: ਕਬੀਰ ਨਾਮਾ ਭਗਤ ਗੁਰੂ ਬਾਬੇ ਕੇ।

ਕਬੀਰ ਜੀ ਦੀ ਬਾਣੀ ਦਾ ਇਕ ਸੰਗ੍ਰਹਿ 1561 ਸੰਮਤ ਦਾ ਲਿਖਿਆ ਹੋਇਆ ਕਿਹਾ ਜਾਂਦਾ ਹੈ। ਜੋ ਕਬੀਰ ਪੰਥੀ ਲਿਖਤਾਂ ਅਤੇ ਪਿੱਛੋਂ ਦੋ ਪੋਥੀਆਂ ਵਿੱਚੋਂ ਇਕ ਕਬੀਰ ਗ੍ਰੰਥਾਵਲੀ ਸੰਚਿਤ ਕੀਤੀ ਗਈ ਹੈ। ਪਹਿਲਾਂ ਦਿੱਤੀ ਜਾਣਕਾਰੀ ਮੁੜ ਦਰਸਾਉਣ ਦੀ ਲੋੜ ਹੈ ਕਿ ਡਾ. ਸ਼ਿਆਮ ਸੁੰਦਰ ਦਾਸ ਕਾਸ਼ੀ ਨਾਗਰੀ ਪ੍ਰਚਾਰਣੀ ਸਭਾ ਦੇ ਸੰਸਥਾਪਕਾਂ ਵਿੱਚੋਂ ਸਨ। ਉਨ੍ਹਾਂ ਨੇ ਦੋ ਪੱਤ੍ਰੀਆਂ ਦੇ ਮਿਲਾਨ ਕਰਕੇ, ਕਬੀਰ ਗ੍ਰੰਥਾਵਲੀ 1947 ਵਿੱਚ ਛਾਪੀ ਹੈ। ਇਨ੍ਹਾਂ ਵਿੱਚ ਇਕ ਪਤ੍ਰੀ ਸੰਮਤ 1561 ਦੀ, ਅਤੇ ਦੂਜੀ 1891 ਦੀ ਲਿਖਤ ਦੱਸੀ ਗਈ ਹੈ। ਪਹਿਲੇ ਗ੍ਰੰਥ ਦੇ ਆਰੰਭ ਵਿੱਚ ਲਿਖਤੀ ਪੱਤਰੀ ਦਾ ਚਿੱਤਰ ਭੀ ਛਾਪਿਆ ਗਿਆ ਹੈ। ਜਿਸ ਦੇ ਹੇਠਾਂ ਪੋਥੀ ਲਿਖੇ ਜਾਣ ਦਾ ਸੰਮਤ 1561 ਹੈ। ਇਹ ਲਿਖਤ ਅਤੇ ਸੰਮਤ ਆਪਣੇ ਆਪ ਵਿੱਚ ਹੀ ਸ਼ੱਕੀ ਹੈ। ਨਾਲ ਗਲਤ ਭੀ ਹੈ। ਉਪਰਲੀ ਇਕ ਭਾਂਤ ਦੀ ਚੱਲ ਰਹੀ ਲਿਖਤ ਤੋਂ ਹੇਠਾਂ ਵੱਖਰੀ ਮੋਟੀ ਕਲਮ ਨਾਲ ਸੰਮਤ ਵਾਲੀ ਨਵੀਂ ਇਬਾਰਤ ਹਿੰਦੀ ਵਿਚ ਇਉਂ ਲਿਖੀ ਗਈ ਹੈ:

ਸੰਪੂਰਣ ਸੰਮਤ 1561 ਲਿਪੀ ਕ੍ਰਿਤ ਬਨਾਰਸ ਮਧਯ ਖੇਮ ਚੰਦ ਪਠਨਾਰਥ ਮਲੂਕ ਦਾਸ ਬਾਚਸੀ ਅਰਥ। ਇਹ ਪੋਥੀ ਖੇਮ ਚੰਦ ਜੀ ਨੇ ਮਲੂਕ ਦਾਸ ਜੀ ਦੇ ਵਿਚਾਰਾਰਥ ਲਿਖੀ ਸੀ। ਮਲੂਕ ਦਾਸ ਜੀ ਕਬੀਰ ਜੀ ਦੀ ਦੂਜੀ ਮਰਨ ਸਮਾਧੀ, ਜੋ ਜਗਨ ਨਾਥ ਪੁਰੀ ਵਿੱਚ ਹੈ, ਉਸ ਦੇ ਮੁਖੀ ਮੰਨੇ ਗਏ ਹਨ, ਜਿਨ੍ਹਾਂ ਦੇ ਨਾਮ ਉੱਤੇ ਜਗਨ ਨਾਥ ਮੰਦਰ ਵਿੱਚ ਮਲੂਕ ਦਾਸ ਦੀ ਖਿਚੜੀ ਦਾ ਚੜ੍ਹਾਵਾ ਚੜ੍ਹਦਾ ਹੈ। ਡਾ. ਸੁੰਦਰ ਦਾਸ ਜੀ ਨੇ ਇਸ ਲਿਖਤ ਨੂੰ ਭੀ ਸ਼ੱਕੀ ਕਰਾਰ ਦਿੱਤਾ ਹੈ। ਡਾ. ਸੁੰਦਰ ਦਾਸ ਜੀ ਨੇ ਲਿਖਿਆ ਹੈ: ਯਦੀ ਯਹਿ ਅਸਲ ਨਾ ਭੀ ਹੋ ਤਬ ਭੀ ਇਸ ਪਤ੍ਰੀ ਕਾ ਮੋਲ ਕੰਮ ਨਹੀਂ (ਸਫ਼ਾ 2 ਕਬੀਰ ਗ੍ਰੰਥਾਵਲੀ)

ਡਾ. ਸੁੰਦਰ ਦਾਸ ਜੀ ਨੇ ਕਬੀਰ ਜੀ ਦਾ ਚਲਾਣਾ 1575 ਬਿਕ੍ਰਮੀ ਦਾ ਹੀ ਦ੍ਰਿੜ੍ਹਤਾ ਨਾਲ ਮੰਨਿਆ ਹੈ। (ਸਫ਼ਾ 2)।

ਜੇ 1561 ਸੰਮਤ (ਬਿਕ੍ਰਮੀ) ਵਿੱਚ ਪੋਥੀ ਲਿਖੀ ਮੰਨੀ ਭੀ ਜਾਵੇ, ਜੋ ਵਿਦਵਾਨਾਂ ਦੇ ਕਥਨ ਅਨੁਸਾਰ ਲਿਖੀ ਨਹੀਂ ਗਈ, ਤਾਂ ਇਹ ਕਬੀਰ ਜੀ ਦੇ ਚਲਾਣੇ ਤੋਂ 16 ਵਰਸ਼ ਪਹਿਲਾਂ ਦੀ ਲਿਖਤ ਬਣਦੀ ਹੈ। ਕਬੀਰ ਬਾਣੀ ਵਿੱਚ ਕੁਝ ਮਹੱਤਵਪੂਰਨ ਇਤਿਹਾਸਕ ਇਸ਼ਾਰੇ ਉਨ੍ਹਾਂ ਦੇ ਆਪਣੇ ਜੀਵਨ ਬਾਰੇ ਹਨ। ਸਿਕੰਦਰ ਲੋਧੀ ਵੱਲੋਂ ਉਨ੍ਹਾਂ ਨੂੰ ਸਤਾਏ ਜਾਣ ਦੀਆਂ ਘਟਨਾਵਾਂ ਇਕ ਪਾਸੇ ਰੱਖ ਦਿੱਤੀਆਂ ਜਾਣ। ਕਬੀਰ ਜੀ ਦਾ ਮਗਹਰ ਜਾਕੇ ਸਰੀਰ ਤਿਆਗਣ ਵਾਲੇ ਸ਼ਬਦ, ਜੀਵਨ ਤੋਂ ਨਖੇੜੇ ਨਹੀਂ ਜਾ ਸਕਦੇ। ਉਨ੍ਹਾਂ ਪਦਿਆਂ ਦੇ ਚਾਨਣ ਵਿੱਚ ਕਬੀਰ ਗ੍ਰੰਥਾਵਲੀ ਦਾ ਸੰਮਤ ਲਿਖਣ ਵਾਲੇ ਦੀ ਭੁੱਲ ਸਪੱਸ਼ਟ ਉਘੜ ਆਉਂਦੀ ਹੈ। ਕਬੀਰ ਜੀ ਦੀਆਂ ਤੁੱਕਾਂ ਹਨ:

1. ਮਰਤੀ ਬਾਰ ਮਗਹਰਿ ਉਠਿ ਆਇਆ॥ (ਗਉੜੀ ਕਬੀਰ – 326)
2. ਮਰਨੁ ਭਇਆ ਮਗਹਰ ਕੀ ਬਾਸੀ॥ (ਗਉੜੀ ਕਬੀਰ – 326)

ਸਾਡਾ ਤਰਕ ਹੈ ਕਿ ਇਹ ਰਚਨਾਵਾਂ ਜੋ ਮਰਨ ਸਮੇਂ ਰਚੀਆਂ ਗਈਆਂ ਪੰਦਰ੍ਹਾਂ ਸਾਲ ਪਹਿਲਾਂ ਲਿਖੀ ਪੋਥੀ ਵਿੱਚ ਆ ਨਹੀਂ ਸਕਦੀਆਂ। ਡਾ. ਸੁੰਦਰ ਦਾਸ ਜੀ ਨੇ ਪਹਿਲਾਂ ਕਬੀਰ ਜੀ ਅਤੇ ਸਿਕੰਦਰ ਵਿੱ-ਚਕਾਰ ਹੋਈ ਖਟਪਟੀ ਦੀਆਂ ਘਟਨਾਵਾਂ ਨੂੰ ਮੁੱਖ ਰੱਖਕੇ, ਦੂਜਾ ਗੁਰੂ ਨਾਨਕ ਜੀ ਦਾ ਕਬੀਰ ਨਾਲ ਮੇਲ ਹੋਣ ਵਾਲੀ ਬਾਣੀ ਦੇ ਪ੍ਰਮਾਣ ਨੂੰ ਲੈ ਕੇ ਕਬੀਰ ਜੀ ਦੇ ਚਲਾਣੇ ਦੀ ਤਿਥੀ ਨੂੰ ਪਹਿਲਾਂ ਕਹਿਣ ਵਾਲੀਆਂ ਸਾਰੀਆਂ ਕਲਪਨਾਂ ਰੱਦ ਕਰਕੇ ਕਬੀਰ ਜੀ ਦਾ 1575 ਦਾ ਚਲਾਣਾ ਹੀ ਮੰਨਿਆ ਹੈ। ਜਿਵੇਂ ਅਸੀਂ ਚਲਾਣੇ ਦੀ ਤਿਥੀ ਸੰਬੰਧੀ ਪੁਰਾਤਨ ਗ੍ਰੰਥਾਂ ਦੇ ਪ੍ਰਮਾਣ ਦਿੱਤੇ ਹਨ, ਚਲਾਣੇ ਦੀ ਤਾਰੀਖ ਏਹੋ ਮੰਨੀ ਗਈ ਹੈ। ਸ਼ਿਆਮ ਸੁੰਦਰ ਦਾਸ ਜੀ ਦੀ ਇਕ ਭੁਲੇਖੇ ਭਰੀ ਟੂਕ ਹੈ।

ਨਾਨਕ ਦੇਵ ਜੀ ਪਰ ਕਬੀਰ ਜੀ ਕਾ ਇਤਨਾ ਸਪੱਸ਼ਟ ਪ੍ਰਭਾਵ ਦਿਖਾਈ ਦੇਤਾ ਹੈ ਕਿ ਇਸ ਘਟਨਾ ਕੋ ਸੱਤਯ ਮਾਨਨੇ ਕੀ ਪ੍ਰਵਿਰਤੀ ਹੋਤੀ ਹੈ। (ਕਬੀਰ ਗ੍ਰੰਥਾਵਲੀ ਸਫ਼ਾ 20)

ਉਨ੍ਹਾਂ ਇਹ ਵੀ ਲਿਖਿਆ ਹੈ ਗੁਰੂ ਨਾਨਕ ਜੀ ਨਾਲ ਜਦੋਂ ਕਬੀਰ ਜੀ ਦਾ ਮੇਲ ਹੋਇਆ, ਗੁਰੂ ਜੀ 27 ਵਰ੍ਹਿਆਂ ਦੇ ਸਨ। ਕਬੀਰ ਪੰਥੀ ਗ੍ਰੰਥਾਂ ਵਿੱਚ ਗੁਰੂ ਨਾਨਕ ਜੀ ਨਾਲ ਕਬੀਰ ਦੇ ਪਹਿਲੇ ਮੇਲ ਦਾ ਸਮਾਂ ਏਹੋ ਹੀ ਦੱਸਿਆ ਜਾਂਦਾ ਹੈ। ਕਬੀਰ ਜੀ ਦੇ ਗੁਰੂ ਨਾਨਕ ਜੀ ਉੱਤੇ ਪ੍ਰਭਾਵੀ ਹੋਣ ਦੀ ਅਗਿਆਨਤਾ ਕਬੀਰ ਬਾਣੀ ਅਤੇ ਗੁਰੂ ਨਾਨਕ ਬਾਣੀ ਦਾ ਠੀਕ ਅਧਿਐਨ ਨਾ ਕਰਨ ਕਰਕੇ ਹੈ, ਅਸਲੀ-ਅਤ ਦੇ ਅਧਾਰ ਉੱਤੇ ਗੱਲ ਇਸ ਤੋਂ ਉਲਟ ਸਿੱਧ ਹੁੰਦੀ ਹੈ। ਸਭ ਤੋਂ ਵੱਧ ਪ੍ਰਮਾਣ ਕਬੀਰ ਬਾਣੀ ਵਿੱਚੋਂ ਜ਼ੋਰਦਾਰ ਤੇ ਸਪੱਸ਼ਟ ਮਿਲਦੇ ਹਨ: ਬੁਧਿ ਬਦਲੀ ਸਿਧਿ ਪਾਈ ਪ੍ਰਾਪਤੀ ਦੀ ਮੰਜ਼ਿਲ ਉੱਤੇ ਚੜ੍ਹਨ ਪਿੱਛੋਂ ਕਬੀਰ ਬਾਣੀ ਵਿੱਚ ਸਤਿਗੁਰਾਂ ਦੀ ਕ੍ਰਿਪਾ ਦੀ ਸ੍ਵੀਕ੍ਰਿਤੀ ਦੇ ਅਨੇਕਾਂ ਪ੍ਰਮਾਣ ਹਨ। ਬੇਸ਼ੱਕ ਸਾਡਾ ਕੇਂਦਰੀ ਨੁਕਤਾ ਦੋਵਾਂ ਦੀ ਬਾਣੀ ਦਾ ਟਾਕਰਾ ਹੈ, ਫਿਰ ਭੀ ਗੁਰੂ ਜੀ ਦੇ ਮੇਲ ਬਾਰੇ ਇਤਿਹਾਸਕ ਲਿਖਤਾਂ ਭੀ ਅਰਥ ਰੱਖਦੀਆਂ ਹਨ।


ਇਕ ਪੁਰਾਤਨ ਲਿਖਤ ਦੀ ਦੱਸ ਗਿਆਨੀ ਗਿਆਨ ਸਿੰਘ ਨੇ ਆਪਣੀ ਤਵਾਰੀਖ ਵਿੱਚ ਪਾਈ ਹੈ ਜੋ ਇਸ ਗ੍ਰੰਥ ਦੇ ਪੰਨਾ 136 ਉੱਤੇ ਦਿੱਤੀ ਗਈ ਹੈ।

ਗਿਆਨੀ ਜੀ ਨੇ ਇਸ ਇਬਾਰਤ ਦੇ ਫੁੱਟ ਨੋਟ ਵਿੱਚ ਲਿਖਿਆ ਹੈ, ਇਹ ਕਥਾ ਅਤੇ ਚਰਚਾ ਦੇ ਸ਼ਬਦ, ਨਾਨਕ ਪ੍ਰਬੋਧ ਪੋਥੀ ਵਿੱਚੋਂ ਲਿਖੇ ਹਨ। ਉਥੋਂ ਲੈ ਕੇ ਅਸੀਂ ਸੰਖੇਪ ਸੂਰਜ ਪ੍ਰਕਾਸ਼ ਵਿੱਚ ਰੱਖੇ ਹਨ। (ਛਾਪਕ ਸ਼੍ਰੋਮਣੀ ਕਮੇਟੀ ਸਫ਼ਾ 167)

ਗਿਆਨੀ ਜੀ ਨੇ ਜਿਸ ਸੰਖੇਪ ਸੂਰਜ ਪ੍ਰਕਾਸ਼ ਵੱਲ ਇਸ਼ਾਰਾ ਕੀਤਾ ਹੈ, ਉਸ ਪੁਸਤਕ ਦੇ ਸਫ਼ਾ 158 ਉੱਤੇ ਭੀ ਇਹੋ ਕਥਾ ਉਨ੍ਹਾਂ ਲਿਖੀ ਹੈ। ਨਾਨਕ ਬੋਧ ਵਿੱਚੋਂ ਜੋ ਵਾਕ, ਗਿਆਨੀ ਜੀ ਨੇ ਲਏ ਹਨ, ਉਹ ਕੇਵਲ ਕਬੀਰ ਜੀ ਦੇ ਜੰਮਣ ਮਰਨ ਵਾਲੀਆਂ ਤਿਥੀਆਂ ਦੱਸਣ ਵਾਲੇ ਹਨ। ਜਿਥੇ ਚਲਾਣੇ ਦੀ ਤਿਥੀ 1575 ਬਿਕ੍ਰਮੀ ਦਿੱਤੀ ਹੈ:

ਪੁਨ: ਪੰਦਰਾਂ ਸੋ ਪਛੱਤਰਾ ਮਗਹਰ ਕੀਉ ਗਉਨ।
ਮਾਘ ਸੁਦੀ ਇਕਾਦਸੀ ਮਿਲੀ ਪਉਨ ਸੇ ਪਉਨ। (ਸੰਖੇਪ ਸੂਰਜ ਪ੍ਰਕਾਸ਼ ਸਫ਼ਾ 159)

ਨਾਨਕ ਬੋਧ ਵਿੱਚ, ਜਿਸ ਦੇ ਕੁਝ ਅੰਸ਼ ਕਬੀਰ ਮਨਸੂਰ ਗ੍ਰੰਥ ਨੇ ਭੀ ਦਿੱਤੇ ਹਨ, ਗੁਰੂ ਨਾਨਕ ਅਤੇ ਕਬੀਰ ਜੀ ਦੀ ਪ੍ਰਸਪਰ ਚਰਚਾ ਦਾ ਪ੍ਰਸੰਗ ਹੈ। ਇਸ ਚਰਚਾ ਦੀ ਇਸ ਲਈ ਕਲਪਨਾ ਕੀਤੀ ਗਈ ਸੀ ਕਿ ਕਬੀਰ ਜੀ ਤੋਂ ਗੁਰੂ ਨਾਨਕ ਜੀ ਪ੍ਰਭਾਵਤ ਹੋਏ ਦਿਖਾਏ ਜਾਣ, ਜਦੋਂ ਕਿ ਇਸ ਧਾਰਨਾ ਨੂੰ ਕਬੀਰ ਬਾਣੀ ਥਾਂ ਥਾਂ ਕਟਦੀ ਹੈ।




ਨਾਨਕ ਬੋਧ ਜਿਸ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਸੀ, ਹੁਣ ਭੀ ਇਕ ਅਪ੍ਰਮਾਣਿਤ ਜਿਹੀ ਰਚਨਾ ਦੇ ਰੂਪ ਵਿੱਚ ਮਿਲਦਾ ਹੈ। ਕਬੀਰ ਜੀ ਦੇ ਚੇਲਿਆਂ ਸ਼ਰਧਾਲੂਆਂ ਵੱਲੋਂ ਬੰਬਈ ਤੋਂ ਕਬੀਰ ਸਾਗਰ ਦੇ ਨਾਂ ਹੇਠਾਂ ਅੰਦਾਜ਼ਨ ਦੋ ਦਰਜਨ ਗ੍ਰੰਥਾਂ ਦੇ ਰੂਪ ਵਿੱਚ ਛਪਿਆ, ਕਬੀਰ ਸਾਗਰ ਗ੍ਰੰਥ ਮਿਲਦਾ ਹੈ। ਲੇਖਕ, ਜਾਂ ਕਈ ਲੇਖਕਾਂ ਨੇ ਆਪਣਾ ਪਤਾ ਤੇ ਰਚਨਾ ਜਾਂ ਲਿਖਣ ਕਾਲ ਦੱਸਣ ਦੀ ਲੋੜ ਨਹੀਂ ਸਮਝੀ। ਬੋਧ ਸਾਗਰ, ਕਬੀਰ ਗ੍ਰੰਥਾਂ ਦੀ ਲੜੀ ਦਾ ਨੌਵਾਂ ਮਣਕਾ ਹੈ। ਇਸ ਬੋਧ ਸਾਗਰ ਵਿੱਚ, ਆਤਮ ਬੋਧ, ਜੈਨ ਬੋਧ, ਧਰਮ ਬੋਧ, ਸਰਵ ਸੰਦੇਸ਼ ਬੋਧ ਆਦਿਕ ਉਪਦੇਸ਼ਾਂ ਦਾ ਸੰਗ੍ਰਹਿ ਕੀਤਾ ਹੈ। ਸਭ ਰਚਨਾਵਾਂ ਵਿੱਚ ਕਬੀਰ ਜੀ, ਸਭਨਾਂ ਧਰਮਾਂ, ਈਸਾਈ, ਮੁਸਾਈ ਮਜ਼ਹਬਾਂ ਦੇ ਮੁਖੀਆਂ ਨੂੰ ਬੋਧ ਦੇਣ ਵਾਲੇ ਦਿਖਾਏ ਗਏ ਹਨ। ਏਸੇ ਪ੍ਰਸੰਗ ਵਿੱਚ ਨਾਨਕ ਬੋਧ ਆਉਂਦਾ ਹੈ। ਗੁਰੂ ਨਾਨਕ ਜੀ ਬਾਰੇ ਲਿਖਿਆ ਹੈ, ਉਨ੍ਹਾਂ ਨੂੰ ਕਬੀਰ ਜੀ ਨੇ ਅਗੰਮੀ ਤਰੀਕੇ ਨਾਲ ਦਰਿਆ ਉੱਤੇ ਪਹੁੰਚਕੇ ਬੋਧ ਦਿੱਤਾ ਸੀ।

ਨਾਨਕ ਸਾਹ ਕੀਨ ਤਪ ਭਾਰੀ।
ਸਭਿ ਬਿਧ ਭਏ ਗਿਆਨ ਅਧਿਕਾਰੀ।
ਭਗਤੀ ਭਾਵ ਤਾਕੋ ਲਖਿ ਪਾਇਆ।
ਤਾਪਰ ਸਤਿਗੁਰੂ ਕੀਨੀ ਦਇਆ।
ਜਿੰਦ-ਰੂਪ ਧਰਿਯੋ ਤਬ ਸਾਈ।
ਪ੍ਰਭੂ ਪੰਜਾਬ ਦੇਸ ਚਲ ਆਈ।
ਅਨਹਦ ਬਾਨੀ ਕੀਉ ਪੁਕਾਰਾ।
ਸੁਨਕੇ ਨਾਨਕ ਦਰਸ਼ ਨਿਹਾਰਾ।
ਸੁਨਕੇ ਅਮਰ ਲੋਕ ਕੀ ਬਾਣੀ।
ਜਾਨ ਪਰਾ ਨਿਜ ਸਮਰਥ ਗਿਆਨੀ।
ਜਬ ਨਾਨਕ ਬਹੁਤੇ ਤਪ ਕੀਨਾ।
ਨਿਰੰਕਾਰ ਬਹੁਤੇ ਦਿਨ ਚੀਨਾ।
ਨਿਰੰਕਾਰ ਤੇ ਪੁਰਸ਼ ਨਿਰਾਰਾ।
ਅਜਰ ਦੀਪ ਤਾਕੀ ਟਕਸਾਰਾ।
ਜਬਤੇ ਹਮਤੋ ਬਿਛਰੋ ਭਾਈ।
ਸਾਠ ਹਜ਼ਾਰ ਜਨਮ ਤੁਮ ਪਾਈ।
ਧਰਿ ਧਰਿ ਜਨਮ ਭਗਤ ਭਲ ਕੀਨਾ।
ਫਿਰ ਕਾਲ ਚੱਕਰ ਨਿਰੰਜਨ ਦੀਨਾ।
(ਕਬੀਰ ਸਾਗਰ, ਨਾਨਕ ਬੋਧ ਸਫ਼ਾ 168)

ਚਲਦਾ......

# ਮਿਡਲੈਂਡ ਦੀਆਂ ਸਿੱਖ ਸੰਗਤਾਂ ਨੂੰ ਮਹਾਰਾਣਾ ਰਣਜੀਤ ਸਿੰਘ ਅਤੇ ਸਿੱਖ ਰਾਜ ਦੀਆਂ ਨਿਸ਼ਾਨੀਆਂ ਵਿਖਾਉਣ ਲਈ ਗੁਰਦੁਆਰਾ ਬਾਬਾ ਦੀਪ ਸਿੰਘ ਵੱਲੋਂ ਲੰਡਨ ਯਾਤਰਾ ਦਾ ਪ੍ਰਬੰਧ



ਲੰਡਨ ਵਿਖੇ ਵਿਕਟੋਰੀਆ ਐਂਡ ਐਲਬਰਟ ਮਿਊਜ਼ੀਅਮ ਸਾਹਮਣੇ ਸਿੱਖ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਇਲਾਕੇ ਮਿਡਲੈਂਡ ਦੀਆਂ ਸਿੱਖ ਸੰਗਤਾਂ ਨੂੰ ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖ ਰਾਜ ਦੀਆਂ ਨਿਸ਼ਾਨੀਆਂ ਵਿਖਾਉਣ ਲਈ ਬ੍ਰਮਿੰਘਮ ਸਥਿਤ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ, ਓਕਲੈਂਡ ਰੋਡ, ਹੈਂਡਸਵਰਥ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਲੰਡਨ ਯਾਤਰਾ ਦਾ ਪ੍ਰਬੰਧ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਗੁਰਪ੍ਰੀਤ ਸਿੰਘ ਮੱਤਾ ਨੇ ਦੱਸਿਆ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਨੂੰ ਸਮਰਪਿਤ ਗੁਰ-ਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ ਅਤੇ ਨਾਲ ਹੀ ਗੁਰਦੁਆਰਾ ਸਾਹਿਬ ਦੇ ਟਰੱਸਟੀ ਸ. ਹਰਦੀਪ ਸਿੰਘ ਅਤੇ ਸ. ਮਨਿੰਦਰ ਸਿੰਘ ਦੀ ਅਗਵਾਈ ਵਿਚ ਸੰਗਤ ਨੂੰ ਜਥੇ ਦੇ ਰੂਪ ਵਿਚ ਵਿਕਟੋਰੀਆ ਐਲਬਰਟ ਮਿਊਜ਼ੀਅਮ ਅਤੇ ਟਾਵਰ ਆਫ ਲੰਡਨ ਮਿਊਜ਼ੀਅਮ ਵਿਖੇ ਲਿਜਾ ਕੇ ਮਹਾਰਾਜਾ ਰਣਜੀਤ ਸਿੰਘ ਦੇ 'ਸੋਨੇ ਦੇ ਤਖ਼ਤ' ਅਤੇ 'ਕੋਹੇਨੂਰ ਹੀਰਾ' ਸਮੇਤ ਹੋਰ ਕਈ ਸਿੱਖ ਰਾਜ ਨਾਲ ਸਬੰਧਿਤ ਇਤਿਹਾਸਕ ਨਿਸ਼ਾਨੀਆਂ ਦੇ ਦਰਸ਼ਨ ਕਰਵਾਏ ਗਏ। ਭਾਈ ਮੱਤਾ ਨੇ ਦੱਸਿਆ ਕਿ ਪ੍ਰਬੰਧਕਾਂ ਵੱਲੋਂ ਕੀਤਾ ਗਿਆ ਇਹ ਉਪਰਾਲਾ ਜਿਥੇ ਸਿੱਖ ਸੰਗਤ ਨੂੰ ਆਪਣੇ ਸ਼ਾਨਾਮੱਤੇ ਇਤਿਹਾਸ ਨਾਲ ਜੋੜਨ ਦੇ ਮੱਦੇਨਜ਼ਰ ਮਹੱਤਵਪੂਰਨ ਰਿਹਾ, ਉਥੇ ਹੀ ਖ਼ਾਲਸਾ ਰਾਜ ਦੇ ਵਾਰਿਸ ਹੋਣ ਦੀ ਯਾਦ ਨੂੰ ਵੀ ਤਾਜ਼ਾ ਕਰਦਾ ਸੀ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਤਾ ਤੋਂ ਇਲਾਵਾ ਗ੍ਰੰਥੀ ਭਾਈ ਰਣਜੀਤ ਸਿੰਘ, ਭਾਈ ਸਰਵਣ ਸਿੰਘ, ਭਾਈ ਜੰਗਬਾਜ ਸਿੰਘ, ਭਾਈ ਹਰਜਾਪ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ।

## ਭਾਈ ਅਵਤਾਰ ਸਿੰਘ ਖੰਡਾ ਦੇ ਮਾਤਾ ਬੀਬੀ ਚਰਨਜੀਤ ਕੌਰ ਇੰਗਲੈਂਡ ਵਿੱਚ



*ਭਾਈ ਅਵਤਾਰ ਸਿੰਘ ਖੰਡਾ ਦੇ ਮਾਤਾ ਨਾਲ ਸਿੱਖ ਆਗੂ*

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਗੁਰੂ ਨਾਨਕ ਸਮੈਦਿਕ ਦੇ ਯਤਨਾਂ ਸਦਕਾ ਭਾਈ ਅਵਤਾਰ ਸਿੰਘ ਖੰਡਾ ਦੇ ਮਾਤਾ ਬੀਬੀ ਚਰਨਜੀਤ ਕੌਰ ਇੰਗਲੈਂਡ ਵਿੱਚ ਪਹੁੰਚੇ ਹਨ। ਲੰਡਨ ਦੇ ਗੈਟਵੈਕ ਹਵਾਈ ਅੱਡੇ ਤੇ ਸਿੱਖ ਭਾਈਚਾਰੇ ਵੱਲੋਂ ਬੀਬੀ ਚਰਨਜੀਤ ਕੌਰ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਬੀਬੀ ਚਰਨਜੀਤ ਕੌਰ ਨੇ ਸਿੱਖ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੇਰੇ ਪੁੱਤ ਦਾ ਘਾਟਾ ਤਾਂ ਕਦੇ ਪੂਰਾ ਨਹੀਂ ਹੋਣਾ, ਪਰ ਜੋ ਦੇਸ਼ ਕੌਮ ਲਈ ਚਲਾ ਗਿਆ, ਉਹ ਮੈਨੂੰ ਮਨਜ਼ੂਰ ਹੈ। ਇਸ ਮੌਕੇ ਹਰ ਸਖਸ਼ ਦੀਆਂ ਅੱਖਾਂ ਨਮ ਸਨ। ਜੀਤਾ ਸਿੰਘ ਨੇ ਕਿਹਾ ਕਿ ਭਾਈ ਖੰਡਾ ਦੇ ਸਸਕਾਰ ਮੌਕੇ ਪ੍ਰੀਵਾਰ ਨੂੰ ਇਜ਼ਾਜ਼ਤ ਨਹੀਂ ਦਿੱਤੀ ਸੀ। ਭਾਈ ਬਲਦੇਵ ਸਿੰਘ ਦਿਓਲ ਨੇ ਕਿਹਾ ਕਿ ਅਸੀਂ ਬਹੁਤ ਕੋਸ਼ਿਸ਼ ਕੀਤੀ ਸੀ ਕਿ ਭਾਈ ਖੰਡਾ ਦੇ ਅੰਤਿਮ ਸੰਸਕਾਰ ਮੌਕੇ ਪਹੁੰਚ ਸਕਣ ਪਰ ਸੰਭਵ ਨਹੀਂ ਹੋ ਸਕਿਆ। ਇਸ ਮੌਕੇ ਅਵਤਾਰ ਸਿੰਘ, ਇੰਦਰਜੀਤ ਸਿੰਘ, ਮਨਦੀਪ ਸਿੰਘ ਸਿੱਧੂ, ਭਾਈ ਜੀਤਾ ਸਿੰਘ, ਇਸ਼ਟਮੀਤ ਸਿੰਘ ਫੁੱਲ, ਬਲਦੇਵ ਸਿੰਘ ਦਿਓਲ, ਰਮਨ ਸਿੰਘ, ਹੈਪੀ ਸਿੰਘ ਆਦਿ ਹਾਜ਼ਰ ਸਨ।

**ਸਿਰਫ ਪੱਟੀ ਦੇ ਸ਼ਮਸ਼ਾਘਾਟ ਤੋਂ ਸੰਨ 1991 ਤੋਂ 1994 ਤੱਕ 538 ਲਾਵਾਰਿਸ ਲਾਸ਼ਾਂ ਦਾ ਰਿਕਾਰਡ ਜਸਵੰਤ ਸਿੰਘ ਖਾਲੜਾ ਦੇ ਹੱਥ ਲੱਗਾ ਸੀ ਅਤੇ ਦੁਰਗਿਆਨਾ ਸ਼ਮਸ਼ਾਨ ਘਾਟ ਦੇ ਰਿਕਾਰਡ ਅਨੁਸਾਰ ਸਿਰਫ 1992 ਦੇ ਇੱਕੋ ਸਾਲ ਚ 300 ਬੰਦਿਆਂ ਦੀਆਂ ਲਾਸ਼ਾਂ ਲਾਵਾਰਿਸ ਕਹਿ ਕੇ ਸਾੜ ਦਿੱਤੀਆਂ ਗਈਆਂ। ਯਾਦ ਰਹੇ ਇਹ 300 ਵਾਲੀ ਗਿਣਤੀ ਸ਼ਹਿਰ ਦੇ ਇੱਕ ਸ਼ਮਸ਼ਾਨਘਾਟ ਦੀ ਇੱਕੋ ਸਾਲ ਦੀ ਹੀ ਹੈ। ਹੁਣ ਜੇਕਰ ਤੁਸੀਂ ਇਸੇ ਤਰਾਂ ਗਿਣਤੀ ਮਾਰੋਗੇ ਤਾਂ ਪੱਟੀ, ਤਰਨ ਤਾਰਨ ਅਤੇ ਦੁਰਗਿਆਨਾ ਇਹਨਾਂ ਤਿੰਨਾਂ ਸ਼ਮਸ਼ਾਨਘਾਟਾਂ ਚ ਲਾਸ਼ਾਂ ਦਾ ਵੇਰਵਾ ਕੁੱਲ ਮਿਲਾ ਕੇ 3100 ਲਾਸ਼ਾਂ ਦਾ ਸੀ। ਸਰਦਾਰ ਜਸਵੰਤ ਸਿੰਘ ਖਾਲੜਾ ਜੀ ਨੇ ਸਾਫ ਤੌਰ ਤੇ ਦੱਸਿਆ ਸੀ ਕਿ 10 ਸਾਲਾਂ ਦੌਰਾਨ ਪੰਜਾਬ ਦੇ ਸਰਕਾਰੀ ਸੁਰੱਖਿਆ ਬਲਾਂ ਨੇ ਜਿਸ ਤਰਾਂ ਲਾਪਤਾ ਬੰਦਿਆਂ ਨੂੰ ਚੁੱਕ ਕੇ ਮਾਰ ਕੇ ਦੇਹਾਂ ਨੂੰ ਫੂਕ ਦਿੱਤਾ ਓਸ ਹਿਸਾਬ ਨਾਲ ਪੰਜਾਬ ਦੇ ਸਾਰੇ ਜਿਲ੍ਹਿਆਂ ਚ ਇਹ ਅੰਕੜਾ 25000 ਹੋਵੇਗਾ। 27 ਫਰਵਰੀ 1995 ਨੂੰ ਛਪੀ ਖ਼ਬਰ ਚ ਸਾਫ ਸਾਫ 25000 ਲਾਵਾਰਿਸ ਲਾਸ਼ਾਂ ਦਾ ਜ਼ਿਕਰ ਕੀਤਾ ਹੋਇਆ ਹੈ। 21 ਅਗਸਤ 1995 ਨੂੰ ਇੱਕ ਖਬਰ ਹੋਰ ਲੱਗੀ ਜਿਸ ਵਿੱਚ ਸਾਫ ਤੌਰ ਤੇ ਲਿਖਿਆ ਹੈ ਕਿ ਪੰਜਾਬ ਪੁਲੀਸ ਨੇ 2 ਹਜ਼ਾਰ ਦੇ ਕਰੀਬ ਆਪਣੇ ਹੀ ਪੁਲੀਸ ਮੁਲਜ਼ਮਾਂ ਨੂੰ ਵੀ ਨਿਗਲ ਲਿਆ ਹੈ।**





## CHANGE OF NAME

Please one tick box
☐ £30 Print in UK only
☐ £60 Print UK & India
☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____

SON / DAUGHTER / WIFE OF MR ____

WHOSE PERMANENT ADDRESS IN INDIA IS ____

AND IS NOW LIVING AT ____

____ HEREBY GIVE NOTICE OF MY INTENTION

TO CHANGE MY NAME TO ____

TEL ____

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


## CHANGE OF NAME

I, REKHA RANI D/O SURINDER PAL WHOSE PERMANENT ADDRESS IN INDIA 703/1 STREET NO 4 KRISHNA COLONY, RAHON ROAD, PO BASTI JODHEWAL, LUDHIANA, 141007 AND NOW LIVING AT 3 KNOX ROAD, WOLVERHAMPTON, WV2 3EF, UNITED KINGDOM HEREBY GIVE NOTICE OF MY INTENTION TO CHANGE MY NAME TO EKMEHAR (GIVEN NAME) KAUR (SURNAME). (U/I)

I, PRIANSHU S/O MR BANKA BIHARI WHOSE PERMANENT ADDRESS IN INDIA IS H NO 29, CHATTI GALI, MOHALLA DOULA NANGAL, BATALA, PO BATALA, DISTT GURDASPUR, PUNJAB 143505 AND NOW LIVING AT 33 ALEXANDRA CRESCENT, WEST BROMWICH, B71 3AG, UK HEREBY GIVE NOTICE OF MY INTENTION TO CHANGE MY NAME TO PRIANSHU (GIVEN NAME) MEHRA (SURNAME). (U/I)

I, STEPHEN S/O OF MR JANG MASIH WHOSE PERMANENT ADDRESS IN INDIA IS: H. NO 91, WARD-2, OLD MATA GUJRI ENCLAVE, KHARAR, SAS NAGAR, PIN:140301, PUNJAB, AND NOW LIVING AT, 17 BOSDEN CLOSE, NOTTINGHAM, NG8 4HR, UK. HEREBY GIVE NOTICE OF MY INTENTION TO CHANGE MY NAME TO STEPHEN JANG MASIH. (U)

I, MRS. SARIKA W/O STEPHEN JANG MASIH WHOSE PERMANENT ADDRESS IN INDIA IS: H. NO 91, WARD-2 OLD MATA GUJRI ENCLAVE, KHARAR, SAS NAGAR, PIN:140301, PUNJAB, AND NOW LIVING AT, 17 BOSDEN CLOSE, NOTTINGHAM, NG8 4HR, UK. HEREBY GIVE NOTICE OF MY INTENTION TO CHANGE MY NAME TO SARIKA STEPHEN. (U)

# 900 ਸਾਲਾਂ ਬਾਅਦ ਪਹਿਲੀ ਵਾਰ ਪੁਲਿਸ ਸੁਰੱਖਿਆ ਹੇਠ ਲੰਡਨ ਪਹੁੰਚੀ 'ਬੇਯੂ ਟੈਪਸਟਰੀ'

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੱਗਭੱਗ 1000 ਸਾਲ ਪੁਰਾਣੀ ਕਲਾਕ੍ਰਿਤੀ 'ਬੇਯੂ ਟੈਪਸਟਰੀ' ਸਖ਼ਤ ਸੁਰੱਖਿਆ ਤਹਿਤ ਫਰਾਂਸ ਤੋਂ ਲੰਡਨ ਦੇ ਬ੍ਰਿਟਿਸ਼ ਮਿਊਜ਼ੀਅਮ ਵਿੱਚ ਲਿਆਂਦੀ ਗਈ ਹੈ। ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਲਗਭਗ 1,000 ਸਾਲਾਂ ਬਾਅਦ ਇਹ ਬੇਸ਼ਕੀਮਤੀ ਕਲਾਕ੍ਰਿਤੀ ਬਰਤਾਨੀਆਂ ਦੀ ਧਰਤੀ 'ਤੇ ਵਾਪਸ ਆਈ ਹੈ।

70 ਮੀਟਰ (230 ਫੁੱਟ) ਲੰਬੀ ਇਸ ਕਢਾਈ ਵਾਲੀ ਇਤਿਹਾਸਕ ਪੱਟੀ ਨੂੰ ਸੁਰੱਖਿਅਤ ਲਿਆਉਣ ਲਈ ਬੇਹੱਦ ਸਖ਼ਤ ਇੰਤਜ਼ਾਮ ਕੀਤੇ ਗਏ ਸਨ। ਇਸ ਨੂੰ ਤਾਪਮਾਨ ਅਤੇ ਨਮੀ ਨੂੰ ਕੰਟਰੋਲ ਕਰਨ ਵਾਲੇ ਇੱਕ ਵਿਸ਼ੇਸ਼ ਬਕਸੇ ਵਿੱਚ ਰੱਖ ਕੇ ਯੂਰੋਟਨਲ ਰਾਹੀਂ ਲਿਆਂਦਾ ਗਿਆ, ਜਿੱਥੇ ਬਰਤਾਨਵੀ ਪੁਲਿਸ ਦੀਆਂ ਗੱਡੀਆਂ ਨੇ ਇਸ ਨੂੰ ਅੱਧੀ ਰਾਤ ਨੂੰ ਸੁਰੱਖਿਅਤ ਮਿਊਜ਼ੀਅਮ ਤੱਕ ਪਹੁੰਚਾਇਆ।

ਇਹ ਕਲਾਕ੍ਰਿਤੀ 1066 ਦੀ 'ਨੌਰਮਨ ਜਿੱਤ' ਅਤੇ ਹੇਸਟਿੰਗਜ਼ ਦੀ ਜੰਗ ਦੀ ਕਹਾਣੀ ਨੂੰ ਤਸਵੀਰਾਂ ਰਾਹੀਂ ਬਿਆਨ ਕਰਦੀ ਹੈ, ਜਿਸ ਨੇ ਬਰਤਾਨੀਆਂ ਦੇ ਇਤਿਹਾਸ ਨੂੰ ਹਮੇਸ਼ਾਂ ਲਈ ਬਦਲ ਦਿੱਤਾ ਸੀ। ਭਾਵੇਂ ਇਹ ਚਿਤਰਕਲਾ ਸਦੀਆਂ ਤੋਂ ਫਰਾਂਸ ਵਿੱਚ ਹੈ, ਪਰ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਇਸ ਨੂੰ ਇੰਗਲੈਂਡ ਦੇ ਹੀ ਕਾਰੀਗਰਾਂ ਦੁਆਰਾ ਤਿਆਰ ਕੀਤਾ ਗਿਆ ਸੀ।



**ਸੰਨ 1066 ਦੀ 'ਨੌਰਮਨ ਜਿੱਤ' ਅਤੇ ਹੇਸਟਿੰਗਜ਼ ਦੀ ਜੰਗ ਦੀ ਕਹਾਣੀ ਬਿਆਨ ਕਰਦੀ ਕਲਾਕ੍ਰਿਤੀ**

ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਅਤੇ ਯੂ ਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਵਿਚਕਾਰ ਹੋਏ ਇੱਕ ਇਤਿਹਾਸਕ ਸਮਝੌਤੇ ਤਹਿਤ ਇਹ ਕਲਾਕ੍ਰਿਤੀ ਬਰਤਾਨੀਆਂ ਨੂੰ ਉਧਾਰ ਦਿੱਤੀ ਗਈ ਹੈ।

ਬ੍ਰਿਟਿਸ਼ ਮਿਊਜ਼ੀਅਮ ਮੁਤਾਬਕ ਇਹ ਇਤਿਹਾਸਕ ਪ੍ਰਦਰਸ਼ਨੀ 10 ਸਤੰਬਰ 2026 ਤੋਂ 11 ਜੁਲਾਈ 2027 ਤੱਕ ਚੱਲੇਗੀ। ਇਸ ਨੂੰ ਦੇਖਣ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ ਅਤੇ ਪਹਿਲੇ ਹੀ ਦਿਨ 1,00,000 ਤੋਂ ਵੱਧ ਟਿਕਟਾਂ ਵਿਕ ਚੁੱਕੀਆਂ ਹਨ।

## ਮਹਾਰਾਜਾ ਚਾਰਲਜ਼ ਤੇ ਮਹਾਰਾਣੀ ਕਮੀਲਾ ਕਰਨਗੇ ਗਲਾਸਗੋ 2026 ਰਾਸ਼ਟਰਮੰਡਲ ਖੇਡਾਂ ਦਾ ਉਦਘਾਟਨ



ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਬ੍ਰਿਟੇਨ ਦੇ ਮਹਾਰਾਜਾ ਚਾਰਲਜ਼ ਤੀਜੇ ਅਤੇ ਮਹਾਰਾਣੀ ਕਮੀਲਾ 23 ਜੁਲਾਈ ਨੂੰ ਗਲਾਸਗੋ ਵਿੱਚ ਹੋਣ ਵਾਲੀਆਂ 2026 ਰਾਸ਼ਟਰਮੰਡਲ ਖੇਡਾਂ ਦੇ ਉਦਘਾਟਨੀ ਸਮਾਰੋਹ ਵਿੱਚ ਸ਼ਿਰਕਤ ਕਰਕੇ ਖੇਡਾਂ ਦਾ ਰਸਮੀ ਉਦਘਾਟਨ ਕਰਨਗੇ। ਇਹ ਮਹਾਰਾਜਾ ਚਾਰਲਜ਼ ਦੇ ਮਹਾਰਾਜਾ ਬਣਨ ਤੋਂ ਬਾਅਦ ਉਨ੍ਹਾਂ ਦੇ ਸ਼ਾਸਨਕਾਲ ਦੀਆਂ ਪਹਿਲੀਆਂ ਰਾਸ਼ਟਰਮੰਡਲ ਖੇਡਾਂ ਹੋਣਗੀਆਂ। ਉਦਘਾਟਨੀ ਸਮਾਰੋਹ ਗਲਾਸਗੋ ਦੇ ਹਾਈਡਰੋ ਸਟੇਡੀਅਮ ਵਿੱਚ ਹੋਵੇਗਾ। ਰਾਸ਼ਟਰਮੰਡਲ ਖੇਡਾਂ ਦੇ ਪ੍ਰਧਾਨ ਡਾ. ਡੋਨਾਲਡ ਰੁਕਾਰੇ ਨੇ ਕਿਹਾ ਕਿ ਮਹਾਰਾਜਾ ਅਤੇ ਮਹਾਰਾਣੀ ਦੀ ਮੌਜੂਦਗੀ ਖੇਡਾਂ ਲਈ ਮਾਣ ਵਾਲੀ ਗੱਲ ਹੈ ਅਤੇ ਇਸ ਨਾਲ ਸਮਾਗਮ ਦੀ ਸ਼ਾਨ ਹੋਰ ਵਧੇਗੀ। ਉਨ੍ਹਾਂ ਕਿਹਾ ਕਿ ਇਹ ਖੇਡਾਂ ਰਾਸ਼ਟਰਮੰਡਲ ਦੇਸ਼ਾਂ ਵਿਚਕਾਰ ਏਕਤਾ, ਦੋਸਤੀ ਅਤੇ ਖੇਡ ਭਾਵਨਾ ਦਾ ਪ੍ਰਤੀਕ ਹਨ। ਗਲਾਸਗੋ 2026 ਰਾਸ਼ਟਰਮੰਡਲ ਖੇਡਾਂ 23 ਜੁਲਾਈ ਤੋਂ 2 ਅਗਸਤ ਤੱਕ ਹੋਣਗੀਆਂ। ਇਸ ਵਾਰ ਰਾਸ਼ਟਰਮੰਡਲ ਖੇਡਾਂ ਵਿੱਚ 74 ਦੇਸ਼ਾਂ ਅਤੇ ਖੇਤਰਾਂ ਦੀ ਨੁਮਾਇੰਦਗੀ ਕਰਦੇ ਹੋਏ, ਕੁੱਲ 10 ਖੇਡਾਂ ਵਿੱਚ ਤਗ਼ਮੇ ਜਿੱਤਣ ਲਈ 3000 ਖਿਡਾਰੀ ਮੁਕਾਬਲਾ ਕਰਨਗੇ।

## ਸਕਾਟਲੈਂਡ ਦੀ ਯੂਨੀਵਰਸਿਟੀ ਤੋਂ ਭਾਰਤੀ ਵਿਦਿਆਰਥਣ ਅੱਵਲ ਰਹੀ

ਗਲਾਸਗੋ,(ਹਰਜੀਤ ਸਿੰਘ ਦੁਸਾਂਝ) - ਸਕਾਟਲੈਂਡ ਦੀ ਸਟ੍ਰਲਿੰਗ ਯੂਨੀਵਰਸਿਟੀ ਤੋਂ ਭਾਰਤੀ ਵਿਦਿਆਰਥਣ ਅਰਮਾਨਪ੍ਰੀਤ ਕੌਰ ਨੇ ਆਪਣੀ ਮਿਹਨਤ ਨਾਲ ਬੈਚਲਰ ਆਫ ਆਰਟਸ (ਆਨਰਜ਼) ਬਿਜ਼ਨਸ ਸਟਡੀਜ਼ ਵਿੱਚ ਪਹਿਲੇ ਦਰਜੇ ਨਾਲ ਡਿਗਰੀ ਪ੍ਰਾਪਤ ਕੀਤੀ ਹੈ। ਯੂਨੀਵਰਸਿਟੀ ਦੇ ਵਿਦੇਸ਼ੀ ਵਿਦਿਆਰਥੀਆਂ ਵਿੱਚੋਂ ਉਸਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅਰਮਾਨਪ੍ਰੀਤ ਨੇ ਆਪਣੀ ਪੜ੍ਹਾਈ ਦੇ ਨਾਲ-ਨਾਲ ਯੂਨੀਵਰਸਿਟੀ ਦੀਆਂ ਵੱਖ-ਵੱਖ ਸਿੱਖਿਆਕ ਅਤੇ ਵਿਦਿਆਰਥੀ ਸੋਸਾਇਟੀਆਂ ਵਿੱਚ ਵੀ ਸਰਗਰਮ ਭੂਮਿਕਾ ਨਿਭਾਈ। ਉਸ ਨੇ ਕਈ ਸਮਾਗਮਾਂ, ਵਿਦਿਆਰਥੀ ਪ੍ਰੋਜੈਕਟਾਂ ਅਤੇ ਟੀਮ ਗਤੀਵਿਧੀਆਂ ਦੇ ਆਯੋਜਨ ਵਿੱਚ ਯੋਗਦਾਨ ਪਾਇਆ ਅਤੇ ਲੀਡਰਸ਼ਿਪ ਦੀਆਂ ਜ਼ਿੰਮੇਵਾਰੀਆਂ ਵੀ ਸੰਭਾਲੀਆਂ। ਉਸ ਦੇ ਯੂਨੀਵਰਸਿਟੀ ਵਿੱਚ ਅਨਮੁੱਲੇ ਯੋਗਦਾਨ ਲਈ ਉਸ ਨੂੰ ਯੂਨੀਵਰਸਿਟੀ ਦੇ 'ਸਾਲਟਾਇਰ ਪੁਰਸਕਾਰ' ਨਾਲ ਵੀ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਉਸ ਨੇ ਸਕਾਟਲੈਂਡ ਦੇ ਛੋਟੇ ਅਤੇ ਦਰਮਿਆਨੇ ਉਦਯੋਗਾਂ ਨਾਲ ਜੁੜੀਆਂ ਅਸਲ ਕਾਰੋਬਾਰੀ ਸਮੱਸਿਆਵਾਂ ਉੱਤੇ ਕੰਮ ਕਰਕੇ ਤਜਰਬਾ ਵੀ ਪ੍ਰਾਪਤ ਕੀਤਾ। ਇਸ ਉਪਲਬਧੀ ਨਾਲ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਢਿੱਲਵਾਂ ਕਸਬੇ ਦੀ ਰਹਿਣ ਵਾਲੀ ਅਰਮਾਨਪ੍ਰੀਤ ਕੌਰ ਨੇ ਨਾ ਸਿਰਫ਼ ਆਪਣੇ ਮਾਤਾ ਪਿਤਾ ਨਾਮ ਰੌਸ਼ਨ ਕੀਤਾ, ਸਗੋਂ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਭਾਰਤ ਦੇ ਵਿਦਿਆਰਥੀਆਂ ਦਾ ਮਾਣ ਵਧਾਇਆ ਹੈ। ਇਸ ਤਰ੍ਹਾਂ ਦੇ ਮਿਹਨਤੀ ਵਿਦਿਆਰਥੀਆਂ ਸਦਕਾ ਵਿਦੇਸ਼ੀ ਯੂਨੀਵਰਸਿਟੀਆਂ, ਕਾਲਜ ਵਧੇਰੇ ਭਾਰਤੀ ਵਿਦਿਆਰਥੀਆਂ ਨੂੰ ਦਾਖਲੇ ਦੇ ਸਕਦੇ ਹਨ।



## ਰਿਫਾਰਮ ਯੂਕੇ ਪਾਰਟੀ ਨੇ ਸਕਾਟਲੈਂਡ ਵਿੱਚ ਕੌਂਸਲ ਦੀ ਉਪ-ਚੋਣ ਜਿੱਤੀ


ਗਲਾਸਗੋ,(ਹਰਜੀਤ ਸਿੰਘ ਦੁਸਾਂਝ) - ਸਕਾਟਲੈਂਡ ਦੇ ਸਾਊਥ ਲੈਨਾਰਕਸ਼ਾਇਰ ਕੌਂਸਲ ਦੇ ਲਾਰਖਾਲ ਵਾਰਡ ਵਿੱਚ ਹੋਈ ਉੱਪ-ਚੋਣ ਵਿੱਚ ਰਿਫਾਰਮ ਯੂਕੇ ਨੇ ਮਹੱਤਵਪੂਰਨ ਜਿੱਤ ਹਾਸਲ ਕੀਤੀ ਹੈ। ਪਾਰਟੀ ਦੀ ਉਮੀਦਵਾਰ ਫਿਓਨਾ ਮੈਕਡਰਮਟ ਨੇ 1,150 ਵੋਟਾਂ ਪ੍ਰਾਪਤ ਕਰਕੇ ਕੌਂਸਲਰ ਵਜੋਂ ਚੋਣ ਜਿੱਤ ਪ੍ਰਾਪਤ ਕੀਤੀ। ਇਸ ਚੋਣ ਵਿੱਚ ਸਕਾਟਿਸ਼ ਨੈਸ਼ਨਲ ਪਾਰਟੀ ਦੀ ਉਮੀਦਵਾਰ ਨੂੰ 975 ਅਤੇ ਲੇਬਰ ਪਾਰਟੀ ਦੇ ਉਮੀਦਵਾਰ ਨੂੰ 799 ਵੋਟਾਂ ਮਿਲੀਆਂ। ਇਹ ਸੀਟ ਪਹਿਲਾਂ ਲੇਬਰ ਪਾਰਟੀ ਦੇ ਕਬਜ਼ੇ ਵਿੱਚ ਸੀ, ਪਰ ਹੁਣ ਰਿਫਾਰਮ ਯੂਕੇ ਨੇ ਇਸ 'ਤੇ ਆਪਣਾ ਕਬਜ਼ਾ ਕਰ ਲਿਆ ਹੈ। ਇਹ ਜਿੱਤ ਸਕਾਟਲੈਂਡ ਵਿੱਚ ਰਿਫਾਰਮ ਯੂਕੇ ਲਈ ਇੱਕ ਹੋਰ ਅਹਿਮ ਸਿਆਸੀ ਸਫਲਤਾ ਮੰਨੀ ਜਾ ਰਹੀ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪਾਰਟੀ ਨੇ ਹਾਲੀਆ ਚੋਣਾਂ ਵਿੱਚ ਆਪਣਾ ਜਨਾਧਾਰ ਵਧਾਇਆ ਹੈ ਅਤੇ ਹੁਣ ਉਹ ਰਵਾਇਤੀ ਪਾਰਟੀਆਂ ਲਈ ਇੱਕ ਗੰਭੀਰ ਚੁਣੌਤੀ ਬਣਦੀ ਜਾ ਰਹੀ ਹੈ। ਰਿਫਾਰਮ ਯੂਕੇ ਲੰਬੇ ਸਮੇਂ ਤੋਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਘਟਾਉਣ, ਸਰਹੱਦਾਂ 'ਤੇ ਸਖ਼ਤ ਨਿਯੰਤਰਣ ਅਤੇ ਸ਼ਰਨਾਰਥੀ ਪ੍ਰਣਾਲੀ ਵਿੱਚ ਬਦਲਾਅ ਦੀ ਵਕਾਲਤ ਕਰਦੀ ਆ ਰਹੀ ਹੈ। ਇਹ ਮੁੱਦਾ ਪਾਰਟੀ ਦੇ ਸਮਰਥਕਾਂ ਲਈ ਅਹਿਮ ਰਿਹਾ ਹੈ।

# ਉੱਤਰੀ ਆਇਰਲੈਂਡ 'ਚ ਮਸਜਿਦ ਦੀ ਨਕਲ ਨੇ ਛੇੜਿਆ ਵਿਵਾਦ

ਗਲਾਸਗੋ,(ਹਰਜੀਤ ਸਿੰਘ ਦੁਸਾਂਝ ) - ਉੱਤਰੀ ਆਇਰਲੈਂਡ ਦੇ ਕਾਊਂਟੀ ਟਾਇਰੋਨ ਦੇ ਮੋਇਗੈਸ਼ਲ ਪਿੰਡ ਵਿੱਚ ਇੱਕ ਗੋਰਿਆਂ ਦੇ ਕੱਟੜ ਹਮਾਇਤੀ ਨੇ ਬੋਨਫਾਇਰ(ਲੱਕੜਾਂ ਦੇ ਢੇਰ ਦੀ ਅੱਗ) 'ਤੇ ਮਸਜਿਦ ਦੀ ਨਕਲ ਅਤੇ ਇਸਲਾਮ ਵਿਰੋਧੀ ਬੈਨਰ ਲਗਾਏ ਜਾਣ ਤੋਂ ਬਾਅਦ ਇਸ ਘਟਨਾ ਦੀ ਵਿਆਪਕ ਨਿੰਦਾ ਹੋ ਰਹੀ ਹੈ। ਤਸਵੀਰਾਂ ਵਿੱਚ ਦਿਖਾਈ ਦੇ ਰਿਹਾ ਕਿ ਬੋਨਫਾਇਰ ਦੇ ਸਿਖਰ 'ਤੇ ਮਸਜਿਦ ਵਰਗਾ ਢਾਂਚਾ ਬਣਾਇਆ ਗਿਆ ਸੀ, ਜਿਸ ਨਾਲ "Secure Our Borders" ਅਤੇ "End the Threat of Radical Islam" ਵਰਗੇ ਬੈਨਰ ਵੀ ਲਗੇ ਹੋਏ ਸਨ। ਕੁਝ ਰਿਪੋਰਟਾਂ ਅਨੁਸਾਰ ਉੱਥੇ ਇੱਕ ਚਾਕੂ ਫੜੇ ਪੁਤਲੇ ਨੂੰ ਵੀ ਰੱਖਿਆ ਗਿਆ ਸੀ। ਇਹ ਬੋਨਫਾਇਰ ਹਰ ਸਾਲ 12 ਜੁਲਾਈ ਦੀਆਂ ਬ੍ਰਿਟੇਨ ਦੀ ਇੱਕ ਪਰੰਪਰਾ ਦੀਆਂ ਰਸਮਾਂ ਤੋਂ ਪਹਿਲਾਂ ਸਾੜਿਆ ਜਾਂਦਾ ਹੈ। ਇਸ ਘਟਨਾ ਦੀ ਬ੍ਰਿਟਿਸ਼ ਸਰਕਾਰ, ਉੱਤਰੀ ਆਇਰਲੈਂਡ ਦੀਆਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਸਖ਼ਤ ਆਲੋਚਨਾ ਕੀਤੀ ਹੈ। ਉੱਤਰੀ ਆਇਰਲੈਂਡ ਦੀ ਪੁਲਿਸ ਨੇ ਨਫ਼ਰਤ ਭੜਕਾਉਣ ਦੇ ਸ਼ੱਕ ਹੇਠ 56 ਸਾਲਾ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ। ਦੂਜੇ ਪਾਸੇ ਮੋਇਗੈਸ਼ਲ ਬੋਨਫਾਇਰ ਐਸੋਸੀਏਸ਼ਨ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਹ ਕਿਸੇ ਧਰਮ ਜਾਂ ਵਿਅਕਤੀ ਨੂੰ ਨਿਸ਼ਾਨਾ ਬਣਾਉਣ ਲਈ ਨਹੀਂ, ਸਗੋਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਸਰਕਾਰੀ ਨੀਤੀਆਂ ਵਿਰੁੱਧ ਇੱਕ "ਰਾਜਨੀਤਿਕ ਪ੍ਰਦਰਸ਼ਨ" ਹੈ, ਜਿਸਨੂੰ ਉਹ ਆਜ਼ਾਦੀ ਦਾ ਹਿੱਸਾ ਮੰਨਦੇ ਹਨ। ਇੱਥੇ ਇਹ ਵੀ ਧਿਆਨਯੋਗ ਹੈ ਕਿ ਮੋਇਗੈਸ਼ਲ ਪਿੰਡ ਦਾ ਇਹੀ ਬੋਨਫਾਇਰ ਪਿਛਲੇ ਸਾਲ ਵੀ ਨਵਿਵਾਦਾਂ ਵਿੱਚ ਰਿਹਾ ਸੀ, ਜਦੋਂ ਇਸ 'ਤੇ ਪ੍ਰਵਾਸੀਆਂ ਦੇ ਪੁਤਲੇ ਲਗਾ ਕੇ ਸਾੜਨ ਦੀ ਯੋਜਨਾ ਦੀ ਵੀ ਨਫ਼ਰਤ ਫੈਲਾਉਣ ਵਾਲੇ ਕਦਮ ਵਜੋਂ ਨਿੰਦਾ ਹੋਈ ਸੀ।



# ਗਲਾਸਗੋ ਗੁਰਦੁਆਰਾ ਸਾਹਿਬ ਵਿਖੇ ਕਪਿਲ ਸ਼ਰਮਾ ਅਤੇ ਨੀਰੂ ਬਾਜਵਾ ਨਤਮਸਤਕ



ਗਲਾਸਗੋ,(ਹਰਜੀਤ ਸਿੰਘ ਦੁਸਾਂਝ) – ਭਾਰਤੀ ਕਾਮੇਡੀ ਦੇ ਮਸ਼ਹੂਰ ਚਿਹਰੇ ਕਪਿਲ ਸ਼ਰਮਾ ਅਤੇ ਪੰਜਾਬੀ ਸਿਨੇਮਾ ਦੀ ਪ੍ਰਸਿੱਧ ਅਦਾਕਾਰਾ ਨੀਰੂ ਬਾਜਵਾ ਇਨ੍ਹਾਂ ਦਿਨਾਂ ਆਪਣੀ ਆਉਣ ਵਾਲੀ ਕਾਮੇਡੀ ਸੀਰੀਜ਼ 'ਪਰਿਵਾਰ' ਦੀ ਸ਼ੂਟਿੰਗ ਲਈ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਹਨ। ਸ਼ੂਟਿੰਗ ਦੇ ਦੌਰਾਨ ਦੋਵਾਂ ਕਲਾਕਾਰਾਂ ਨੇ ਗਲਾਸਗੋ ਸਥਿਤ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਗੁਰੂ ਮਹਾਰਾਜ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਗੁਰੂ ਘਰ ਵਿੱਚ ਨਤਮਸਤਕ ਹੋਣ ਉਪਰੰਤ ਕਪਿਲ ਸ਼ਰਮਾ ਅਤੇ ਨੀਰੂ ਬਾਜਵਾ ਨੇ ਗੁਰਦੁਆਰਾ ਵਿੱਚ ਸੰਗਤ ਨਾਲ ਵੀ ਮੁਲਾਕਾਤ ਕੀਤੀ ਅਤੇ ਤਸਵੀਰਾਂ ਖਿਚਵਾਈਆਂ। ਜਾਣਕਾਰੀ ਅਨੁਸਾਰ ਕਾਮੇਡੀ ਸੀਰੀਜ਼ 'ਪਰਿਵਾਰ' ਦੇ ਕੁਝ ਮਹੱਤਵਪੂਰਨ ਦ੍ਰਿਸ਼ ਗੁਰੂਦੁਆਰਾ ਗੁਰੂ ਗ੍ਰੰਥ ਸਾਹਿਬ ਅਤੇ ਸ਼ਹਿਰ ਦੇ ਹੋਰ ਖੂਬਸੂਰਤ ਸਥਾਨਾਂ 'ਤੇ ਵੀ ਫ਼ਿਲਮਾਏ ਗਏ। ਇਸ ਕਾਰਨ ਗੁਰਦੁਆਰਾ ਸਾਹਿਬ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਫ਼ਿਲਮ ਯੂਨਿਟ ਦੀ ਰੌਣਕ ਦੇਖਣ ਨੂੰ ਮਿਲੀ।

## ਡੰਗ ਮਨਚੰਦੇ ਦੇ

ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।


**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

| | |
|---|---|
| ਪਤੀ | Husband |
| ਪਤਨੀ | Wife |
| ਪੁੱਤਰ | Son |
| ਪੁਤਰੀ | Daughter |
| ਪੋਤਰਾ | Son's son (Grandson) |
| ਪੋਤਰੀ | Son's daughter (Granddaughter) |
| ਦੋਹਤਰਾ | Daughter's son (Grandson) |
| ਦੋਹਤਰੀ | Daughter's daughter (Granddaughter) |
| ਸਿੱਖਿਆ | Education |
| ਦਰਜਾ | Grade Level |
| ਵਿਦਿਆਲਾ | School |
| ਉਸਤਾਦ | Teacher |
| ਗਿਆਨ | Knowledge |
| ਕਿਤਾਬ | Book |
| ਪਾਠ | Lesson |
| ਸਵਾਲ | Question |
| ਜਵਾਬ | Answer |
| ਪ੍ਰੀਖਿਆ | Examination |
| ਤਰੀਕਾ | Method |
| ਵਿਦਿਆਰਥੀ | Student |
| ਸਿੱਖਣਾ | To learn |
| ਹੁਨਰ | Art / Skill |
| ਕਲਮ | Pen |
| ਲਿਖਣਾ | To write |
| ਕਹਾਣੀ | Story |
| ਗ੍ਰੰਥ | Holy book |

Sikhya - Gurmukhi v V1.1

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

# ਭਾਰਤ ਸਰਕਾਰ ਅਤੇ ਪੰਜਾਬ ਪੁਲਿਸ ਲਈ ਹਰ ਅੰਮ੍ਰਿਤਧਾਰੀ ਅੱਤਵਾਦੀ

**ਰਣਜੀਤ ਸਿੰਘ ਦਮਦਮੀ ਟਕਸਾਲ**
**ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ**



1984 ਵਿੱਚ ਭਾਰਤ ਸਰਕਾਰ ਨੇ 'ਬਾਤਚੀਤ' ਪਰਚੇ ਵਿੱਚ ਹਰ ਅੰਮ੍ਰਿਤਧਾਰੀ ਨੂੰ ਅੱਤਵਾਦੀ ਆਖਿਆ ਸੀ ਜਿਸ ਵਿੱਚ ਲਿਖਿਆ ਸੀ ਕਿ ਇਹ ਅੰਮ੍ਰਿਤਧਾਰੀ ਵੇਖਣ ਨੂੰ ਭਾਵੇਂ ਭੋਲੇ-ਭਾਲੇ ਲੱਗਦੇ ਨੇ ਪਰ ਇਹ ਅੱਤਵਾਦੀ ਹੁੰਦੇ ਹਨ। ਪੰਜਾਬ ਪੁਲੀਸ ਅਤੇ ਸੀ.ਆਰ.ਪੀ.ਐੱਫ. ਸਭ ਤੋਂ ਵੱਧ ਅੰਮ੍ਰਿਤਧਾਰੀ ਸਿੱਖਾਂ ਨੂੰ ਨਿਸ਼ਾਨਾ ਬਣਾਉਂਦੀ ਹੁੰਦੀ ਸੀ। ਦਿੱਲੀ ਦਰਬਾਰ ਨੇ ਪੰਜਾਬ ਪੁਲੀਸ ਨੂੰ ਕਿਹਾ ਕਿ "ਜੇ ਤਰੱਕੀਆਂ ਲੈਣੀਆਂ ਹਨ ਤਾਂ ਵੱਧ ਤੋਂ ਵੱਧ ਸਿੱਖਾਂ ਨੂੰ ਕਤਲ ਕਰੋ।" ਪੁਲਿਸ ਮੁਖੀ ਰਿਬੈਰੋ ਤੋਂ ਬਾਅਦ ਜਦੋਂ ਕੇ.ਪੀ.ਐੱਸ. ਗਿੱਲ ਨੇ ਕਮਾਂਡ ਸੰਭਾਲੀ ਤਾਂ ਪੁਲਸੀਆਂ ਨੇ ਸਿੱਖਾਂ ਦਾ ਸ਼ਿਕਾਰ ਹੋਰ ਵੀ ਤੇਜ਼ੀ ਨਾਲ ਖੇਡਣਾ ਸ਼ੁਰੂ ਕਰ ਦਿੱਤਾ ਸੀ। ਅਜੀਤ ਸੰਧੂ ਏ.ਐੱਸ.ਆਈ. ਤੋਂ ਐੱਸ.ਐੱਸ.ਪੀ. ਬਣ ਗਿਆ, ਉਸ ਨੇ ਜਨਰਲ ਲਾਭ ਸਿੰਘ ਪੰਜਵੜ, ਭਾਈ ਪਰਮਜੀਤ ਸਿੰਘ ਪੰਜਵੜ ਦੇ ਮਾਤਾ ਜੀ ਬੀਬੀ ਮਹਿੰਦਰ ਕੌਰ ਤੇ ਭਰਾ ਰਾਜਵਿੰਦਰ ਸਿੰਘ, ਬਾਬਾ ਚਰਨ ਸਿੰਘ ਕਾਰ ਸੇਵਾ ਵਾਲਿਆਂ, ਭਾਈ ਜਸਵੰਤ ਸਿੰਘ ਖਾਲੜਾ, ਸ਼ਹੀਦ ਭਗਤ ਸਿੰਘ ਦੇ ਭਾਣਜੇ ਕੁਲਜੀਤ ਸਿੰਘ ਢੱਟ ਅਤੇ ਹੋਰ ਸੈਂਕੜੇ ਸਿੱਖ ਨੌਜਵਾਨਾਂ ਨੂੰ ਸ਼ਹੀਦ ਕੀਤਾ।

ਕੁਝ ਨਰਮ ਦਿਲ ਵਾਲੇ ਪੁਲਸੀਏ ਜੋ ਦਰਿੰਦੇ ਪੁਲਸੀਆਂ ਦੇ ਆਖੇ ਨਹੀਂ ਸਨ ਲੱਗਦੇ ਫਿਰ ਉਹਨਾਂ ਦੇ ਘਰਾਂ 'ਤੇ ਹਮਲੇ ਕਰਵਾ ਕੇ ਉਹਨਾਂ ਨੂੰ ਵੀ ਖਾੜਕੂਆਂ ਦੇ ਵਿਰੁੱਧ ਭੁਗਤਾ ਦਿੱਤਾ ਜਾਂਦਾ ਸੀ। ਪਹਿਲਾਂ ਪੁਲਿਸ ਖਾੜਕੂ ਸਿੰਘਾਂ ਨੂੰ ਮਾਰਦੀ ਸੀ ਤੇ ਫਿਰ ਆਮ ਸਿੱਖਾਂ ਨੂੰ ਵੀ ਮਾਰ ਕੇ ਖਾੜਕੂ ਤੇ ਅੱਤਵਾਦੀ ਕਹਿ ਦਿੱਤਾ ਜਾਂਦਾ ਸੀ। ਪੁਲਸੀਆਂ ਵੱਲੋਂ ਵੱਖ-ਵੱਖ ਕਹਾਣੀਆਂ ਘੜੀਆਂ ਜਾਂਦੀਆਂ ਕਿ 'ਅਸੀਂ ਨਾਕਾ ਲਾਇਆ ਹੋਇਆ ਸੀ, ਦੋ ਸ਼ੱਕੀ ਬੰਦੇ ਸਕੂਟਰ 'ਤੇ ਆਏ, ਅਸੀਂ ਰੁਕਣ ਦਾ ਇਸ਼ਾਰਾ ਕੀਤਾ, ਉਹਨਾਂ ਨੇ ਅੱਗਿਓਂ ਗੋਲੀ ਚਲਾ ਦਿੱਤੀ ਤੇ ਜਵਾਬੀ ਕਾਰਵਾਈ ਵਿੱਚ ਉਹ ਮਾਰੇ ਗਏ ਜਿਨ੍ਹਾਂ ਦੀ ਪਛਾਣ ਫਲਾਣੇ ਖਾੜਕੂ ਵਜੋਂ ਹੋਈ।' ਇਹ ਵੀ ਕਿਹਾ ਜਾਂਦਾ ਸੀ ਕਿ 'ਅਸੀਂ ਹਥਿਆਰਾਂ ਦੀ ਬਰਾਮਦਗੀ ਲਈ ਇੱਕ ਖਾੜਕੂ ਨੂੰ ਲੈ ਕੇ ਜਾ ਰਹੇ ਸੀ, ਰਸਤੇ ਵਿੱਚ ਉਸ ਦੇ ਸਾਥੀਆਂ ਨੇ ਸਾਡੀ ਜੀਪ ਉੱਤੇ ਹਮਲਾ ਕਰ ਦਿੱਤਾ, ਤੇ ਦੋਵਾਂ ਪਾਸਿਓਂ ਹੋਈ ਫਾਇਰਿੰਗ ਵਿੱਚ ਹੱਥਕੜੀ ਵਾਲ਼ਾ ਖਾੜਕੂ ਮਾਰਿਆ ਗਿਆ ਤੇ ਅਸੀਂ ਮੁਸ਼ਕਿਲ ਨਾਲ ਆਪਣਾ ਬਚਾਅ ਕੀਤਾ।'

ਪਰ ਸੱਚੀ ਗੱਲ ਤਾਂ ਇਹ ਹੈ ਕਿ ਜਦੋਂ ਸੱਚਮੁੱਚ ਹੀ ਸਿੰਘ ਆਪਣੇ ਕਿਸੇ ਜੁਝਾਰੂ ਸਾਥੀ ਨੂੰ ਛੁਡਾਉਣ ਆਉਂਦੇ ਹੁੰਦੇ ਸੀ ਤਾਂ ਫਿਰ ਉਹ ਛੁਡਾ ਕੇ ਲੈ ਜਾਂਦੇ ਸਨ ਤੇ ਮੌਕੇ 'ਤੇ ਪੁਲਸੀਏ ਹੀ ਮਰਦੇ ਹੁੰਦੇ ਸਨ ਜਿਵੇਂ ਜਨਰਲ ਲਾਭ ਸਿੰਘ ਪੰਜਵੜ ਨੂੰ ਜਲੰਧਰ ਦੀ ਕਚਹਿਰੀ ਵਿੱਚੋਂ ਅਤੇ ਭਾਈ ਅਨੋਖ ਸਿੰਘ ਬੱਬਰ ਨੂੰ ਲੁਧਿਆਣੇ ਦੀ ਕਚਹਿਰੀ ਵਿੱਚੋਂ ਤੇ ਭਾਈ ਗੁਰਜੰਟ ਸਿੰਘ ਰਾਜਸਥਾਨੀ ਨੂੰ ਛੁਡਾਇਆ ਗਿਆ ਸੀ।

ਕੁਝ ਪੁਲਸੀਏ ਆਪਣੀ ਡਿਊਟੀ ਨੂੰ ਲੱਤ ਮਾਰ ਕੇ ਸਿੱਖ ਸੰਘਰਸ਼ ਵਿੱਚ ਸ਼ਾਮਿਲ ਹੋ ਗਏ ਤੇ ਇਹਨਾਂ ਨੇ ਚੋਟੀ ਦੇ ਕਾਰਨਾਮੇ ਕੀਤੇ ਤੇ ਕਰਵਾਏ ਸਨ। ਮੁੱਖ ਮੰਤਰੀ ਬੁੱਚੜ ਬੇਅੰਤ ਸਿਹੁੰ ਨੂੰ ਉਡਾਉਣ ਵਾਲੇ ਸ਼ਹੀਦ ਭਾਈ ਦਿਲਾਵਰ ਸਿੰਘ, ਭਾਈ ਬਲਵੰਤ ਸਿੰਘ ਰਾਜੋਆਣਾ ਤੇ ਭਾਈ ਲਖਵਿੰਦਰ ਸਿੰਘ ਨਾਰੰਗਵਾਲ ਪਹਿਲਾਂ ਪੁਲਿਸ ਵਿੱਚ ਹੀ ਸਨ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੋਧਣ ਵਾਲੇ ਭਾਈ ਸਤਵੰਤ ਸਿੰਘ ਅਤੇ ਭਾਈ ਬੇਅੰਤ ਸਿੰਘ ਵੀ ਪੁਲਿਸ ਦੀ ਡਿਊਟੀ ਕਰ ਰਹੇ ਸਨ। ਪੀ.ਏ.ਪੀ. ਜਲੰਧਰ ਵਿੱਚ ਰਿਬੈਰੋ 'ਤੇ ਹਮਲਾ ਅਤੇ ਗੋਬਿੰਦ ਰਾਮ ਉੱਤੇ ਬੰਬ ਧਮਾਕੇ ਵਿੱਚ ਵੀ ਪੁਲਸੀਆਂ ਨੇ ਮਦਦ ਕੀਤੀ ਸੀ। ਭਾਈ ਸੁਖਦੇਵ ਸਿੰਘ ਸੁੱਖਾ ਉਰਫ਼ ਜਨਰਲ ਲਾਭ ਸਿੰਘ ਪੰਜਵੜ, ਭਾਈ ਅਮਰਜੀਤ ਸਿੰਘ ਖੇਮਕਰਨ, ਭਾਈ ਗੁਰਨਾਮ ਸਿੰਘ ਭੂਰਾ ਕੋਹਨਾ, ਭਾਈ ਸੁਜਾਨ ਸਿੰਘ ਮਨਾਵਾਂ ਪੁਲਿਸ ਦੀ ਨੌਕਰੀ ਛੱਡ ਕੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨਾਲ਼ ਰਲ ਗਏ ਸਨ। ਬਸ਼ੀਰ ਮੁਹੰਮਦ ਉਰਫ਼ ਭਾਈ ਲਛਮਣ ਸਿੰਘ ਬੱਬਰ, ਭਾਈ ਮਨਜੀਤ ਸਿੰਘ ਸਠਿਆਲਾ ਅਤੇ ਭਾਈ ਬਿਸ਼ੇਸ਼ਰ ਸਿੰਘ ਸਮੇਤ ਹੋਰ ਅਨੇਕਾਂ ਪੁਲਸੀਆਂ ਨੇ ਸਿੱਖ ਸੰਘਰਸ਼ ਦਾ ਰਾਹ ਫੜਿਆ ਸੀ। ਸਿਪਾਹੀ ਸਤਨਾਮ ਸਿੰਘ ਮਾਣਕ ਨੇ ਝੂਠੇ ਮੁਕਾਬਲੇ ਨਸ਼ਰ ਕੀਤੇ ਸਨ।

ਪੁਲਿਸ ਅਫ਼ਸਰ ਗੋਬਿੰਦ ਰਾਮ ਨੇ ਭਾਈ ਜੁਗਰਾਜ ਸਿੰਘ ਤੂਫ਼ਾਨ ਦੇ ਪਰਿਵਾਰ ਸਮੇਤ ਅਨੇਕਾਂ ਸਿੱਖਾਂ ਦੇ ਪਰਿਵਾਰਾਂ ਉੱਤੇ ਤਸ਼ੱਦਦ ਢਾਹਿਆ, ਉਹ ਆਖਦਾ ਸੀ ਕਿ "ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਭੁੱਲ ਜਾਓਗੇ ਤੇ ਗੋਬਿੰਦ ਰਾਮ ਨੂੰ ਚੇਤੇ ਰੱਖੋਗੇ।" ਉਸ ਨੇ ਭਾਈ ਸੁਖਦੇਵ ਸਿੰਘ ਬੱਬਰ ਦੀ ਭਰਜਾਈ ਤੇ ਭਾਈ ਮਹਿਲ ਸਿੰਘ ਬੱਬਰ ਦੀ ਸਿੰਘਣੀ ਬੀਬੀ ਗੁਰਮੀਤ ਕੌਰ ਤੇ ਭਾਈ ਕੁਲਵੰਤ ਸਿੰਘ ਕੈਸ਼ੀਅਰ ਦੀ ਸਿੰਘਣੀ ਬੀਬੀ ਗੁਰਦੇਵ ਕੌਰ ਨੂੰ ਚੁੱਕ ਕੇ ਅਣਮਨੁੱਖੀ ਤਸੀਹੇ ਦਿੱਤੇ ਸਨ ਜਿਸ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵੀ ਮੋਰਚਾ ਲਾਉਣ ਦਾ ਸੱਦਾ ਦੇਣਾ ਪਿਆ ਸੀ। ਉਸ ਨੇ ਭਾਈ ਪਰਮਜੀਤ ਸਿੰਘ ਪੰਮਾ ਉਰਫ਼ ਬਾਬਾ ਨੰਦ (ਤੁਗਲਵਾਲਾ) ਦੇ ਮਾਤਾ ਜੀ ਅਤੇ ਸਿੰਘਣੀ ਬੀਬੀ ਕੁਲਵਿੰਦਰ ਕੌਰ ਖ਼ਾਲਸਾ ਨੂੰ ਗਰਭਵਤੀ ਹਾਲਤ ਵਿੱਚ ਕੁੱਟਿਆ ਸੀ।

ਬੁੱਚੜ ਕੇ.ਪੀ.ਐੱਸ. ਗਿੱਲ ਦੀ ਅਗਵਾਈ ਵਿੱਚ ਇਹ ਪੁਲੀਸ ਕਾਤਲ ਮਸ਼ੀਨ ਬਣ ਗਈ ਸੀ। ਇਹਨਾਂ ਨੂੰ ਬੰਦੇ ਮਾਰਨ ਦਾ ਐਨਾ ਸਵਾਦ ਪੈ ਗਿਆ ਕਿ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ, ਜੰਝਾਂ ਚੜ੍ਹਨੀਆਂ ਬੰਦ ਹੋ ਗਈਆਂ ਤੇ ਹਰ ਰੋਜ਼ ਸਿਵੇ ਬਲਣ ਲੱਗੇ। ਪੁਲਿਸ ਨੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਮਾਤਾ ਜੀ ਅਤੇ ਭਾਈ ਬਲਵਿੰਦਰ ਸਿੰਘ ਗੱਗੋਬੂਹਾ ਦੇ ਮਾਤਾ ਜੀ ਨੂੰ ਵੀ ਸ਼ਹੀਦ ਕੀਤਾ।

ਪੁਲਿਸ ਨੇ ਜੁਝਾਰੂ ਸਿੰਘਾਂ ਨੂੰ ਠਾਹਰਾਂ ਦੇਣ ਵਾਲੇ ਅਤੇ ਉਹਨਾਂ ਦੇ ਹਮਦਰਦੀ ਪਰਿਵਾਰਾਂ ਦੇ ਘਰ ਢਾਹ ਦਿੱਤੇ ਤੇ ਕਈ ਮੈਂਬਰ ਖਾੜਕੂ ਕਹਿ ਕੇ ਮਾਰ ਦਿੱਤੇ। ਘਰਾਂ, ਦੁਕਾਨਾਂ, ਖੇਤਾਂ ਵਿੱਚੋਂ ਚੁੱਕ ਕੇ ਬੇਕਸੂਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਪੁਲਿਸ ਨੇ ਕਿਸੇ ਇੱਕ ਜੁਝਾਰੂ ਤੋਂ ਫੜੇ ਗਏ ਹਥਿਆਰ ਫਿਰ ਹੋਰ ਨਵੇਂ-ਨਵੇਂ ਸਿੱਖਾਂ ਦੇ ਕੋਲੋਂ ਓਹੀ ਹਥਿਆਰ ਬਰਾਮਦ ਹੋਏ ਵਿਖਾ ਕੇ ਡਰਾਮਾ ਕਰੀ ਰੱਖਿਆ। ਪੁਲਿਸ ਨੇ ਸੰਤੋਖਾ ਕਾਲ਼ਾ ਕੈਟ ਅਤੇ ਅਜੀਤ ਪੂਹਲੇ ਵਰਗੇ ਕਈ ਕੈਟ ਪੈਦਾ ਕੀਤੇ ਹੋਏ ਸਨ। ਇਜ਼ਹਾਰ ਆਲਮ ਨੇ ਆਲਮ ਸੈਨਾ ਤੇ ਗੋਬਿੰਦ ਰਾਮ ਨੇ ਰਾਵਣ ਸੈਨਾ ਬਣਾਈ ਹੋਈ ਸੀ। ਪੁਲਿਸ ਅਫ਼ਸਰ ਸੁਮੇਧ ਸੈਣੀ, ਸਵਰਨ ਘੋਟਣਾ, ਸੀਤਾ ਰਾਮ ਅਤੇ ਥਾਣੇਦਾਰ ਸੂਬਾ ਸਰਹੰਦ ਨੇ ਸਿੱਖਾਂ ਉੱਤੇ ਬੜਾ ਜ਼ਾਲਮਾਨਾ ਕਹਿਰ ਕੀਤਾ।

14 ਜੂਨ 1992 ਨੂੰ ਭਾਈ ਸੁਰਜੀਤ ਸਿੰਘ ਬਹਿਲਾ ਨੂੰ ਮੁਕਾਬਲੇ ਵਿੱਚ ਸ਼ਹੀਦ ਕਰਨ ਸਮੇਂ 1600 ਸੁਰੱਖਿਆ ਕਰਮਚਾਰੀਆਂ ਨੇ ਪਿੰਡ ਦੇ ਹੀ ਪੰਜ ਬੰਦਿਆਂ ਨੂੰ ਆਪਣੀ ਢਾਲ ਬਣਾ ਕੇ ਮਾਰ ਦਿੱਤਾ ਸੀ। ਪੁਲਿਸ ਨੇ ਮੈਂਬਰ ਪਾਰਲੀਮੈਂਟ ਭਾਈ ਜਗਦੇਵ ਸਿੰਘ ਖੁੱਡੀਆਂ, ਆਈ.ਏ.ਐੱਸ. ਅਫ਼ਸਰ ਦਾ ਪੁੱਤਰ ਬਲਵੰਤ ਸਿੰਘ ਮੁਲਤਾਨੀ ਅਤੇ ਵਕੀਲ ਕੁਲਵੰਤ ਸਿੰਘ ਰੋਪੜ ਨੂੰ ਉਸ ਦੀ ਪਤਨੀ ਤੇ ਬੱਚੇ ਸਮੇਤ ਕੋਹ-ਕੋਹ ਕੇ ਸ਼ਹੀਦ ਕੀਤਾ। ਇਹਨਾਂ ਪੁਲਸੀਆਂ ਅਤੇ ਕੈਟਾਂ ਨੇ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਪਰਿਵਾਰ ਦੇ ਚਾਰ ਮੈਂਬਰ ਅਤੇ ਭਾਈ ਜੋਗਾ ਸਿੰਘ ਖਾਨਪੁਰ ਦੇ ਪਰਿਵਾਰਿਕ ਮੈਂਬਰ ਬੇਦਰਦੀ ਨਾਲ ਸ਼ਹੀਦ ਕੀਤੇ। ਬੱਗੇ ਪਿੰਡ ਦੇ ਇੱਕੋ ਪਰਿਵਾਰ ਦੇ ਸੱਤ ਮੈਂਬਰ ਮਾਰ ਦਿੱਤੇ, ਪਿੰਡ ਬੀਰੋਮਾਜਰੀ ਵਿੱਚ ਤਿੰਨ ਔਰਤਾਂ ਨਾਲ ਬਲਾਤਕਾਰ ਕੀਤਾ, ਪੁਲਿਸ ਅਫ਼ਸਰ ਮੁਹੰਮਦ ਮੁਸਤਫ਼ਾ ਦੇ ਗੰਨਮੈਨਾਂ ਦਵਿੰਦਰਪਾਲ, ਸਤੀਸ਼, ਗੋਗੀ ਤੇ ਦਾਰੇ ਨੇ ਪਿੰਡ ਮਨੀਮਾਜਰੇ 'ਚ ਵਿਆਹੁਤਾ ਲੜਕੀ ਦੀ ਹਥਿਆਰਾਂ ਦਾ ਡਰ ਵਿਖਾ ਕੇ ਪੱਤ ਲੁੱਟੀ।

ਪੁਲੀਸ ਨੇ ਲੁਧਿਆਣੇ ਵਿੱਚ ਭਾਈ ਦਰਸ਼ਨ ਸਿੰਘ ਲੋਹਾਰਾ ਨੂੰ ਗੋਲੀਆਂ ਮਾਰੀਆਂ, ਸੰਨ 2012 ਵਿੱਚ ਮਾਪਿਆਂ ਦੇ ਇਕਲੌਤੇ ਪੁੱਤ ਭਾਈ ਜਸਪਾਲ ਸਿੰਘ ਚੌੜ ਸਿੱਧਵਾਂ ਨੂੰ ਗੋਲੀ ਮਾਰ ਕੇ ਸ਼ਹੀਦ ਕੀਤਾ, ਬਜ਼ੁਰਗ ਭਾਈ ਸੋਹਣ ਸਿੰਘ ਨੂੰ ਪੁਲਿਸ ਹਿਰਾਸਤ ਵਿੱਚ ਹੀ ਮਾਰ ਦਿੱਤਾ, ਅਕਤੂਬਰ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦਾ ਇਨਸਾਫ਼ ਮੰਗਦੇ ਭਾਈ ਕ੍ਰਿਸ਼ਨ ਭਗਵਾਨ ਸਿੰਘ ਅਤੇ ਭਾਈ ਗੁਰਜੀਤ ਸਿੰਘ ਸਰਾਵਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਤੇ ਅਨੇਕਾਂ ਸੰਗਤਾਂ ਨੂੰ ਜ਼ਖ਼ਮੀ ਕੀਤਾ ਸੀ। ਪੁਲੀਸ ਨੇ ਹੁਣ ਵੀ ਬਥੇਰੇ ਸਿੱਖਾਂ ਉੱਤੇ ਝੂਠੇ ਕੇਸ ਪਾ ਕੇ ਜੇਲ੍ਹਾਂ ਵਿੱਚ ਤਾੜਿਆ ਹੋਇਆ ਹੈ। ਸੀ.ਆਈ.ਏ. ਸਟਾਫਾਂ ਅਤੇ ਇੰਟੈਰੋਗੇਸ਼ਨ ਸੈਂਟਰਾਂ ਵਿੱਚ ਪਤਾ ਨਹੀਂ ਕਿੰਨੇ ਸਿੱਖਾਂ ਨੂੰ ਜ਼ੁਲਮ ਝੱਲਣਾ ਪੈਂਦਾ ਹੈ।

ਕੀ ਇਹ ਪੁਲਸੀਏ ਆਪਣੇ ਪਰਿਵਾਰਾਂ ਨਾਲ ਵੀ ਅਜਿਹਾ ਵਿਹਾਰ ਕਰਦੇ ਹਨ ? ਪੁਲਸੀਆਂ ਦੇ ਪਰਿਵਾਰ ਇਹਨਾਂ ਨੂੰ ਦਰਿੰਦਗੀ ਬਾਰੇ ਸਵਾਲ ਕਿਉਂ ਨਹੀਂ ਕਰਦੇ? ਬੁੱਚੜ ਪੁਲਿਸ ਵਾਲਿਆਂ ਨੂੰ ਉਸ ਦੇ ਬੱਚੇ ਕਿਵੇਂ ਪਾਪਾ ਕਹਿ ਦਿੰਦੇ ਨੇ ? ਉਹਨਾਂ ਦੀਆਂ ਪਤਨੀਆਂ ਕਿਵੇਂ ਇਹਨਾਂ ਰਾਖਸ਼ਾਂ ਨੂੰ ਆਪਣੇ ਪਤੀ ਮੰਨੀ ਬੈਠੀਆਂ ਹਨ ? ਕੀ ਇਹਨਾਂ ਦਾ ਕੋਈ ਰਿਸ਼ਤੇਦਾਰ ਇਹਨਾਂ ਨੂੰ ਜ਼ੁਲਮ ਕਰਨੋਂ ਰੋਕਦਾ ਨਹੀਂ ਹੈ? ਪੁਲਿਸ ਆਪਣੇ ਕਾਰਿਆਂ ਤੋਂ ਕਦੋਂ ਹਟੇਗੀ? ਕਦੋਂ ਤਕ ਸਿੱਖ ਜਵਾਨੀ ਇਹਨਾਂ ਦਾ ਸ਼ਿਕਾਰ ਹੁੰਦੀ ਰਹੇਗੀ ? ਖ਼ਾਕੀ ਵਰਦੀ ਸਿੱਖਾਂ ਦੇ ਖ਼ੂਨ ਨਾਲ ਲਿੱਬੜੀ ਹੋਈ ਹੈ।

ਪੰਜਾਬ ਪੁਲਿਸ ਨੂੰ ਆਖ਼ਰ ਅਜਿਹੀ ਕਿਹੜੀ ਟ੍ਰੇਨਿੰਗ ਅਤੇ ਕਿਹੜੀ ਸਕੂਲਿੰਗ ਦਿੱਤੀ ਜਾਂਦੀ ਹੈ ਕਿ ਇੱਕ ਆਮ ਜਿਹੇ ਘਰੋਂ ਰੋਜ਼ੀ-ਰੋਟੀ ਦੀ ਭਾਲ ਵਿੱਚ ਭਰਤੀ ਹੋਇਆ ਇਨਸਾਨ ਵਰਦੀ ਪਾਉਂਦਿਆਂ ਹੀ ਆਪਣੇ ਅੰਦਰਲੇ ਮਨੁੱਖੀ ਗੁਣਾਂ ਨੂੰ ਵਿਸਾਰ ਬੈਠਦਾ ਹੈ ਅਤੇ ਹੌਲੀ-ਹੌਲੀ ਕਰੂਰਤਾ, ਹੰਕਾਰ ਤੇ ਬੇਰਹਿਮੀ ਦੇ ਸਾਰੇ ਹੱਦ-ਬੰਨੇ ਟੱਪ ਜਾਂਦਾ ਹੈ।

ਜੇ ਕਿਸੇ ਟ੍ਰੇਨਿੰਗ ਦਾ ਨਤੀਜਾ ਨਿਮਰਤਾ, ਇਨਸਾਫ਼ ਅਤੇ ਲੋਕ-ਸੇਵਾ ਦੀ ਭਾਵਨਾ ਦੀ ਥਾਂ ਅਹੁਦੇ ਦੇ ਹੰਕਾਰ, ਵਹਿਸ਼ੀਪੁਣੇ ਅਤੇ ਜ਼ੁਲਮ ਦੇ ਰੂਪ ਵਿੱਚ ਸਾਹਮਣੇ ਆਵੇ, ਤਾਂ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਅਜਿਹੀ ਟ੍ਰੇਨਿੰਗ ਦਾ ਅਸਲ ਮਕਸਦ ਕੀ ਹੈ? ਕੀ ਇਸ ਦਾ ਉਦੇਸ਼ ਮਨੁੱਖੀ ਹੱਕਾਂ ਦੀ ਰੱਖਿਆ ਕਰਨਾ ਹੈ ਜਾਂ ਫਿਰ ਅਜਿਹੇ ਬੁੱਚੜ ਪੁਲਸੀਏ ਤਿਆਰ ਕਰਨਾ, ਜੋ ਆਪਣੀ ਹੀ ਕੌਮ ਦੇ ਉਹਨਾਂ ਲੋਕਾਂ ਉੱਤੇ ਸਖ਼ਤੀ ਕਰਨ, ਜੋ ਪੰਥ ਅਤੇ ਪੰਜਾਬ ਉੱਤੇ ਹੁੰਦੀ ਹਕੂਮਤੀ ਧੱਕੇਸ਼ਾਹੀ ਅਤੇ ਬੇਇਨਸਾਫ਼ੀ ਦੇ ਵਿਰੁੱਧ, ਗੁਰੂ ਸਾਹਿਬਾਨ ਵੱਲੋਂ ਦਰਸਾਏ ਸੱਚ ਅਤੇ ਇਨਸਾਫ਼ ਦੇ ਮਾਰਗ 'ਤੇ ਚੱਲਦਿਆਂ ਸੰਘਰਸ਼ ਕਰ ਰਹੇ ਹੁੰਦੇ ਹਨ ?

ਸਾਰੀ ਦੁਨੀਆਂ ਕਿਰਤ ਕਰ ਕੇ ਇਮਾਨਦਾਰੀ ਨਾਲ਼ ਆਪਣੀ ਰੋਜ਼ੀ-ਰੋਟੀ ਕਮਾਉਂਦੀ ਹੈ, ਪਰ ਇਹ ਕਿਹੋ ਜਿਹੀ ਨੌਕਰੀ ਹੈ ਕਿ ਜਿੱਥੇ ਪੀੜਤ ਲੋਕਾਂ ਉੱਤੇ ਹੀ ਜ਼ੁਲਮ ਕਰਕੇ ਤਨਖ਼ਾਹ ਲਈ ਜਾਂਦੀ ਹੈ ? ਬੇਗੁਨਾਹਾਂ ਦੇ ਖ਼ੂਨ, ਹੰਝੂਆਂ ਅਤੇ ਦੁੱਖਾਂ ਦੀ ਕੀਮਤ 'ਤੇ ਕਮਾਈ ਹੋਈ ਰੋਟੀ ਤੇ ਦੌਲਤ ਕਦੇ ਸਕੂਨ ਨਹੀਂ ਦੇ ਸਕਦੀ। ਅਜਿਹੇ ਕਰਮ ਮਨੁੱਖ ਦੇ ਮੱਥੇ ਉੱਤੇ ਪਾਪਾਂ ਦਾ ਬੋਝ ਅਤੇ ਇਤਿਹਾਸ ਵਿੱਚ ਕਦੇ ਨਾ ਮਿਟਣ ਵਾਲਾ ਕਲੰਕ ਹੀ ਛੱਡਦੇ ਹਨ।

**- ਰਣਜੀਤ ਸਿੰਘ ਦਮਦਮੀ ਟਕਸਾਲ**
**ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ**
ਮੋ: 8872293883.

# ਇਲਫੋਰਡ ਵਿਖੇ ਗਤਕਾ ਫੈਡਰੇਸ਼ਨ ਯੂ ਕੇ ਵੱਲੋਂ SSLE ਸਪੋਰਟਸ ਕਲੱਬ ਬਾਰਕਿੰਗ ਤੇ ਸੈਵਨ ਕਿੰਗਜ਼ ਦੇ ਸਹਿਯੋਗ ਨਾਲ ਕਰਵਾਈ 12ਵੀਂ ਗਤਕਾ ਚੈਂਪੀਅਨਸ਼ਿੱਪ 'ਚ 9 ਗਤਕਾ ਅਖਾੜਿਆਂ ਨੇ ਭਾਗ ਲਿਆ



ਗੱਤਕਾਬਾਜ਼ਾਂ ਨੂੰ ਇਨਾਮ ਦੇਣ ਸਮੇਂ ਐਮ ਪੀ ਤਨਮਨਜੀਤ ਸਿੰਘ ਢੇਸੀ ਅਤੇ ਗਤਕਾ ਚੈਂਪੀਅਨਸ਼ਿੱਪ ਦੇ ਸਹਿਯੋਗੀ ਸੱਜਣ ਤੇ ਮਹਿਮਾਨ ਨਜ਼ਰ ਆ ਰਹੇ ਹਨ- (ਤਸਵੀਰਾਂ: ਮਨਪ੍ਰੀਤ ਸਿੰਘ ਬੱਧਨੀ ਕਲਾਂ)

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਪੰਜਵੇਂ ਗੁਰੂ ਦੀ ਲਾਸਾਨੀ ਸ਼ਹਾਦਤ ਬਾਰੇ ਨਾਟਕ
# ਤੱਤੀ ਤਵੀ ਦਾ ਸੱਚ



ਲਵਲੀਨ ਕੌਰ ਭੱਠਲ



ਰੂਪਕ ਕਲਾ ਅਤੇ ਵੈੱਲਫੇਅਰ ਸੋਸਾਇਟੀ ਪਿਛਲੇ 20 ਸਾਲਾਂ ਤੋਂ ਵੱਖ-ਵੱਖ ਥਾਵਾਂ ਤੇ ਡਾਕਟਰ ਆਤਮਜੀਤ ਦੇ ਨਾਟਕ 'ਤੱਤੀ ਤਵੀ ਦਾ ਸੱਚ' ਦਾ ਮੰਚਨ ਲਾਈਟ ਐਂਡ ਸਾਉਂਡ ਸ਼ੋ ਦੇ ਰੂਪ ਵਿੱਚ ਕਰ ਰਹੀ ਹੈ। ਪਿਛਲੇ ਸਾਲਾਂ ਵਿੱਚ ਇਹ ਨਾਟਕ ਦਿੱਲੀ ਤੋਂ ਲੈ ਕੇ ਅਮ੍ਰਿਤਸਰ ਤੱਕ ਪੰਜਾਬ ਦੇ ਸੱਤ-ਅੱਠ ਜ਼ਿਲ੍ਹਿਆਂ ਵਿੱਚ ਕੀਤਾ ਗਿਆ ਤੇ ਹਮੇਸ਼ਾ ਹੀ ਇਸ ਨਾਟਕ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਵਾਰ 2026 ਵਿੱਚ ਇਸ ਨਾਟਕ ਨੂੰ ਟੈਗੋਰ ਥਿਏਟਰ ਚੰਡੀਗੜ੍ਹ ਵਿਖੇ 13 ਜੂਨ ਨੂੰ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਨ ਲਈ ਖੇਡਿਆ ਗਿਆ। ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਨਾਟਕ ਨੂੰ ਸਿਰਫ ਵੇਖਿਆ ਨਹੀਂ, ਬਲਕਿ ਸਮਝਿਆ ਵੀ। ਜਦੋਂ ਦਰਸ਼ਕ ਆਪਣੇ ਬੱਚਿਆਂ ਨੂੰ ਗੁਰੂ ਜੀ ਦੀ ਸ਼ਹਾਦਤ ਬਾਰੇ ਸਮਝਾ ਰਹੇ ਸਨ ਤਾਂ ਸਾਨੂੰ ਲੱਗਿਆ ਕਿ ਸਾਡਾ ਮਕਸਦ ਪੂਰਾ ਹੋ ਰਿਹਾ ਹੈ ਅਤੇ ਅਸੀਂ ਆਉਣ ਵਾਲੀ ਪੀੜ੍ਹੀਆਂ ਨੂੰ ਆਪਣੇ ਗੁਰੂ ਦੀ ਲਾਸਾਨੀ ਸ਼ਹਾਦਤ ਬਾਰੇ ਜਾਣੂੰ ਕਰਵਾ ਰਹੇ ਹਾਂ। ਡਾਕਟਰ ਆਤਮਜੀਤ ਨੇ ਜਦੋਂ ਪਹਿਲੀ ਵਾਰ 2005 ਵਿੱਚ ਰੋਜ਼ਾਨਾ ਹਿੰਦੀ ਅਖ਼ਬਾਰ 'ਦੈਨਿਕ ਭਾਸਕਰ' ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪ੍ਰਸੰਗ ਵਿੱਚ ਇੱਕ ਲੇਖ ਲਿਖਿਆ ਤਾਂ ਉਹਨਾਂ ਨੇ ਪਾਠਕਾਂ ਸਾਹਮਣੇ ਬਹੁਤ ਸਾਰੇ ਨਵੇਂ ਤੱਥ ਉਜਾਗਰ ਕੀਤੇ ਤੇ ਉਦੋਂ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਗੁਰੂ ਅਰਜਨ ਦੇਵ ਦੀ ਸ਼ਹੀਦੀ ਦੇ ਅਸਲ ਕਾਰਨਾਂ ਦਾ ਪਤਾ ਲੱਗਿਆ। ਉਸੇ ਸਾਲ ਪੰਜਾਬੀ ਰੰਗਮੰਚ ਦੀ ਨਿਰਦੇਸ਼ਕਾ ਸੰਗੀਤਾ ਗੁਪਤਾ ਨੇ ਡਾਕਟਰ ਆਤਮਜੀਤ ਨੂੰ ਗੁਜ਼ਾਰਿਸ਼ ਕੀਤੀ ਕਿ ਰੰਗਮੰਚ ਵਿੱਚ ਸਾਡਾ ਸਮਾਂ ਬਹੁਤ ਔਖਾ ਚੱਲ ਰਿਹਾ ਹੈ, ਕੋਈ ਐਸਾ ਨਾਟਕ ਲਿਖ ਦਿਓ ਜਿਹਨੂੰ ਅਸੀਂ ਸਾਰੀ ਜਨਤਾ ਵਿੱਚ ਲੈ ਕੇ ਜਾ ਸਕੀਏ। ਉਨ੍ਹਾਂ ਨਾਲ ਸਾਡੇ ਸੰਬੰਧ ਸਿਰਫ ਇੱਕ ਅਧਿਆਪਕ ਵਾਲੇ ਨਹੀਂ, ਮੈਂ ਅਤੇ ਸੰਗੀਤਾ ਗੁਪਤਾ ਰੰਗਮੰਚ ਵਿੱਚ ਉਹਨਾਂ ਨੂੰ ਆਪਣਾ ਬਾਪ ਵੀ ਮੰਨਦੇ ਹਾਂ ਤੇ ਬਾਪ ਉੱਤੇ ਧੀਆਂ ਸਦਾ ਆਪਣਾ ਹੱਕ ਜਤਾਉਂਦੀਆਂ ਨੇ। ਉਹ ਉਦੋਂ ਮੁਕੰਦਪੁਰ ਕਾਲਜ ਵਿੱਚ ਪ੍ਰਿੰਸੀਪਲ ਸਨ। ਉਹਨਾਂ ਸਾਨੂੰ ਆਪਣੇ ਕੋਲ ਬੁਲਾ ਲਿਆ। ਹਰ ਰੋਜ਼ ਸ਼ਾਮ ਨੂੰ ਬਹਿ ਕੇ ਉਹ ਨਾਟਕ ਲਿਖਦੇ। ਪਰ ਉਹਨਾਂ ਦਾ ਫ਼ਿਕਰ ਇਹ ਸੀ ਕਿ ਗੁਰੂ-ਕਾਲ ਦੀਆਂ ਰਾਜਸੀ ਗੁੰਝਲਾਂ ਏਨੀਆਂ ਪੀਡੀਆਂ ਸਨ ਕਿ ਆਮ ਦਰਸ਼ਕ ਨੂੰ ਗੱਲ ਸਮਝਾਉਣੀ ਬਹੁਤ ਮੁਸ਼ਕਲ ਹੈ। ਸ਼ਾਇਦ ਏਸੇ ਲਈ ਸ਼ਾਂਤੀ ਦੇ ਪੁੰਜ ਬਾਰੇ ਬਹੁਤੇ ਨਾਟਕ ਨਹੀਂ ਲਿਖੇ ਗਏ। ਕਈ ਦਿਨਾਂ ਦੀ ਸ਼ਸ਼ੋਪੰਜ ਤੇ ਮਿਹਨਤ ਵਿੱਚੋਂ ਨਾਟਕ ਦੇ ਦੋ ਕਮਾਲ ਦੇ ਪਾਤਰਾਂ, ਕਮਲੇ ਅਤੇ ਸਿਆਣੇ, ਦਾ ਜਨਮ ਹੋਇਆ। ਸਿਆਣਾ ਕਮਲੀਆਂ ਗੱਲਾਂ ਕਰਦਾ ਹੈ ਅਤੇ ਕਮਲਾ ਸਿਆਣੀਆਂ। ਸੂਤਰਧਾਰ ਬਣਕੇ ਕਈ ਘਟਨਾਵਾਂ ਨੂੰ ਉਹ ਬੜੇ ਸਹਿਜ ਨਾਲ ਬਿਆਨ ਕਰ ਜਾਂਦੇ ਹਨ। ਉਹਨਾਂ ਇਹ ਵੀ ਧਿਆਨ ਰੱਖਿਆ ਕਿ ਦੋਵੇਂ ਪਾਤਰ ਨਾਟਕਕਾਰ ਦਾ ਇੱਕ ਸੰਦ ਹੀ ਨਾ ਬਣ ਕੇ ਰਹਿ ਜਾਣ, ਬਲਕਿ ਉਹਨਾਂ ਦਾ ਰਚਨਾ ਵਿੱਚ ਇੱਕ-ਦੂਜੇ ਨਾਲ ਟਕਰਾਅ ਵੀ ਹੋਵੇ। ਇਸੇ ਲਈ ਨਾਟਕ ਵਿੱਚ ਕਮਲਾ-ਸਿਆਣਾ ਕੇਵਲ ਨਾਟਕ ਨੂੰ ਅੱਗੇ ਨਹੀਂ ਤੋਰਦੇ ਬਲਕਿ ਉਸ ਨੂੰ ਰੋਚਕ ਵੀ ਬਣਾਉਂਦੇ ਹਨ।

ਡਾਕਟਰ ਆਤਮਜੀਤ ਦਾ ਵਿਸ਼ਵਾਸ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸਾਰੇ ਪ੍ਰਸੰਗ ਵਿੱਚ ਧਰਮ ਨਾਲੋਂ ਰਾਜਨੀਤੀ ਜ਼ਿਆਦਾ ਭਾਰੂ ਹੈ। ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਚੰਦੂ, ਪ੍ਰਿਥੀਏ ਜਾਂ ਜਹਾਂਗੀਰ ਦੇ ਨਿੱਜੀ ਸਾੜਿਆਂ ਜਾਂ ਸ਼ਿਕਵੇ-ਸ਼ਿਕਾਇਤਾਂ ਤਕ ਸੀਮਿਤ ਕਰਨ ਨਾਲ ਗੁਰੂ ਜੀ ਦੀ ਇਤਿਹਾਸਿਕ ਤੇ ਨਿਰਨਾਇਕ ਭੂਮਿਕਾ ਛੋਟੀ ਹੋ ਜਾਂਦੀ ਹੈ। ਅਸ਼ੋਕ ਅਤੇ ਅਕਬਰ ਨੇ ਰਾਜਸੀ ਕਾਰਨਾਂ ਕਰਕੇ ਬਹੁ-ਸਭਿਆਚਾਰਵਾਦ (ਮਲਟੀ ਕਲਚਰਿਜ਼ਮ) ਵੱਲ ਕਦਮ ਪੁੱਟੇ ਸਨ ਪਰ ਉਹਨਾਂ ਦੇ ਉਲਟ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਵੱਲੋਂ ਪ੍ਰਚਾਰੀ ਸਿੱਖੀ ਦੇ ਅਨੁਕੂਲ ਸ਼ੁੱਧ ਧਾਰਮਿਕ ਕਾਰਨਾਂ ਕਰਕੇ ਲੋਕਾਂ ਨੂੰ ਆਪਸ ਵਿੱਚ ਜੋੜਨ ਦੇ ਯਤਨ ਕੀਤੇ। ਇਸ ਪਿੱਛੇ ਉਹਨਾਂ ਦੀ ਕੋਈ ਰਾਜਨੀਤੀ ਨਹੀਂ ਸੀ। ਰਾਜਨੀਤੀ ਆਮ ਕਰਕੇ ਲੋਕਾਂ ਨੂੰ ਤੋੜਨ ਨੂੰ ਪਹਿਲ ਦਿੰਦੀ ਹੈ। ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋੜਨ ਦੇ ਖਿਲਾਫ ਜੋੜਨ ਦੇ ਸਿਧਾਂਤ ਨੂੰ ਪ੍ਰਬਲਤਾ ਨਾਲ ਖੜਾ ਕਰਦੀ ਹੈ। ਭਾਵੇਂ ਇਕ ਸੰਤ ਸ਼ਹੀਦ ਹੋਇਆ ਸੀ ਪਰ ਸ਼ਹਾਦਤ ਦਾ ਮਹੱਤਵ ਸਿਰਫ ਧਾਰਮਿਕ ਨਹੀਂ ਹੈ, ਸਮਾਜਿਕ ਅਤੇ ਰਾਜਸੀ ਵੀ ਹੈ। ਇਸ ਵਿੱਚ ਮੁਸਲਿਮ, ਹਿੰਦੂ ਜਾਂ ਸਿੱਖ ਦਾ ਮਸਲਾ ਬਿਲਕੁਲ ਨਹੀਂ, ਸਿਰਫ ਸ਼ਾਸਕ ਤੇ ਸ਼ਾਸਿਤ ਦਾ ਹੈ । ਮਸਲਾ ਉਹਨਾਂ ਕੱਟੜ ਭੁਖਿਆਂ ਦਾ ਹੈ ਜੋ ਧਰਮ ਦੇ ਨਾਂ ਤੇ ਸੱਤਾ ਨੂੰ ਹਥਿਆਉਣ ਦੀ ਕੋਸ਼ਿਸ਼ ਕਰਦੇ ਹਨ ਜੋ ਅੱਜ ਵੀ ਕੀਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਅਜਿਹੀ ਸਿਆਸਤ ਦਾ ਸਿੱਧਾ ਵਿਰੋਧ ਕੀਤਾ। ਅੱਜ ਵੀ ਸਾਡੇ ਸਮਾਜ ਵਿੱਚ ਚੰਦੂ, ਪ੍ਰਿਥੀਏ ਤੇ ਮੁਜੱਦਦ ਵਰਗੇ ਲੋਕ ਮੌਜੂਦ ਹਨ। ਇਹ ਵੀ ਜ਼ਰੂਰੀ ਨਹੀਂ ਕਿ ਚੰਦੂ ਅਤੇ ਪ੍ਰਿਥੀਏ ਹਿੰਦੂ ਹੀ ਹੋਣ, ਉਹ ਸਿੱਖ ਜਾਂ ਮੁਸਲਿਮ ਵੀ ਹੋ ਸਕਦੇ ਨੇ। ਅੱਜ ਚਾਰੇ ਪਾਸੇ ਜਹਾਂਗੀਰ ਤੇ ਔਰੰਗਜ਼ੇਬ ਵਾਲੀ ਜ਼ਹਿਨੀਅਤ ਹੈ। ਅਕਬਰ ਦੀ ਸੋਚ ਦਮ ਤੋੜ ਰਹੀ ਹੈ ਤੇ ਮੀਆਂ ਮੀਰ ਪਹਿਲਾਂ ਵਾਂਗ ਹੀ ਬੇਵਸ ਹੈ ਤੇ ਸਾਨੂੰ ਇੱਕ ਵਾਰ ਫਿਰ ਗੁਰੂ ਅਰਜਨ ਦੇਵ ਵਰਗੀ ਸ਼ਖ਼ਸੀਅਤ ਦੀ ਉਡੀਕ ਹੈ ਜੋ ਆਪਣੀ ਕੁਰਬਾਨੀ ਨਾਲ ਇਸ ਵਹਿਣ ਨੂੰ ਠੱਲ੍ਹ ਪਾ ਸਕੇ।

ਅਕਸਰ ਲੋਕ ਚੰਦੂ ਤੇ ਪ੍ਰਿਥੀਏ ਨੂੰ ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਕਾਰਨ ਮੰਨਦੇ ਹਨ ਪਰ 'ਤੱਤੀ ਤਵੀ ਦੇ ਸੱਚ' ਵਿੱਚ ਕੁਝ ਮਹੱਤਵਪੂਰਨ ਨਵੀਆਂ ਗੱਲਾਂ ਨੂੰ ਸਾਹਮਣੇ ਲਿਆਂਦਾ ਗਿਆ ਹੈ। ਉਹਨਾਂ ਵਿੱਚੋਂ ਇੱਕ ਗੱਲ ਇਹ ਹੈ ਕਿ ਜਹਾਂਗੀਰ ਨੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਕੁਝ ਮਹੀਨੇ ਪਹਿਲਾਂ ਤਖਤ ਪ੍ਰਾਪਤ ਕੀਤਾ ਸੀ, ਸ਼ਹਾਦਤ ਦਾ ਇੰਨੀ ਜਲਦੀ ਫ਼ੈਸਲਾ ਕਿਵੇਂ ਲੈ ਗਿਆ? ਤੇ ਦੂਜੀ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਅਕਬਰ ਦੀ ਮੌਤ ਤੋਂ ਕੁਝ ਹੀ ਵਰ੍ਹੇ ਪਹਿਲਾਂ ਮੁਜੱਦਦ ਅਲਫਸਾਨੀ ਨੇ ਆਪਣੀ ਕੱਟੜਤਾ ਦੀ ਨੀਤੀ ਨੂੰ ਠੋਸਣਾ ਸ਼ੁਰੂ ਕੀਤਾ ਸੀ। ਅਕਬਰ ਬਾਰੇ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਉਹ ਅਜਿਹੇ ਮੁਸਲਿਮ ਰਾਜ ਦੀ ਕਲਪਨਾ ਕਰਦਾ ਸੀ ਜਿਸ ਵਿੱਚ ਗੈਰ ਮੁਸਲਿਮਾਂ ਨੂੰ ਪੂਰੇ ਹੱਕ ਪ੍ਰਾਪਤ ਹੋਣ। ਗੁਰੂ ਜੀ ਨੂੰ ਸ਼ਹੀਦ ਕਰਨ ਦਾ ਕਾਰਾ ਅਸਲ ਵਿੱਚ ਮੁਜੱਦਦ ਨੇ ਕਰਵਾਇਆ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਹਾਂਗੀਰ ਦੇ ਰਾਜ ਸੰਭਾਲਣ ਤੋਂ ਪਹਿਲਾਂ ਮੁਜੱਦਦ ਨੇ ਜਹਾਂਗੀਰ ਤੋਂ ਇਹ ਪ੍ਰਣ ਲਿਆ ਸੀ ਕਿ ਉਸ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਵੇਗਾ ਤੇ ਇਸਲਾਮੀ ਫਲਸਫੇ ਨੂੰ ਲਾਗੂ ਕਰੇਗਾ। ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਚੰਦੂ ਤੇ ਪ੍ਰਿਥੀਏ ਦਾ ਗੁਰੂ ਅਰਜਨ ਪ੍ਰਤੀ ਵਿਰੋਧ ਸੀ ਪਰ ਉਹ ਇਹ ਵਿਰੋਧ ਆਪਣੇ ਜ਼ਾਤੀ ਹਿੱਤਾਂ ਲਈ ਕਰ ਰਹੇ ਸੀ। ਪ੍ਰਿਥੀਏ ਨੂੰ ਗੁਰਗੱਦੀ ਚਾਹੀਦੀ ਸੀ ਤੇ ਚੰਦੂ ਦੀ ਧੀ ਦਾ ਰਿਸ਼ਤਾ ਸੰਗਤ ਨੇ ਠੁਕਰਾ ਦਿੱਤਾ ਸੀ ਜਿਸ ਦਾ ਕਾਰਨ ਉਹ ਗੁਰੂ ਅਰਜਨ ਦੇਵ ਨੂੰ ਸਮਝਦਾ ਸੀ। ਪਰ ਮੁਜੱਦਦ ਦੇ ਇਰਾਦੇ ਬਹੁਤ ਖੌਫਨਾਕ ਸਨ। ਉਹ ਰਾਜਨੀਤੀ ਰਾਹੀਂ ਆਪਣੇ ਧਰਮ ਨੂੰ ਫ਼ੈਲਾਉਣ ਦੀ ਤਾਕ ਵਿਚ ਸੀ। ਇਸੇ ਲਈ ਉਹ ਅਕਬਰ ਦੇ ਵੀ ਖਿਲਾਫ ਸੀ ਅਤੇ ਗੁਰੂ ਜੀ ਦੇ ਵੀ ਕਿਉਂਕਿ ਉਹ ਇਨਸਾਨੀਅਤ ਦੀ ਗੱਲ ਕਰਦੇ ਸਨ। ਨਾਟਕ ਦੱਸਦਾ ਹੈ ਕਿ ਕਿਵੇਂ ਬਹੁਤ ਸਾਰੇ ਅਧਰਮੀ ਬੰਦਿਆਂ ਨੇ ਸਿਆਸਤ ਦਰ ਸਿਆਸਤ ਖੇਲ੍ਹੀ ਅਤੇ ਮਜ਼੍ਹਬ ਦੀ ਸੌੜੀ ਸੋਚ ਕਾਰਨ ਸ਼ਾਂਤੀ ਦੇ ਪੁੰਜ ਨੂੰ ਸ਼ਹੀਦ ਕਰਵਾ ਦਿੱਤਾ।

ਡਾਕਟਰ ਆਤਮਜੀਤ ਜਦੋਂ ਆਪਣੇ ਨਾਟਕਾਂ ਦੇ ਕੋਰੱਸ ਗੀਤ ਲਿਖਦੇ ਹਨ ਤਾਂ ਕਮਾਲ ਕਰਦੇ ਹਨ। 'ਤੱਤੀ ਤਵੀ ਦਾ ਸੱਚ' ਦਾ ਕੋਰੱਸ ਵੀ ਬੇਮਿਸਾਲ ਹੈ। ਸੂਫੀ ਫਕੀਰ ਅਤੇ ਚੇਲੇ ਜਦੋਂ ਇਸ ਕੋਰੱਸ ਨੂੰ ਗਾਉਣ ਦਾ ਕੇਵਲ ਅਭਿਨੈ ਹੀ ਕਰਦੇ ਹਨ ਤਾਂ ਉਹ ਵੀ ਮੰਤਰ ਮੁਗਧ ਹੋ ਜਾਂਦੇ ਹਨ। ਪ੍ਰਤਿਭਾਸ਼ਾਲੀ ਗਾਇਕ ਰਾਜਨ ਜਦੋਂ ਆਪਣੀ ਬੁਲੰਦ ਆਵਾਜ਼ ਵਿੱਚ ਇਸ ਕੋਰੱਸ ਨੂੰ ਗਾਉਂਦਾ ਹੈ ਤਾਂ ਇੰਜ ਲੱਗਦਾ ਹੈ ਜਿਵੇਂ ਉਸਨੇ ਇਸ ਵਿੱਚ ਆਵਾਜ਼ ਹੀ ਨਹੀਂ, ਆਪਣੀ ਰੂਹ ਵੀ ਪਾਈ ਹੋਵੇ। ਮੰਚ-ਕਲਾਕਾਰਾਂ ਨੇ ਦੱਸਿਆ ਕਿ ਉਹ ਵੀ ਕੋਰੱਸ ਗਾਉਂਦਿਆਂ ਇੱਕ ਅਲੌਕਿਕ ਦੁਨੀਆ ਵਿੱਚ ਪਹੁੰਚ ਜਾਂਦੇ ਹਨ:

ਸੇਕ ਨੇ ਸੀਤਾ ਸਾਰਾ ਜੀਵਨ, ਸੁਖ ਦਾ ਧਾਗਾ ਲੱਭਿਆ ਨਹੀਂ,
ਫਿਰ ਵੀ ਹਰ ਹਿਰਦੇ ਨੂੰ ਦਿੱਤਾ
ਸੁਖਮਣੀ ਦਾ ਸੁੱਚਾ ਪਾਣੀ
ਤੂੰ ਸ਼ਾਇਰ ਸੀ, ਨਿਰਮਾਤਾ ਸੀ,
ਦੂਰ ਦ੍ਰਿਸ਼ਟ ਤੇ ਦਾਤਾ ਸੀ,
ਰਾਮ ਨਾਮ ਵਿਚ ਏਨਾ ਰਮਿਆਂ,
ਪੀੜ ਆਪਣੀ ਪੀੜ ਨਾ ਜਾਣੀ।



ਇਹ ਖ਼ੂਬਸੂਰਤ ਲਾਈਨਾਂ ਕਿਸੇ ਚੰਗੀ ਰੂਹ ਦੀ ਆਵਾਜ਼ ਨੇ ਜੋ ਸਾਡੀ ਰੂਹ ਤੱਕ ਪਹੁੰਚਦੀ ਹੈ ਤੇ ਅਸੀਂ ਇਸ ਨੂੰ ਦਰਸ਼ਕਾਂ ਦੀ ਰੂਹ ਤਕ ਪਹੁੰਚਾਉਂਦੇ ਹਾਂ। ਇਸ ਨਾਟਕ ਦਾ ਸੰਗੀਤ ਸੁਪ੍ਰਸਿੱਧ ਸੰਗੀਤਕਾਰ ਜਤਿੰਦਰ ਸ਼ਾਹ ਨੇ ਵੀ ਰੂਹ ਨਾਲ ਤਿਆਰ ਕੀਤਾ ਹੈ ਤੇ ਇਸ ਦੇ ਸ਼ਬਦਾਂ ਨੂੰ ਪਟਿਆਲਾ ਘਰਾਣੇ ਦੇ ਕਲਾਸੀਕਲ ਸਿੰਗਰ ਵਿਨੋਦ ਸਹਿਗਲ ਨੇ ਆਪਣੀ ਗਹਿਰਾਈ ਵਾਲੀ ਖ਼ੂਬਸੂਰਤ ਆਵਾਜ਼ ਵਿੱਚ ਗਾਇਆ ਹੈ। ਕਪੂਰਥਲੇ ਦੀ ਰਾਜਕੁਮਾਰੀ ਅਤੇ ਕਲਾਸੀਕਲ ਸੰਗੀਤ ਦੀ ਪਾਰਖੂ ਅਨੀਤਾ ਸਿੰਘ ਨੇ ਇਸ ਨਾਟਕ ਦੇ ਪੰਜ ਸ਼ੋਅ ਦੇਖੇ ਸਨ। ਉਹ ਆਪਣੀਆਂ ਅੱਖਾਂ ਬੰਦ ਕਰਕੇ ਇਸਦੇ ਸੰਗੀਤ ਨੂੰ ਸੁਣਦੇ ਰਹੇ। ਇਸ ਨਾਟਕ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਅਸੀਂ ਇਸ ਨੂੰ ਗੁਰਦੁਆਰਿਆਂ ਵਿੱਚ, ਸੱਥਾਂ ਤੇ ਵੱਡੇ ਆਡੀਟੋਰੀਅਮਾਂ ਵਿੱਚ, ਬੁੱਧੀਜੀਵੀਆਂ ਸਾਹਮਣੇ, ਧਾਰਮਿਕ ਲੋਕਾਂ ਸਾਹਮਣੇ ਭਾਵ ਹਰ ਥਾਂ ਅਤੇ ਹਰ ਵਰਗ ਸਾਹਮਣੇ ਕਰ ਚੁੱਕੇ ਹਾਂ। ਹਰ ਬੰਦਾ ਇਸ ਨਾਟਕ ਨਾਲ ਜੁੜਦਾ ਹੈ ਤੇ ਉਹ ਗੁਰੂ ਜੀ ਦੀ ਸ਼ਹਾਦਤ ਬਾਰੇ ਜਾਨਣਾ ਚਾਹੁੰਦਾ ਹੈ। ਬਹੁਤ ਸਾਰੇ ਲੋਕਾਂ ਨੇ ਸਾਨੂੰ ਆ ਕੇ ਕਿਹਾ ਕਿ ਉਹਨਾਂ ਨੂੰ ਤਾਂ ਮੁਜੱਦਦ ਤੇ ਮੀਰ ਮੁਰਤਜ਼ਾ ਬਾਰੇ ਕੁਝ ਪਤਾ ਹੀ ਨਹੀਂ ਸੀ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਆਮ ਇਤਿਹਾਸਕਾਰਾਂ ਨੇ ਗੁਰੂ ਜੀ ਦੇ ਜੀਵਨ ਨੂੰ ਬਹੁਤ ਘੋਖ ਕੇ ਨਹੀਂ ਦੇਖਿਆ। ਸਾਡੀ ਖ਼ੁਸ਼ਕਿਸਮਤੀ ਹੈ ਕਿ ਕਪੂਰ ਸਿੰਘ ਆਈ ਸੀ ਐੱਸ ਦੇ ਹਵਾਲੇ ਨਾਲ ਡਾਕਟਰ ਆਤਮਜੀਤ ਨੇ ਨਵੀਆਂ ਗੱਲਾਂ ਦੱਸਣ ਵਾਲਾ ਇਹ ਨਾਟਕ ਸਾਡੀ ਝੋਲੀ ਪਾਇਆ।

ਬਾਕੀ ਹਿਸਾ ਸਫਾ 50 ਤੇ ਪੜ੍ਹੋ →

49 ਸਫ਼ੇ ਦੀ ਬਾਕੀ

ਭਾਵੇਂ ਇਤਿਹਾਸ ਵਿਚ ਸਿੱਖ ਧਰਮ ਦੀ ਇਕ ਪ੍ਰਥਾ ਬਾਦ ਵਿਚ ਬਹੁਤ ਬਦਨਾਮ ਹੋਈ ਪਰ ਨਾਟਕ ਵਿੱਚ ਉਸ ਵੇਲੇ ਦੀ ਸਾਫ਼-ਸੁਥਰੀ ਮਸੰਦ-ਪ੍ਰਥਾ ਦਾ ਵੀ ਸੁੰਦਰ ਜ਼ਿਕਰ ਹੈ। ਸਮਝਾਇਆ ਗਿਆ ਹੈ ਕਿ ਇਹ ਪ੍ਰਥਾ ਕਿਵੇਂ ਸ਼ੁਰੂ ਹੋਈ, ਇਸਦਾ ਮਕਸਦ ਕੀ ਸੀ, ਮਸੰਦ ਜਿਹੜਾ ਪੈਸਾ ਕੱਠਾ ਕਰਦੇ ਸਨ ਉਸਨੂੰ ਕਿੱਥੇ ਵਰਤਿਆ ਜਾਂਦਾ ਸੀ ਆਦਿਕ। ਸਿੱਖ ਧਰਮ ਵਿੱਚ ਦਸਵੰਧ ਕੱਢਣ ਦੀ ਪ੍ਰਥਾ ਸ਼ਾਇਦ ਉਦੋਂ ਹੀ ਸ਼ੁਰੂ ਹੋਈ ਜਿਸ ਨਾਲ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦਾ ਨਿਰਮਾਣ ਕੀਤਾ ਤੇ ਬਹੁਤ ਸਾਰੇ ਸ਼ਹਿਰ ਵਸਾਏ। ਉਹਨਾਂ ਨੇ ਹਿੰਦੂਆਂ ਤੇ ਮੋਮਨਾਂ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਇਕੱਠਾ ਕਰ ਦਿੱਤਾ ਜਿਸ ਨੂੰ ਹਰਿਮੰਦਰ ਸਾਹਿਬ ਵਿੱਚ ਅੱਜ ਤਾਈਂ ਗਾਇਆ ਜਾ ਰਿਹਾ ਹੈ। ਉਹਨਾਂ ਨੇ ਸਾਈ ਮੀਆਂ ਮੀਰ ਤੋਂ ਦਰਬਾਰ ਸਾਹਿਬ ਦੀ ਨੀਂਹ ਰਖਵਾ ਕੇ ਇੱਕ ਮਿਸਾਲ ਕਾਇਮ ਕੀਤੀ ਜਿਸਦਾ ਕੋਈ ਦੂਸਰਾ ਉਦਾਹਰਣ ਦੁਨੀਆ ਭਰ ਵਿਚ ਕਿਧਰੇ ਨਹੀਂ ਮਿਲਦਾ। ਉਸ ਬਾਰੇ ਡਾਕਟਰ ਸਾਹਿਬ ਨੇ ਬੜੇ ਭਾਵਪੂਰਤ ਵਾਰਤਾਲਾਪ ਲਿਖੇ ਹਨ: "ਹਰਿਮੰਦਰ ਨੂੰ ਧਿਆਨ ਨਾਲ ਦੇਖਿਆ ਤੁਸੀਂ? ਉਸ ਨੂੰ ਸਾਰੇ ਆਲੇ-ਦੁਆਲੇ ਨਾਲੋਂ ਨੀਵਾਂ ਰੱਖਿਆ ਗਿਆ ਹੈ ਕਿਉਂਕਿ ਉਹ ਹੰਕਾਰ ਦਾ ਨਹੀਂ, ਨਿਮਰਤਾ ਦਾ ਮੰਦਰ ਹੈ"। ਕੁਝ ਹੋਰ ਲਾਈਨਾਂ ਦਾ ਜ਼ਿਕਰ ਵੀ ਮੈਂ ਜਰੂਰ ਕਰਨਾ ਚਾਹਾਂਗੀ " ਗੁਰੂ ਘਰ ਵਿੱਚ ਗੱਦੀ ਪੁੱਤਰ ਨੂੰ ਨਹੀਂ ਪ੍ਰੇਮੀ ਨੂੰ ਮਿਲਦੀ ਹੈ"। ਤੇ ਇੱਕ ਹੋਰ ਵਾਰਤਾਲਾਪ ਹੈ: " ਸਿੱਖੀ ਸਰੀਰਾਂ ਦਾ ਨਹੀਂ, ਰੂਹਾਂ ਦਾ ਕਾਫਲਾ ਹੈ"। ਕਮਲਾ ਤੇ ਸਿਆਣਾ ਕਹਿੰਦੇ ਨੇ" ਹਿਰਸਾਂ ਤੇ ਸਾੜੇ ਵੀ ਰੱਬ ਦੀਆਂ ਦਾਤਾਂ ਨੇ; ਕੋਈ ਇਹਨਾਂ ਨੂੰ ਮਾਰ ਕੇ ਲੋਕਾਂ ਨੂੰ ਤਾਰ ਜਾਂਦਾ ਹੈ ਤੇ ਕੋਈ ਇਹਨਾਂ ਦੀ ਮਾਰ ਵਿੱਚ ਆਪ ਡੁੱਬ ਜਾਂਦਾ ਹੈ।"


ਜਦੋਂ ਪਹਿਲੀ ਵਾਰ 'ਤੱਤੀ ਤਵੀ ਦਾ ਸੱਚ' ਨਾਟਕ ਸਾਡੇ ਗਰੁੱਪ ਨੇ ਪੜ੍ਹਿਆ ਤਾਂ ਉਸ ਵਿੱਚ ਇੱਕ ਸੀਨ ਲਗਭਗ 13-14 ਮਿੰਟ ਲੰਬਾ ਸੀ। ਉਸ ਵਿੱਚ ਇੱਕ ਮਸੰਦ ਦਾਨ ਇਕੱਤਰ ਕਰਨ ਲਈ ਇੱਕ ਪਿੰਡ ਵਿੱਚ ਆਉਂਦਾ ਹੈ, ਤੇ ਉਹ ਗੁਰੂ ਅਰਜਨ ਦੇਵ ਜੀ ਦੀਆਂ ਲਾਹੌਰ ਤੋਂ ਗੁਰੂ ਰਾਮਦਾਸ ਜੀ ਨੂੰ ਲਿਖੀਆਂ ਚਿੱਠੀਆਂ ਦਾ ਜ਼ਿਕਰ ਕਰਦਾ ਹੈ। ਉਹ ਉਹਨਾਂ ਚਿੱਠੀਆਂ ਨੂੰ ਗਾ ਕੇ ਸੁਣਾਉਂਦਾ ਹੈ "ਮੇਰਾ ਮਨ ਲੋਚੇ ਗੁਰੂ ਦਰਸਨ ਤਾਈਂ, ਬਿਲਪ ਕਰੇ ਚਾਤ੍ਰਿਕ ਕੀ ਨਿਆਈਂ"। ਉਦੋਂ ਸਾਨੂੰ ਡਰ ਲਗਿਆ ਸੀ ਕਿ ਦਰਸ਼ਕ ਇੰਨੇ ਲੰਬੇ ਸੀਨ ਨੂੰ ਕਿਵੇਂ ਦੇਖਣਗੇ? ਪਰ ਹੁਣ ਇਹ ਦ੍ਰਿਸ਼ ਸਾਡੇ ਨਾਟਕ ਦਾ ਇੱਕ ਬਹੁਤ ਹੀ ਮਹੱਤਵਪੂਰਨ ਆਕਰਸ਼ਨ ਬਣ ਚੁੱਕਿਆ ਹੈ ਕਿਉਂਕਿ ਦਰਸ਼ਕਾਂ ਨੂੰ ਇਸ ਵਿੱਚ ਪਤਾ ਲੱਗਦਾ ਹੈ ਕਿ ਪ੍ਰਿਥੀ ਚੰਦ ਤੇ ਗੁਰੂ ਅਰਜਨ ਦੇਵ ਵਿੱਚ ਕੀ ਫਰਕ ਸੀ। ਇੱਕ ਬਹੁਤ ਹੀ ਖੂਬਸੂਰਤ ਵਾਰਤਾਲਾਪ ਹੈ: "ਇੱਕ ਪੁੱਤਰ ਧਰਮੀ ਪਿਤਾ ਕੋਲ ਬੈਠ ਕੇ ਵੀ ਅਧਰਮੀ ਸੀ, ਦੂਜਾ ਪ੍ਰਭੂ-ਪ੍ਰੇਮ ਵਿੱਚ ਭਿੱਜਾ ਆਪਣੇ ਗੁਰੂ ਦੀ ਬਾਣੀ ਚੋਂ ਅਨਹਦ ਦਾ ਨਾਦ ਸੁਣ ਰਿਹਾ ਸੀ"। ਜਦੋਂ ਵਿਨੋਦ ਸਹਿਗਲ ਦੀ ਮਿੱਠੀ ਆਵਾਜ਼ ਦਰਸ਼ਕਾਂ ਦੇ ਕੰਨਾਂ ਵਿਚ ਸ਼ਹਿਦ ਘੋਲਦੀ ਹੈ ਤਾਂ ਇੱਕ ਅਲੌਕਿਕ ਨਜ਼ਾਰਾ ਬੱਝਦਾ ਹੈ। ਨਾਟਕ ਦੇ ਵਾਰਤਾਲਾਪਾਂ ਨੂੰ ਸਵਿੰਦਰ ਵਿੱਕੀ, ਡਾਕਟਰ ਸਾਹਿਬ ਸਿੰਘ, ਸਨੀ ਗਿੱਲ, ਹਰਮਨਜੀਤ ਸਿੰਘ, ਸਵਰਗੀ ਸਚਿਨ ਸ਼ਰਮਾ, ਗੌਰਵ ਸ਼ਰਮਾ, ਆਸ਼ਾ ਸਕਲਾਨੀ, ਸੰਗੀਤਾ ਗੁਪਤਾ,ਡਾਕਟਰ ਹਰਪ੍ਰੀਤ ਲਵਲੀ ਅਤੇ ਜਸਬੀਰ ਗਿੱਲ ਵਰਗੇ ਮੰਝੇ ਹੋਏ ਕਲਾਕਾਰਾਂ ਨੇ ਆਪਣੀਆਂ ਪ੍ਰਭਾਵਸ਼ਾਲੀ ਆਵਾਜ਼ਾਂ ਵਿਚ ਰੀਕਾਰਡ ਕਰਵਾਇਆ ਹੈ। ਉਂਜ ਇਸ ਨਾਟਕ ਦੇ ਮੰਚਨ ਦੀ ਤਿਆਰੀ ਕਦੇ ਵੀ ਸੌਖੀ ਨਹੀਂ ਹੋਈ। ਜੂਨ ਮਹੀਨੇ ਦੀਆਂ ਤਪਦੀਆਂ ਦੁਪਹਿਰਾਂ ਵਿੱਚ ਇਸ ਨਾਟਕ ਦਾ ਮੰਚ ਤਿਆਰ ਕਰਨਾ ਸਾਨੂੰ ਇਸ ਗੱਲ ਦਾ ਅਹਿਸਾਸ ਦਵਾਉਂਦਾ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਤੇ ਬੈਠ ਕੇ ਸਾਡੇ ਲਈ ਕੀ ਕੀਤਾ ਹੈ!

ਰੂਪਕ ਕਲਾ ਅਤੇ ਵੈੱਲਫ਼ੇਅਰ ਸੁਸਾਇਟੀ ਦੀ ਸਾਰੀ ਟੀਮ ਇਸ ਨਾਟਕ ਨਾਲ ਬੜੀ ਸ਼ਿੱਦਤ ਨਾਲ ਜੁੜੀ ਹੋਈ ਹੈ। ਅਸੀਂ ਇਸ ਨਾਟਕ ਨੂੰ ਕੁੱਲ ਪੰਜ ਵਾਰ ਤਿਆਰ ਕਰ ਚੁੱਕੇ ਹਾਂ: ਸੰਨ 2006, 2014, 2016, 2024 ਅਤੇ ਹੁਣ 2026 ਵਿਚ। ਪਹਿਲੀਆਂ ਚਾਰ ਪ੍ਰੋਡਕਸ਼ਨਾਂ ਦੇ ਨਵੀਂ ਦਿੱਲੀ, ਚੰਡੀਗੜ੍ਹ, ਅਮ੍ਰਿਤਸਰ, ਕਪੂਰਥਲਾ, ਪਟਿਆਲਾ, ਨਾਗਪੁਰ ਆਦਿਕ ਸ਼ਹਿਰਾਂ ਵਿਚ ਭਰਵੇਂ ਸਫ਼ਲ ਸ਼ੋ ਹੋਏ। ਆਉਂਦੇ ਸਾਲਾਂ ਵਿੱਚ ਵੀ ਅਸੀਂ ਇਸ ਨਾਟਕ ਦੀਆਂ ਪੇਸ਼ਕਾਰੀਆਂ ਨੂੰ ਨਵੀਆਂ ਟੀਮਾਂ ਨਾਲ ਤਿਆਰ ਕਰਦੇ ਰਹਾਂਗੇ। ਭਾਵੇਂ ਕਲਾਕਾਰ ਨਵੇਂ ਹੋਣਗੇ ਪਰ ਨਾਟਕ ਕਰਨ ਵਾਲਿਆਂ ਦਾ ਜਜ਼ਬਾ ਉਸੇ ਤਰ੍ਹਾਂ ਬਣਿਆ ਰਹੇਗਾ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਾਸਾਨੀ ਹੈ। ਇਸ ਸੀਜ਼ਨ ਵਿਚ ਲਗਭਗ 25 ਕਲਾਕਾਰਾਂ ਦਾ ਕਾਫਲਾ ਲੈ ਕੇ ਅਸੀਂ ਚੰਡੀਗੜ੍ਹ, ਮੋਹਾਲੀ, ਮਲੋਟ ਤੇ ਬਠਿੰਡਾ ਵਿੱਚ ਇਸ ਨਾਟਕ ਦੀਆਂ 4 ਪੇਸ਼ਕਾਰੀਆਂ ਕਰ ਚੁੱਕੇ ਹਾਂ ਤੇ ਆਉਣ ਵਾਲੇ ਦਿਨਾਂ ਵਿੱਚ ਪਟਿਆਲਾ, ਲੁਧਿਆਣਾ ਤੇ ਅਮ੍ਰਿਤਸਰ ਵਿੱਚ ਇਸ ਨਾਟਕ ਦੀਆਂ ਪੇਸ਼ਕਾਰੀਆਂ ਹੋਣਗੀਆਂ। ਦਿੱਲੀ ਵਿੱਚ ਵੀ ਇਸ ਨਾਟਕ ਦਾ ਸ਼ੋਅ ਕੀਤੇ ਜਾਣ ਦੀ ਸੰਭਾਵਨਾ ਹੈ। ਜੋ ਵੀ ਇੱਕ ਵਾਰ ਇਸ ਨਾਟਕ ਨੂੰ ਵੇਖਦਾ ਹੈ ਉਹ ਜ਼ਰੂਰ ਪੁੱਛਦਾ ਹੈ ਕਿ ਨੇੜੇ-ਤੇੜੇ ਇਸ ਦਾ ਸ਼ੋ ਕਦੋਂ ਤੇ ਕਿੱਥੇ ਹੋਵੇਗਾ ਕਿਉਂਕਿ ਉਹ ਆਪਣੇ ਪਰਿਵਾਰ ਦੇ ਬਾਕੀ ਲੋਕਾਂ ਨੂੰ ਵੀ ਇਹ ਨਾਟਕ ਵਿਖਾਉਣਾ ਚਾਹੁੰਦਾ ਹੈ। ਡਾਕਟਰ ਆਤਮਜੀਤ ਨੇ ਨਾਟਕ ਦੇ ਅੰਤ ਵਿੱਚ ਬਹੁਤ ਸਹੀ ਲਿਖਿਆ ਹੈ ਕਿ

"ਇਤਿਹਾਸ ਦੇ ਵਿੱਚੋਂ ਪੈਦਾ ਹੋ ਕੇ,
ਤੂੰ ਇਤਿਹਾਸ ਨੂੰ ਘੜਿਆ ਹੈ
ਤੇਰੇ ਜਸ ਦਾ ਜਾਪ ਹੋਵੇਗਾ,
ਜਦ ਵੀ ਜੁੜਨੀ ਕਿਧਰੇ ਢਾਣੀ।
ਤਵੀਆਂ ਉੱਤੇ ਬੈਠ ਕੇ
ਬੋਲਣ ਰੱਬ ਦੀ ਮਿੱਠੀ ਅੰਮ੍ਰਿਤ ਬਾਣੀ

ਇਸ ਨਾਟਕ ਵਿੱਚ ਭਾਗ ਲੈਣ ਵਾਲੇ ਬਹੁਤ ਸਾਰੇ ਕਲਾਕਾਰ ਨਾ ਤਾਂ ਪੰਜਾਬੀ ਹਨ ਤੇ ਨਾ ਹੀ ਸਿੱਖ ਧਰਮ ਬਾਰੇ ਬਹੁਤਾ ਜਾਣਦੇ ਸਨ। ਦਾਈ ਦਾ ਰੋਲ ਕਰਨ ਵਾਲੀ ਬੰਗਲਾ ਲੜਕੀ ਜੋਤੀ ਸ਼੍ਰੀ ਨੇ ਜਦੋਂ ਪਹਿਲੀ ਵਾਰ ਨਾਟਕ ਵਿਚਲੀ ਬਾਣੀ ਸੁਣੀ ਤਾਂ ਉਹ ਮੰਤਰ- ਮੁਗਧ ਹੋ ਗਈ। ਉਸਦੇ ਮਨ ਨੂੰ ਅਕਹਿ ਸਕੂਨ ਮਿਲਦਾ ਹੈ। 70 ਸਾਲਾਂ ਦੇ ਰਕੇਸ਼ ਰਸਤੋਗੀ ਅਕਬਰ ਤੇ ਸਾਈ ਮੀਆਂ ਮੀਰ ਦਾ ਰੋਲ ਕਰਦੇ ਹੋਏ ਆਪਣੇ ਆਪ ਨੂੰ ਇੱਕ ਵੱਖਰੀ ਦੁਨੀਆਂ ਵਿੱਚ ਮਹਿਸੂਸ ਕਰਦੇ ਹਨ। ਨਾਟਕ ਦੀ ਨਿਰਦੇਸ਼ਕਾ ਸੰਗੀਤਾ ਗੁਪਤਾ ਅਨੁਸਾਰ, "ਕੌਣ ਕਹਿੰਦਾ ਹੈ ਕਿ ਪੰਜਾਬੀ ਸਿਰਫ ਸਿੱਖਾਂ ਦੀ ਭਾਸ਼ਾ ਹੈ? ਮੈਂ ਪੰਜਾਬ ਦੀ ਜੰਮ-ਪਲ ਹਾਂ, ਪੰਜਾਬੀ ਬੋਲਦੀ ਤੇ ਪੰਜਾਬੀ ਮਾਂ ਬੋਲੀ ਲਈ ਕੰਮ ਕਰ ਰਹੀ ਹਾਂ।" ਉਹ ਤਾਂ ਇਹ ਵੀ ਕਹਿੰਦੀ ਹੈ ਕਿ "ਡਾਕਟਰ ਆਤਮਜੀਤ ਨੇ ਇਸ ਨਾਟਕ ਵਿਚ ਸਿੱਖੀ ਦੀ ਜਿਹੜੀ ਪਰਿਭਾਸ਼ਾ ਸਿਰਜੀ ਹੈ ਉਸ ਮੁਤਾਬਕ ਉਹ ਵੀ ਕਿਸੇ ਸਿੱਖ ਤੋਂ ਘਟ ਨਹੀਂ ਹੈ ਕਿਉਂਕਿ ਉਨ੍ਹਾਂ ਅਨੁਸਾਰ ਸਿੱਖੀ ਸਰੀਰਾਂ ਦਾ ਨਹੀਂ, ਰੂਹਾਂ ਦਾ ਕਾਫ਼ਲਾ ਹੈ ਤੇ ਮੇਰੀ ਰੂਹ ਪੂਰੀ ਤਰਾਂ ਪੰਜਵੀਂ ਪਾਤਸ਼ਾਹੀ ਦੀ ਇਸ ਸ਼ਹਾਦਤ ਨੂੰ ਨਤਮਸਤਕ ਹੁੰਦੀ ਹੈ। ਮੈਂ ਤੁਰਦੇ ਫਿਰਦੇ ਉਹਨਾਂ ਦੀਆਂ ਚਿੱਠੀਆਂ ਨੂੰ ਗਾਉਂਦੀ ਹਾਂ; ਉਹ ਮੇਰੀ ਰੂਹ ਨੂੰ ਸਕੂਨ ਦਿੰਦੀਆਂ ਹਨ ਤੇ ਮੇਰੀ ਅੰਤਰ-ਆਤਮਾ ਗੁਰੂ ਅਰਜਨ ਦੇਵ ਜੀ ਦੇ ਮਗਰ-ਮਗਰ ਤੁਰਦੀ ਹੈ।" ਮੈਂ ਖ਼ੁਦ ਇਸ ਨਾਟਕ ਵਿੱਚ ਰੌਸ਼ਨੀ ਦੇ ਪ੍ਰਬੰਧ ਨੂੰ ਦੇਖਦੀ ਹਾਂ ਤੇ ਲਾਈਟਸ ਓਪਰੇਟ ਕਰਦੀ ਹਾਂ ਤੇ ਸਾਰੀ ਪ੍ਰੋਡਕਸ਼ਨ ਨੂੰ ਕੰਟਰੋਲ ਕਰਨ ਦੀ ਮੇਰੀ ਜ਼ਿੰਮੇਵਾਰੀ ਹੁੰਦੀ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਮੈਂ ਲਾਈਟਿੰਗ ਕਰ ਰਹੀ ਹੁੰਦੀ ਆ ਤਾਂ ਮੈਂ ਵੀ ਨਾਲ-ਨਾਲ ਸ਼ਬਦਾਂ ਨੂੰ ਗਾ ਰਹੀ ਹੁੰਦੀ ਹਾਂ। ਅਸੀਂ ਖੁਸ਼ਕਿਸਮਤ ਹਾਂ ਕਿ ਸਾਨੂੰ ਮੌਕਾ ਮਿਲਿਆ, ਇਸ ਨਾਟਕ ਨੂੰ ਖੇਡਣ ਦਾ, ਗੁਰੂ ਜੀ ਦੇ ਜੀਵਨ ਤੇ ਸ਼ਹਾਦਤ ਬਾਰੇ ਲੋਕਾਂ ਨੂੰ ਦੱਸਣ ਦਾ, ਇਹ ਦੱਸਣ ਦਾ ਕਿ ਅੱਜ ਜੋ ਅਸੀਂ ਖੁੱਲ੍ਹੀ ਹਵਾ ਵਿੱਚ ਸਾਹ ਲੈ ਰਹੇ ਹਾਂ ਉਸ ਦੇ ਪਿੱਛੇ ਸਾਡੇ ਮਹਾਂਪੁਰਖਾਂ ਦੀ ਕੁਰਬਾਨੀ ਹੈ ਜੋ ਲਾਸਾਨੀ ਹੈ। ਅਸੀਂ ਆਪਣੇ ਵਿਰਸੇ ਨੂੰ ਕਿਵੇਂ ਸਾਂਭ ਕੇ ਰੱਖਣਾ ਇਸ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ। ਗੁਰੂ ਜੀ ਨੇ ਆਪਣਾ ਕੰਮ ਕਰ ਦਿੱਤਾ ਹੈ ਤੇ ਹੁਣ ਸਾਡੀ ਵਾਰੀ ਹੈ।

# ਲੰਡਨ ਵਿੱਚ ਸਲਮਾਨ ਰਸ਼ਦੀ ਦਾ ਸਨਮਾਨ, ਪ੍ਰਗਟਾਵੇ ਦੀ ਆਜ਼ਾਦੀ ਲਈ ਰਸ਼ਦੀ ਵੱਲੋਂ ਲੜਨ ਦਾ ਸੱਦਾ ਬਰਤਾਨੀਆਂ ਨੇ ਜਦੋਂ ਭਾਰਤ ਛੱਡਿਆ ਤਾਂ ਭਾਰਤ ਬਹੁਤ ਗਰੀਬ ਸੀ, ਉਹ ਪੈਸਾ ਕਿੱਥੇ ਗਿਆ - ਰਸ਼ਦੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਸ਼ਹੂਰ ਨਾਵਲਕਾਰ ਸਰ ਸਲਮਾਨ ਰਸ਼ਦੀ ਨ# ਚੇਤਾਵਨੀ ਦਿੱਤੀ ਹੈ ਕਿ ਦੁਨੀਆ ਭਰ ਵਿੱਚ ਪ੍ਰਗਟਾਵੇ ਦੀ ਆਜ਼ਾਦੀ 'ਤੇ "ਗੰਭੀਰ ਹਮਲਾ" ਹੋ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਖਰੇ ਅਤੇ ਅਸਹਿਮਤ ਵਿਚਾਰਾਂ ਨੂੰ ਦਬਾਉਣ ਦੇ ਖ਼ਿਲਾਫ਼ ਖੜ੍ਹੇ ਹੋਣ। 79 ਸਾਲਾ ਲੇਖਕ ਨੇ ਇਹ ਟਿੱਪਣੀਆਂ ਲੰਡਨ ਵਿੱਚ 'ਲਿਬਰੇਟਮ ਕਲਚਰਲ ਆਨਰ' (ਅਜ਼ਾਦ ਸੱਭਿਆਚਾਰ ਸਨਮਾਨ) ਨਾਲ ਸਨਮਾਨਿਤ ਹੋਣ ਤੋਂ ਬਾਅਦ ਕੀਤੀਆਂ।ਇਹ ਪੁਰਸਕਾਰ ਸਮਾਰੋਹ ਸੱਭਿਆਚਾਰਕ ਸੰਸਥਾ 'ਲਿਬਰੇਟਮ' ਦੀ 25ਵੀਂ ਵਰ੍ਹੇਗੰਢ ਦੇ ਮੌਕੇ 'ਤੇ ਕਰਵਾਇਆ ਗਿਆ ਸੀ, ਜਿਸ ਦਾ ਮੁੱਖ ਵਿਸ਼ਾ "ਪ੍ਰਗਟਾਵੇ ਦੀ ਆਜ਼ਾਦੀ" ਰੱਖਿਆ ਗਿਆ ਸੀ। ਭਾਰਤੀ ਮੂਲ ਦੇ ਬ੍ਰਿਟਿਸ਼-ਅਮਰੀਕੀ ਲੇਖਕ ਰਸ਼ਦੀ ਨੇ ਕਿਹਾ ਕਿ ਉਹ ਉਨ੍ਹਾਂ ਥਾਵਾਂ 'ਤੇ ਵੀ ਮੁਫ਼ਤ ਭਾਸ਼ਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਡਿੱਗ ਰਹੇ ਪੱਧਰ ਨੂੰ ਦੇਖ ਕੇ ਹੈਰਾਨ ਹਨ, ਖ਼ਾਸ ਕਰਕੇ ਅਮਰੀਕਾ ਅਤੇ ਭਾਰਤ ਵਿੱਚ ਜਿੱਥੇ ਇਤਿਹਾਸਕ ਤੌਰ 'ਤੇ ਇਸ ਦੀ ਰੱਖਿਆ ਕੀਤੀ ਜਾਂਦੀ ਸੀ। ਉਹਨਾਂ ਕਿਹਾ ਕਿ ਬਰਤਾਨਵੀ ਸਿੱਖਿਆ ਬਾਰੇ ਕਿਹਾ ਕਿ ਉਹਨਾਂ ਦੇ ਬੇਟੇ ਬਰਤਾਨੀਆਂ ਦੇ ਉੱਚ ਕੋਟੀ ਦੇ ਸਕੂਲਾਂ 'ਚ ਪੜ੍ਹੇ ਹਨ ਪਰ ਉਹਨਾਂ ਨੂੰ ਕਦੇ ਬਰਤਾਨਵੀ ਰਾਜ ਕਾਲ ਬਾਰੇ ਨਹੀਂ ਪੜ੍ਹਾਇਆ ਗਿਆ। ਉਹਨਾਂ ਕਿਹਾ ਕਿ ਜਦੋਂ ਭਾਰਤ ਉਸ ਸਮੇਂ ਬਹੁਤ ਅਮੀਰ ਸੀ ਜਦੋਂ ਬਰਤਾਨਵੀ ਭਾਰਤ ਗਏ ਸਨ ਪਰ ਜਦੋਂ ਗੋਰਿਆਂ ਨੇ ਭਾਰਤ ਛੱਡਿਆ ਤਾਂ ਭਾਰਤ ਬਹੁਤ ਗਰੀਬ ਸੀ, ਉਹ ਪੈਸਾ ਕਿੱਥੇ ਗਿਆ।

ਉਹਨਾਂ ਕਿਹਾ ਕਿ "ਮੈਂ ਅਮਰੀਕਾ ਵਿੱਚ ਰਹਿੰਦਾ ਹਾਂ ਅਤੇ ਮੈਂ ਕਦੇ ਨਹੀਂ ਸੋਚਿਆ ਸੀ ਕਿ ਇਸ ਧਰਤੀ 'ਤੇ ਅਧਿਕਾਰੀਆਂ ਵੱਲੋਂ ਬੋਲਣ ਦੀ ਆਜ਼ਾਦੀ 'ਤੇ ਅਜਿਹਾ ਹਮਲਾ ਹੋਵੇਗਾ। ਪੱਤਰਕਾਰਾਂ, ਕਾਮੇਡੀਅਨਾਂ, ਲੇਖਕਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ 'ਤੇ ਵੱਖਰੇ ਵਿਚਾਰ ਰੱਖਣ ਲਈ ਕੀਤੇ ਜਾ ਰਹੇ ਹਮਲੇ ਇਹ ਦਰਸਾਉਂਦੇ ਹਨ ਕਿ ਉਹ ਪ੍ਰਗਟਾਵੇ ਦੀ ਆਜ਼ਾਦੀ ਬਾਰੇ ਕੀ ਸੋਚਦੇ ਹਨ।"

ਰਸ਼ਦੀ ਨੇ ਲਾਇਬ੍ਰੇਰੀਆਂ ਵਿੱਚੋਂ ਕਿਤਾਬਾਂ 'ਤੇ ਪਾਬੰਦੀ ਲਗਾਉਣ ਦੇ ਵਧ ਰਹੇ ਰੁਝਾਨ 'ਤੇ ਚਿੰਤਾ ਪ੍ਰਗਟਾਈ, ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਦੇ ਖ਼ਿਲਾਫ਼ ਹੋ ਰਹੀ ਬਗਾਵਤ ਅਤੇ ਸੰਘਰਸ਼ ਕਾਫ਼ੀ ਹੌਸਲਾ ਵਧਾਉਣ ਵਾਲਾ ਹੈ।

ਇਹ ਸਨਮਾਨ ਸਲਮਾਨ ਰਸ਼ਦੀ ਵੱਲੋਂ ਪ੍ਰਗਟਾਵੇ ਦੀ ਆਜ਼ਾਦੀ ਦੀ ਰੱਖਿਆ ਲਈ ਜੀਵਨ ਭਰ ਕੀਤੇ ਗਏ ਸੰਘਰਸ਼ ਨੂੰ ਲੈ ਕੇ ਦਿੱਤਾ ਗਿਆ ਹੈ। ਸਾਲ 1988 ਵਿੱਚ ਉਨ੍ਹਾਂ ਦੇ ਨਾਵਲ "ਦ ਸੈਟੇਨਿਕ ਵਰਸਿਜ਼" ਦੇ ਪ੍ਰਕਾਸ਼ਨ ਤੋਂ ਬਾਅਦ, ਉਨ੍ਹਾਂ ਨੂੰ ਜਾਨੋਂ ਮਾਰਨ ਦੇ ਫਤਵੇ ਜਾਰੀ ਕੀਤੇ ਗਏ ਸਨ। ਅਗਸਤ 2022 ਵਿੱਚ, ਨਿਊਯਾਰਕ ਵਿੱਚ ਇੱਕ ਲੈਕਚਰ ਦੌਰਾਨ ਉਨ੍ਹਾਂ 'ਤੇ ਇੱਕ ਜਾਨਲੇਵਾ ਹਮਲਾ ਹੋਇਆ ਸੀ, ਜਿਸ ਕਾਰਨ ਉਨ੍ਹਾਂ ਦੀ ਸੱਜੀ ਅੱਖ ਦੀ ਰੋਸ਼ਨੀ ਚਲੀ ਗਈ ਅਤੇ ਇੱਕ ਹੱਥ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਇਸ ਵੱਡੇ ਹਾਦਸੇ ਅਤੇ ਸਰੀਰਕ ਚੋਟਾਂ ਦੇ ਬਾਵਜੂਦ ਰਸ਼ਦੀ ਨੇ ਪਿਛਲੇ ਤਿੰਨ ਸਾਲਾਂ ਵਿੱਚ ਤਿੰਨ ਕਿਤਾਬਾਂ ਲਿਖੀਆਂ ਹਨ ਅਤੇ ਹੁਣ ਇੱਕ ਨਵੇਂ ਪ੍ਰੋਜੈਕਟ 'ਤੇ ਕੰਮ ਕਰ ਰਹੇ ਹਨ।

# ਵਾਹਨ ਚਾਲਕਾਂ ਦਾ ਵੱਡਾ ਦਾਅਵਾ-ਈ20 ਪੈਟਰੋਲ ਨਾਲ ਘਟੀ ਮਾਈਲੇਜ, ਵਧਿਆ ਇੰਜਣ ਸਰਵਿਸ ਦਾ ਖ਼ਰਚਾ!

**✪ ਸ਼ੁੱਧ ਪੈਟਰੋਲ ਮੰਗਣ ਦਾ ਹੱਕ ਵੀ ਖਤਮ? ਵਿਰੋਧੀ ਧਿਰ ਨੇ ਵਿਕਲਪ ਨਾ ਦੇਣ ’ਤੇ ਘੇਰੀ ਮੋਦੀ ਸਰਕਾਰ ✪ ਕਰੋੜਾਂ ਵਾਹਨ ਚਾਲਕਾਂ ’ਤੇ ਆਰਥਿਕ ਬੋਝ! ਸਸਤਾ ਹੋਣ ਦੀ ਬਜਾਏ ਆਮ ਕੀਮਤ ’ਤੇ ਕਿਉਂ ਵਿਕ ਰਿਹਾ ਈ20 ਪੈਟਰੋਲ? ✪ ਨਿਤਿਨ ਗਡਕਰੀ ਦੀ ਖੁੱਲ੍ਹੀ ਚੁਣੌਤੀ- ‘ਇੱਕ ਵੀ ਕਾਰ ਦਿਖਾਓ ਜੋ ਈਥਾਨੌਲ ਕਾਰਨ ਖ਼ਰਾਬ ਹੋਈ ਹੋਵੇ’**




ਖਾਸ ਖਬਰ

ਭਾਰਤ ਵਿੱਚ ਅੱਜਕੱਲ੍ਹ ਪੈਟਰੋਲ ਵਿੱਚ ਈਥਾਨੌਲ (ਬਾਇਓਫਿਊਲ) ਮਿਲਾਉਣ ਦੀ ਨੀਤੀ ਇੱਕ ਵੱਡੇ ਵਿਵਾਦ ਦੇ ਕੇਂਦਰ ਵਿੱਚ ਆ ਗਈ ਹੈ। ਦੇਸ਼ ਭਰ ਵਿੱਚ ਲਾਗੂ ਕੀਤੇ ਗਏ ਈ20 ਪੈਟਰੋਲ (20% ਈਥਾਨੌਲ ਮਿਸ਼ਰਿਤ ਬਾਲਣ) ਨੂੰ ਲੈ ਕੇ ਵਾਹਨ ਚਾਲਕਾਂ, ਵਿਰੋਧੀ ਰਾਜਨੀਤਿਕ ਪਾਰਟੀਆਂ ਅਤੇ ਸਰਕਾਰ ਵਿਚਾਲੇ ਬਹਿਸ ਲਗਾਤਾਰ ਤੇਜ਼ ਹੁੰਦੀ ਜਾ ਰਹੀ ਹੈ। ਕਈ ਲੋਕ ਸੋਸ਼ਲ ਮੀਡੀਆ ’ਤੇ ਇਸ ਨੂੰ ਲੋਕਾਂ ਨਾਲ ਇੱਕ “ਧੋਖਾ” ਵਜੋਂ ਪੇਸ਼ ਕਰ ਰਹੇ ਹਨ, ਜਦੋਂਕਿ ਸਰਕਾਰ ਅਤੇ ਮਾਹਿਰਾਂ ਦੇ ਇਸ ਬਾਰੇ ਆਪਣੇ-ਆਪਣੇ ਦਾਅਵੇ ਅਤੇ ਤਰਕ ਹਨ। ਵਾਹਨ ਚਾਲਕਾਂ ਅਤੇ ਸਰਵਿਸ ਸਟੇਸ਼ਨ ਦੇ ਮਕੈਨਿਕਾਂ ਵੱਲੋਂ ਈ20 ਬਾਲਣ ਦੇ ਗੱਡੀਆਂ ’ਤੇ ਪੈਣ ਵਾਲੇ ਅਸਰ ਬਾਰੇ ਕਈ ਤਰ੍ਹਾਂ ਦੀਆਂ ਸ਼ਿਕਾਇਤਾਂ ਸਾਹਮਣੇ ਆ ਰਹੀਆਂ ਹਨ।

ਵਾਹਨ ਚਾਲਕਾਂ ਦਾ ਸਭ ਤੋਂ ਵੱਡਾ ਦਾਅਵਾ ਹੈ ਕਿ ਈ20 ਪੈਟਰੋਲ ਕਾਰਨ ਗੱਡੀਆਂ ਦੀ ਮਾਈਲੇਜ (ਪ੍ਰਤੀ ਕਿਲੋਮੀਟਰ ਖਪਤ) ਘਟ ਗਈ ਹੈ। ਨੀਤੀ ਆਯੋਗ ਦੀ ਰਿਪੋਰਟ ਮੁਤਾਬਕ, ਈ0 (ਸ਼ੁੱਧ ਪੈਟਰੋਲ) ਲਈ ਡਿਜ਼ਾਈਨ ਕੀਤੇ ਗਏ ਪੁਰਾਣੇ ਵਾਹਨਾਂ ਵਿੱਚ ਮਾਈਲੇਜ 6 ਤੋਂ 7 ਫ਼ੀਸਦੀ ਤੱਕ ਡਿੱਗ ਸਕਦੀ ਹੈ। ਹਾਲਾਂਕਿ, ਵਾਹਨ ਨਿਰਮਾਤਾਵਾਂ ਅਤੇ ਸਰਕਾਰ ਨੇ ਮੰਨਿਆ ਹੈ ਕਿ ਮਾਈਲੇਜ ਵਿੱਚ 3 ਤੋਂ 5 ਫ਼ੀਸਦੀ ਤੱਕ ਦੀ ਗਿਰਾਵਟ ਜ਼ਰੂਰ ਸੰਭਵ ਹੈ। ਮਕੈਨਿਕਸ ਅਤੇ ਪ੍ਰਦਰਸ਼ਨਕਾਰੀਆਂ ਮੁਤਾਬਕ ਪੁਰਾਣੀਆਂ ਗੱਡੀਆਂ ਦੇ ਕਾਰਬਿਊਰੇਟਰ ਅਤੇ ਫਿਊਲ ਸਿਸਟਮ ਵਿੱਚ ਬਾਲਣ ਦੇ ਅਵਸ਼ੇਸ਼ (ਫਿਊਲ ਰੇਜ਼ਿਡਿਊ) ਜਮ੍ਹਾ ਹੋ ਰਹੇ ਹਨ। ਈਥਾਨੌਲ ਦੀ ਪ੍ਰਕਿਰਤੀ ਕਾਰਨ ਵਾਹਨਾਂ ਦੇ ਲੋਹੇ ਅਤੇ ਰਬੜ ਦੇ ਪੁਰਜ਼ਿਆਂ ਨੂੰ ਨੁਕਸਾਨ ਪਹੁੰਚਣ ਦੀਆਂ ਚਿੰਤਾਵਾਂ ਵੀ ਜਨਤਕ ਤੌਰ ’ਤੇ ਉਠਾਈਆਂ ਜਾ ਰਹੀਆਂ ਹਨ, ਜਿਸ ਨਾਲ ਇੰਜਣ ਸਰਵਿਸ ਦਾ ਖਰਚਾ ਵੱਧ ਗਿਆ ਹੈ।

### ਕੀ ਸਰਕਾਰ ਲੋਕਾਂ ਨਾਲ ਧੋਖਾ ਕਰ ਰਹੀ ਹੈ?

ਆਮ ਲੋਕਾਂ ਅਤੇ ਵਿਰੋਧੀ ਧਿਰ ਦੇ ਆਗੂਆਂ, ਜਿਵੇਂ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਕਾਂਗਰਸ ਆਗੂ ਪ੍ਰਿਯੰਕ ਖੜਗੇ, ਨੇ ਸਰਕਾਰ ’ਤੇ ‘ਤਾਨਾਸ਼ਾਹੀ’ ਅਤੇ ‘ਜਲਦਬਾਜ਼ੀ’ ਵਿੱਚ ਨੀਤੀ ਲਾਗੂ ਕਰਨ ਦੇ ਇਲਜ਼ਾਮ ਲਗਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਦੇਸ਼ ਦੇ 1 ਲੱਖ ਤੋਂ ਵੱਧ ਪੈਟਰੋਲ ਪੰਪਾਂ ’ਤੇ ਲੋਕਾਂ ਕੋਲ ਸ਼ੁੱਧ ਪੈਟਰੋਲ ਜਾਂ ਈ10 ਪਵਾਉਣ ਦਾ ਕੋਈ ਵਿਕਲਪ ਨਹੀਂ ਬਚਿਆ ਹੈ। ਜੇਕਰ ਕਿਧਰੇ ਸ਼ੁੱਧ ਪੈਟਰੋਲ ਉਪਲਬਧ ਵੀ ਹੈ, ਤਾਂ ਉਸ ਦੀ ਕੀਮਤ ਈ20 ਨਾਲੋਂ 40 ਤੋਂ 50 ਫ਼ੀਸਦੀ ਵੱਧ ਹੈ।

ਕੀਮਤਾਂ ਵਿੱਚ ਕੋਈ ਰਾਹਤ ਨਹੀਂ: ਜਨਤਾ ਦਾ ਤਰਕ ਹੈ ਕਿ ਜੇਕਰ ਈਥਾਨੌਲ ਮਿਲਾਉਣ ਨਾਲ ਬਾਲਣ ਦੀ ਕੁਸ਼ਲਤਾ (ਮਾਈਲੇਜ) ਘਟ ਰਹੀ ਹੈ, ਤਾਂ ਈ20 ਪੈਟਰੋਲ ਆਮ ਪੈਟਰੋਲ ਨਾਲੋਂ ਸਸਤਾ ਮਿਲਣਾ ਚਾਹੀਦਾ ਹੈ। ਜਦਕਿ ਸਰਕਾਰ ਇਸ ਨੂੰ ਆਮ ਕੀਮਤ ’ਤੇ ਹੀ ਵੇਚ ਰਹੀ ਹੈ, ਜਿਸ ਕਾਰਨ ਖਪਤਕਾਰਾਂ ’ਤੇ ਆਰਥਿਕ ਬੋਝ ਵੱਧ ਰਿਹਾ ਹੈ।

### ਈ20 ਪੈਟਰੋਲ ਵੇਚਣ ਪਿੱਛੇ ਸਰਕਾਰ ਦਾ ਕੀ ਮਨੋਰਥ ਹੈ?

ਸਰਕਾਰ ਨੇ ਇਸ ਨੀਤੀ ਨੂੰ ਲਾਗੂ ਕਰਨ ਦੇ ਕਈ ਵੱਡੇ ਆਰਥਿਕ ਅਤੇ ਵਾਤਾਵਰਣਕ ਉਦੇਸ਼ ਦੱਸੇ ਹਨ। ਸਰਕਾਰ ਦਾ ਕਹਿਣਾ ਹੈ ਕਿ ਭਾਰਤ ਆਪਣੀ ਲੋੜ ਦਾ ਵੱਡਾ ਹਿੱਸਾ ਕੱਚਾ ਤੇਲ ਬਾਹਰੋਂ ਮੰਗਵਾਉਂਦਾ ਹੈ। ਪੈਟਰੋਲ ਵਿੱਚ 20 ਫ਼ੀਸਦੀ ਈਥਾਨੌਲ ਮਿਲਾਉਣ ਨਾਲ ਕੱਚੇ ਤੇਲ ਦੀ ਦਰਾਮਦ (ਇੰਪੋਰਟ) ’ਤੇ ਨਿਰਭਰਤਾ ਘਟੇਗੀ ਅਤੇ ਦੇਸ਼ ਦੇ ਅਰਬਾਂ ਰੁਪਏ ਦੀ ਵਿਦੇਸ਼ੀ ਮੁਦਰਾ ਬਚੇਗੀ।

ਈਥਾਨੌਲ ਮੁੱਖ ਤੌਰ ’ਤੇ ਗੰਨੇ, ਮੱਕੀ ਅਤੇ ਝੋਨੇ ਵਰਗੀਆਂ ਫ਼ਸਲਾਂ ਤੋਂ ਤਿਆਰ ਹੁੰਦਾ ਹੈ। ਸਰਕਾਰ ਮੁਤਾਬਕ ਇਸ ਪ੍ਰੋਗਰਾਮ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ।

ਬਾਇਓਫਿਊਲ ਦਾ ਇਸਤੇਮਾਲ ਕਰਨ ਨਾਲ ਰਵਾਇਤੀ ਪੈਟਰੋਲ ਦੇ ਮੁਕਾਬਲੇ ਗ੍ਰੀਨਹਾਊਸ ਗੈਸਾਂ ਅਤੇ ਕਾਰਬਨ ਦਾ ਨਿਕਾਸ ਕਾਫ਼ੀ ਘੱਟ ਹੁੰਦਾ ਹੈ, ਜੋ ਵਾਤਾਵਰਣ ਲਈ ਫਾਇਦੇਮੰਦ ਹੈ।

ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਸੜਕ ਆਵਾਜਾਈ ਮੰਤਰੀ ਨਿਤਨ ਗਡਕਰੀ ਨੇ ਨੀਤੀ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਈ20 ਪੈਟਰੋਲ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਵਿਗਿਆਨਕ ਖੋਜਾਂ ’ਤੇ ਅਧਾਰਿਤ ਹੈ। ਸਰਕਾਰ ਮੁਤਾਬਕ ਇਹ ਪ੍ਰੋਗਰਾਮ ਕੋਈ ਅਚਾਨਕ ਕੀਤਾ ਗਿਆ “ਪ੍ਰਯੋਗ” ਨਹੀਂ ਹੈ, ਬਲਕਿ 2001 ਤੋਂ ਇਸ ਦੇ ਟਰਾਇਲ ਚੱਲ ਰਹੇ ਸਨ। ਭਾਰਤ ਨੇ 2030 ਦਾ ਟੀਚਾ ਸਮੇਂ ਤੋਂ ਪਹਿਲਾਂ 2025-26 ਵਿੱਚ ਹੀ ਪੂਰਾ ਕਰ ਲਿਆ ਹੈ।

ਨਿਤਿਨ ਗਡਕਰੀ ਨੇ ਚੁਣੌਤੀ ਵੀ ਦਿੱਤੀ ਸੀ ਕਿ ਜੇਕਰ ਕਿਸੇ ਦੀ ਗੱਡੀ ਈਥਾਨੌਲ ਕਾਰਨ ਖ਼ਰਾਬ ਹੋਈ ਹੈ ਤਾਂ ਉਹ ਸਬੂਤ ਸਾਹਮਣੇ ਲਿਆਵੇ (ਜਿਸ ਨੂੰ ਪ੍ਰਦਰਸ਼ਨਕਾਰੀਆਂ ਨੇ ਸਵੀਕਾਰ ਕਰਦਿਆਂ ਲਾਈਵ ਸਟ੍ਰੀਮ ਬੈਠਕ ਦੀ ਮੰਗ ਕੀਤੀ ਹੈ)। ਸਰਕਾਰ ਦਾ ਕਹਿਣਾ ਹੈ ਕਿ ਈਥਾਨੌਲ ਦਾ ਆਕਟੇਨ ਨੰਬਰ ਉੱਚਾ ਹੁੰਦਾ ਹੈ ਜੋ ਇੰਜਣ ਦੀ ਕਾਰਗੁਜ਼ਾਰੀ ਵਧਾਉਂਦਾ ਹੈ।

### ਕੀ ਕਹਿੰਦੇ ਹਨ ਮਾਹਿਰ

ਸੀਨੀਅਰ ਪੱਤਰਕਾਰਾਂ ਅਤੇ ਖੋਜਕਰਤਾਵਾਂ (ਜਿਵੇਂ ਦਿਨੇਸ਼ ਸੀ. ਸ਼ਰਮਾ) ਦਾ ਮੰਨਣਾ ਹੈ ਕਿ ਗੱਡੀਆਂ ਦੇ ਲੰਮੇ ਸਮੇਂ ਦੇ ਪ੍ਰਭਾਵਾਂ ਬਾਰੇ ਸਰਕਾਰ ਕੋਲ ਕੋਈ ਸੁਤੰਤਰ ਜਾਂ ਨਿਰਪੱਖ ਜਨਤਕ ਅਧਿਐਨ ਮੌਜੂਦ ਨਹੀਂ ਹੈ। ਜੇਕਰ ਮਾਈਲੇਜ ਘਟਣ ਨਾਲ ਜਨਤਾ ਨੂੰ ਵੱਧ ਤੇਲ ਖਰੀਦਣਾ ਪਵੇਗਾ, ਤਾਂ ਵਿਦੇਸ਼ੀ ਮੁਦਰਾ ਦੀ ਬੱਚਤ ਦੇ ਦਾਅਵੇ ਖ਼ਤਮ ਹੋ ਜਾਣਗੇ।

ਖੇਤੀਬਾੜੀ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਈਥਾਨੌਲ ਦੇ ਉਤਪਾਦਨ ਲਈ ਵੱਧ ਪਾਣੀ ਖਪਤ ਕਰਨ ਵਾਲੀ ਗੰਨੇ ਅਤੇ ਝੋਨੇ ਦੀ ਖੇਤੀ ਵੱਲ ਕਿਸਾਨਾਂ ਦਾ ਰੁਝਾਨ ਵਧੇਗਾ, ਜਿਸ ਨਾਲ ਭਵਿੱਖ ਵਿੱਚ ਭੋਜਨ ਸੁਰੱਖਿਆ ਪ੍ਰਭਾਵਿਤ ਹੋ ਸਕਦੀ ਹੈ। (ਇੱਕ ਲੀਟਰ ਈਥਾਨੌਲ ਬਣਾਉਣ ਵਿੱਚ 4480 ਤੋਂ 4900 ਲੀਟਰ ਪਾਣੀ ਲੱਗਦਾ ਹੈ)।

ਊਰਜਾ ਮਾਹਿਰ ਹਰੀ ਸ਼ੇਸ਼ਾਸ਼ਈ ਦਾ ਸੁਝਾਅ ਹੈ ਕਿ ਭਾਰਤ ਨੂੰ ਬ੍ਰਾਜ਼ੀਲ ਵਰਗੇ ਦੇਸ਼ਾਂ ਤੋਂ ਸਿਖ ਕੇ ਇੱਕ ਅਜਿਹੀ ਸਾਂਝੀ ਕਮੇਟੀ ਬਣਾਉਣੀ ਚਾਹੀਦੀ ਹੈ ਜਿਸ ਵਿੱਚ ਕਿਸਾਨ, ਵਾਹਨ ਨਿਰਮਾਤਾ ਅਤੇ ਤੇਲ ਕੰਪਨੀਆਂ ਸ਼ਾਮਲ ਹੋਣ ਤਾਂ ਜੋ ਖਪਤਕਾਰਾਂ ਨੂੰ ਆਪਣੀ ਗੱਡੀ ਮੁਤਾਬਕ ਬਾਲਣ ਚੁਣਨ ਦੀ ਆਜ਼ਾਦੀ ਮਿਲ ਸਕੇ।

## ਨਿੱਝਰ ਕਤਲ ਕੇਸ: ਲਾਰੈਂਸ ਬਿਸ਼ਨੋਈ ਦੀ ਹਵਾਲਗੀ ਬਾਰੇ ਕਾਨੂੰਨ ਅਨੁਸਾਰ ਫ਼ੈਸਲਾ ਲਵਾਂਗੇ: ਭਾਰਤ

ਦਿੱਲੀ-ਹਰਦੀਪ ਸਿੰਘ ਨਿੱਝਰ ਕਤਲ ਕੇਸ ਵਿੱਚ ਇੱਕ ਨਵਾਂ ਮੋੜ ਆਇਆ ਹੈ। ਭਾਰਤ ਨੇ ਕਿਹਾ ਹੈ ਕਿ ਕੈਨੇਡਾ ਦੀ ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਦੀ ਡਿਪਟੀ ਕਮਿਸ਼ਨਰ ਲੀਜ਼ਾ ਮੋਰਲੈਂਡ ਵੱਲੋਂ ਦਿੱਤਾ ਬਿਆਨ ਹਾਲ ਹੀ ਵਿੱਚ ਅਮਰੀਕੀ ਸੰਘੀ ਏਜੰਸੀ ਵੱਲੋਂ ਲਗਾਏ ਗਏ ਦੋਸ਼ਾਂ ਦੇ ਬਿਲਕੁਲ ਅਨੁਕੂਲ ਹੈ, ਜਿਸ ਵਿੱਚ ਇਸ ਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗਰੋਹ ਸਿਰ ਮੜ੍ਹੀ ਗਈ ਹੈ।

ਕੈਨੇਡੀਅਨ ਪੁਲੀਸ ਅਧਿਕਾਰੀ ਲੀਜ਼ਾ ਮੋਰਲੈਂਡ ਮੁਤਾਬਕ, ਨਿੱਝਰ ਕਤਲ ਕੇਸ ਦੀ ਜਾਂਚ ਟੀਮ ਨੂੰ ਇਸ ਮਾਮਲੇ ਵਿੱਚ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ। ਇਹ ਬਿਆਨ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਉਨ੍ਹਾਂ ਦੋਸ਼ਾਂ ਦੇ ਬਿਲਕੁਲ ਉਲਟ ਹੈ, ਜਿਨ੍ਹਾਂ ਵਿੱਚ ਉਨ੍ਹਾਂ ਭਾਰਤ ’ਤੇ ਸਿੱਧੇ ਦੋਸ਼ ਲਾਏ ਸਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸਪਸ਼ਟ ਕੀਤਾ ਹੈ ਕਿ ਲਾਰੈਂਸ ਬਿਸ਼ਨੋਈ ਦੀ ਹਵਾਲਗੀ ਸਬੰਧੀ ਅਮਰੀਕੀ ਪ੍ਰਸ਼ਾਸਨ ਵੱਲੋਂ ਆਉਣ ਵਾਲੀ ਕਿਸੇ ਵੀ ਬੇਨਤੀ ਦਾ ਨਿਪਟਾਰਾ ਦੇਸ਼ ਦੀਆਂ ਕਾਨੂੰਨੀ ਅਤੇ ਨਿਆਂਇਕ ਪ੍ਰਕਿਰਿਆਵਾਂ ਤਹਿਤ ਹੀ ਕੀਤਾ ਜਾਵੇਗਾ। ਭਾਰਤ ਨੇ ਸਰਹੱਦ ਪਾਰਲੇ ਸੰਗਠਿਤ ਅਪਰਾਧ ਅਤੇ ਅਤਿਵਾਦ ਨੂੰ ਵਿਸ਼ਵ ਪੱਧਰ ’ਤੇ ਗੰਭੀਰ ਖ਼ਤਰਾ ਦੱਸਿਆ ਹੈ ਅਤੇ ਕਿਹਾ ਹੈ ਕਿ ਭਾਰਤ ਅਮਰੀਕਾ ਸਮੇਤ ਆਪਣੇ ਸਾਥੀ ਦੇਸ਼ਾਂ ਨਾਲ ਮਿਲ ਕੇ ਅਪਰਾਧਿਕ ਨੈੱਟਵਰਕਾਂ ਖ਼ਿਲਾਫ਼ ਸੁਰੱਖਿਆ ਸਹਿਯੋਗ ਜਾਰੀ ਰੱਖਣ ਲਈ ਵਚਨਬੱਧ ਹੈ।

ਪਿਛੋਕੜ: ਸਾਲ 2023 ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਹਰਦੀਪ ਸਿੰਘ ਨਿੱਝਰ ਦਾ ਕਤਲ ਹੋਇਆ ਸੀ, ਜਿਸ ਤੋਂ ਬਾਅਦ ਕੈਨੇਡਾ ਵੱਲੋਂ ਲਾਏ ਦੋਸ਼ਾਂ ਕਾਰਨ ਦੋਵਾਂ ਦੇਸ਼ਾਂ ਦੇ ਸਬੰਧ ਬੇਹੱਦ ਖ਼ਰਾਬ ਹੋ ਗਏ ਸਨ ਅਤੇ ਅਕਤੂਬਰ 2024 ਵਿੱਚ ਡਿਪਲੋਮੈਟਾਂ ਨੂੰ ਵੀ ਵਾਪਸ ਬੁਲਾ ਲਿਆ ਗਿਆ ਸੀ। ਹਾਲਾਂਕਿ, ਕੈਨੇਡਾ ਦੀਆਂ ਚੋਣਾਂ ਵਿੱਚ ਲਿਬਰਲ ਪਾਰਟੀ ਦੇ ਆਗੂ ਮਾਰਕ ਕਾਰਨੀ ਦੀ ਜਿੱਤ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਸੁਧਾਰ ਹੋਣਾ ਸ਼ੁਰੂ ਹੋਇਆ ਹੈ।

# ਪੰਜਾਬ ਸੰਤਾਪ ਅਤੇ ਲਵਾਰਿਸ ਲਾਸ਼ਾਂ ਦੇ ਮਾਮਲੇ 'ਤੇ ਯੂਐਨਓ ਬਣਾਵੇ 'ਟਰੁਥ ਕਮਿਸ਼ਨ'-ਖਾਲਸਾ

## ✪ ਨੌਰਵਿਚ ਵਿਚ ਗੂੰਜੇਗਾ ਭਾਈ ਖਾਲੜਾ ਦਾ ਨਾਂ; 6 ਸਤੰਬਰ ਨੂੰ 'ਖਾਲੜਾ ਦਿਵਸ' ਵਜੋਂ ਮਨਾਉਣ ਦੀ ਤਿਆਰੀ

ਸਿਟੀ ਆਫ਼ ਨੌਰਵਿਚ ਦੇ ਮੇਅਰ ਭਾਈ ਸਵਰਨਜੀਤ ਸਿੰਘ ਖਾਲਸਾ ਨੇ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਫਿਲਮ 'ਸਤਲੁਜ' ਉੱਪਰ ਲਗਾਈ ਗਈ ਪਾਬੰਦੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਫਿਲਮ ਵਿੱਚ ਭਾਈ ਖਾਲੜਾ ਦੇ ਕਿਰਦਾਰ ਨਾਲ ਪੂਰਾ ਇਨਸਾਫ਼ ਹੋਇਆ ਹੈ ਅਤੇ ਇਹ ਫਿਲਮ ਪੂਰੀ ਤਰ੍ਹਾਂ ਦੇਸ਼ ਦੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ 'ਤੇ ਆਧਾਰਿਤ ਹੈ। ਇਸ ਲਈ ਇਸ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਵਿਰੁੱਧ ਮੰਨਣਾ ਕਾਨੂੰਨੀ ਤੌਰ 'ਤੇ ਬਿਲਕੁਲ ਤਰਕਹੀਣ ਹੈ। ਭਾਰਤ ਸਰਕਾਰ ਇਹ ਪਾਬੰਦੀ ਵਾਪਸ ਲਵੇ।



ਮੇਅਰ ਸਵਰਨਜੀਤ ਸਿੰਘ ਨੇ ਕਿਹਾ ਕਿ ਕਿਸੇ ਵੀ ਸਭਿਅਕ ਸਮਾਜ ਅਤੇ ਲੋਕਤੰਤਰ ਵਿੱਚ ਹਰ ਇਨਸਾਨ ਨੂੰ ਮਰਨ ਤੋਂ ਬਾਅਦ ਸਨਮਾਨਜਨਕ ਸਸਕਾਰ ਦਾ ਹੱਕ ਹੈ ਅਤੇ ਪਰਿਵਾਰ ਨੂੰ ਆਪਣੇ ਲਾਪਤਾ ਜੀਅ ਬਾਰੇ ਜਾਣਨ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਯਾਦ ਕਰਵਾਇਆ ਕਿ ਖਾਲੜਾ ਦੇ ਅਗਵਾ ਅਤੇ ਕਤਲ ਮਾਮਲੇ ਵਿੱਚ 2005 ਵਿੱਚ ਪਟਿਆਲਾ ਸੈਸ਼ਨ ਕੋਰਟ,2007 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ 2011 ਵਿੱਚ ਸੁਪਰੀਮ ਕੋਰਟ ਨੇ ਦੋਸ਼ੀ ਪੁਲੀਸ ਅਧਿਕਾਰੀਆਂ ਦੀ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖ ਕੇ ਇਹ ਸਾਬਤ ਕਰ ਦਿੱਤਾ ਸੀ ਕਿ ਖਾਲੜਾ ਦੇ ਦੋਸ਼ ਸੱਚੇ ਸਨ। ਉਨ੍ਹਾਂ ਯੂ.ਐਨ.ਓ. ਤੋਂ ਮੰਗ ਕੀਤੀ ਕਿ ਪੰਜਾਬੀਆਂ ਨਾਲ ਇਨਸਾਫ਼ ਲਈ ਵੱਲੋਂ ਪੰਜਾਬ ਸੰਤਾਪ ਅਤੇ ਲਵਾਰਿਸ ਲਾਸ਼ਾਂ ਦੇ ਮਾਮਲੇ ਦੀ ਜਾਂਚ ਲਈ ਇੱਕ 'ਟਰੁਥ ਕਮਿਸ਼ਨ' ਬਣਾਇਆ ਜਾਵੇ।

ਮਨੁੱਖੀ ਅਧਿਕਾਰਾਂ ਅਤੇ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਇਤਿਹਾਸਕ ਪਹਿਲਕਦਮੀ ਕਰਦਿਆਂ ਮੇਅਰ ਸਵਰਨਜੀਤ ਸਿੰਘ ਨੇ ਐਲਾਨ ਕੀਤਾ ਕਿ ਨੌਰਵਿਚ ਸ਼ਹਿਰ ਵੱਲੋਂ ਸਥਾਨਕ ਹਾਈ ਸਕੂਲ 'ਨੌਰਵਿਚ ਫ੍ਰੀ ਅਕੈਡਮੀ' ਦੇ ਲੋੜਵੰਦ ਵਿਦਿਆਰਥੀਆਂ ਲਈ 'ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ' ਦੇ ਨਾਂ 'ਤੇ ਇੱਕ ਨਵਾਂ ਸਾਲਾਨਾ ਵਜ਼ੀਫ਼ਾ (ਸਕਾਲਰਸ਼ਿਪ) ਸ਼ੁਰੂ ਕੀਤਾ ਜਾ ਰਿਹਾ ਹੈ।

ਇਸ ਦਾ ਮਕਸਦ ਵਿਦਿਆਰਥੀਆਂ ਨੂੰ ਦੁਨੀਆ ਭਰ ਦੀਆਂ ਮਨੁੱਖੀ ਅਧਿਕਾਰ ਲਹਿਰਾਂ ਦੇ ਆਗੂਆਂ ਬਾਰੇ ਜਾਗਰੂਕ ਕਰਨਾ ਹੈ। ਡਾ. ਮਾਰਟਿਨ ਲੂਥਰ ਕਿੰਗ ਜੂਨੀਅਰ ਦੇ ਕਥਨ ਦਾ ਹਵਾਲਾ ਦਿੰਦਿਆਂ ਮੇਅਰ ਨੇ ਕਿਹਾ:ਕਿ ਅਮਰੀਕਾ ਦੇ ਲੋਕ ਦ੍ਰਿੜਤਾ ਨਾਲ ਇਹ ਮੰਨਦੇ ਹਨ ਕਿ 'ਕਿਸੇ ਵੀ ਥਾਂ 'ਤੇ ਹੋ ਰਿਹਾ ਅਨਿਆਂ, ਹਰ ਥਾਂ ਦੇ ਨਿਆਂ ਲਈ ਇੱਕ ਖ਼ਤਰਾ ਹੈ।'

ਇਸ ਉਪਰਾਲੇ ਲਈ ਉਨ੍ਹਾਂ ਨੇ ਸਮੂਹ ਸਿੱਖ ਜਥੇਬੰਦੀਆਂ ਅਤੇ ਨੌਰਵਿਚ NAACP ਚੈਪਟਰ ਦਾ ਵਿਸ਼ੇਸ਼ ਧੰਨਵਾਦ ਕੀਤਾ।

ਸਿਟੀ ਆਫ਼ ਨੌਰਵਿਚ ਵੱਲੋਂ ਆਉਣ ਵਾਲੇ ਦਿਨਾਂ ਵਿੱਚ 6 ਸਤੰਬਰ ਨੂੰ ਅਧਿਕਾਰਤ ਤੌਰ 'ਤੇ 'ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦਿਵਸ' ਵਜੋਂ ਐਲਾਨਣ ਦੀ ਯੋਜਨਾ ਵੀ ਬਣਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸ਼ਹਿਰ ਵਿੱਚ ਪਹਿਲਾਂ ਹੀ ਭਾਈ ਖਾਲੜਾ ਦੀ ਯਾਦ ਵਿੱਚ ਇੱਕ ਵਿਸ਼ਾਲ ਕੰਧ-ਚਿੱਤਰ (ਮਿਊਰਲ) ਮੌਜੂਦ ਹੈ ਅਤੇ ਸਥਾਨਕ 'ਸਿੱਖ ਆਰਟ ਗੈਲਰੀ' ਵਿੱਚ ਉਨ੍ਹਾਂ ਦਾ ਇੱਕ ਖ਼ੂਬਸੂਰਤ ਪੈਨਸਿਲ ਆਰਟ ਪੋਰਟਰੇਟ ਵੀ ਸੁਸ਼ੋਭਿਤ ਹੈ।

ਮੇਅਰ ਨੇ ਇੱਕ ਹੋਰ ਅਹਿਮ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 1984 ਸਿੱਖ ਨਸਲਕੁਸ਼ੀ ਯਾਦਗਾਰੀ ਪਲੇਟ ਅਤੇ ਸਿੱਖ ਰਾਸ਼ਟਰੀ ਝੰਡਾ (ਨਿਸ਼ਾਨ ਸਾਹਿਬ), ਜਿਨ੍ਹਾਂ ਨੂੰ ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਦੇ ਕਥਿਤ ਦਬਾਅ ਕਾਰਨ ਓਟਿਸ ਲਾਇਬ੍ਰੇਰੀ ਵਿੱਚੋਂ ਹਟਾ ਦਿੱਤਾ ਗਿਆ ਸੀ, ਨੂੰ ਹੁਣ ਪੂਰੇ ਸਨਮਾਨ ਸਹਿਤ ਮੇਅਰ ਦੇ ਦਫ਼ਤਰ ਵਿੱਚ ਸਥਾਪਿਤ ਕਰ ਦਿੱਤਾ ਗਿਆ ਹੈ।

ਨੌਰਵਿਚ ਪ੍ਰਸ਼ਾਸਨ ਦਾ ਇਹ ਕਦਮ ਦੁਨੀਆ ਭਰ ਵਿੱਚ ਵਸਦੇ ਸਿੱਖ ਭਾਈਚਾਰੇ ਅਤੇ ਮਨੁੱਖੀ ਅਧਿਕਾਰਾਂ ਦੇ ਮੁਦਈਆਂ ਲਈ ਇੱਕ ਬਹੁਤ ਹੀ ਮਾਣ ਵਾਲੀ ਗੱਲ ਹੈ, ਜੋ ਇਨਸਾਫ਼ ਅਤੇ ਹੱਕਾਂ ਦੀ ਆਵਾਜ਼ ਨੂੰ ਬੁਲੰਦ ਰੱਖਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਡਾ. ਅੰਬੇਡਕਰ ਦੇ ਬੁੱਤ ਦੀ ਸੁਰੱਖਿਆ ਲਈ ਲਾਏ ਸ਼ੀਸ਼ੇ ਭੰਨ੍ਹੇ; ਬਸਪਾ ਵੱਲੋਂ ਚੱਕਾ ਜਾਮ ਦੀ ਚਿਤਾਵਨੀ

ਲੁਧਿਆਣਾ-ਲੁਧਿਆਣਾ ਦੇ ਜਲੰਧਰ ਬਾਈਪਾਸ ਚੌਕ ਸਥਿਤ ਪਾਰਕ ਵਿੱਚ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੇ ਸੁਰੱਖਿਆ ਘੇਰੇ ਲਈ ਲਗਾਏ ਗਏ ਮੋਟੇ ਸ਼ੀਸ਼ਿਆਂ ਨੂੰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਵੱਡਾ ਪੱਥਰ ਮਾਰ ਕੇ ਭੰਨਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਮਾਹੌਲ ਭਖ ਗਿਆ ਹੈ।



ਡੂੰਘੀ ਸਾਜ਼ਿਸ਼ ਦਾ ਖ਼ਦਸ਼ਾ: ਬਸਪਾ ਦੇ ਜਨਰਲ ਸਕੱਤਰ ਸੋਨੂੰ ਅਨੁਸਾਰ, ਸੁਰੱਖਿਆ ਲਈ ਲੱਗਿਆ ਸ਼ੀਸ਼ਾ ਕਾਫ਼ੀ ਮੋਟਾ ਸੀ, ਜਿਸ ਨੂੰ ਇੱਕ ਡੂੰਘੀ ਸਾਜ਼ਿਸ਼ ਤਹਿਤ ਕਈ ਪੱਥਰ ਮਾਰ ਕੇ ਤੋੜਿਆ ਗਿਆ ਹੈ।

ਬਸਪਾ ਅਤੇ ਲੋਕਾਂ ਦਾ ਪ੍ਰਦਰਸ਼ਨ: ਘਟਨਾ ਦੀ ਖ਼ਬਰ ਮਿਲਦਿਆਂ ਹੀ ਵੱਡੀ ਗਿਣਤੀ ਵਿੱਚ ਬਸਪਾ ਵਰਕਰ ਅਤੇ ਸਥਾਨਕ ਲੋਕ ਇਕੱਠੇ ਹੋ ਗਏ। ਉਨ੍ਹਾਂ ਨੇ ਪੁਲੀਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਜਥੇਬੰਦੀ ਨੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਕੌਮੀ ਮਾਰਗ 'ਤੇ ਚੱਕਾ ਜਾਮ ਕੀਤਾ ਜਾਵੇਗਾ। ਇਸ ਦੇ ਨਾਲ ਹੀ ਬੁੱਤ ਵਾਲੀ ਥਾਂ 'ਤੇ ਸੁਰੱਖਿਆ ਮੁਲਾਜ਼ਮ ਤਾਇਨਾਤ ਕਰਨ ਅਤੇ ਨਵੇਂ ਸੀਸੀਟੀਵੀ ਕੈਮਰੇ ਲਗਾਉਣ ਦੀ ਮੰਗ ਕੀਤੀ ਗਈ ਹੈ।

### ਪੁਲੀਸ ਦੀ ਕਾਰਵਾਈ

ਥਾਣਾ ਸਲੇਮ ਟਾਬਰੀ ਦੀ ਪੁਲੀਸ ਨੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਅਤੇ ਆਸ-ਪਾਸ ਦੇ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਅਮਨ-ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਲਈ ਇਲਾਕੇ ਵਿੱਚ ਭਾਰੀ ਪੁਲੀਸ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ।

ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਤੋਂ ਬਾਅਦ ਹੀ ਸਾਫ਼ ਹੋ ਸਕੇਗਾ ਕਿ ਇਹ ਸ਼ੀਸ਼ਾ ਕਿਸੇ ਹਾਦਸੇ ਕਾਰਨ ਟੁੱਟਿਆ ਹੈ ਜਾਂ ਫਿਰ ਕਿਸੇ ਨੇ ਜਾਣਬੁੱਝ ਕੇ ਇਸ ਨੂੰ ਨੁਕਸਾਨ ਪਹੁੰਚਾਇਆ ਹੈ।

# ਕੈਨੇਡਾ ਦੇ ਸਾਬਕਾ ਐਮਪੀ ਰਾਜ ਗਰੇਵਾਲ ਦੀਆਂ ਵਧੀਆਂ ਮੁਸ਼ਕਲਾਂ

## ✪ ਧੋਖਾਧੜੀ ਦੇ ਦੋਸ਼ਾਂ ਵਿਚਾਲੇ ਵਕਾਲਤ ਲਾਇਸੈਂਸ ਖ਼ਤਰੇ ਵਿਚ

ਓਂਟਾਰੀਓ-ਕੈਨੇਡਾ ਦੇ ਸਾਬਕਾ ਲਿਬਰਲ ਸੰਸਦ ਮੈਂਬਰ ਅਤੇ ਵਕੀਲ ਰਾਜ ਗਰੇਵਾਲ ਇੱਕ ਵਾਰ ਫਿਰ ਵੱਡੇ ਕਾਨੂੰਨੀ ਵਿਵਾਦਾਂ ਵਿੱਚ ਘਿਰ ਗਏ ਹਨ। ਓਂਟਾਰੀਓ ਦੀ ਕਾਨੂੰਨੀ ਨਿਗਰਾਨ ਸੰਸਥਾ, ਲਾਅ ਸੁਸਾਇਟੀ ਆਫ਼ ਓਨਟਾਰੀਓ ਨੇ ਟਰੱਸਟ ਫ਼ੰਡਾਂ ਦੀ ਕਥਿਤ ਦੁਰਵਰਤੋਂ, ਧੋਖਾਧੜੀ ਅਤੇ ਪੇਸ਼ੇਵਾਰ ਇਮਾਨਦਾਰੀ ਦੇ ਮਾਪਦੰਡਾਂ ਦੀ ਉਲੰਘਣਾ ਦੇ ਦੋਸ਼ਾਂ ਹੇਠ ਉਨ੍ਹਾਂ ਦਾ ਵਕਾਲਤ ਦਾ ਲਾਇਸੈਂਸ ਮੁਅੱਤਲ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਰਾਜ ਗਰੇਵਾਲ, ਉਨ੍ਹਾਂ ਦੀ ਲਾਅ ਫ਼ਰਮ (RSG Law, ਪਰਿਵਾਰਕ ਮੈਂਬਰਾਂ ਅਤੇ ਕਾਰੋਬਾਰੀ ਸਹਿਯੋਗੀਆਂ ਖ਼ਿਲਾਫ਼ ਵੱਖ-ਵੱਖ ਅਦਾਲਤਾਂ ਵਿੱਚ 20 ਤੋਂ ਵੱਧ ਸਿਵਲ ਕੇਸ ਚੱਲ ਰਹੇ ਹਨ।

ਵਿੱਤੀ ਹੇਰਾਫੇਰੀ ਦੇ ਦੋਸ਼: ਇਨ੍ਹਾਂ ਕੇਸਾਂ ਵਿੱਚ ਕਰੋੜਾਂ ਡਾਲਰ ਦੇ ਕਰਜ਼ਿਆਂ ਦੀ ਅਦਾਇਗੀ ਨਾ ਕਰਨ, ਜਾਇਦਾਦ ਸੁਰੱਖਿਆ ਰਿਕਾਰਡਾਂ ਵਿੱਚ ਹੇਰਾਫੇਰੀ ਅਤੇ ਨਿਵੇਸ਼ਕਾਂ ਨੂੰ ਨੁਕਸਾਨ ਪਹੁੰਚਾਉਣ ਵਰਗੇ ਗੰਭੀਰ ਦੋਸ਼ ਸ਼ਾਮਲ ਹਨ।

ਇੱਕ ਮਾਮਲੇ ਵਿੱਚ ਬੈਂਕ ਆਫ਼ ਨੋਵਾ ਸਕੋਸ਼ੀਆ ਨੇ 53 ਲੱਖ ਡਾਲਰ ਦੇ ਜਾਅਲੀ ਚੈੱਕਾਂ ਨਾਲ ਜੁੜੀ ਰਕਮ ਫ਼ਰਮ ਦੇ ਖਾਤੇ ਵਿੱਚ ਆਉਣ ਦਾ ਦੋਸ਼ ਲਾਇਆ ਸੀ।

ਦੂਜੇ ਮਾਮਲੇ ਵਿੱਚ ਰਿਣਦਾਤਾਵਾਂ ਨੇ



10.7 ਕਰੋੜ ਡਾਲਰ ਦੇ ਕਰਜ਼ੇ ਵਿੱਚੋਂ 6.4 ਕਰੋੜ ਡਾਲਰ ਦੀ ਬਕਾਇਆ ਰਕਮ ਨਾ ਮਿਲਣ ਦਾ ਦਾਅਵਾ ਕੀਤਾ ਹੈ।

ਪੁਲਿਸ ਜਾਂਚ: ਪੀਲ ਰੀਜਨਲ ਪੁਲੀਸ ਵੱਲੋਂ ਵੀ ਰੀਅਲ ਅਸਟੇਟ ਦੇ ਕੁਝ ਲੈਣ-ਦੇਣ ਦੀ ਜਾਂਚ ਕੀਤੀ ਜਾ ਰਹੀ ਹੈ।

ਰਾਜ ਗਰੇਵਾਲ ਨੇ ਆਪਣੇ ਵਕੀਲਾਂ ਰਾਹੀਂ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਇਨ੍ਹਾਂ ਨੂੰ ਵਪਾਰਕ ਲੈਣ-ਦੇਣ ਦੇ ਵਿਵਾਦ ਦੱਸਿਆ ਹੈ ਅਤੇ ਕਿਹਾ ਹੈ ਕਿ ਕੁਝ ਕੇਸ ਪਹਿਲਾਂ ਹੀ ਸਮਝੌਤੇ ਨਾਲ ਨਿਪਟ ਚੁੱਕੇ ਹਨ।

ਰਾਜ ਗਰੇਵਾਲ 2018 ਵਿੱਚ ਕੈਸੀਨੋ ਵਿੱਚ ਲੱਖਾਂ ਡਾਲਰ ਜੂਏ ਵਿੱਚ ਹਾਰਨ ਦੀ ਗੱਲ ਮੰਨ ਕੇ ਸੁਰਖ਼ੀਆਂ ਵਿੱਚ ਆਏ ਸਨ, ਜਿਸ ਤੋਂ ਬਾਅਦ ਉਨ੍ਹਾਂ ਨੇ ਐਮਪੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਹਾਲਾਂਕਿ, 2023 ਵਿੱਚ ਅਦਾਲਤ ਨੇ ਉਨ੍ਹਾਂ ਨੂੰ ਅਹੁਦੇ ਦੀ ਦੁਰਵਰਤੋਂ ਦੇ ਇੱਕ ਮਾਮਲੇ ਵਿੱਚੋਂ ਬਰੀ ਕਰ ਦਿੱਤਾ ਸੀ।

# ਬੇਅਦਬੀ ਮਾਮਲੇ ਵਿਚ ਜ਼ਮਾਨਤ 'ਤੇ ਆਏ ਦੋਸ਼ੀ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ



ਮੰਡੀ ਗੋਬਿੰਦਗੜ੍ਹ-ਮੰਡੀ ਗੋਬਿੰਦਗੜ੍ਹ ਦੇ ਨੇੜਲੇ ਪਿੰਡ ਤੂਰਾਂ ਵਿੱਚ ਬੀਤੀ ਦੇਰ ਰਾਤ ਇੱਕ ਬੇਹੱਦ ਸਨਸਨੀਖੇਜ਼ ਵਾਰਦਾਤ ਸਾਹਮਣੇ ਆਈ ਹੈ। ਇੱਥੇ ਬੇਅਦਬੀ ਦੇ ਇੱਕ ਮਾਮਲੇ ਵਿੱਚ ਜ਼ਮਾਨਤ 'ਤੇ ਬਾਹਰ ਆਏ ਇੱਕ ਵਿਅਕਤੀ ਦਾ ਅਣਪਛਾਤੇ ਹਮਲਾਵਰਾਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਮੇਵਾ ਸਿੰਘ ਵਜੋਂ ਹੋਈ ਹੈ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ।

ਮ੍ਰਿਤਕ ਦੇ ਪੁੱਤਰ ਅੰਮ੍ਰਿਤਪਾਲ ਸਿੰਘ ਨੇ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਦਵਾਈ ਲੈ ਕੇ ਆਪਣੇ ਕਮਰੇ ਵਿੱਚ ਸੁੱਤਾ ਹੋਇਆ ਸੀ। ਰਾਤ ਕਰੀਬ 2 ਤੋਂ 3 ਵਜੇ ਦੇ ਦਰਮਿਆਨ ਅਚਾਨਕ ਉਸ ਨੂੰ ਆਪਣੇ ਪਿਤਾ ਦੇ ਚੀਕਣ ਅਤੇ "ਬਚਾਓ-ਬਚਾਓ" ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਜਦੋਂ ਉਹ ਤੁਰੰਤ ਉੱਠ ਕੇ ਬਾਹਰ ਆਇਆ, ਤਾਂ ਉਸ ਨੇ ਇੱਕ ਅਣਪਛਾਤੇ ਵਿਅਕਤੀ ਨੂੰ ਆਪਣੇ ਘਰ ਦੀ ਕੰਧ ਟੱਪ ਕੇ ਭੱਜਦੇ ਹੋਏ ਦੇਖਿਆ। ਜਦੋਂ ਉਸ ਨੇ ਅੱਗੇ ਜਾ ਕੇ ਦੇਖਿਆ ਤਾਂ ਉਸ ਦੇ ਪਿਤਾ ਮੇਵਾ ਸਿੰਘ ਖ਼ੂਨ ਨਾਲ ਲੱਥਪੱਥ ਹਾਲਤ ਵਿੱਚ ਜ਼ਮੀਨ 'ਤੇ ਪਏ ਸਨ, ਜਿਨ੍ਹਾਂ ਦੀ ਮੌਤ ਹੋ ਚੁੱਕੀ ਸੀ।

ਮ੍ਰਿਤਕ ਦਾ ਪੁਰਾਣਾ ਅਪਰਾਧਿਕ ਪਿਛੋਕੜ-ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ, ਮ੍ਰਿਤਕ ਮੇਵਾ ਸਿੰਘ ਦਾ ਪੁਰਾਣਾ ਵਿਵਾਦਿਤ ਪਿਛੋਕੜ ਸੀ। ਸਾਲ 2020 ਵਿੱਚ ਪਿੰਡ ਤੂਰਾਂ ਦੇ ਹੀ ਗੁਰਦੁਆਰਾ ਸਾਹਿਬ ਵਿੱਚ ਹੋਈ ਇੱਕ ਕਥਿਤ ਬੇਅਦਬੀ ਦੀ ਘਟਨਾ ਦੇ ਸੰਬੰਧ ਵਿੱਚ ਮੇਵਾ ਸਿੰਘ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਉਹ ਲੰਬਾ ਸਮਾਂ ਜੇਲ੍ਹ ਵਿੱਚ ਵੀ ਬੰਦ ਰਿਹਾ ਸੀ ਅਤੇ ਅੱਜਕੱਲ੍ਹ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਡੀ.ਐਸ.ਪੀ. ਅਮਲੋਹ ਬਿਕਰਮਜੀਤ ਸਿੰਘ ਘੁੰਮਣ ਨੇ ਮੀਡੀਆ ਨੂੰ ਦੱਸਿਆ ਕਿ ਪੁਲਿਸ ਵੱਲੋਂ ਕਤਲ ਦੇ ਹਰ ਪਹਿਲੂ ਦੀ ਬਾਰੀਕੀ ਅਤੇ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

# ਕ੍ਰਿਕਟ ਦੀ ਆੜ ਵਿਚ ਭਾਰਤ ਵਿੱਚ ਨਸ਼ਾ ਤਸਕਰੀ ਕਰਦੇ ਸਨ ਪਾਕਿਸਤਾਨੀ ਖਿਡਾਰੀ

## ✪ ਗ੍ਰਹਿ ਮੰਤਰਾਲੇ ਦੇ ਸਾਬਕਾ ਉਪ ਸਕੱਤਰ ਦਾ ਵੱਡਾ ਖੁਲਾਸਾ



ਨਵੀਂ ਦਿੱਲੀ-ਪਾਕਿਸਤਾਨੀ ਕ੍ਰਿਕਟਰਾਂ ਅਤੇ ਭਾਰਤ ਦੌਰੇ 'ਤੇ ਆਉਣ ਵਾਲੇ ਵਫ਼ਦਾਂ ਨੂੰ ਲੈ ਕੇ ਇੱਕ ਬਹੁਤ ਹੀ ਹੈਰਾਨੀਜਨਕ ਅਤੇ ਸਨਸਨੀਖੇਜ਼ ਖੁਲਾਸਾ ਸਾਹਮਣੇ ਆਇਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਸਾਬਕਾ ਉਪ ਸਕੱਤਰ ਆਰ.ਵੀ.ਐਸ. ਮਨੀ ਨੇ ਦੋਸ਼ ਲਗਾਇਆ ਹੈ ਕਿ ਮੈਦਾਨ 'ਤੇ ਮਾੜੀ ਖੇਡ ਭਾਵਨਾ ਲਈ ਚਰਚਾ ਵਿੱਚ ਰਹਿਣ ਵਾਲੇ ਕਈ ਨਾਮੀ ਪਾਕਿਸਤਾਨੀ ਕ੍ਰਿਕਟਰ ਅਸਲ ਜ਼ਿੰਦਗੀ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਿਲ ਸਨ। ਉਨ੍ਹਾਂ ਮੁਤਾਬਕ, ਇਹ ਖਿਡਾਰੀ ਕ੍ਰਿਕਟ ਖੇਡਣ ਦੇ ਬਹਾਨੇ ਭਾਰਤ ਆ ਕੇ ਇੱਥੇ ਨਸ਼ਿਆਂ ਦਾ ਜ਼ਹਿਰ ਫੈਲਾਉਣ ਦਾ ਗੁਪਤ ਕੰਮ ਕਰ ਰਹੇ ਸਨ। ਇੱਕ ਨਿਊਜ਼ ਏਜੰਸੀ ਏਐਨ ਆਈ ਦੇ ਪੋਡਕਾਸਟ ਦੌਰਾਨ ਦਿੱਤੇ ਇੰਟਰਵਿਊ ਵਿੱਚ ਆਰ.ਵੀ.ਐਸ. ਮਨੀ ਨੇ ਖੁੱਲ੍ਹ ਕੇ ਇਸ ਨੈੱਟਵਰਕ ਬਾਰੇ ਗੱਲ ਕੀਤੀ। ਉਨ੍ਹਾਂ ਨੇ ਸਿੱਧੇ ਤੌਰ 'ਤੇ ਦੋਸ਼ ਲਾਇਆ ਕਿ ਭਾਰਤ ਆਉਣ ਵਾਲੇ ਪਾਕਿਸਤਾਨੀ ਵਫ਼ਦ, ਜਿਨ੍ਹਾਂ ਵਿੱਚ ਉੱਚ-ਪ੍ਰੋਫਾਈਲ ਕ੍ਰਿਕਟਰ ਅਤੇ ਪੱਤਰਕਾਰ ਸ਼ਾਮਿਲ ਹੁੰਦੇ ਸਨ, ਭਾਰਤ ਦੀ ਧਰਤੀ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਅੰਜਾਮ ਦਿੰਦੇ ਸਨ। ਆਰ.ਵੀ.ਐਸ. ਮਨੀ (ਸਾਬਕਾ ਉਪ ਸਕੱਤਰ, ਕੇਂਦਰੀ ਗ੍ਰਹਿ ਮੰਤਰਾਲਾ) ਨੇ ਕਿਸੇ ਵੀ ਝਿਜਕ ਤੋਂ ਬਿਨਾਂ ਪਾਕਿਸਤਾਨ ਦੇ ਦੋ ਮਸ਼ਹੂਰ ਅਤੇ ਸਾਬਕਾ ਤੇਜ਼ ਗੇਂਦਬਾਜ਼ਾਂ-ਸ਼ੋਏਬ ਅਖਤਰ ਅਤੇ ਮੁਹੰਮਦ ਆਸਿਫ ਦੇ ਨਾਵਾਂ ਦਾ ਸਿੱਧਾ ਜ਼ਿਕਰ ਕੀਤਾ। ਉਨ੍ਹਾਂ ਸੰਕੇਤ ਦਿੱਤਾ ਕਿ ਖੇਡ ਦੀ ਆੜ ਹੇਠ ਚੱਲ ਰਹੇ ਇਸ ਗੈਰ-ਕਾਨੂੰਨੀ ਧੰਦੇ ਵਿੱਚ ਇਹ ਨਾਮੀ ਚਿਹਰੇ ਸ਼ਾਮਿਲ ਸਨ। ਪਾਕਿਸਤਾਨੀ ਖਿਡਾਰੀ ਸਿਰਫ ਕ੍ਰਿਕਟ ਖੇਡਣ ਦੀ ਆੜ 'ਚ ਭਾਰਤ ਆਉਂਦੇ ਸਨ, ਜਦੋਂ ਕਿ ਉਨ੍ਹਾਂ ਦਾ ਅਸਲ ਉਦੇਸ਼ ਭਾਰਤ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨਾ ਸੀ।

ਗ੍ਰਹਿ ਮੰਤਰਾਲੇ ਦੇ ਇੱਕ ਸਾਬਕਾ ਉੱਚ ਅਧਿਕਾਰੀ ਵੱਲੋਂ ਕੀਤੇ ਗਏ ਇਸ ਦਾਅਵੇ ਨੇ ਖੇਡ ਜਗਤ ਅਤੇ ਦੋਵਾਂ ਦੇਸ਼ਾਂ ਦੇ ਸਿਆਸੀ ਗਲਿਆਰਿਆਂ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।

# ਆਈਐੱਸਆਈ ਮਾਡਿਊਲ ਦਾ ਪਰਦਾਫਾਸ਼

## ✪ ਹਥਿਆਰਾਂ ਦੀ ਵੱਡੀ ਖੇਪ ਸਣੇ ਤਿੰਨ ਗ੍ਰਿਫ਼ਤਾਰ

ਅੰਮ੍ਰਿਤਸਰ-ਦਿਹਾਤੀ ਪੁਲਿਸ ਨੇ ਇੱਕ ਵੱਡੀ ਕਾਮਯਾਬੀ ਹਾਸਲ ਕਰਦਿਆਂ ਪਾਕਿਸਤਾਨ ਤੋਂ ਡਰੋਨ ਰਾਹੀਂ ਭੇਜੀ ਗਈ ਹਥਿਆਰਾਂ ਦੀ ਇੱਕ ਵੱਡੀ ਖੇਪ ਬਰਾਮਦ ਕੀਤੀ ਹੈ ਅਤੇ ਇਸ ਸਬੰਧ ਵਿੱਚ ਤਿੰਨ ਵਿਅਕਤੀਆਂ ਆਕਾਸ਼ਬੀਰ ਕਾਸ਼ੀ, ਜੋਬਨ ਸਿੰਘ ਅਤੇ ਭੈਣੀ ਰਾਜਪੂਤਾ ਪਿੰਡ ਦਾ ਇੱਕ ਨਾਬਾਲਗ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਖ਼ਤਰਨਾਕ ਹਥਿਆਰਾਂ ਦਾ ਜ਼ਖ਼ੀਰਾ ਬਰਾਮਦ ਕੀਤਾ ਹੈ, ਜਿਸ ਵਿੱਚ 2 ਏਕੇ-47 (ਅਖ-47) ਰਾਈਫਲਾਂ2 ਲਾਈਟ ਮਸ਼ੀਨ ਗੰਨ 2 ਹੈਂਡ ਗ੍ਰਨੇਡ ਅਤੇ ਹੋਰ ਸਮਾਨ ਸ਼ਾਮਲ ਹਨ:

ਦਿੱਲੀ ਸਪਲਾਈ ਕਰਨ ਦੀ ਸੀ ਯੋਜਨਾ: ਐੱਸਐੱਸਪੀ ਕੰਵਲਪ੍ਰੀਤ ਸਿੰਘ ਚਾਹਲ ਅਨੁਸਾਰ, ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਖੁਲਾਸਾ ਕੀਤਾ ਹੈ ਕਿ ਉਹ ਇਨ੍ਹਾਂ ਹਥਿਆਰਾਂ ਨੂੰ ਦਿੱਲੀ ਲੈ ਕੇ ਜਾਣ ਦੀ ਫ਼ਿਰਾਕ ਵਿੱਚ ਸਨ। ਪੁਲਿਸ ਅਤੇ ਜਾਂਚ ਏਜੰਸੀਆਂ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੀਆਂ ਹਨ ਕਿ ਕੀ ਇਹ ਹਥਿਆਰ ਆਜ਼ਾਦੀ ਦਿਵਸ (15 ਅਗਸਤ) ਦੇ ਨੇੜੇ ਦਿੱਲੀ ਵਿੱਚ ਕਿਸੇ ਵੱਡੀ ਹਿੰਸਕ ਘਟਨਾ ਜਾਂ ਸਾਜ਼ਿਸ਼ ਨੂੰ ਅੰਜਾਮ ਦੇਣ ਲਈ ਵਰਤੇ ਜਾਣੇ ਸਨ। ਇਸ ਨੈੱਟਵਰਕ ਦੇ ਵਿਦੇਸ਼ੀ ਹੈਂਡਲਰਾਂ, ਤਸਕਰੀ ਨੈੱਟਵਰਕ ਅਤੇ ਹੋਰ ਸਾਥੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਪੁਲਿਸ ਮੁਤਾਬਕ ਇਸੇ ਮਾਡਿਊਲ ਨਾਲ ਜੁੜੇ ਕੁਝ ਵਿਅਕਤੀਆਂ ਨੂੰ ਪਹਿਲਾਂ ਵੀ ਮਸ਼ੀਨ ਗਨਾਂ ਅਤੇ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸ ਤਾਜ਼ਾ ਕਾਰਵਾਈ ਤੋਂ ਬਾਅਦ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਪੂਰੀ ਸੰਭਾਵਨਾ ਹੈ।

# ਫਲਿੱਪਕਾਰਟ ਦੀ ਵਰਦੀ ਪਾ ਕੇ ਹਥਿਆਰ ਸਪਲਾਈ ਕਰਨ ਵਾਲੇ ਗਿਰੋਹ ਦੇ 4 ਮੈਂਬਰ ਕਾਬੂ


## ✪ ਮੁਲਜ਼ਮ ਮੱਧ ਪ੍ਰਦੇਸ਼ ਤੋਂ ਸਸਤੇ ਭਾਅ 'ਤੇ ਹਥਿਆਰ ਲਿਆ ਕੇ ਪੰਜਾਬ ਦੇ ਗੈਂਗਸਟਰਾਂ ਨੂੰ ਵੇਚਦੇ ਸਨ



ਪਟਿਆਲਾ-ਪਟਿਆਲਾ ਪੁਲਿਸ (ਸੀ.ਆਈ.ਏ. ਪਟਿਆਲਾ ਅਤੇ ਥਾਣਾ ਸਦਰ ਰਾਜਪੁਰਾ) ਨੇ ਗੁਪਤ ਸੂਚਨਾ ਦੇ ਆਧਾਰ 'ਤੇ ਨੈਸ਼ਨਲ ਹਾਈਵੇ ਨੇੜੇ ਬਸੰਤਪੁਰਾ (ਰਾਜਪੁਰਾ) ਤੋਂ ਇੱਕ ਅੰਤਰਰਾਜੀ ਅਸਲਾ ਤਸਕਰੀ ਗਿਰੋਹ ਦੇ 4 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਕੋਲੋਂ 15 ਨਾਜਾਇਜ਼ ਪਿਸਤੌਲਾਂ (.32 ਬੋਰ) ਅਤੇ 30 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਪੁਲਿਸ ਨੂੰ ਚਕਮਾ ਦੇਣ ਲਈ ਇਹ 20-21 ਸਾਲ ਦੇ ਨੌਜਵਾਨ 'ਫਲਿੱਪਕਾਰਟ' ਜਾਂ ਹੋਰ ਡਿਲਿਵਰੀ ਕੰਪਨੀਆਂ ਦੀ ਵਰਦੀ ਪਾ ਕੇ ਬੱਸਾਂ-ਰੇਲਾਂ ਰਾਹੀਂ ਸਫ਼ਰ ਕਰਦੇ ਸਨ। ਹਥਿਆਰਾਂ ਨੂੰ ਵੀ ਡਿਲਿਵਰੀ ਵਾਲੇ ਪੁਰਾਣੇ ਡੱਬਿਆਂ ਵਿੱਚ ਪੈਕ ਕੀਤਾ ਜਾਂਦਾ ਸੀ। ਮੁਲਜ਼ਮ ਮੱਧ ਪ੍ਰਦੇਸ਼ ਤੋਂ ਸਸਤੇ ਭਾਅ 'ਤੇ ਹਥਿਆਰ ਲਿਆ ਕੇ ਪੰਜਾਬ ਦੇ ਗੈਂਗਸਟਰਾਂ ਨੂੰ ਮਹਿੰਗੇ ਮੁੱਲ 'ਤੇ ਵੇਚਦੇ ਸਨ। ਇਹ ਗਿਰੋਹ ਜੇਲ੍ਹ ਵਿੱਚ ਬੰਦ ਨਾਮੀ ਗੈਂਗਸਟਰ ਸੋਨੂੰ ਖੱਤਰੀ ਦੇ ਸਿੱਧੇ ਸੰਪਰਕ ਵਿੱਚ ਸੀ। ਇਹ ਹਥਿਆਰ ਸੋਨੂੰ ਖੱਤਰੀ ਗੈਂਗ ਨੂੰ ਸਪਲਾਈ ਕੀਤੇ ਜਾਣੇ ਸਨ, ਜਿਸ ਨਾਲ ਪੰਜਾਬ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫ਼ਿਰਾਕ ਸੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਵਿਸ਼ਾਲ ਅਤੇ ਜਿੰਦਰ (ਦੋਵੇਂ ਹੁਸ਼ਿਆਰਪੁਰ), ਬਾਦਲ ਕੁਮਾਰ (ਜਲੰਧਰ) ਤੇ ਸੁਭਾਸ਼ (ਬਰੇਲੀ, ਯੂ.ਪੀ.) ਸ਼ਾਮਲ ਹਨ।

# ਸੋਲੀਹੁੱਲ ਕੌਂਸਲ ਦਾ ਪਹਿਲਾ ਸਿੱਖ ਮੇਅਰ ਸਰਦੂਲ ਸਿੰਘ ਮਾਰਵਾ

ਉਜਾਗਰ ਸਿੰਘ



ਬਰਤਾਨੀਆਂ ਦੇ ਇਤਿਹਾਸ ਵਿੱਚ ਗੋਰਿਆਂ ਦੀ ਸੰਘਣੀ ਆਬਾਦੀ ਵਾਲੇ ਇਲਾਕੇ ਦੀ ਕੌਂਸਲ ਸੋਲੀਹੁੱਲ ਦਾ ਪਹਿਲੀ ਵਾਰ ਸਰਦੂਲ ਸਿੰਘ ਮਾਰਵਾ ਮੇਅਰ ਬਣਿਆਂ ਹੈ। ਜ਼ਿੰਦਗੀ ਜਦੋਜਹਿਦ ਤੇ ਮਿਹਨਤ ਦਾ ਦੂਜਾ ਨਾਮ ਹੈ। ਅਨੇਕਾਂ ਰੁਕਾਵਟਾਂ ਅਤੇ ਸਮੱਸਿਆਵਾਂ ਹੋਣ ਦੇ ਬਾਵਜੂਦ ਜਦੋਜਹਿਦ ਅਤੇ ਮਿਹਨਤ ਕਰਨ ਵਾਲਾ ਵਿਅਕਤੀ ਸਫਲਤਾ ਦੀਆਂ ਬੁਲੰਦੀਆਂ ‘ਤੇ ਪਹੁੰਚ ਜਾਂਦਾ ਹੈ। ਬਰਤਾਨੀਆਂ ਦੇ ਬਰਮਿੰਘਮ ਇਲਾਕੇ ਵਿੱਚ ਰਹਿਣ ਵਾਲਾ ਸਰਦੂਲ ਸਿੰਘ ਮਾਰਵਾ ਜਦੋਜਹਿਦ ਦੀ ਭੱਠੀ ਵਿੱਚੋਂ ਨਿਕਲਿਆ ਖ਼ਰਾ ਸੋਨਾ ਹੈ, ਜਿਹੜਾ ਆਪਣੀ ਮਿਹਨਤ ਤੇ ਜਦੋਜਹਿਦ ਦੇ ਸਦਕੇ ਗੋਰਿਆਂ ਦੀ ਵਸੋਂ ਵਾਲੇ ਵੈਸਟ ਮਿਡਲੈਂਡ ਇਲਾਕੇ ਵਿੱਚ ਸੋਲੀਹੁੱਲ ਕੌਂਸਲ ਦਾ ਸਰਬਸੰਮਤੀ ਨਾਲ ਮੇਅਰ ਚੁਣਿਆਂ ਗਿਆ ਹੈ। ਪੰਜਾਬੀਆਂ ਦਾ ਇਹ ਖਾਸ ਗੁਣ ਹੈ, ਜਿਥੇ ਵੀ ਪਰਵਾਸ ਕਰਕੇ ਜਾਂਦੇ ਹਨ, ਉਥੇ ਹੀ ਉਹ ਆਪਣੀ ਸਫਲਤਾ ਦੇ ਝੰਡੇ ਗੱਡ ਦਿੰਦੇ ਹਨ। ਸੰਸਾਰ ਦਾ ਕੋਈ ਅਜਿਹਾ ਦੇਸ਼ ਨਹੀਂ ਜਿੱਥੇ ਪੰਜਾਬੀ ਨਾ ਪਹੁੰਚੇ ਹੋਣ, ਪਹੁੰਚੇ ਹੀ ਨਹੀਂ ਸਗੋਂ ਪੰਜਾਬੀਆਂ ਦਾ ਨਾਮ ਰੌਸ਼ਨ ਕਰ ਦਿੱਤਾ, ਖਾਸ ਤੌਰ ‘ਤੇ ਸਿੱਖਾਂ ਦੀ ਪਛਾਣ ਮਿਹਨਤੀ, ਉਦਮੀ, ਧਰਮ ਨਿਰਪੱਖ, ਇਨਸਾਫ ਪਸੰਦ, ਕਿਰਤ ਕਰੋ ਤੇ ਵੰਡ ਛੱਕੋ ਦੇ ਮੁੱਦਈ ਅਤੇ ਸਰਬੱਤ ਦੇ ਭਲੇ ਦੇ ਪਹਿਰੇਦਾਰ ਦੇ ਤੌਰ ‘ਤੇ ਸਥਾਪਤ ਕਰ ਦਿੱਤੀ। ਪੰਜਾਬੀਆਂ ਦਾ ਰਾਮਗੜ੍ਹੀਆ ਭਾਈਚਾਰਾ ਮਿਹਨਤੀ ਤੇ ਹੁਨਰਮੰਦ ਹੈ। ਉਨ੍ਹਾਂ ਨੇ ਆਪਣੀ ਹੁਨਰਮੰਦ ਹੋਣ ਦੀ ਕਾਬਲੀਅਤ ਨਾਲ ਸੰਸਾਰ ਵਿੱਚ ਆਪਣੇ ਕਾਰੋਬਾਰ ਸਥਾਪਤ ਕਰਕੇ ਹਰ ਦੇਸ ਦੀ ਆਰਥਿਕਤਾ ਨੂੰ ਭਰਵਾਂ ਹੁੰਘਾਰਾ ਦਿੱਤਾ ਹੈ। ਪਰਵਾਸ ਵਿੱਚ ਜਾ ਕੇ ਵੀ ਉਹ ਜਿਸ ਵੀ ਦੇਸ ਵਿੱਚ ਗਏ ਹਨ, ਉਥੇ ਦੀ ਆਰਥਿਕਤਾ ਨੂੰ ਚਾਰ ਚੰਨ ਲਗਾ ਦਿੱਤੇ ਅਤੇ ਮਾਨਵਤਾ ਦੀ ਸੇਵਾ ਵਿੱਚ ਵਰਣਨਯੋਗ ਯੋਗਦਾਨ ਪਾਇਆ ਹੈ। ਸਿੱਖੀ ਸੋਚ ਦੇ ਝੰਡੇ ਨੂੰ ਬੁਲੰਦ ਕੀਤਾ ਹੈ। ਇੱਥੇ ਹੀ ਬਸ ਨਹੀਂ ਪੰਜਾਬੀਆਂ ਨੇ ਤਾਂ ਪਰਵਾਸ ਵਿੱਚ ਸਮਾਜ ਸੇਵਾ ਤੋਂ ਲੈ ਕੇ ਕਾਰੋਬਾਰ ਦੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ। ਅਮਰੀਕਾ, ਕੈਨੇਡਾ, ਬਰਤਾਨੀਆਂ, ਆਸਟਰੇਲੀਆ, ਨਿਊਜੀਲੈਂਡ, ਜਰਮਨ, ਹਾਲੈਂਡ ਅਫਰੀਕਾ, ਸਮੁੱਚਾ ਯੂਰਪ ਅਤੇ ਸਿੰਘਾਪੁਰ ਦੀ ਸਿਆਸਤ ਵਿੱਚ ਇਤਨੇ ਸਰਗਰਮ ਹਨ ਕਿ ਉਹ ਉਥੋਂ ਦੀ ਸਿਆਸਤ ਵਿੱਚ ਉਚ ਅਹੁਦੇ ਪ੍ਰਾਪਤ ਕਰਕੇ ਦੇਸ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਬਰਤਾਨੀਆਂ ਵਿੱਚ ਤਾਂ ਇੱਕ ਭਾਰਤੀ/ਪੰਜਾਬੀ ਮੂਲ ਦਾ ਰਿਸ਼ੀ ਸੁਨਕ ਪ੍ਰਧਾਨ ਮੰਤਰੀ ਵੀ ਰਿਹਾ ਹੈ। ਇਸ ਸਮੇਂ ਅੱਧਾ ਦਰਜਨ ਹਾਊਸ ਆਫ ਕਾਮਨਜ਼ ਦੇ ਮੈਂਬਰ ਹਨ। ਲਗਪਗ ਬਰਤਾਨੀਆਂ ਦੀ ਹਰ ਪਾਰਟੀ ਵਿੱਚ ਪੰਜਾਬੀਆਂ ਦੀ ਸ਼ਮੂਲੀਅਤ ਹੈ। ਇਸ ਸਮੇਂ ਬਰਤਾਨੀਆਂ ਦੀਆਂ ਸਥਾਨਕ ਸੰਸਥਾਵਾਂ ਵਿੱਚ ਕਈ ਪੰਜਾਬੀ ਮੇਅਰ ਹਨ। ਇਨ੍ਹਾਂ ਵਿੱਚ ਸਰਦੂਲ ਸਿੰਘ ਮਾਰਵਾ ਵੀ ਸ਼ਾਮਲ ਹੋ ਗਏ ਹਨ, ਜਿਹੜੇ 27 ਮਈ 2026 ਨੂੰ ਸੋਲੀਹੁੱਲ ਦੇ ਸਰਬਸੰਮਤੀ ਨਾਲ ਮੇਅਰ ਚੁਣੇ ਗਏ ਹਨ। ਉਹ ਵੀ ਰਾਮਗੜ੍ਹੀਆ ਭਾਈਚਾਰੇ ਨਾਲ ਸੰਬੰਧਤ ਹਨ। ਉਹ ਸੋਲੀਹੁੱਲ ਦੇ ਪਹਿਲੇ ਸਿੱਖ ਮੇਅਰ ਬਣੇ ਹਨ। ਸਰਦੂਲ ਸਿੰਘ ਮਾਰਵਾ ਨੂੰ ਬਰਤਾਨੀਆਂ ਦੇ 99.99 ਫ਼ੀਸਦੀ ਅੰਗਰੇਜ਼ਾਂ (ਗੋਰਿਆਂ) ਦੀ ਆਬਾਦੀ ਵਾਲੇ ਵੈਸਟ ਮਿਡਲੈਂਡ ਇਲਾਕੇ ਦੀਆਂ 7 ਕੌਂਸਲਾਂ ਵਿੱਚੋਂ ਇੱਕ ਵੱਡੇ ਮਹੱਤਵਪੂਰਨ ਸ਼ਹਿਰ ਸੋਲੀਹੁੱਲ ਦੀ ਕੌਂਸਲ ਦੇ 51 ਮੈਂਬਰਾਂ ਨੇ ਨਿਰਵਿਰੋਧ ਮੇਅਰ ਚੁਣ ਲਿਆ। ਸਰਦੂਲ ਸਿੰਘ ਮਾਰਵਾ ਵੀ ਰਾਮਗੜ੍ਹੀਆ ਭਾਈਚਾਰੇ ਨਾਲ ਸੰਬੰਧਤ ਹਨ। ਉਸਦੀ ਸਰਬਸੰਮਤੀ ਨਾਲ ਹੋਈ ਚੋਣ ਤੋਂ ਸਾਬਤ ਹੁੰਦਾ ਹੈ ਕਿ ਸਰਦੂਲ ਸਿੰਘ ਮਾਰਵਾ ਬਰਤਾਨੀਆਂ ਦੀ ਹਰ ਸਮੁਦਾਇ ਵਿੱਚ ਕਿਤਨੇ ਹਰਮਨ ਪਿਆਰੇ ਹਨ। ਇਸ ਤੋਂ ਪਹਿਲਾਂ ਉਹ 1984 ਵਿੱਚ ਬਰਮਿੰਘਮ ਸ਼ਹਿਰ ਦੇ ਕੌਂਸਲਰ ਚੁਣੇ ਗਏ ਸਨ। ਉਸ ਸਮੇਂ ਉਸਨੇ ਸਿੱਖ ਧਰਮ ਦੀ ਮਾਨਵਤਾ ਦੀ ਬਰਾਬਰਤਾ ਦੀ ਵਿਚਾਰਧਾਰਾ ‘ਤੇ ਅਧਾਰਤ ਬਰਤਾਨੀਆਂ ਦੀ ਸੰਸਦ ਵਿੱਚ ਨਸਲੀ ਭੇਦਭਾਵ ਦੇ ਵਿਸ਼ੇ ‘ਤੇ ਭਾਸ਼ਣ ਦਿੱਤਾ ਸੀ, ਜਿਸ ਕਰਕੇ ਉਹ ਪ੍ਰਸਿੱਧ ਹੋ ਗਏ ਸਨ ਅਤੇ ਉਨ੍ਹਾਂ ਦੀ ਹਰਮਨ ਪਿਆਰਤਾ ਵਿੱਚ ਵਿਲੱਖਣ ਵਾਧਾ ਹੋਇਆ ਸੀ।



ਸਰਦੂਲ ਸਿੰਘ ਮਾਰਵਾ ਦਾ ਜਨਮ 1947 ਵਿੱਚ ਪਿਤਾ ਅਜੀਤ ਸਿੰਘ ਦੇ ਘਰ ਮਾਤਾ ਪ੍ਰਕਾਸ਼ ਕੌਰ ਦੀ ਕੁੱਖੋਂ ਪੰਜਾਬ ਦੇ ਜਲੰਧਰ ਜਿਲ੍ਹੇ ਦੇ ਬੰਗਾ ਨੇੜੇ ਝੰਡੇਰ ਪਿੰਡ ਵਿੱਚ ਹੋਇਆ ਸੀ। ਉਹ ਬਚਪਨ ਵਿੱਚ ਹੀ ਹਰ ਚੀਜ਼ ਬਾਰੇ ਜਾਣਕਾਰੀ ਲੈਣਾ ਚਾਹੁੰਦਾ ਸੀ, ਭਾਵ ਉਸਦੀ ਸਿੱਖਣ ਦੀ ਚੇਸ਼ਟਾ ਸੀ। ਉਹ ਬਹੁਤ ਹੀ ਸ਼ਾਤਰ ਦਿਮਾਗ ਹੁਸ਼ਿਆਰ ਬੱਚਾ ਸੀ। ਸਰਦੂਲ ਸਿੰਘ ਮਾਰਵਾ ਨੇ ਸੱਤਵੀਂ ਤੱਕ ਦੀ ਪੜ੍ਹਾਈ ਚਰਨ ਕੰਵਲ ਖਾਲਸਾ ਹਾਈ ਸਕੂਲ ਬੰਗਾ ਤੋਂ ਪ੍ਰਾਪਤ ਕੀਤੀ। ਉਹ ਆਪਣੇ ਸੁਨਹਿਰੇ ਭਵਿਖ ਲਈ 1960 ਵਿੱਚ ਆਪਣੇ ਮਾਤਾ ਪਿਤਾ ਨਾਲ ਬਰਤਾਨੀਆਂ ਵਿੱਚ ਆ ਗਏ ਸਨ। ਉਸਨੇ ਬਰਤਾਨੀਆਂ ਵਿੱਚ ਆ ਕੇ ਆਪਣੀ ਸੈਕੰਡਰੀ ਤੱਕ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਚਾਨਸ ਟੈਕਨੀਕਲ ਕਾਲਜ ਵਿੱਚੋਂ ਇਲੈਕਟ੍ਰੀਕਲ ਇੰਜਿਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਇਸਤੋਂ ਬਾਅਦ ਡਿਪਲੋਮਾ ਇਨ ਐਜੂਕੇਸ਼ਨ ਐਂਡ ਕੰਪਿਊਟਰ ਹਾਰਡਵੇਅਰ ਟੈਕਨੀਸ਼ੀਨ ਹੈਂਡਜ਼ਵਰਥ ਕਾਲਜ ਤੋਂ ਪਾਸ ਕੀਤਾ।

ਸਰਦੂਲ ਸਿੰਘ ਮਰਵਾਹਾ ਨੇ ਆਪਣੀ ਪੜ੍ਹਾਈ ਦੀ ਯੋਗਤਾ ਮੁਕੰਮਲ ਕਰਨ ਤੋਂ ਬਾਅਦ ਵਿੱਚ ਰਾਜਨੀਤੀ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਉਹ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਬਣ ਗਏ। ਉਸਨੇ ਸਖ਼ਤ ਮਿਹਨਤ ਅਤੇ ਸਮਾਜ ਸੇਵਾ ਕੀਤੀ, ਜਿਸਦੇ ਸਿੱਟੇ ਵਜੋਂ 1982 ਵਿੱਚ ਬਰਮਿੰਘਮ ਸ਼ਹਿਰ ਦੇ ਕਾਊਂਸਲਰ ਬਣ ਗਏ ਅਤੇ ਉਹ ਇਸ ਅਹੁਦੇ ‘ਤੇ 1988 ਤੱਕ ਰਹੇ। ਇਸ ਸਮੇਂ ਵਿੱਚ ਆਪਣੀ ਮਿਹਨਤ, ਲਗਨ, ਦ੍ਰਿੜ੍ਹਤਾ ਅਤੇ ਦੂਰ ਅੰਦੇਸ਼ੀ ਨਾਲ ਉਸਨੇ ਕਈ ਸੀਨੀਅਰ ਜ਼ਿੰਮੇਵਾਰੀਆਂ ਨਿਭਾਈਆਂ, ਜਿਨ੍ਹਾਂ ਵਿੱਚ ਨਸਲੀ ਸੰਬੰਧਾਂ ਅਤੇ ਸਮਾਨ ਅਵਸਰ ਕਮੇਟੀ ਦੇ ਚੇਅਰਮੈਨ ਅਤੇ ਮਨੋਰੰਜਨ ਸੇਵਾਵਾਂ ਕਮੇਟੀ ਦੇ ਚੇਅਰਮੈਨ ਦੀਆਂ ਸੇਵਾਵਾਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਯੋਜਨਾ ਕਮੇਟੀ ਤਕਨੀਕੀ ਸੇਵਾਵਾਂ ਕਮੇਟੀ ਅਤੇ ਵਾਤਾਵਰਨ ਰਾਜ ਸਕੱਤਰ ਦੀ ਪ੍ਰਧਾਨਗੀ ਵਾਲੀ ਅੰਦਰੂਨੀ ਸ਼ਹਿਰ ਭਾਈਵਾਲੀ ਕਮੇਟੀ ਵਿੱਚ ਵੀ ਸੇਵਾ ਨਿਭਾਈ ਹੈ। ਇਨ੍ਹਾਂ ਸਿਆਸੀ ਸਰਗਰਮੀਆਂ ਕਰਕੇ ਸਰਦੂਲ ਸਿੰਘ ਮਾਰਵਾ ਦੇ ਵਿਅਕਤਿਤਵ ਵਿੱਚ ਨਿਖ਼ਾਰ ਆਇਆ। ਉਹ ਆਪਣੇ ਪੇਸ਼ੇਵਰ ਕੈਰੀਅਰ ਵਿੱਚ ਇਲੈਕਟ੍ਰੀਕਲ ਇੰਡਸਟਰੀ ਦੇ ਵਿੱਚ ਕੰਮ ਕਰਦੇ ਰਹੇ ਅਤੇ ਬਾਅਦ ਵਿੱਚ ਐਚ ਐਮ ਪੀ ਬਰਮਿੰਘਮ ਵਿੱਚ ਕੰਮ ਕੀਤਾ। ਆਪਣੇ ਕੈਰੀਅਰ ਦੇ ਨਾਲ ਹੀ ਉਹ ਜਨਤਕ ਸੇਵਾ, ਸਮਾਨਤਾ ਅਤੇ ਭਾਈਚਾਰਕ ਸ਼ਮੂਲੀਅਤ ਪ੍ਰਤੀ ਜੀਵਨ ਭਰ ਵਚਨਬੱਧਤਾ ਵਿਕਸਤ ਕੀਤੀ। ਸਰਦੂਲ ਸਿੰਘ ਮਾਰਵਾ ਨੇ 1982 ਤੋਂ 1989 ਤੱਕ ਬਰਮਿੰਘਮ 31 ਪੁਲਿਸ ਸਲਾਹਕਾਰ ਕਮੇਟੀ ਦੀ ਪ੍ਰਧਾਨਗੀ ਕੀਤੀ ਅਤੇ ਹੈਂਡਸਵਰਥ ਦੰਗਿਆਂ ਤੋਂ ਬਾਅਦ ਭਾਈਚਾਰਕ ਸ਼ਮੂਲੀਅਤ ਵਿੱਚ ਸ਼ਾਮਲ ਰਿਹਾ। ਉਸਨੇ ਸਪੋਰਟਸ ਕੌਂਸਲ ਬਰਮਿੰਘਮ ਦੇ ਵਾਈਸ ਚੇਅਰਪਰਸਨ ਵਜੋਂ ਵੀ ਸੇਵਾ ਨਿਭਾਈ ਸੀ, ਜਿਸ ਨਾਲ ਨੌਜਵਾਨਾਂ ਵਿੱਚ ਖੇਡਾਂ ਅਤੇ ਮਨੋਰੰਜਨ ਸਰਗਰਮੀਆਂ ਵਿੱਚ ਵਧੇਰੇ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਮਿਲੀ। ਇਸੇ ਤਰ੍ਹਾਂ ਸਰਦੂਲ ਸਿੰਘ ਮਾਰਵਾ ਹੋਰ ਬਹੁਤ ਸਾਰੀਆਂ ਕਮੇਟੀਆਂ ਦਾ ਚੇਅਰਮੈਨ ਤੇ ਮੈਂਬਰ ਰਿਹਾ, ਜਿਨ੍ਹਾਂ ਵਿੱਚ ਸਮਾਨਤਾ ਅਤੇ ਜਨਤਕ ਸੇਵਾ, ਕਮਿਊਨਿਟੀ ਰਿਲੇਸਨਜ਼ ਕੌਂਸਲ ਬਰਮਿੰਘਮ, ਬਰਮਿੰਘਮ ਏਰੀਆ ਹੈਲਥ ਅਥਾਰਟੀ, ਵੈਸਟ ਬਰਮਿੰਘਮ ਹੈਲਥ ਅਥਾਰਟੀ, ਬਰਮਿੰਘਮ ਸਿਵਿਕ ਹਾਊਸਿੰਗ ਐਸੋਸੀਏਸ਼ਨ, ਕੰਜ਼ਰਵੇਸਨ ਐਡਵਾਈਜ਼ਰੀ ਕਮੇਟੀ ਬਰਮਿੰਘਮ ਅਤੇ ਇਲੈਕਟ੍ਰੀਕਲ, ਇਲੈਕਟਰਾਨਿਕ ਟੈਲੀਕਮਿਊਨੀਕੇਸ਼ਨ ਅਤੇ ਪਲੰਬਿੰਗ ਯੂਨੀਅਨ ਲਈ ਰਾਸ਼ਟਰੀ ਕਮੇਟੀ ਸ਼ਾਮਲ ਹਨ। ਉਹ ਵੈਸਟ ਮਿਡਲੈਂਡਜ਼ ਕੇਬਲ ਕਮਿਊਨੀਕੇਸ਼ਨਜ਼ ਦੇ ਸੰਸਥਾਪਕ ਬੋਰਡ ਮੈਂਬਰ ਵੀ ਸਨ, ਜੋ ਵੈਸਟ ਮਿਡਲੈਂਡਜ਼ ਵਿੱਚ ਕੇਬਲ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਪਹਿਲੀਆਂ ਕੰਪਨੀਆਂ ਵਿੱਚੋਂ ਇੱਕ ਸੀ। ਉਹ 2023 ਵਿੱਚ ਸੋਲੀਹੁੱਲ ਮੈਟਰੋਪੋਲੀਟਨ ਬੋਰੋ ਕੌਂਸਲ ਲਈ ਚੁਣੇ ਗਏ ਸਨ, ਮੌਨਕਸਪਾਥ ਅਤੇ ਹਿੱਲਫੀਲਡ ਵਾਰਡ ਨਾਲ ਸੇਂਟ ਅਲਫੇਜ ਦੀ ਨੁਮਾਇੰਦਗੀ ਕਰਦੇ ਰਹੇ। ਉਸਨੇ ਲਾਇਸੈਂਸਿੰਗ ਕਮੇਟੀ ਦੇ ਚੇਅਰਮੈਨ, ਯੋਜਨਾ ਕਮੇਟੀ, ਪੁਲਿਸ ਅਤੇ ਅਪਰਾਧ ਪੈਨਲ, ਚਿਲਡਰਨ ਸਰਵਿਸਜ਼ ਐਂਡ ਐਜੂਕੇਸ਼ਨ ਸਕਰੂਟਨੀ ਬੋਰਡ, ਸੋਲੀਹੁੱਲ ਸਕੂਲਜ਼ ਫੋਰਮ, ਆਰਥਿਕ ਵਿਕਾਸ ਅਤੇ ਪ੍ਰਬੰਧਨ ਵਿਕਾਸ ਸਕਰੂਟਨੀ ਬੋਰਡ ਅਤੇ ਸਟਰਾਂਗਰ ਕਮਿਊਨਿਟੀਜ਼ ਐਂਡ ਨੇਬਰਹੁਡ ਸਰਵਿਸਜ਼ ਸਕਰੂਟਨੀ ਬੋਰਡ ਵਿੱਚ ਸੇਵਾ ਕਰਦੇ ਰਹੇ। ਉਸ ਦੀਆਂ ਲੋਕ ਸੇਵਾਵਾਂ ਕਰਕੇ 1990 ਵਿੱਚ ਮਹਾਰਾਣੀ ਐਲਜ਼ਾਬੈਥ 99 ਨੇ ਸਨਮਾਨਤ ਕੀਤਾ ਸੀ। ਸਰਦੂਲ ਸਿੰਘ ਮਾਰਵਾ 1995 ਤੋਂ 2019 ਤੱਕ ਜਸਟਿਸ ਆਫ ਦਾ ਪੀਸ ਦੀਆਂ ਸੇਵਾਵਾਂ ਵੀ ਨਿਭਾਉਂਦੇ ਰਹੇ ਸਨ। ਉਹ ਆਪਣੀ ਸਾਰੀ ਜ਼ਿੰਦਗੀ ਸਭਿਆਚਾਰਕ ਅਤੇ ਸਿਰਜਣਾਤਮਕ ਗਤੀਵਿਧੀਆਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ ਹਨ। ਉਸਨੇ 1965 ਵਿੱਚ ‘ਦਾ ਮੁਸਾਫਿਰ’ (ਦਾ ਟ੍ਰੈਵਲਰਜ਼) ਗਰੁਪ ਬਣਾਇਆ, ਜਿਹੜਾ ਬ੍ਰਿਟੇਨ ਵਿੱਚ ਭੰਗੜਾ ਸਮੂਹਾਂ ਵਿੱਚੋਂ ਮੋਹਰੀ ਦੀ ਭੂਮਿਕਾ ਨਿਭਾਉਂਦਾ ਰਿਹਾ। ਸਰਦੂਲ ਸਿੰਘ ਮਾਰਵਾ ਚੰਗਾ ਵਕਤਾ, ਕਵੀ ਅਤੇ ਲੇਖਕ ਵੀ ਹੈ। ਸਰਦੂਲ ਸਿੰਘ ਮਾਰਵਾ ਟੈਲੀਵਿਜ਼ਨ ‘ਤੇ ਡੀਬੇਟਸ ਵਿੱਚ ਵੀ ਹਿੱਸਾ ਲੈਂਦੇ ਰਹਿੰਦੇ ਹਨ। ਉਸਦੀ ਸਭਿਆਚਾਰਕ ਸ਼ਮੂਲੀਅਤ ਜਨਤਕ ਚਰਚਾ ਨੂੰ ਉਤਸ਼ਾਹਤ ਕਰਨ ਵਿੱਚ ਲੰਬੇ ਸਮੇਂ ਤੋਂ ਦਿਲਚਸਪੀ ਰਹੀ ਹੈ।

ਉਹ 1983 ਅਤੇ 1997 ਵਿੱਚ ਦੋ ਵਾਰੀ ਸੰਸਦੀ ਉਮੀਦਵਾਰ ਵਜੋਂ ਅਤੇ 1999 ਵਿੱਚ ਯੂਰਪੀਅਨ ਸੰਸਦ ਲਈ ਉਮੀਦਵਾਰ ਵਜੋਂ ਵੀ ਖੜ੍ਹੇ ਹੋਏ ਸਨ। ਉਮੀਦ ਕਰਦੇ ਹਾਂ ਕਿ ਉਹ ਸੋਲੀਹੁੱਲ ਇਲਾਕੇ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ। ਸਰਦੂਲ ਸਿੰਘ ਮਾਰਵਾ ਦਾ ਵਿਆਹ ਸਤਨਾਮ ਕੌਰ ਨਾਲ ਹੋਇਆ, ਜੋ ਐਲ ਐਲ ਬੀ ਹਨ। ਉਨ੍ਹਾਂ ਦੇ ਤਿੰਨ ਲੜਕੇ ਹਨ, ਜਿਹੜੇ ਆਪੋ ਆਪਣੇ ਕੰਮਾਂ ਵਿੱਚ ਸੈਟਲ ਹਨ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਸਾਈਬਰ ਸੁਰੱਖਿਆ ਅਤੇ ਏਆਈ-ਦੋ ਧਾਰੀ ਤਲਵਾਰ


ਸੰਦੀਪ ਕੁਮਾਰ
7009807121



ਡਿਜੀਟਲ ਯੁੱਗ ਵਿੱਚ ਸਾਡੀ ਜ਼ਿੰਦਗੀ ਇੰਟਰਨੈੱਟ ਅਤੇ ਡਾਟਾ ਨਾਲ ਗੰਢੀ ਹੋਈ ਹੈ। ਬੈਂਕਿੰਗ ਤੋਂ ਲੈ ਕੇ ਸਿਹਤ ਸੇਵਾਵਾਂ ਤੱਕ, ਸਭ ਕੁਝ ਔਨਲਾਈਨ ਹੈ। ਇਸ ਤਰੱਕੀ ਨੇ ਸਾਡੇ ਲਈ ਆਸਾਨੀਆਂ ਵਧਾਈਆਂ ਹਨ ਪਰ ਨਾਲ ਹੀ ਨਵੇਂ ਖਤਰਿਆਂ ਨੂੰ ਵੀ ਜਨਮ ਦਿੱਤਾ ਹੈ। ਸਾਈਬਰ ਹਮਲੇ ਅੱਜ ਕੱਲ੍ਹ ਇੱਕ ਵੱਡੀ ਚੁਣੌਤੀ ਬਣ ਚੁੱਕੇ ਹਨ ਅਤੇ ਇਨ੍ਹਾਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਇਹਨਾਂ ਹਮਲਿਆਂ ਨੂੰ ਹੋਰ ਵੀ ਅਡਵਾਂਸ ਬਣਾ ਦਿੱਤਾ ਹੈ। ਏਆਈ ਇੱਕ ਦੋ ਧਾਰੀ ਤਲਵਾਰ ਵਾਂਗ ਹੈ, ਇੱਕ ਪਾਸੇ ਇਹ ਹੈਕਰਾਂ ਨੂੰ ਹਮਲਿਆਂ ਲਈ ਤਾਕਤਵਰ ਔਜ਼ਾਰ ਮੁਹੱਈਆ ਕਰਵਾ ਰਿਹਾ ਹੈ ਅਤੇ ਦੂਜੇ ਪਾਸੇ ਇਹ ਸਾਡੀਆਂ ਰੱਖਿਆ ਪ੍ਰਣਾਲੀਆਂ ਲਈ ਇੱਕ ਮਜ਼ਬੂਤ ਢਾਲ ਵਜੋਂ ਕੰਮ ਕਰ ਰਿਹਾ ਹੈ। ਇਸ ਲੇਖ ਵਿੱਚ ਅਸੀਂ ਇਸ ਤਰੱਕੀ ਦੇ ਦੋਵਾਂ ਪਹਿਲੂਆਂ ਬਾਰੇ ਗੱਲ ਕਰਾਂਗੇ।

ਹੈਕਰ ਏਆਈ ਨੂੰ ਆਪਣੇ ਹਮਲਿਆਂ ਵਿੱਚ ਵਰਤ ਕੇ ਪੁਰਾਣੀਆਂ ਤਕਨੀਕਾਂ ਨੂੰ ਹੋਰ ਵੀ ਖਤਰਨਾਕ ਬਣਾ ਰਹੇ ਹਨ। ਇੱਕ ਸਮਾਂ ਸੀ ਜਦੋਂ ਫਿਸ਼ਿੰਗ ਈਮੇਲਾਂ ਵਿੱਚ ਗਲਤੀਆਂ ਅਤੇ ਅਜੀਬ ਭਾਸ਼ਾ ਹੁੰਦੀ ਸੀ ਜਿਸ ਨਾਲ ਉਹਨਾਂ ਨੂੰ ਆਸਾਨੀ ਨਾਲ ਪਛਾਣਿਆ ਜਾ ਸਕਦਾ ਸੀ। ਪਰ ਅੱਜ ਜਨਰੇਟਿਵ ਏਆਈ ਟੂਲਜ਼ ਦੀ ਮਦਦ ਨਾਲ ਹੈਕਰ ਬਿਲਕੁਲ ਵਾਸਤਵਿਕ ਅਤੇ ਨਿੱਜੀਕ੍ਰਿਤ ਫਿਸ਼ਿੰਗ ਸੰਦੇਸ਼ ਤਿਆਰ ਕਰ ਰਹੇ ਹਨ। ਇਹ ਟੂਲਜ਼ ਲੱਖਾਂ ਡਾਟਾ ਪੁਆਇੰਟਸ ਤੋਂ ਸਿੱਖ ਕੇ ਉਸ ਵਿਅਕਤੀ ਦੀ ਭਾਸ਼ਾ, ਲਿਖਣ ਦਾ ਢੰਗ ਅਤੇ ਉਸਦੀਆਂ ਰੁਚੀਆਂ ਨੂੰ ਨਕਲ ਕਰਦੇ ਹਨ। ਨਤੀਜਾ ਇੱਕ ਅਜਿਹੀ ਈਮੇਲ ਹੁੰਦੀ ਹੈ ਜੋ ਤੁਹਾਡੇ ਬਾਸ ਜਾਂ ਬੈਂਕ ਵੱਲੋਂ ਆਈ ਲੱਗਦੀ ਹੈ ਅਤੇ ਉਸ ਵਿੱਚ ਇੱਕ ਲਿੰਕ ਜਾਂ ਅਟੈਚਮੈਂਟ ਹੁੰਦੀ ਹੈ ਜੋ ਤੁਹਾਡੀ ਜਾਣਕਾਰੀ ਚੋਰੀ ਕਰ ਲੈਂਦੀ ਹੈ। ਡੀਪਫੇਕ ਟੈਕਨਾਲੌਜੀ ਇਸ ਖੇਤਰ ਵਿੱਚ ਹੋਰ ਵੀ ਵੱਡਾ ਖਤਰਾ ਬਣ ਰਹੀ ਹੈ। ਹੈਕਰ ਏਆਈ ਦੀ ਮਦਦ ਨਾਲ ਕਿਸੇ ਵੀ ਵਿਅਕਤੀ ਦੀ ਆਵਾਜ਼ ਅਤੇ ਚਿਹਰਾ ਨਕਲ ਕਰਕੇ ਵੀਡੀਓ ਜਾਂ ਆਡੀਓ ਬਣਾ ਲੈਂਦੇ ਹਨ। ਇਸ ਤਰ੍ਹਾਂ ਉਹ ਇੱਕ ਬਾਸ ਜਾਂ ਸਹਿਕਰਮੀ ਵਜੋਂ ਬੋਲ ਕੇ ਗੱਲਬਾਤ ਕਰਦੇ ਹਨ ਅਤੇ ਫੰਡ ਟ੍ਰਾਂਸਫਰ ਜਾਂ ਗੁਪਤ ਜਾਣਕਾਰੀ ਮੰਗਦੇ ਹਨ। ਉਦਾਹਰਣ ਵਜੋਂ, ਕਈ ਕੰਪਨੀਆਂ ਵਿੱਚ ਏਆਈ ਨਾਲ ਬਣਾਈਆਂ ਡੀਪਫੇਕ ਕਾਲਾਂ ਨਾਲ ਲੱਖਾਂ ਡਾਲਰ ਦਾ ਘਾਟਾ ਹੋ ਚੁੱਕਾ ਹੈ। ਇਹ ਹਮਲੇ ਖਾਸ ਕਰਕੇ ਸੋਸ਼ਲ ਇੰਜੀਨੀਅਰਿੰਗ ਵਿੱਚ ਬਹੁਤ ਪ੍ਰਭਾਵੀ ਹਨ ਕਿਉਂਕਿ ਇਹਨਾਂ ਵਿੱਚ ਮਾਨਵੀ ਭਾਵਨਾਵਾਂ ਨੂੰ ਟਾਰਗੇਟ ਕੀਤਾ ਜਾਂਦਾ ਹੈ। ਇੱਕ ਆਮ ਇੰਨਸਾਨ ਆਪਣੀ ਆਵਾਜ਼ ਵਾਲੀ ਕਾਲ ਤੇ ਆਸਾਨੀ ਨਾਲ ਭਰੋਸਾ ਕਰ ਲੈਂਦਾ ਹੈ।

ਇਸ ਤੋਂ ਇਲਾਵਾ, ਏਆਈ ਹੈਕਰਾਂ ਨੂੰ ਮਾਲਵੇਅਰ ਬਣਾਉਣ ਵਿੱਚ ਵੀ ਮਦਦ ਕਰ




ਰਿਹਾ ਹੈ। ਪਹਿਲਾਂ ਮਾਲਵੇਅਰ ਬਣਾਉਣ ਲਈ ਡੂੰਘੀ ਟੈਕਨੀਕਲ ਜਾਣਕਾਰੀ ਚਾਹੀਦੀ ਸੀ ਪਰ ਹੁਣ ਏਆਈ ਟੂਲਜ਼ ਨਾਲ ਘੱਟ ਗਿਆਨ ਵਾਲੇ ਹੈਕਰ ਵੀ ਆਟੋਮੈਟਿਕ ਤਰੀਕੇ ਨਾਲ ਨਵੇਂ-ਨਵੇਂ ਵਾਇਰਸ ਤਿਆਰ ਕਰ ਰਹੇ ਹਨ। ਇਹ ਮਾਲਵੇਅਰ ਪੌਲੀਮੌਰਫਿਕ ਹੁੰਦਾ ਹੈ, ਯਾਨੀ ਇਹ ਆਪਣਾ ਰੂਪ ਬਦਲਦਾ ਰਹਿੰਦਾ ਹੈ ਤਾਂ ਜੋ ਐਂਟੀਵਾਇਰਸ ਸਾਫਟਵੇਅਰ ਉਸਨੂੰ ਪਛਾਣ ਨਾ ਸਕੇ। ਏਆਈ ਇਸ ਨੂੰ ਆਟੋਮੈਟਿਕ ਤਰੀਕੇ ਨਾਲ ਟੈਸਟ ਵੀ ਕਰਦਾ ਹੈ ਅਤੇ ਉਸਨੂੰ ਹੋਰ ਵੀ ਛੁਪਣਯੋਗ ਬਣਾਉਂਦਾ ਹੈ। ਇਸ ਤਰ੍ਹਾਂ ਹਮਲੇ ਵਧੇਰੇ ਤੇਜ਼ ਅਤੇ ਵੱਡੇ ਪੱਧਰ ਤੇ ਹੋ ਰਹੇ ਹਨ। ਰਿਪੋਰਟਾਂ ਅਨੁਸਾਰ ਏਆਈ ਨਾਲ ਸਬੰਧਤ ਹਮਲਿਆਂ ਵਿੱਚ ਇੱਕ ਵੱਡਾ ਵਾਧਾ ਹੋਇਆ ਹੈ ਅਤੇ ਇਹਨਾਂ ਵਿੱਚੋਂ ਕਈ ਆਟੋਨੋਮਸ ਹਨ, ਯਾਨੀ ਇੱਕ ਵਾਰ ਸ਼ੁਰੂ ਹੋਣ ਤੋਂ ਬਾਅਦ ਉਹ ਬਿਨਾਂ ਮਨੁੱਖੀ ਦਖਲ ਤੋਂ ਅੱਗੇ ਵਧਦੇ ਰਹਿੰਦੇ ਹਨ। ਏਆਈ ਨਾਲ ਬ੍ਰੂਟ ਫੋਰਸ ਅਟੈਕ ਵੀ ਹੋਰ ਤੇਜ਼ ਹੋ ਗਏ ਹਨ। ਇਹ ਟੂਲਜ਼ ਪਾਸਵਰਡ ਕ੍ਰੈਕਿੰਗ ਵਿੱਚ ਆਮ ਤਰੀਕਿਆਂ ਨਾਲੋਂ ਵਧੀਆ ਕੰਮ ਕਰਦੇ ਹਨ ਅਤੇ ਵੱਡੀਆਂ ਡਾਟਾਬੇਸ ਤੋਂ ਪੈਟਰਨ ਸਿੱਖ ਕੇ ਤੇਜ਼ੀ ਨਾਲ ਗੁਪਤ ਕੋਡ ਖੋਲ੍ਹਦੀਆਂ ਹਨ। ਇਸ ਤੋਂ ਇਲਾਵਾ, ਏਆਈ ਰਾਹੀਂ ਕੈਪਚਾ ਬਾਈਪਾਸ ਕਰਨਾ ਜਾਂ ਓਪਨ ਸੋਰਸ ਕੋਡ ਵਿੱਚ ਛੁਪੇ ਖਤਰਿਆਂ ਨੂੰ ਵਰਤਣਾ ਵੀ ਆਸਾਨ ਹੋ ਗਿਆ ਹੈ। ਇਸ ਤਰ੍ਹਾਂ ਛੋਟੇ-ਮੋਟੇ ਹੈਕਰ ਵੀ ਵੱਡੀਆਂ ਕੰਪਨੀਆਂ ਤੱਕ ਪਹੁੰਚ ਬਣਾ ਰਹੇ ਹਨ ਕਿਉਂਕਿ ਏਆਈ ਨੇ ਹਮਲਿਆਂ ਦੀ ਲਾਗਤ ਅਤੇ ਮਿਹਨਤ ਘਟਾ ਦਿੱਤੀ ਹੈ।

ਪਰ ਇਸੇ ਏਆਈ ਨੇ ਸਾਈਬਰ ਸੁਰੱਖਿਆ ਲਈ ਇੱਕ ਨਵੀਂ ਉਮੀਦ ਵੀ ਜਗਾਈ ਹੈ। ਏਆਈ ਇੱਕ ਢਾਲ ਵਾਂਗ ਕੰਮ ਕਰਦਾ ਹੈ ਜੋ ਰਵਾਇਤੀ ਤਰੀਕਿਆਂ ਨਾਲੋਂ ਬਹੁਤ ਵਧੀਆ ਤਰੀਕੇ ਨਾਲ ਖਤਰਿਆਂ ਨੂੰ ਪਛਾਣਦਾ ਅਤੇ ਰੋਕਦਾ ਹੈ। ਰਵਾਇਤੀ ਸਿਸਟਮ ਸਿਰਫ਼ ਪੁਰਾਣੇ ਸਿਗਨੇਚਰ ਜਾਂ ਨਿਯਮਾਂ ਤੇ ਨਿਰਭਰ ਕਰਦੇ ਸਨ ਪਰ ਏਆਈ ਵੱਡੀ ਮਾਤਰਾ ਵਿੱਚ ਡਾਟਾ ਵਿਸ਼ਲੇਸ਼ਣ ਕਰਕੇ ਅਸਾਧਾਰਨ ਵਿਵਹਾਰ ਨੂੰ ਲੱਭਦਾ ਹੈ। ਇਸਨੂੰ ਐਨੋਮਲੀ ਡਿਟੈਕਸ਼ਨ ਕਿਹਾ ਜਾਂਦਾ ਹੈ। ਉਦਾਹਰਣ ਵਜੋਂ, ਇੱਕ ਨੈੱਟਵਰਕ ਵਿੱਚ ਆਮ ਟ੍ਰੈਫਿਕ ਦਾ ਇੱਕ ਪੈਟਰਨ ਬਣਾਇਆ ਜਾਂਦਾ ਹੈ ਅਤੇ ਜਦੋਂ ਕੋਈ ਗਲਤ ਗਤੀਵਿਧੀ ਵਾਪਰਦੀ ਹੈ ਤਾਂ ਏਆਈ ਤੁਰੰਤ ਚੇਤਾਵਨੀ ਦਿੰਦਾ ਹੈ। ਇਸ ਤਰ੍ਹਾਂ ਜ਼ੀਰੋ-ਡੇ ਐਟੈਕ ਜਿਨ੍ਹਾਂ ਬਾਰੇ ਪਹਿਲਾਂ ਕਦੇ ਨਾ ਸੁਣਿਆ ਹੋਵੇ, ਉਹਨਾਂ ਨੂੰ ਵੀ ਰੋਕਿਆ ਜਾ ਸਕਦਾ ਹੈ। ਏਆਈ ਫਿਸ਼ਿੰਗ ਅਤੇ ਸਪੈਮ ਈਮੇਲਾਂ ਨੂੰ ਰੋਕਣ ਵਿੱਚ ਵੀ ਬਹੁਤ ਪ੍ਰਭਾਵੀ ਹੈ। ਇਹ ਈਮੇਲ ਦੀ ਭਾਸ਼ਾ, ਲਿੰਕਾਂ ਅਤੇ ਅਟੈਚਮੈਂਟ ਨੂੰ ਵਿਸ਼ਲੇਸ਼ਣ ਕਰਦਾ ਹੈ ਅਤੇ ਉਸਨੂੰ ਖਤਰਨਾਕ ਮੰਨ ਕੇ ਬਲਾਕ ਕਰ ਦਿੰਦਾ ਹੈ। ਐਂਡਪੁਆਇੰਟ ਸੁਰੱਖਿਆ ਵਿੱਚ ਏਆਈ ਲੈਪਟਾਪ, ਮੋਬਾਈਲ ਜਾਂ ਸਰਵਰ ਤੇ ਚੱਲ ਰਹੀਆਂ ਗਤੀਵਿਧੀਆਂ ਨੂੰ ਨਿਗਰਾਨੀ ਹੇਠ ਰੱਖਦਾ ਹੈ ਅਤੇ ਮਾਲਵੇਅਰ ਨੂੰ ਤੁਰੰਤ ਰੋਕਦਾ ਹੈ। ਇਸ ਤੋਂ ਇਲਾਵਾ, ਏਆਈ ਥ੍ਰੇਟ ਇੰਟੈਲੀਜੈਂਸ ਵਿੱਚ ਵੀ ਮਦਦ ਕਰਦਾ ਹੈ। ਇਹ ਡਾਰਕ ਵੈੱਬ ਤੋਂ ਲੈ ਕੇ ਵੱਖ-ਵੱਖ ਸਰੋਤਾਂ ਤੋਂ ਡਾਟਾ ਇਕੱਠਾ ਕਰਕੇ ਭਵਿੱਖ ਵਾਲੇ ਹਮਲਿਆਂ ਦੀ ਭਵਿੱਖਬਾਣੀ ਕਰਦਾ ਹੈ ਅਤੇ ਸੁਰੱਖਿਆ ਟੀਮਾਂ ਨੂੰ ਤਿਆਰ ਰਹਿਣ ਲਈ ਸਲਾਹ ਦਿੰਦਾ ਹੈ।


ਏਆਈ ਦੀ ਆਟੋਮੈਟਿਕ ਰਿਸਪਾਂਸ ਸਮਰੱਥਾ ਇੱਕ ਵੱਡੀ ਤਾਕਤ ਹੈ। ਜਦੋਂ ਇੱਕ ਹਮਲਾ ਖਤਰਾ ਬਣਦਾ ਹੈ ਤਾਂ ਏਆਈ ਆਪਣੇ ਆਪ ਉਸ ਡਿਵਾਈਸ ਨੂੰ ਆਈਸੋਲੇਟ ਕਰ ਸਕਦਾ ਹੈ, ਖਤਰਨਾਕ ਟ੍ਰੈਫਿਕ ਰੋਕ ਸਕਦਾ ਹੈ ਅਤੇ ਟੀਮ ਨੂੰ ਤੁਰੰਤ ਰਿਪੋਰਟ ਭੇਜ ਸਕਦਾ ਹੈ। ਇਸ ਨਾਲ ਹਮਲੇ ਦਾ ਨੁਕਸਾਨ ਘੱਟ ਤੋਂ ਘੱਟ ਹੋ ਜਾਂਦਾ ਹੈ। ਬਹੁਤੀਆਂ ਆਧੁਨਿਕ ਸੁਰੱਖਿਆ ਪ੍ਰਣਾਲੀਆਂ ਵਿੱਚ ਏਆਈ ਲਗਾਤਾਰ ਸਿਖਲਾਈ ਲੈਂਦਾ ਰਹਿੰਦਾ ਹੈ ਤਾਂ ਜੋ ਨਵੀਆਂ ਤਕਨੀਕਾਂ ਨਾਲ ਵੀ ਲੜ ਸਕੇ। ਇਸ ਤਰ੍ਹਾਂ ਇਹ ਮਨੁੱਖੀ ਟੀਮਾਂ ਦਾ ਬੋਝ ਘਟਾਉਂਦਾ ਹੈ ਅਤੇ ਉਹਨਾਂ ਨੂੰ ਵਧੇਰੇ ਰਣਨੀਤਕ ਕੰਮਾਂ ਤੇ ਧਿਆਨ ਕੇਂਦਰਿਤ ਕਰਨ ਦੀ ਆਗਿਆ ਦਿੰਦਾ ਹੈ। ਏਆਈ ਵਾਲੀਆਂ ਰੱਖਿਆ ਪ੍ਰਣਾਲੀਆਂ ਸਾਈਬਰ ਸਿਕਿਉਰਟੀ ਪ੍ਰਕਿਰਿਆ ਵਿੱਚ ਵੀ ਬਹੁਤ ਮਦਦਗਾਰ ਹਨ। ਇਹ ਐਪਲੀਕੇਸ਼ਨ ਕੋਡ ਵਿੱਚ ਖਾਮੀਆਂ ਲੱਭਦਾ ਹੈ ਅਤੇ ਉਹਨਾਂ ਨੂੰ ਠੀਕ ਕਰਨ ਲਈ ਸੁਝਾਅ ਦਿੰਦਾ ਹੈ। ਇਸ ਤੋਂ ਇਲਾਵਾ, ਬਿਹੇਵੀਅਰਲ ਐਨਾਲਿਸਿਸ ਰਾਹੀਂ ਇੰਸਾਈਡਰ ਥ੍ਰੇਟ ਨੂੰ ਵੀ ਪਛਾਣਿਆ ਜਾ ਸਕਦਾ ਹੈ, ਜਿਸ ਵਿੱਚ ਕੋਈ ਅੰਦਰੂਨੀ ਵਿਅਕਤੀ ਗਲਤ ਕੰਮ ਕਰ ਰਿਹਾ ਹੋਵੇ। ਏਆਈ ਇਸ ਤਰ੍ਹਾਂ ਇੱਕ ਲਗਾਤਾਰ ਨਿਗਰਾਨ ਵਜੋਂ ਕੰਮ ਕਰਦਾ ਹੈ ਜੋ ਰਾਤ-ਦਿਨ ਡਾਟਾ ਵਿਸ਼ਲੇਸ਼ਣ ਕਰਦਾ ਰਹਿੰਦਾ ਹੈ। ਬੇਸ਼ਕ ਏਆਈ ਇੱਕ ਤਾਕਤਵਰ ਢਾਲ ਹੈ ਪਰ ਇਸਦੀਆਂ ਆਪਣੀਆਂ ਸੀਮਾਵਾਂ ਵੀ ਹਨ। ਹੈਕਰ ਵੀ ਏਆਈ ਸਿਸਟਮਾਂ ਤੇ ਹਮਲਾ ਕਰ ਸਕਦੇ ਹਨ ਜਿਵੇਂ ਕਿ ਪ੍ਰੋਂਪਟ ਇੰਜੈਕਸ਼ਨ ਜਾਂ ਏਆਈ ਮਾਡਲਾਂ ਨੂੰ ਗੁੰਮਰਾਹ ਕਰਨਾ। ਇਸ ਲਈ ਏਆਈ ਰੱਖਿਆ ਨੂੰ ਵੀ ਲਗਾਤਾਰ ਅਪਡੇਟ ਅਤੇ ਸੁਰੱਖਿਅਤ ਰੱਖਣਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਏਆਈ ਫੈਸਲਿਆਂ ਵਿੱਚ ਪਾਰਦਰਸ਼ਤਾ ਅਤੇ ਗੋਪਨੀਯਤਾ ਦੇ ਮੁੱਦੇ ਵੀ ਉੱਠਦੇ ਹਨ।

ਅੰਤ ਵਿੱਚ, ਸਾਈਬਰ ਸੁਰੱਖਿਆ ਵਿੱਚ ਏਆਈ ਇੱਕ ਅਜਿਹੀ ਤਕਨਾਲੌਜੀ ਹੈ ਜੋ ਖਤਰੇ ਅਤੇ ਰੱਖਿਆ ਦੋਵਾਂ ਨੂੰ ਬਦਲ ਰਹੀ ਹੈ। ਹੈਕਰ ਇਸਨੂੰ ਵਰਤ ਕੇ ਹਮਲਿਆਂ ਨੂੰ ਹੋਰ ਤੇਜ਼ ਅਤੇ ਛੁਪਣਯੋਗ ਬਣਾ ਰਹੇ ਹਨ ਜਦਕਿ ਰੱਖਿਆ ਟੀਮਾਂ ਇਸਨੂੰ ਵਰਤ ਕੇ ਤੇਜ਼ ਅਤੇ ਬੁੱਧੀਮਾਨ ਢੰਗ ਨਾਲ ਉੱਤਰ ਦੇ ਰਹੀਆਂ ਹਨ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਅਸੀਂ ਏਆਈ ਨੂੰ ਜ਼ਿੰਮੇਵਾਰੀ ਨਾਲ ਵਰਤੀਏ, ਲਗਾਤਾਰ ਨਵੀਨਤਾ ਲਿਆਈਏ ਅਤੇ ਮਨੁੱਖੀ ਨਿਗਰਾਨੀ ਨੂੰ ਲਗਾਤਾਰ ਚੁਸਤ-ਦਰੁਸਤ ਰੱਖਿਆ ਜਾਵੇ। ਸਾਈਬਰ ਸੁਰੱਖਿਆ ਇੱਕ ਲਗਾਤਾਰ ਚੱਲ ਰਿਹਾ ਯੁੱਧ ਹੈ ਅਤੇ ਏਆਈ ਇਸ ਵਿੱਚ ਇੱਕ ਮਹੱਤਵਪੂਰਨ ਹਥਿਆਰ ਬਣ ਚੁੱਕਾ ਹੈ। ਜੇ ਅਸੀਂ ਇਸਨੂੰ ਸਮਝਦਾਰੀ ਨਾਲ ਵਰਤੀਏ ਤਾਂ ਇਹ ਸਾਡੀ ਡਿਜੀਟਲ ਦੁਨੀਆਂ ਨੂੰ ਹੋਰ ਵੀ ਸੁਰੱਖਿਅਤ ਬਣਾ ਸਕਦਾ ਹੈ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# ਆਓ ਇੱਕ ਇੱਕ ਰੁੱਖ ਲਾਈਏ, ਸਵੱਛ ਵਾਤਾਵਰਨ ਲਿਆਈਏ

ਮੇਜਰ ਸਿੰਘ ਨਾਭਾ
ਮੋ:9463553962



ਪੰਜਾਬ ਸਰਕਾਰ ਹਰੇਕ ਸਾਲ ਲੱਖਾਂ ਪੌਦੇ ਲਾਉਣ ਦਾ ਟੀਚਾ ਉਲੀਕਦੀ ਹੈ। ਇਸੇ ਲੜੀ ਤਹਿਤ ਸਰਕਾਰੀ ਥਾਵਾਂ ਤੇ ਪੌਦੇ ਲਾ ਕੇ ਵਾਤਾਵਰਨ ਨੂੰ ਬਚਾਉਣ ਦੀ ਮੁਹਿੰਮ ਸ਼ੁਰੂ ਕੀਤੀ ਜਾਂਦੀ ਹੈ। ਜਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਦੀ ਰਹਿਨਮਾਈ ਹੇਠ ਲੱਖਾਂ ਬੂਟੇ ਲਾਉਣ ਦਾ ਪਲਾਨ ਤਿਆਰ ਕੀਤੇ ਜਾਂਦੇ ਹਨ। ਇਹ ਵਾਤਾਵਰਣ ਨੂੰ ਸਵੱਛ ਬਣਾਉਣ ਲਈ ਵਧੀਆ ਉਪਰਾਲਾ ਹੈ। ਪਿਛਲੇ ਸਾਲਾਂ ਤੋਂ ਵਾਤਾਵਰਣ ਨੂੰ ਸਵੱਛ ਰੱਖਣ ਲਈ ਬਹੁਤ ਸਾਰੀਆਂ ਯੋਜਨਾਵਾਂ ਉਲੀਕੀਆਂ ਗਈਆਂ ਹਨ। ਪਰ ਹਰੇਕ ਸਾਲ ਕਿੰਨੇ ਪੌਦੇ ਕਾਮਯਾਬ ਹੋ ਕੇ ਦਰੱਖਤ ਬਣਦੇ ਹਨ ਇਹ ਗੱਲ ਵੀ ਲੋਕਾਂ ਸਾਹਮਣੇ ਸਰਕਾਰ ਵਲੋਂ ਰੱਖੀ ਜਾਣੀ ਬਣਦੀ ਹੈ ਤਾਂ ਕਿ ਲੋਕ ਇਸ ਸਬੰਧੀ ਜਾਗਰੂਕ ਹੋਣ ਤੇ ਬਣਦਾ ਯੋਗਦਾਨ ਵੀ ਪਾਉਣ। ਹਰੇਕ ਸਾਲ 'ਇੱਕ ਰੁੱਖ ਸੋ ਸੁੱਖ' ਦੀ ਗੱਲ ਤਾਂ ਕੀਤੀ ਜਾਂਦੀ ਹੀ ਹੈ। ਬੱਚਿਆਂ ਲਈ ਇਹ ਨਾਅਰਾ ਬੜੀ ਅਹਿਮੀਅਤ ਰੱਖਦਾ ਹੈ, ਉਨ੍ਹਾਂ ਨੂੰ ਜਰੂਰ ਇਸ ਉੱਪਰ ਅਮਲ ਕਰਨ ਲਈ ਅਧਿਆਪਕਾਂ ਵਲੋਂ ਪ੍ਰੇਰਨਾ ਚਾਹੀਦਾ ਹੈ। ਇਸ ਤਰ੍ਹਾਂ ਭਾਵੇਂ ਹਰੇਕ ਸਾਲ ਲੱਖਾਂ ਬੂਟੇ ਲੱਗਦੇ ਹਨ, ਪਰ ਸੜਕਾਂ, ਨਹਿਰਾਂ, ਨਾਲਿਆਂ ਆਦਿ ਦੇ ਕੰਢਿਆਂ ਤੇ ਦਰੱਖਤਾਂ ਦੀ ਘਾਟ ਅਜੇ ਵੀ ਮਹਿਸੂਸ ਹੁੰਦੀ ਹੈ। ਕਈ ਵਾਤਾਵਰਣ ਪ੍ਰੇਮੀਆਂ, ਸੰਸਥਾਵਾਂ ਆਦਿ ਵਲੋਂ ਲੋਕਾਂ ਨੂੰ ਆਪਣੇ ਪੁੱਤਰਾਂ, ਧੀਆਂ ਦੇ ਜਨਮ ਦਿਨ, ਵਿਆਹ ਵਰ੍ਹੇ-ਗੰਢ ਮਨਾਉਣ ਸਮੇਂ ਇੱਕ ਇੱਕ ਰੁੱਖ ਲਗਾ ਕੇ ਉਸ ਦੇ ਪਾਲਣ ਪੋਸ਼ਣ ਕਰਨ ਦਾ ਅਪੀਲ ਕੀਤੀ ਜਾ ਰਹੀ ਹੈ। ਇਹੋ ਜਿਹੇ ਮੌਕੇ ਤੇ ਇਹ ਪੰਜਾਬ ਵਿੱਚ ਵਧੀਆ ਸੁਨੇਹਾ ਹੋਵੇਗਾ ਜੋ ਕਿ ਸਮੇਂ ਦੀ ਅਤਿ ਲੋੜ ਹੈ, ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ। ਬਹੁਤ ਸਾਰੇ ਮਾਪਿਆਂ ਅਤੇ ਸੰਸਥਾਵਾਂ ਨੇ ਇਸ ਸ਼ੰਦੇਸ਼ ਨੂੰ ਅਮਲੀ ਰੂਪ ਦਿੰਦੇ ਹੋਏ ਰੁੱਖ ਲਗਾਉਣੇ ਸ਼ੁਰੂ ਕਰਕੇ ਉਨ੍ਹਾਂ ਨੂੰ ਪਾਲਣ ਪੋਸ਼ਣ ਕਰਨ ਦਾ ਪ੍ਰਣ ਵੀ ਲਿਆ ਹੈ ਜੋ ਕਿ ਪੰਜਾਬ ਦੇ ਪ੍ਰਦੂਸ਼ਨ ਨੂੰ ਘਟਾਉਣ ਲਈ ਸ਼ੁਭ ਸ਼ੰਕੇਤ ਹੈ।

ਕੁਦਰਤ ਵੀ ਮਨੁੱਖ ਨੂੰ ਸਮੇਂ ਸਮੇਂ ਚਿਤਾਵਨੀ ਦਿੰਦੀ ਰਹਿੰਦੀ ਹੈ ਕਿਉਂ ਕਿ ਮਨੁੱਖ ਕੁਦਰਤ ਦੇ ਅਣਮੋਲ ਖਜ਼ਾਨੇ ਨਾਲ ਛੇੜ ਛਾੜ ਕਰਨੋ ਨਹੀਂ ਹਟਦਾ। ਦੂਸਰੇ ਪਾਸੇ ਏਨੇ ਵੱਧ ਰਹੇ ਤਾਪਮਾਨ ਤੋਂ ਰਾਹਤ ਪਾਉਣ ਲਈ ਦਰੱਖਤਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਪਿੰਡਾਂ ਵਿੱਚ ਸ਼ਾਮਲਾਟ ਜ਼ਮੀਨ ਦੇ ਕੁਝ ਹਿੱਸੇ ਉੱਪਰ ਦਰਖੱਤਾਂ ਦੇ ਲਾਉਣ ਦੀ ਗੱਲ਼ ਜਰੂਰ ਸੋਚਣ ਵਾਲੀ ਹੈ। ਪਟਿਆਲਾ ਜਿਲ੍ਹੇ ਦੇ ਪਿੰਡ ਦੰਦਰਾਲਾ ਢੀਂਡਸਾ ਦੇ ਸਮਾਜ ਸੇਵੀ ਸਵ: ਬਾਬਾ ਬਿਸ਼ਨ ਸਿੰਘ ਨੇ ਅੱਧੀ ਸਦੀ ਪਹਿਲਾਂ ਸਾਮਲਾਟ, ਸਾਂਝੀਆਂ ਥਾਵਾਂ, ਮੰਡੀਆਂ ਆਦਿ 'ਚ ਆਪ ਬੂਟੇ ਤਿਆਰ ਕਰਕੇ ਲਾਉਣੇ ਸ਼ੁਰੂ ਕੀਤੇ ਸਨ। ਇਲਾਕੇ ਦੇ ਪਿੰਡਾਂ, ਸ਼ਹਿਰਾਂ ਆਦਿ ਵਿੱਚ ਉਨ੍ਹਾਂ ਦੇ ਲਾਏ ਬੂਟੇ, ਜਿਨ੍ਹਾਂ 'ਚ ਪਿੱਪਲ,ਬਰੋਟੇ ਵੀ ਬਹੁਤ ਥਾਵਾਂ 'ਤੇ ਲਾਏ ਗਏ ਸਨ, ਜਿਹੜੇ ਅੱਜ ਠੰਡੀ ਛਾਂ ਅਤੇ ਹਵਾ ਦੇਣ ਨਾਲ ਵਾਤਾਵਰਣ ਨੂੰ ਸਵੱਛ ਰੱਖਣ ਲਈ ਸਹਾਈ ਹੋ ਰਹੇ ਹਨ। ਸਾਨੂੰ ਵੀ ਉਨ੍ਹਾਂ ਦੀ ਸੋਚ ਅਪਣਾ ਕੇ ਵਾਤਾਵਰਨ ਨੂੰ ਚੰਗੇਰਾ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਕੱਲੇ ਬੂਟੇ ਲਾਉਣ ਨਾਲ ਗੱਲ ਨਹੀਂ ਬਣਦੀ ਸਗੋਂ ਉਨ੍ਹਾਂ ਦੀ ਸੰਭਾਲ ਬਹੁਤ ਜਰੂਰੀ ਹੈ ਕਿਉਂ ਕਿ ਹਰੇਕ ਸਾਲ ਲੱਖਾਂ ਪੌਦੇ ਕਾਗਜ਼ਾਂ ਵਿੱਚ ਇੱਕ ਵਾਰ ਲਾ ਦਿੱਤੇ ਜਾਂਦੇ ਹਨ ਪਰ ਉਨ੍ਹਾਂ 'ਚੋਂ ਕਾਮਯਾਬ ਹੋਣ ਦੀ ਪ੍ਰਤੀਸ਼ਤ ਬਹੁਤ ਘੱਟ ਦਿਖਾਈ ਦਿੰਦੀ ਹੈ। ਇਸ ਸਬੰਧ ਵਿੱਚ ਮੇਰੀ ਇੱਕ ਕਵਿਤਾ ਵਿੱਚ ਜ਼ਿਕਰ ਕੀਤਾ ਗਿਆ ਹੈ :

ਆਉ ਇੱਕ-ਇੱਕ ਬੂਟਾ ਲਾਈਏ,
ਵਾਤਾਵਰਣ ਨੂੰ
ਹਰਿਆ-ਭਰਿਆ ਬਣਾਈਏ।
ਬੂਟਾ ਲਾ ਕੇ ਨਾ ਦਈਏ ਛੋੜ।
ਇਸ ਤੋਂ ਬਾਅਦ ਵੀ ਹੈ ਸਾਡੀ ਲੋੜ।
ਮਾਂ ਜਿਵੇਂ ਪੁੱਤ ਨੂੰ ਦੁੱਧ ਪਿਲਾਉਂਦੀ,
ਲਾਡ ਨਾਲ ਹੈ ਉਸਨੂੰ ਖਿਡਾਉਂਦੀ।
ਬੂਟੇ ਦੀ ਮਾਂ ਤੁਸਾਂ ਨੇ ਬਣਨਾ,
ਲਾਡ ਪਿਆਰ ਨਾਲ ਦੇਖ ਭਾਲ ਕਰਨਾ।
ਇਹ ਵੀ ਤੁਸਾਂ ਨੇ ਅਹਿਦ ਹੈ ਲੈਣਾ,
ਸਮੇਂ-ਸਮੇਂ ਸਿਰ ਪਾਣੀ ਹੈ ਦੇਣਾ।
ਬੂਟੇ ਵੀ ਥੋਡਾ ਕਰਨ ਸਤਿਕਾਰ,
ਜੇਕਰ ਤੁਸਾਂ ਕਰਦੇ ਹੋਂ ਦਿਲੋਂ ਪਿਆਰ।
ਮਨ ਥੋਡੇ ਨੂੰ ਖੁਸ਼ ਨੇ ਕਰਦੇ,
ਠੰਡੇ-ਠੰਡੇ ਬੁਲ੍ਹੇ ਨੇ ਛੱਡਦੇ।



ਵਾਤਾਵਰਣ ਦੀ ਜਿੰਦ-ਜਾਨ ਨੇ ਬੂਟੇ,
ਦਿੰਦੇ ਰਹਿੰਦੇ ਤਾਜੀ ਹਵਾ ਦੇ ਝੂਟੇ।
ਆਉ ਇੱਕ-ਇੱਕ ਬੂਟਾ ਲਾਈਏ,
ਵਾਤਾਵਰਣ ਨੂੰ ਹਰਾ ਭਰਾ ਬਣਾਈਏ।

ਪਿਛਲੇ ਸਾਲਾਂ ਦੋਰਾਨ ਪੰਜਾਬ 'ਚ ਸੜਕਾਂ ਨੂੰ ਚੌੜਾ ਕਰਨ, ਦਿੱਲੀ-ਕਟੜਾ ਹਾਈਵੇ ਦਾ ਬਣਨਾ, ਨਵੀਆਂ ਕਾਲੋਨੀਆਂ ਦੇ ਨਿਰਮਾਣ ਆਦਿ ਕਰਨ ਕਰਕੇ ਹਜ਼ਾਰਾਂ ਦਰੱਖਤ ਪੁੱਟੇ ਗਏ ਹਨ ਪਰ ਇਨ੍ਹਾਂ ਦੀ ਥਾਂ ਨਵੇਂ ਬੂਟੇ ਨਹੀਂ ਲੱਗ ਸਕੇ। ਜਾਨਵਰਾਂ ਅਤੇ ਪੰਛੀਆਂ ਦਾ ਰੁੱਖਾਂ ਨਾਲ ਗੂੜ੍ਹਾ ਸੰਬੰਧ ਹੈ ਸੋ ਇੱਧਰ ਧਿਆਨ ਦੇਣ ਦੀ ਲੋੜ ਹੈ।

ਜੰਗਲੀ ਜੀਵਾਂ ਦੀ ਸਾਂਭ ਸੰਭਾਲ ਲਈ ਪੰਜਾਬ ਅੰਦਰ 12 ਬੀੜ ਅਤੇ ਰੱਖਾਂ ਹਨ ਜੋ ਕਿ ਜਾਨਵਰਾਂ ਅਤੇ ਪੰਛੀਆਂ ਲਈ ਘੱਟ ਹਨ। ਰਾਜ ਦੀ ਸਾਢੇ ਤਿੰਨ ਪ੍ਰਤੀਸ਼ਤ ਧਰਤੀ ਜੰਗਲੀ ਖੇਤਰ 'ਚ ਆਉਂਦੀ ਹੈ, ਜੋ ਕਿ ਪ੍ਰਦੂਸ਼ਨ ਬੋਰਡ ਦੀਆਂ ਹਦਾਇਤਾਂ ਅਨੁਸਾਰ ਥੋੜੀ ਹੈ। ਕਰੋਨਾ ਕੋਵਿਡ-19 ਕਾਰਨ ਦੇਸ਼ ਅੰਦਰ ਲੰਬਾ ਸਮਾਂ ਲਾਕਡਾਊਨ ਰਹਿਣ ਕਰਕੇ ਪ੍ਰਦੂਸ਼ਨ ਘੱਟਣ ਕਾਰਨ ਕੁਦਰਤੀ ਵਾਤਾਵਰਨ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ। ਰੁੱਖਾਂ ਦੀ ਘੱਟ ਰਹੀ ਗਿਣਤੀ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋ ਰਹੀ ਹੈ। ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ। ਵਾਤਾਵਰਨ ਦਾ ਸੰਤੁਲਨ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੈ। ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ। ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਇਸੇ ਕਰਕੇ ਸੁਰੱਖਿਅਤ ਰੱਖਿਆ ਗਿਆ ਹੈ ਕਿ ਇਨ੍ਹਾਂ ਜੰਗਲੀ ਜੀਵਾਂ ਦੀ ਸਹੀ ਤਰੀਕੇ ਨਾਲ ਸਾਂਭ ਸੰਭਾਲ ਹੋ ਸਕੇ। ਜੇ ਨਵੀਂ ਸਰਕਾਰ ਇਨ੍ਹਾਂ ਜੰਗਲੀ ਜਾਨਵਰਾਂ ਅਤੇ ਪੰਛੀਆਂ ਲਈ ਰਹਿਣ, ਖਾਣ ਪੀਣ ਲਈ ਫਲਾਂ ਵਾਲੇ ਬੂਟੇ ਲਾ ਕੇ, ਕੁਦਰਤੀ ਮਾਹੌਲ ਆਦਿ ਦੇ ਕੇ ਇਹ ਕਰ ਵਿਖਾਉਂਦੀ ਹੈ ਤਾਂ ਇਨ੍ਹਾਂ ਲਈ ਬਹੁਤ ਵੱਡੀ ਰਾਹਤ ਹੋਵੇਗੀ।

ਸ਼ਹਿਰਾਂ, ਪਿੰਡਾਂ ਨੇੜੇ ਲੰਘ ਰਹੇ ਰਜਬਾਹਿਆਂ, ਨਹਿਰਾਂ ਆਦਿ ਨੂੰ ਸਰਕਾਰ ਪੱਕਾ ਕਰ ਰਹੀ ਹੈ, ਇਨ੍ਹਾਂ ਪਿੰਡਾਂ ਅਤੇ ਸ਼ਹਿਰਾਂ ਦੇ ਨੇੜੇ ਦੀ ਪਟੜੀ ਵੀ ਸੈਰ ਕਰਨ ਵਾਲਿਆਂ ਲਈ ਪੱਕੀ ਕਰਵਾ ਕੇ ਆਲੇ ਦੁਆਲੇ ਰੰਗ ਦਾਰ ਫੁੱਲਾਂ ਵਾਲੇ ਬੂਟੇ ਲਗਵਾ ਦਿੱਤੇ ਜਾਣ ਜਿਸ ਨਾਲ ਪੰਜਾਬ ਦੇ ਪਿੰਡਾਂ, ਸ਼ਹਿਰਾਂ ਦੀ ਸ਼ਾਨ ਵੀ ਵੱਧੇਗੀ ਅਤੇ ਇਸ ਤਰ੍ਹਾਂ ਲੋਕਾਂ ਲਈ ਇਹ ਏਰੀਆ ਰਮਣੀਕ ਬਣ ਸਕਦਾ ਹੈ। ਮਹਿਕਮੇ ਵਲੋਂ ਸੜਕ ਦੇ ਆਲੇ ਦੁਆਲੇ ਸੁੱਕੇ ਅਤੇ ਨਿਕੰਮੇ ਦਰਖੱਤਾਂ ਦੀ ਪੁਟਾਈ / ਕਟਾਈ ਕਰਵਾ ਕੇ ਇਸ ਥਾਂ ਨਵੇਂ ਫਲਦਾਰ ਅਤੇ ਛਾਂਦਾਰ ਕੀਮਤੀ ਲਕੜੀ ਵਾਲੇ ਪੌਦੇ / ਬੂਟੇ ਲਾਏ ਜਾਣ ਜੋ ਕਿ ਜੰਗਲੀ ਜਾਨਵਰਾਂ ਲਈ ਜੀਵਤ ਰਹਿਣ ਲਈ ਵੀ ਸਹਾਈ ਹੋਣਗੇ। ਇਸ ਤਰ੍ਹਾਂ ਇਨ੍ਹਾਂ ਜਾਨਵਰਾਂ ਦੀ ਸਹੀ ਸੰਭਾਲ ਵੀ ਕੀਤੀ ਜਾ ਸਕਦੀ ਹੈ ਅਤੇ ਵਾਤਾਵਰਨ ਵੀ ਸਵੱਛ ਹੋਵੇਗਾ।

ਸਰਦਾਰ ਸਰਦੂਲ ਸਿੰਘ ਜੀ ਮਰਵਾਹਾ ਸੋਲੀਹੁਲ ਕੌਂਸਲ ਦੇ ਪਹਿਲੇ ਦਸਤਾਰ-ਧਾਰੀ ਸਿੱਖ ਵਜੋਂ ਸਰਬ ਸੰਮਤੀ ਨਾਲ਼ ਨਿਯੁਕਤ ਕੀਤੇ ਗਏ ਮੇਅਰ ਹਨ, ਜਿਸ ਨਾਲ਼ ਸੋਲੀਹੁਲ ਕੌਂਸਲ ਦਾ ਨਵਾਂ ਇਤਿਹਾਸ ਸਿਰਜਿਆ ਗਿਆ ਹੈ। ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਬੜੇ ਮਾਣ ਵਾਲ਼ੀ ਗੱਲ ਹੈ। ਲੇਖਕ ਵਲੋਂ ਸਰਦਾਰ ਮਰਵਾਹਾ ਅਤੇ ਸਰਦਾਰਨੀ ਮਰਵਾਹਾ ਜੀ ਨੂੰ ਲੱਖ ਲੱਖ ਵਧਾਈ ਹੋਵੇ ਜੀ।

## ਮੇਅਰ ਸਰਦਾਰ ਸਰਦੂਲ ਸਿੰਘ ਜੀ ਮਰਵਾਹਾ



ਜੜ੍ਹਾਂ ਨਾ ਜੁੜਿਆ ਰਿਹਾ ਹਮੇਸ਼ਾਂ
ਸਦਾ ਹੀ ਆਪਣਾ ਮੂਲ ਪਛਾਣੇ,
ਹੋਈਆਂ ਸਤਿਗੁਰੂ ਜੀ ਦੀਆਂ ਮਿਹਰਾਂ
ਮੇਅਰ ਬਣ ਗਿਆ ਰੱਬ ਦੇ ਭਾਣੇ।

ਮਾਪਿਆਂ ਦੀਆਂ ਦੁਆਵਾਂ ਸਦਕਾ,
ਮੰਜ਼ਲ ਨੂੰ ਸਰ ਕਰਿਆ,
ਖੁਸ਼ੀਆਂ-ਖੇੜੇ ਵਿਹੜੇ ਖੇਡਣ,
ਘਰ ਚਾਵਾਂ ਨਾਲ਼ ਭਰਿਆ,
ਰਹਿਬਰ ਦੀ ਹੈ ਕਲਾ ਨਿਰਾਲੀ,
ਉਹਦੀਆਂ ਓਹੀ ਜਾਣੇ।
ਹੋਈਆਂ ਸਤਿਗੁਰੂ ਜੀ ਦੀਆਂ ਮਿਹਰਾਂ
ਮੇਅਰ ਬਣ ਗਿਆ ਰੱਬ ਦੇ ਭਾਣੇ।

ਮਾਰਵਾਹਾ ਜੀ ਹੈ ਮੇਅਰ ਬਣਿਆ
ਮੇਅਰਿਸ ਬਣੀ ਘਰਵਾਲੀ,
ਵਾਹਵਾ ਸੋਹਣੀ, ਸੁੰਦਰ ਜੋੜੀ
ਹਰ ਪੱਖੋਂ ਮਤਵਾਲੀ,
ਚੰਦ ਤਾਰੇ ਜਿਵੇਂ ਅੰਬਰੀਂ ਚਮਕਣ
ਦੂਰੋਂ ਜਾਣ ਪਛਾਣੇ।
ਹੋਈਆਂ ਸਤਿਗੁਰੂ ਜੀ ਦੀਆਂ ਮਿਹਰਾਂ
ਮੇਅਰ ਬਣ ਗਿਆ ਰੱਬ ਦੇ ਭਾਣੇ।

ਢਾਡੀ ਕਲਾ 'ਚ ਨਾਮਣਾ ਖੱਟਿਆ,
ਹੈ ਸਿਰ-ਕੱਢ ਬੁਲਾਰਾ,
'ਦਿਲਬਰ-ਚੌਧਰੀ' ਤੋਂ ਗੁਰ ਸਿੱਖੇ,
'ਜਸਵੰਤ' ਦਾ ਰਾਜ ਦੁਲਾਰਾ,
ਮੋਇਆਂ ਵਿੱਚ ਸੀ ਜਾਨ ਪਾ ਦਿੰਦੇ
ਸੁਣਾ ਪ੍ਰਸੰਗ ਸੁਹਾਣੇ।
ਹੋਈਆਂ ਸਤਿਗੁਰੂ ਜੀ ਦੀਆਂ ਮਿਹਰਾਂ
ਮੇਅਰ ਬਣ ਗਿਆ ਰੱਬ ਦੇ ਭਾਣੇ।

ਇਤਿਹਾਸ ਸਿਰਜਿਆ ਸੋਲੀਹੁਲ ਦਾ,
ਮੇਅਰ ਸਿਰ ਦਸਤਾਰ,
ਗਲ਼ ਸੋਨੇ ਦਾ ਹਾਰ ਪਿਆ ਫੱਬੇ,
ਪੁਸ਼ਾਕ ਤੋਂ ਸਿੰਘ ਸਰਦਾਰ,
ਬੈਜ, ਹਾਰ ਤੇ ਚੇਨਾਂ ਲਿਸ਼ਕਣ
ਲੱਗਣ ਰਾਜੇ ਰਾਣੇ।
ਹੋਈਆਂ ਸਤਿਗੁਰੂ ਜੀ ਦੀਆਂ ਮਿਹਰਾਂ
ਮੇਅਰ ਬਣ ਗਿਆ ਰੱਬ ਦੇ ਭਾਣੇ।
ਨੱਬੇ ਵਿੱਚ ਐਮ.ਬੀ.ਈ. ਮਿਲ਼ਿਆ
ਜੇ.ਪੀ. ਬਣਕੇ ਸੇਵ-ਨਿਭਾਈ,
ਲੋੜਵੰਦਾਂ ਲਈ ਹਾਜ਼ਰ ਰਹਿੰਦਾ
ਕੀਤੀ ਲੋਕ ਭਲਾਈ,
ਹਰ ਇਕ ਕੰਮ ਸਕੀਮ 'ਨਾ ਕਰਦਾ
ਤਣਦਾ ਤਾਣੇ ਬਾਣੇ।
ਹੋਈਆਂ ਸਤਿਗੁਰੂ ਜੀ ਦੀਆਂ ਮਿਹਰਾਂ
ਮੇਅਰ ਬਣ ਗਿਆ ਰੱਬ ਦੇ ਭਾਣੇ।

ਸਮਾਜ ਉਸਾਰੀ ਦੇ ਕੰਮ ਸਾਰੇ
ਮੂਹਰੇ ਹੋ-ਹੋ ਕਰਦਾ,
ਕਿਸੇ ਤਾਂਈਂ ਕਦੇ ਨਾ ਧਮਕਾਇਆ
ਨਹੀਂ ਕਿਸੇ ਤੋਂ ਡਰਦਾ,
ਸਭ ਜੁਗਤਾਂ ਦੀ ਜਾਂਚ ਹੈ ਪੂਰੀ
ਕਿੰਝ ਖੁਸ਼ ਰੱਖਣੇ ਲਾਣੇ।
ਹੋਈਆਂ ਸਤਿਗੁਰੂ ਜੀ ਦੀਆਂ ਮਿਹਰਾਂ
ਮੇਅਰ ਬਣ ਗਿਆ ਰੱਬ ਦੇ ਭਾਣੇ।

ਸੋਲੀਹੁਲ ਦੀਆਂ ਗਲ਼ੀਆਂ ਅੰਦਰ
ਲੋਕਾਂ ਰੌਣਕਾਂ ਲਾਈਆਂ,
"ਨਛੱਤਰ ਭੋਗਲ" ਜਿਹੇ ਉਪਾਸ਼ਕ
ਆਏ ਦੇਣ ਵਧਾਈਆਂ,
ਝੰਡੇਰ ਕਲਾਂ ਤੋਂ ਵਗਣ ਹਵਾਵਾਂ
ਆਈਆਂ ਭਾਖੜੀਆਣੇ।
ਹੋਈਆਂ ਸਤਿਗੁਰੂ ਜੀ ਦੀਆਂ ਮਿਹਰਾਂ
ਮੇਅਰ ਬਣ ਗਿਆ ਰੱਬ ਦੇ ਭਾਣੇ।



ਨਛੱਤਰ ਸਿੰਘ ਭੋਗਲ
"ਭਾਖੜੀਆਣਾ" (U.K.)

# ਵੱਟਸਅੱਪ ਦੇ 'ਯੂਜ਼ਰਨੇਮ ਫੀਚਰ' ਸੰਬੰਧੀ ਸਰਕਾਰ ਦੀ ਚਿੰਤਾ ਜਾਇਜ਼

### ਪ੍ਰੋ. ਕੁਲਬੀਰ ਸਿੰਘ



ਸਰਕਾਰ ਦੇ ਯਤਨਾਂ ਸਦਕਾ ਨੰਬਰ ਨਾਲ ਫ਼ੋਨ ਕਰਨ ਵਾਲੇ ਦਾ ਨਾਂ ਵੀ ਸਕਰੀਨ 'ਤੇ ਆਉਣਾ ਲੱਗਾ ਤਾਂ ਲੋਕਾਂ ਨੇ ਵੱਡੀ ਰਾਹਤ ਮਹਿਸੂਸ ਕੀਤੀ ਸੀ। ਪਰ ਹੁਣ ਇੱਕ ਕੰਪਨੀ ਪੁੱਠਾ ਗੇੜਾ ਦੇਣ ਵੱਲ ਵਧ ਰਹੀ ਹੈ।

ਵਿਵਾਦਿਤ ਯੂਜਰਨੇਮ ਫੀਚਰ' ਸੰਬੰਧੀ ਕੰਪਨੀ ਦਾ ਕਹਿਣਾ ਹੈ ਕਿ ਸਰਕਾਰ ਨਾਲ ਗੱਲਬਾਤ ਮੁਕੰਮਲ ਹੋਣ ਤੱਕ ਇਸ ਫੀਚਰ ਨੂੰ ਭਾਰਤ ਵਿਚ ਲਾਗੂ ਨਹੀਂ ਕੀਤਾ ਜਾਵੇਗਾ। ਇਸ ਫੀਚਰ ਤਹਿਤ ਵਰਤੋਂਕਾਰਾਂ ਨੂੰ ਆਪਣਾ ਨੰਬਰ ਸਾਂਝਾ ਕੀਤੇ ਬਗੈਰ ਇਕ ਦੂਸਰੇ ਨਾਲ ਗੱਲਬਾਤ ਕਰਨ ਦੀ ਸਹੂਲਤ ਮਿਲਦੀ ਹੈ।

ਕੇਂਦਰ ਸਰਕਾਰ ਨੂੰ ਤੌਖਲਾ ਹੈ ਕਿ ਇਸ ਨਾਲ ਆਨਲਾਈਨ ਧੋਖਾਧੜੀ, ਫਿਸ਼ਿੰਗ, ਡਿਜ਼ੀਟਲ ਅਰੈੱਟਸ ਸਕੈਮ ਅਤੇ ਨਕਲੀ ਪਛਾਣ ਦੇ ਮਾਮਲਿਆਂ ਵਿਚ ਵੱਡਾ ਵਾਧਾ ਹੋਵੇਗਾ। ਇਸ ਲਈ ਸਰਕਾਰ ਵੱਲੋਂ ਕੰਪਨੀ ਨੂੰ ਨੋਟਿਸ ਭੇਜਿਆ ਗਿਆ ਸੀ। ਨੋਟਿਸ ਮਿਲਣ ਬਾਅਦ ਕੰਪਨੀ ਦੀ ਟੀਮ ਨੇ ਸੂਚਨਾ ਤਕਨੀਕ (ਆਈ ਟੀ) ਮੰਤਰੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਉਪਰੰਤ ਕੰਪਨੀ ਨੂੰ ਜਵਾਬ ਦੇਣ ਲਈ ਤਿੰਨ ਦਿਨ ਦਾ ਹੋਰ ਸਮਾਂ ਦੇ ਦਿੱਤਾ ਗਿਆ। ਹੁਣ ਉਹ ਸਮਾਂ ਵੀ ਲੰਘ ਗਿਆ ਹੈ।

ਨੋਟਿਸ ਦੁਆਰਾ ਸਰਕਾਰ ਵੱਲੋਂ ਕੰਪਨੀ ਨੂੰ ਪੁੱਛਿਆ ਗਿਆ ਸੀ ਕਿ ਵੱਟਸਅੱਪ ਦੇ ਨਵੇਂ ਫੀਚਰ ਨਾਲ ਸਾਈਬਜਰ ਅਪਰਾਧ ਵੱਧ ਸਕਦੇ ਹਨ। ਇਸ ਲਈ ਕਿਉਂ ਨਾ ਆਈ ਟੀ ਐਕਟ ਤਹਿਤ ਕੰਪਨੀ 'ਤੇ ਕਾਰਵਾਈ ਕੀਤੀ ਜਾਵੇ ?

ਸਰਕਾਰ ਨੇ ਇਹ ਵੀ ਕੰਪਨੀ ਦੇ ਧਿਆਨ ਵਿਚ ਲਿਆਂਦਾ ਕਿ ਵੱਟਸਅੱਪ, ਆਈ ਟੀ ਐਕਟ ਅਤੇ ਹੋਰ ਨਿਯਮਾਂ ਨਾਲ ਬੱਝਾ ਹੋਇਆ ਹੈ। ਇਸ ਲਈ ਇਹ ਮਨਮਰਜ਼ੀ ਨਹੀਂ ਕਰ ਸਕਦਾ। ਸਰਕਾਰ ਨੇ ਇਸ ਫੀਚਰ 'ਤੇ ਰੋਕ ਲਗਾਉਣ ਲਈ ਕਿਹਾ ਸੀ।

ਸਰਕਾਰ ਨੂੰ ਡਰ ਹੈ ਕਿ ਨੰਬਰ ਛੁਪਾਉਣ ਦੀ ਇਸ ਸਹੂਲਤ ਦਾ ਲਾਭ ਲੈਂਦਿਆਂ ਧੋਖੇਬਾਜ਼ ਲੋਕ.......ਕਈ ਤਰ੍ਹਾਂ ਦੀ ਧੋਖਾਧੜੀ ਕਰ ਸਕਦੇ ਹਨ।

ਕੰਪਨੀ ਨੇ ਇਹ ਫੀਚਰ 30 ਜੂਨ ਨੂੰ ਪੂਰੇ ਵਿਸ਼ਵ ਵਿਚ ਸ਼ੁਰੂ ਕੀਤਾ ਹੈ। ਭਾਵੇਂ ਇਸਦੀ ਵਰਤੋਂ ਕਰਨ ਦੀ 'ਯੂਜ਼ਰ' ਦੀ ਆਪਣੀ ਚੋਣ ਦੱਸਿਆ ਗਿਆ ਹੈ। ਪਰ ਸਪੱਸ਼ਟ ਹੈ ਕਿ ਗਲਤ ਲੋਕ ਇਸਦਾ ਉਪਯੋਗ ਜ਼ਰੂਰ ਕਰਨਗੇ। ਪਹਿਚਾਣ ਦੀ ਚੋਰੀ ਅਤੇ ਪਹਿਚਾਣ ਲੁਕਾਉਣ ਵਾਲਿਆਂ ਲਈ ਇਹ ਇਕ ਸ਼ਾਨਦਾਰ 'ਪ੍ਰਾਈਵੇਸੀ ਟੂਲ' ਹੋਵੇਗਾ।

ਸੁਰੱਖਿਆ ਏਜੰਸੀਆਂ ਦੀ ਸੱਭ ਤੋਂ ਵੱਡੀ ਚਿੰਤਾ ਇਹ ਹੈ ਕਿ ਜੇਕਰ ਇਸ ਫੀਚਰ ਦੀ ਸਹੂਲਤ ਭਾਰਤ ਵਿਚ ਦਿੱਤੀ ਜਾਦੀ ਹੈ ਤਾਂ ਅਪਰਾਧੀਆਂ ਨੂੰ 'ਟਰੈਕ' ਕਰਨ ਵਿਚ ਮੁਸ਼ਕਲ



ਪੇਸ਼ ਆਵੇਗੀ।

ਓਧਰ ਕੰਪਨੀ (ਮੇਟਾ) ਦਾ ਕਹਿਣਾ ਹੈ ਕਿ ਉਹ ਸੁਰੱਖਿਆ ਦੇ ਸੰਬੰਧ ਵਿਚ ਪੂਰੀ ਤਰ੍ਹਾਂ ਪ੍ਰਤੀਬੱਧ ਹੈ।

ਮੇਟਾ, ਮਾਰਕ ਜੁਕਰਬਰਗ ਦੁਆਰਾ ਚਲਾਈ ਜਾ ਰਹੀ ਅਮਰੀਕਾ ਦੀ ਚਰਚਿਤ ਕੰਪਨੀ ਦਾ ਨਾਂ ਹੈ ਜਿਸਨੂੰ ਦੁਨੀਆਂ ਫੇਸਬੁਕ ਵਜੋਂ ਜਾਣਦੀ ਹੈ।

ਫੇਸਬੁਕ, ਵੱਟਸਅੱਪ, ਇੰਸਟਾਗ੍ਰਾਮ ਅਤੇ ਮੈਸੇਂਜਰ, ਮੇਟਾ ਕੰਪਨੀ ਦੁਆਰਾ ਸੰਚਾਲਿਤ ਕੀਤੇ ਜਾ ਰਹੇ ਹਨ।

ਮੇਟਾ ਦਾ ਸ਼ਬਦੀ-ਅਰਥ 'ਉੱਚ-ਪੱਧਰ 'ਤੇ' ਜਾਂ 'ਬ੍ਰਹਿਮੰਡ ਤੋਂ ਪਰੇ' ਹੈ।

ਮੇਟਾ ਦੀ ਸ਼ੁਰੂਆਤ ਵੇਲੇ ਇਸਦਾ ਮੁੱਖ ਮਨੋਰਥ ਇੰਟਰਨੈੱਟ 'ਤੇ ਇਕ ਅਜਿਹੇ ਸੰਸਾਰ ਦਾ ਨਿਰਮਾਣ ਕਰਨਾ ਮਿਥਿਆ ਗਿਆ ਸੀ ਜਿਹੜਾ ਅਸਲ ਨਾ ਹੋਵੇ, ਪਰ ਅਸਲ ਵਰਗਾ ਹੋਵੇ। ਇਸਨੂੰ 'ਮੇਟਾਵਰਸ' ਕਿਹਾ ਜਾਂਦਾ ਹੈ। ਕੰਪਨੀ ਅਜਿਹਾ ਲੋਕਾਂ ਦੀ ਪਹਿਚਾਣ ਲੁਕਾ ਕੇ ਕਰਨਾ ਚਾਹੁੰਦੀ ਹੈ। 'ਯੂਜਰਨੇਮ ਫੀਚਰ' ਇਸੇ ਦਿਸ਼ਾ ਵੱਲ ਇਕ ਕਦਮ ਹੈ।

ਕੰਪਨੀ ਏ ਆਈ ਅਤੇ ਮੇਟਾਵਰਸ ਤਕਨੀਕਾਂ ਦੇ ਖੇਤਰ ਵਿਚ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ।

ਮੇਟਾ ਦੇ ਸੋਸ਼ਲ ਮੰਚਾਂ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਅਰਬਾਂ ਵਿਚ ਹੈ। ਉਨ੍ਹਾਂ ਦੇ ਡੇਟਾ ਦੇ ਆਧਾਰ 'ਤੇ ਕਾਰੋਬਾਰੀ ਜਗਤ ਇਸ਼ਤਿਹਾਰ ਤਿਆਰ ਕਰਦਾ ਹੈ। ਬਦਲੇ ਵਿਚ ਵਰਤੋਂਕਾਰਾਂ ਨੂੰ ਆਪਸ ਵਿਚ ਜੁੜਨ, ਤਸਵੀਰਾਂ- ਵੀਡੀਓ ਸ਼ੇਅਰ ਕਰਨ, ਸੰਦੇਸ਼-ਸੁਨੇਹੇ ਭੇਜਣ ਦਾ ਲਾਲਚ ਦਿੱਤਾ ਗਿਆ ਹੈ। ਸਪੱਸ਼ਟ ਹੈ ਲੋਕਾਂ ਦਾ ਡੇਟਾ ਸੁਰੱਖਿਅਤ ਨਹੀਂ

'ਯੂਜਰਨੇਮ ਫੀਚਰ' ਵਿਵਾਦ ਸੰਬੰਧੀ ਸਰਕਾਰ ਅਤੇ ਵੱਟਸਅੱਪ ਆਹਮੋ-ਸਾਹਮਣੇ ਹਨ। ਸਰਕਾਰ ਦੀ ਚਿੰਤਾ ਜਾਇਜ਼ ਹੈ ਅਤੇ ਉਹ ਸਹੀ ਦਿਸ਼ਾ ਵਿਚ ਅੱਗੇ ਵਧ ਰਹੀ ਹੈ।

ਸਾਲ 2026 ਦੌਰਾਨ ਸਾਈਬਰ ਅਪਰਾਧ ਇਕ ਗੰਭੀਰ ਸਮੱਸਿਆ ਬਣ ਗਿਆ ਹੈ। ਇਸ ਨਾਲ ਦੁਨੀਆਂ ਵਿਚ 880 ਲੱਖ ਕਰੋੜ ਦੇ ਆਰਥਿਕ ਨੁਕਸਾਨ ਦਾ ਅਨੁਮਾਨ ਹੈ। ਆਕਸਫੋਰਡ ਯੂਨੀਵਰਸਿਟੀ ਵੱਲੋਂ ਜਾਰੀ ਸਾਈਬਰ ਅਪਰਾਧ ਅੰਕੜਿਆਂ ਦਾ ਅਨੁਸਾਰ ਰੂਸ, ਯੂਕਰੇਨ, ਚੀਨ, ਅਮਰੀਕਾ, ਨਾਈਜੀਰੀਆ, ਇਜ਼ਰਾਈਲ, ਭਾਰਤ ਜਿਹੇ ਮੁਲਕਾਂ ਦੀ ਸਥਿਤੀ ਵਧੇਰੇ ਖਰਾਬ ਹੈ।

* * * * * *

# ਦੁਨੀਆ ਦੇ ਹੀਰੋ...

### ਰਣਵੀਰ ਸਿੰਘ ਰਾਣਾ

ਖੇਡਾਂ ਨਾਲ ਮਨੁੱਖਾਂ ਦਾ ਆਦਿ ਕਾਲ 'ਤੋਂ ਨਾਤਾ ਰਿਹਾ। ਪਰ ਅੱਜ ਦੇ ਜ਼ਮਾਨੇ ਵਿੱਚ ਜਿਹੜੀ ਖੇਡ ਬਹੁਤ ਪ੍ਰਚਲਿਤ ਹੈ, ਉਹ ਫ਼ੁਟਬਾਲ ਹੈ, ਹਰ ਦੇਸ਼ ਵਿੱਚ ਖੇਡਿਆ ਜਾਂਦਾ। ਇਹ ਤਕਰੀਬਨ ਹਰ ਦੇਸ਼ ਦੇ ਬੱਚੇ ਗਰਾਊਂਡ ਵਿੱਚ ਖੇਡ ਦੇ ਦਿੱਖ ਜਾਣਗੇ। ਯੂਰਪੀ ਦੇਸ਼ਾਂ ਵਿੱਚ ਤਾਂ ਹਰ ਸਾਲ ਕਈ ਮਹੀਨੇ ਚੱਲਦਾ ਰਹਿੰਦਾ। ਹਰ ਚਾਰ ਸਾਲ ਬਾਅਦ ਯੂਰੋ ਕੱਪ ਆਉਦੇ, ਜਿਹਦੇ ਵਿੱਚ ਸਿਰਫ ਯੂਰਪ ਦੇ ਖਿਡਾਰੀ ਖੇਡਦੇ ਨੇ, ਚਾਰ ਸਾਲ ਬਾਅਦ ਵਰਲਡ ਕੱਪ ਆਉਂਦਾ, ਜਿਹਦੇ ਵਿੱਚ ਦੁਨੀਆਂ ਭਰ ਦੀਆਂ ਟੀਮਾਂ ਖੇਡਦੀਆਂ। ਕਈ ਖਿਡਾਰੀ ਇਹਨਾਂ ਮੈਚਾਂ ਵਿੱਚ ਆਪਣੀ ਪੂਰੀ ਛਾਪ ਛੱਡ ਜਾਂਦੇ ਨੇ, ਉਹਨਾਂ ਦੀਆਂ ਪ੍ਰਾਪਤੀਆਂ ਦੀਆਂ ਕਈ ਸਾਲ ਗੱਲਾਂ ਹੁੰਦੀਆਂ ਰਹਿੰਦੀਆਂ। ਚਲਦੇ ਮੁਕਾਬਲੇ ਵਿੱਚ ਉਹਨਾਂ ਦੇ ਕਰੌੜਾ ਯੂਰੋ, ਡਾਲਰਾਂ, 'ਤੇ ਪੌਂਡ ਮੁੱਲ ਪੈਂਦੇ। ਜੇ ਅੱਜ ਦੇ ਸਮੇਂ ਦੀ ਗੱਲ ਕਰੀਏ, ਤਦ ਤਿੰਨ ਪਲੇਅਰਾਂ ਦੀ ਤੂਤੀ ਬੋਲਦੀ ਦੀ ਆ, ਹਰ ਇੱਕ ਦੀ ਜ਼ਬਾਨ 'ਤੇ ਇਹਨਾਂ ਦੇ ਨਾਂ ਨੇ, ਪੁਰਤਗਾਲ ਦਾ ਰੀਨਾਡੋ, ਫਰਾਂਸ ਦਾ ਮਪਾਪੇ, 'ਤੇ ਅਰਜਨਟੀਨਾ ਦਾ ਮੈਸੀ, ਵੈਸੇ ਤਾਂ ਸਾਰੇ ਖਿਡਾਰੀ ਵਧੀਆ ਹੁੰਦੇ ਆ, ਤਦ ਹੀ "ਬੇਗਾਨੇ ਪੁੱਤਾਂ" ਨਾਲ ਭੇੜ ਹੁੰਦਾ ਆ। ਪਰ ਜਿਹੜੇ ਸਾਰੀ ਟੀਮ ਨੂੰ ਲੀਡ ਕਰਦਾ, ਉਸ ਦੀ ਗੱਲ ਵੱਖਰੀ ਹੁੰਦੀ ਆ, ਪਰ ਐਤਕੀਂ ਵਰਲਡ ਕੱਪ ਵਿੱਚ ਇੱਕ ਵੱਖਰੇ ਦੇਸ਼ ਦੀ ਟੀਮ ਨੇ ਕਹਿਰ ਕਰ ਦਿੱਤਾ। ਉਹ ਦੇਸ਼ ਤਾਂ ਬਹੁਤਿਆਂ ਨੇ ਦੁਨੀਆਂ ਦੇ ਨਕਸ਼ੇ 'ਤੇ ਵੀ ਨਹੀਂ ਵੇਖਿਆ ਹੌਣਾ। ਸਿਰਫ ਪੰਜ ਲੱਖ ਤੀਹ ਕੁ ਹਜ਼ਾਰ ਦੀ ਆਬਾਦੀ ਵਾਲੇ ਦੇਸ਼ ਦੇ ਗਭਰੂਆ ਨੇ ਗਰਾਊਂਡ ਵਿੱਚ ਹਨੇਰੀ ਲਿਆ ਦਿੱਤੀ। ਬਹੁਤੇ ਦੁਨੀਆਂ ਦੇ ਲੋਕ ਇਹੋ ਸੋਚਣ ਲੱਗ ਪਏ ਸੀ। ਜਿਸ ਤਰ੍ਹਾਂ ਇਹ ਖੇਡ ਦੇ ਨੇ ਕੱਪ ਦੇ ਲਾਗੇ ਪਹੁੰਚ ਜਾਣਗੇ। ਉਹ ਖਿਡਾਰੀ ਸਨ ਛੋਟੇ ਜਿਹੇ ਦੇਸ਼ ਕਾਬੋ ਵਰਡੇ ਦੇ, ਜਦੋਂ ਇਹਨਾਂ ਦਾ ਮੁਕਾਬਲਾ ਸਪੇਨ ਨਾਲ ਹੋਇਆ, ਕੋਈ ਸੋਚ ਵੀ ਨਹੀਂ ਸਕਦਾ ਸੀ। ਲੋਕਾਂ ਨੇ ਕਰੌੜਾ ਪੈਸਾ ਬੁੱਕੀਆਂ ਵਿੱਚ ਜਾ ਕੇ ਸਪੇਨ ਦੀ ਟੀਮ 'ਤੇ ਲਾਇਆ। ਪਰ ਇਹਨਾਂ ਖਿਡਾਰੀਆਂ ਨੇ ਪਾਸਾ ਪਲਟ ਦਿੱਤਾ। ਕੱਲਾ ਪਾਸਾ ਨਹੀਂ ਪਲਟਿਆ, ਸਗੋਂ ਲੋਕਾਂ ਦੀਆਂ ਮੂੰਹ ਵਿੱਚ ਉਂਗਲਾਂ ਪਾ ਦਿੱਤੀਆਂ, ਕਿੱਥੇ ਇੱਕ ਪਾਸੇ ਕਰੌੜਾ ਮੁੱਲ ਦੇ ਖਿਡਾਰੀ, ਕਿੱਥੇ ਸਿਰਫ ਹਜ਼ਾਰਾਂ ਲੈਣ ਵਾਲੇ ਖਿਡਾਰੀ, ਇਹਨਾਂ ਖਿਡਾਰੀਆਂ ਨੇ ਦੁਨੀਆ ਦੀ ਮੰਨੀ ਹੋਈ ਟੀਮ ਨਾਲ ਡੇਢ ਘੰਟੇ ਪੂਰੀ ਡਾਂਗ ਵਾਹੀ। ਮੈਚ ਕਾਹਦਾ ਪੂਰੀ ਅੱਗ ਸੀ। ਇਹੋ ਜਿਹਾ ਮੈਚ ਕਦੇ ਵਰਿਆ ਬਾਆਦ ਵੇਖਣ ਨੂੰ ਮਿਲਿਆ। ਇਸ 'ਤੋਂ ਅਗਲਾ ਮੈਚ ਅਰਜਨਟੀਨਾ ਨਾਲ ਇਹੋ ਜਿਹਾ ਸੀ। ਅਰਜਨਟੀਨਾ ਵਰਗੀ ਟੀਮ ਜਿਹਦੇ ਵਿੱਚ ਦੁਨੀਆਂ ਦੇ ਸਭ 'ਤੋਂ ਮਹਿੰਗੇ ਖਿਡਾਰੀ ਖੇਡ ਰਹੇ ਸੀ। ਪੂਰਾ ਡੇਢ ਘੰਟਾ ਇਹਨਾਂ ਨੇ ਗੋਡਣੀਆਂ ਲਿਆਈਂ ਰੱਖੀਆਂ, ਹਾਰਨ ਜਿੱਤਣ ਤਾਂ ਹੰਦਾ ਹੀ, ਇਕ ਨੇ ਤਾਂ ਜਿੱਤਣਾ ਹੁੰਦਾ। ਪਰ ਸਿਆਣਿਆਂ ਦੇ ਮੁਤਾਬਕ, 'ਜਿਹੜੇ ਖਿਡਾਰੀ ਹਾਰਨ ਜਿੱਤਣ ਨਾਲੋ ਵਧੀਆ ਖੇਡ ਦਿਖਾਉਂਦੇ ਨੇ, ਉਹਨਾਂ ਦੀ ਜਿੱਤਣ ਨਾਲੋ ਵੱਧ ਪ੍ਰਸ਼ੰਸਾ ਹੁੰਦੀ ਆ। 'ਇਹੋ ਇਸ ਟੀਮ ਨੇ ਕੀਤਾ, ਇਹਨਾਂ ਲੋਕਾਂ ਦੇ ਕੱਲੇ ਦਿਲ ਨਹੀਂ ਜਿੱਤੇ, ਸਗੋਂ ਲੋਕਾਂ ਦੇ ਦਿਲਾਂ ਵਿੱਚ ਅਗਲਾ ਵਰਲਡ ਕੱਪ 'ਤੇ ਇਹਨਾਂ ਦੇ ਮੈਚ ਵੇਖਣ ਤਾਂਘ ਪੈਦਾ ਕਰ ਦਿੱਤੀ। ਕੱਲੀ ਤਾਂਘ ਨਹੀਂ ਪੈਦਾ ਕੀਤੀ, ਸਗੋਂ ਰੀਨਾਡੋ, ਮਪਾਪੇ 'ਤੇ ਮੈਸੀ ਵਰਗੇ ਵੀ ਸੋਚਦੇ ਸੀ। "ਇਹ ਕਿਹੜੀ ਪਟਾਰੀ ਵਿੱਚੋਂ ਸੱਪ ਨਿਕਲ ਆਏ, ਜਿਹੜੇ ਡੰਗ ਬੜੇ ਕਸੂਤੇ ਮਾਰਦੇ ਨੇ ?"

ਇਸ ਟੀਮ ਵਿੱਚੋਂ ਜੇ ਸਭ 'ਤੋਂ ਵੱਧ ਪ੍ਰਸਿੱਧੀ ਮਿਲੀ ਤਦ ਉਹ ਇਹਨਾਂ ਦਾ ਗੋਲ -ਕੀਪਰ ਵੋਜਿਨਹਾ, ਜਿਸ ਦੀ ਖੇਡ ਵੇਖ ਕੇ ਦੁਨੀਆਂ ਭਰ ਦੇ ਲਿਖਾਰੀਆਂ ਨੇ ਕਲਮਾਂ ਚਲਾ ਦਿੱਤੀਆਂ, 'ਤੇ ਰਿਪੋਰਟ ਉਹਦੀ ਇਨਰਵਿਊ ਲੈਣ ਲਈ ਭੱਜ ਤੁਰੇ। ਦੁਨੀਆ ਭਰ ਦੇ ਪੇਪਰਾਂ ਵਿੱਚ ਚਾਲੀ ਸਾਲਾਂ ਵੋਜਿਨਹਾ ਗੋਲ਼-ਕੀਪਰ ਦੀਆਂ ਖ਼ਬਰਾਂ ਲੱਗੀਆਂ। ਇਸ 'ਤੋਂ ਪਹਿਲਾਂ ਜਰਮਨ ਦਾ ਗੋਲ਼-ਕੀਪਰ "ਉਲੀਵਰ ਖਾਨ" ਜਿਹਦੀ ਸਾਲ 1994 'ਤੋਂ ਲੈ ਕੇ ਸਾਲ 2008 ਤੱਕ ਦਹਿਸ਼ਤ ਰਹੀ। ਉਹ ਵੀ ਇਹਦੀ ਖੇਡ ਵੇਖ ਕੇ ਕਹਿ ਉਠਿਆ।

"ਕਿਹੜਾ ਜੰਮਿਆ ਪਿਆ ਸੂਰਮਾ
ਜਿਹੜਾ ਮੇਰੇ ਬਣਾਏ ਰਿਕਾਰਡ ਤੌੜੇ"

ਅਸੀਂ ਛੋਟੇ ਹੁੰਦੇ ਇੱਕ ਦੇਵੀ ਦੀ ਫੋਟੋ ਵੇਖ ਦੇ ਹੁੰਦੇ ਸੀ। ਜਿਹਦੀ ਪਿੱਠ ਪਿੱਛੇ ਬਾਰਾਂ ਜਾਂ ਚੌਦਾਂ ਬਾਹਾਂ ਹੁੰਦੀਆਂ ਸੀ। ਮਤਲਬ ਕਿਸੇ ਪਾਸਿਓਂ ਵੀ ਕੋਈ ਸ਼ਾਸਤਰ ਆਵੇ, ਉਸ ਪਾਸੇ 'ਤਾਂ ਬਾਂਹ ਰੋਕ ਲਵੇਗੀ। ਪਰ ਇਸ ਟੀਮ ਦੇ ਗੋਲ-ਕੀਪਰ ਦੀਆਂ ਦੋਵੇਂ ਬਾਹਾਂ ਹੀ ਸਪੇਨ ਨਾਲ ਚੱਲਦੇ ਮੈਚ ਵਿੱਚ ਅੱਠਾਂ ਦੱਸਾਂ ਬਾਹਾਂ ਦਾ ਕੰਮ ਕਰ ਰਹੀਆਂ ਸੀ। ਚਲਦੇ ਸਪੇਨ ਨਾਲ ਮੈਚ ਵਿੱਚ ਜਦ ਗੋਲ-ਕੀਪਰ ਵੱਜਦੀਆਂ ਕਿੱਕਾਂ ਰੋਕ ਰਿਹਾ ਸੀ, ਇਹਦੀ ਖੇਡ ਵੇਖ ਕੇ ਕੋਲੋਂ ਲੰਘਦਾ 'ਦੀਦਾਰ ਸੰਧੂ 'ਇਹ ਗੀਤ ਗਾ ਗਿਆ। "ਆਹ ਵੇਖ ਦੀਦਾਰ ਦਰਾਂ ਵਿੱਚ ਫਾਨੇ ਵਾਂਗੂੰ ਅੜ ਗਿਆ ਨੀ"

ਇੱਦਾਂ 'ਗੁਰਦਾਸ ਮਾਨ 'ਵੀ ਗੋਲ -ਕੀਪਰ ਦੀ ਖੇਡ ਵੇਖ ਕੇ ਗਾ ਗਿਆ।

" ਉਮਰਾ ਵਿੱਚ ਕੀ ਰੱਖਿਆ
ਦਿੱਲ ਹੌਣਾ ਚਾਹੀਦਾ ਜਵਾਨ"

ਭਾਵੇਂ ਅਰਜਨਟੀਨਾ ਨਾਲ ਸਖ਼ਤ ਮੁਕਾਬਲਾ ਪਿੱਛੇ ਹਾਰ ਗਏ, ਪਰ ਬੜੇ ਹੌਸਲੇ ਨਾਲ ਗਰਾਊਂਡ 'ਤੋਂ ਤੁਰਨ ਲੱਗੇ ਕਹਿ ਗਏ। 'ਕੋਈ ਨੀ ਚਾਰ ਸਾਲ ਬਾਅਦ ਫੇਰ ਟੱਕਰਾਂਗੇ ? 'ਜਿੱਥੇ ਇਹਨਾਂ ਖਿਡਾਰੀਆਂ ਨੇ ਬਹਿਜਾ ਬਹਿਜਾ ਕਰਾ ਦਿੱਤੀ, ਉੱਥੇ ਆਪਣੇ ਦੇਸ਼ ਦਾ ਨਾਂ ਵੀ ਦੁਨੀਆ ਦੇ ਨਕਸ਼ੇ 'ਤੇ ਲੈ ਆਦਾ। ਦੁਨੀਆ ਭਰ ਦੇ ਲੋਕਾਂ ਨੇ ਇਹਨਾਂ ਦੀ ਖੇਡ ਵੇਖ ਕੇ ਕਹਿਆ। 'ਕੌਣ ਜਿੱਤਿਆ, ਕੌਣ ਹਾਰਿਆ, ਇਹ ਮਤਲਬ ਨਹੀਂ ਰਹਿ ਜਾਂਦਾ, ਸਗੋਂ ਸਾਲ 2030 ਵਿੱਚ ਵਰਲਡ ਕੱਪ 'ਤੋਂ ਇਹਨਾਂ ਦੇ ਮੁਕਾਬਲੇ ਵੇਖਣ ਦੀ ਤਾਂਘ ਪੈਂਦਾ ਕਰ ਦਿੱਤੀ। ਹਰ ਇੱਕ ਇਹਨਾਂ ਦੇ ਦੇਸ਼ ਵਾਸੀਆਂ 'ਤੇ ਬੁੱਲ੍ਹਾਂ ਇਹੋ ਗੱਲ ਸੀ। 'ਕੀ ਹੋਏ ਜੇ ਹਰ ਕੇ ਮੁੜੇ ਹਾਂ, ਬਹੁਤ ਕੁਝ ਚੰਗਾ ਕਰਕੇ ਮੁੜੇ ਹੋ 'ਦੇਸ਼ ਵਾਸੀਆਂ ਨੇ ਇਹਨਾਂ ਦਾ ਫੁੱਲਾਂ ਨਾਲ, ਹੱਥ ਹਿਲਾ ਕੇ, ਕੱਪ ਜਿੱਤਣ 'ਤੋਂ ਵੀ ਵੱਧ ਮਾਣ ਸਤਿਕਾਰ ਕੀਤਾ। ਕਾਸ਼ ਕਿਤੇ ਹਰੇਕ ਦੇਸ਼ ਵਾਸੀ ਦੀ ਇਹਨਾਂ ਦੇ ਦੇਸ਼ ਵਰਗੀ ਖਿਡਾਰੀ ਪ੍ਰਤੀ ਸੋਚ ਹੋਵੇ।




# ਟੋਰਾਂਟੋ ਤੋਂ ਇਟਲੀ ਟੂਰ


Toronto Pearson international airport (XYZ)

ਅੱਜ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਜਾਂਦੇ ਹੋਏ ਇੱਕ ਵੱਖ ਕਿਸਮ ਦੀ ਐਕਸਾਈਟਮੈਂਟ ਮਹਿਸੂਸ ਹੋ ਰਹੀ ਸੀ। ਵੀ ਆਰਟਸ ਇੰਸਟਾਲੇਸ਼ਨ ਵੱਲੋਂ ਟੂਰਿਸਟਾਂ ਨੂੰ ਟਰਮੀਨਲ ਇੱਕ 'ਤੇ ਇੰਟਰਐਕਟਿਵ ਯਾਤਰੀ ਕਲਾ ਦੇ ਅਨੁਭਵ ਦੇ ਨਾਲ ਲਾਈਵ ਚਿੱਤਰਕਾਰੀ ਵੀ ਦੇਖਣ ਨੂੰ ਮਿਲਦੀ ਹੈ। ਡਿਪਾਰਚਰ ਦੇ ਇਲਾਕੇ 'ਚ ਲਗਜ਼ਰੀ ਬੁਟੀਕ, ਟੌਮ ਫੋਰਡ, ਸਵਾਰੋਵਸਕੀ ਵਰਕੇ ਬ੍ਰਾਂਡਾਂ ਦੀ ਖਰੀਦਦਾਰੀ ਵੀ ਕਰ ਸਕਦੇ ਹੋ। ਆਪਣੀ ਉਡਾਣ ਤੋਂ ਪਹਿਲਾਂ ਇੱਥੇ ਮੌਜੂਦ ਫਿੱਟਨੈੱਸ ਕਲਬ 'ਚ ਕਈ ਕਿਸਮ ਨਾਲ ਆਪਣੇ-ਆਪ ਨੂੰ ਰੀਲੈਕਸ ਕਰ ਸਕਦੇ ਹੋ।

ਏਅਰਪੋਰਟ ਪਹੁੰਚਦੇ ਹੀ ਸਾਰੀ ਕਾਰਵਾਈ ਹੋਣ ਤੋਂ ਬਾਅਦ ਕੁੱਝ ਸਮਾਂ ਪ੍ਰੀਮੀਅਮ ਲਾਊਂਜ਼ 'ਚ ਰੁਕਣ ਦਾ ਮੌਕਾ ਲਵੋ। ਅੱਜ ਅਸੀਂ ਟੋਰਾਂਟੋ ਪੀਅਰਸਨ ਏਅਰਪੋਰਟ 'ਤੇ ਪਲਾਜ਼ਾ ਪ੍ਰੀਮੀਅਮ ਲਾਊਂਜ ਬਾਰੇ ਚਰਚਾ ਕਰਾਂਗੇ। ਕਿਹੜੇ ਲੋਕ ਪ੍ਰੀਮੀਅਮ ਲਾਊਂਜ਼ ਦੀ ਸਰਵਿਸ ਇਸਤੇਮਾਲ ਕਰ ਸਕਦੇ ਹਨ। ਜੇ ਤੁਹਾਡੇ ਕੋਲ ਪ੍ਰੀਮੀਅਮ ਕ੍ਰੈਡਿਟ ਕਾਰਡ ਹੈ ਅਤੇ ਬਿਜਨਸ ਕਲਾਸ 'ਚ ਸਫਰ ਕਰਨ ਵਾਲਿਆਂ ਨੂੰ ਵੀ ਇਹ ਸਹੂਲਤ ਮਿਲਦੀ ਹੈ। ਰੈਗੁਲਰ ਸਫਰ ਕਰਨ ਵਾਲੇ ਇਸਦੀ ਮੈਂਬਰਸ਼ਿਪ ਵੀ ਲੈ ਸਕਦੇ ਹਨ।

ਪਲਾਜ਼ਾ ਪ੍ਰੀਮੀਅਮ ਲਾਊਂਜ ਦੀ ਸਹੂਲਤ ਤੁਸੀਂ ਯੂਰਪ, ਏਸ਼ੀਆ, ਉੱਤਰੀ ਅਮਰੀਕਾ, ਮੱਧ ਪੂਰਬ ਅਤੇ ਆਸਟ੍ਰੇਲੀਆ, ਵਗੈਰਾ ਹਵਾਈ ਅੱਡਿਆਂ 'ਤੇ ਲੈ ਸਕਦੇ ਹੋ। ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡਾ ਸਾਰੇ ਰੂਟਾਂ 'ਤੇ ਕਰੀਬਨ 1250 ਡੇਲੀ ਉਡਾਣਾਂ ਆਗਮਨ 'ਤੇ ਰਵਾਨਗੀ ਕਰਦਾ ਹੈ। 50 ਤੋਂ ਵੱਧ ਏਅਰਲਾਈਨਾਂ 180 ਤੋਂ ਵੱਧ ਡੋਮੈਸਟਿਕ ਅਤੇ ਅੰਤਰਰਾਸ਼ਟਰੀ ਉਡਾਣਾਂ ਰਵਾਨਾ ਹੁੰਦੀਆਂ ਹਨ।

*ਇੱਥੇ ਕੀ ਮਿਲਦਾ ਹੈ ?*

ਵਾਈ-ਫਾਈ: ਹਵਾਈ ਅੱਡੇ 'ਤੇ ਵਾਈ-ਫਾਈ ਯਾਤਰਾ ਪ੍ਰਬੰਧਨ ਲਈ ਜ਼ਰੂਰੀ ਹੈ, ਜੋ ਤੁਹਾਨੂੰ ਡਿਜੀਟਲ ਬੋਰਡਿੰਗ ਪਾਸਾਂ ਤੱਕ ਪਹੁੰਚ ਕਰਨ, ਰੀਅਲ-ਟਾਈਮ ਫਲਾਈਟ ਤਬਦੀਲੀਆਂ ਦੀ ਜਾਂਚ ਕਰਨ ਅਤੇ ਟਰਮੀਨਲਾਂ 'ਤੇ ਨੈਵੀਗੇਟਕਰਨ ਦੀ ਆਗਿਆ ਦਿੰਦਾ ਹੈ। ਇਹ ਰਿਮੋਟ ਕੰਮ ਨੂੰ ਵੀ ਸਮਰਥ ਬਣਾਉਂਦਾ ਹੈ, ਤੁਹਾਨੂੰ ਪਰਿਵਾਰ ਅਤੇ ਦੋਸਤ-ਮਿੱਤਰਾਂ ਨਾਲ ਜੋੜਦਾ ਰਹਿੰਦਾ ਹੈ 'ਤੇ ਮਹਿੰਗੇ ਰੋਮਿੰਗ ਜਾਂ ਮੋਬਾਈਲ ਖਰਚਿਆਂ ਤੋਂ ਬਚਦੇ ਹੋਏ ਮਨੋਰੰਜਨ ਵੀ ਦਿੰਦਾ ਹੈ।

ਬੈਠਣ ਲਈ ਆਰਾਮਦਾਇਕ ਗੱਦੇਦਾਰ ਸੋਫੇ-ਕੁਰਸੀਆਂ ਦਾ ਪ੍ਰਬੰਧ ਹੁੰਦਾ ਹੈ। ਤੁਸੀਂ ਆਰਾਮ ਦੀ ਨੀਂਦ ਵੀ ਲੈ ਸਕਦੇ ਹੋ।

ਸਾਫਟ ਡਰਿੰਕਸ, ਕੌਫੀ, ਚਾਹ, ਜੂਸ, ਸਲਾਦ, ਸੂਪ, ਮਿਠਾਈਆਂ, 'ਤੇ ਸਨੈਕਸ ਵੀ ਲੈ ਸਕਦੇ ਹੋ।

ਲਾਊਂਜ 'ਚ ਬੁਫੇ 'ਚ ਇੰਟਰਨੈਸ਼ਨਲ ਫੂਡ ਦਾ ਆਨੰਦ ਲੈ ਸਕਦੇ ਹੋ।

ਚਾਰਜਿੰਗ ਆਊਟਲੈੱਟ ਦੀ ਸਹੂਲਤ ਬੈਟਰੀ ਖਤਮ ਹੋਣ ਦੀ ਚਿੰਤਾ ਤੋਂ ਬਿਨਾਂ ਯਾਤਰਾ ਰੁਕਾਵਟਾਂ ਨੂੰ ਨੈਵੀਗੇਟ ਕਰ ਸਕਦੇ ਹੋ।

ਅਲਕੋਹਲ ਦੇ ਚਾਹਵਾਨ ਵੱਖ-ਵੱਖ ਕਿਸਮ ਦੀ ਵਾਈਨ ਦਾ ਮਜ਼ਾ ਲੈ ਸਕਦੇ ਹੋ। ਮੁਫਤ ਬੀਅਰ, ਵਾਈਨ, ਅਤੇ ਸਟੈਂਡਰਡ ਡਰਿੰਕਸ ਦਾ ਅਨੰਦ ਲੈ ਸਕਦੇ ਹੋ।

ਲਾਊਂਜ 'ਚ ਸ਼ਾਵਰ ਦੀ ਸਹੂਲਤ ਵੀ ਮਿਲ ਜਾਂਦੀ ਹੈ।

ਏਅਰ ਪੋਰਟ ਦੇ ਭੀੜ-ਭੜੱਕੇ ਤੋਂ ਦੂਰ ਸ਼ਾਂਤੀ ਦਾ ਮਾਹੌਲ ਵੀ ਦੇਖਣ ਨੂੰ ਮਿਲਦਾ ਹੈ।

ਇੱਥ 2-3 ਘੰਟੇ ਸਮਾਂ ਆਸਾਨੀ ਨਾਲ ਬੀਤ ਜਾਂਦਾ ਹੈ।

ਕਈ ਲਾਊਂਜ ਲੰਬੇ ਸਮੇਂ ਤੱਕ ਠਹਿਰਣ ਦੀ ਸਹੂਲਤ ਵੀ ਦੇ ਦਿੰਦੇ ਹਨ। ਇਹ ਡਿਪੈਂਡ ਕਰਦਾ ਹੈ ਤੁਹਾਡੇ ਕੋਲ ਕਿਹੜਾ ਕ੍ਰੈਡਿਟ ਕਾਰਡ ਹੈ ਅਤੇ ਕੀ-ਕੀ ਪਰਕਸ ਹਨ।

ਨੋਟ: ਕਿਸੇ ਵੀ ਮੁਲਕ 'ਚ ਟੂਰ ਕਰਨ ਤੋਂ ਪਹਿਲਾਂ ਪਲਾਜ਼ਾ ਪ੍ਰੀਮੀਅਮ ਲਾਊਂਜ 'ਚ ਸਮਾਂ ਬਿਤਾਉਣ ਲਈ ਆਪਣੇ ਕ੍ਰੈਡਿਟ ਕਾਰਡ 'ਤੇ ਪਰਕਸ, ਬਿਜਨਸ ਕਲਾਸ ਟਿਕਟ 'ਤੇ ਕੀ-ਕੀ ਸਹੂਲਤ ਹੈ, ਬਾਰੇ ਪੂਰੀ ਜਾਣਕਾਰੀ ਰੱਖਣ ਦੀ ਲੋੜ ਹੁੰਦੀ ਹੈ। ਅਗਲੀ ਬਾਰ ਰੋਮ (ਇਟਲੀ) ਬਾਰੇ ਚਰਚਾ ਸ਼ੁਰੂ ਕਰਾਂਗੇ।

# ਪਿੰਡ ਬਜੀਦ ਪੁਰ ਵਿੱਚ 'ਸਤਲੁਜ' ਵਿਖਾਈ

**ਸਰਬਜੀਤ ਸਿੰਘ ਜਰਮਨੀ**
Trthisngh3@yahoo.com



ਦੁਆਬੇ ਦੀ ਜੰਨਤ ਪਿੰਡ ਬਜੀਦ ਪੁਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਰਦਾਰ ਅਮਰ ਸਿੰਘ ਜੀ ਸੁਤੰਤਰਤਾ ਸੈਨਾਨੀ ਦੇ ਨਾਮ ਉੱਤੇ ਬਣੇ ਕਮਿਊਨਿਟੀ ਹਾਲ( ਸਾਂਝਾ ਭਾਈਚਾਰਾ ਸਥਾਨ) ਜਿਹਨਾਂ ਨੇ ਆਜ਼ਾਦ ਹਿੰਦ ਫੌਜ ਵਿੱਚ ਇੱਕ ਸੁਤੰਤਰਤਾ ਸੈਨਾਨੀ ਵਜੋਂ ਭਾਰਤ ਦੀ ਆਜ਼ਾਦੀ ਲਈ ਆਪਣਾ ਯੋਗਦਾਨ ਪਾਇਆ ਸੀ ਵਿੱਚ ਸਾਰੇ ਪਿੰਡ ਵਾਸੀਆਂ ਨੂੰ ਇਕੱਠ ਕਰਕੇ ਦਿਖਾਈ ਗਈ ਫਿਲਮ 'ਸਤਲੁਜ' ਤਾਂ ਜੋ ਹਰ ਇੱਕ ਪੰਜਾਬੀ ਪੰਜਾਬ ਵਿੱਚ ਹੋਏ 1980-1990 ਦੇ ਦਹਾਕੇ ਦੇ ਅਸਲ ਦੁਖਾਂਤ ਬਾਰੇ ਜਾਣ ਸਕਣ। ਇਸ ਤਰ੍ਹਾਂ ਦੇ ਉਪਰਾਲੇ ਤਾਂ ਹੀ ਸੰਭਵ ਹੁੰਦੇ ਹਨ ਜੇਕਰ ਪਿੰਡ ਵਾਸੀਆਂ ਵਿੱਚ ਭਾਈਚਾਰਕ ਸਾਂਝ ਹੋਵੇ, ਪਿੰਡ ਵਿੱਚ ਸਭ ਦੀ ਏਕਤਾ ਹੋਵੇ। ਬਾਕੀ ਪਿੰਡਾਂ ਨੂੰ ਵੀ ਇਸ ਤਰ੍ਹਾਂ ਦੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਹਰ ਪੰਜਾਬੀ ਆਪਣੇ ਚੰਗੇ ਮਾੜੇ ਇਤਿਹਾਸ ਦਾ ਅਸਲ ਸੱਚ ਜਾਣ ਸਕੇ ਤੇ ਅਗਲੀ ਪੀੜ੍ਹੀ ਨੂੰ ਭਵਿੱਖ ਲਈ ਜਾਗਰੂਕ ਕੀਤਾ ਜਾ ਸਕੇ।

ਫਿਲਮ 'ਸਤਲੁਜ' , ਜਿਸ ਨੂੰ ਪਹਿਲਾਂ 'ਪੰਜਾਬ 95' ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਇੱਕ ਬਹੁਤ ਹੀ ਚਰਚਿਤ ਭਾਰਤੀ ਬਾਇਓਗ੍ਰਾਫੀਕਲ ਫ਼ਿਲਮ ਹੈ। ਇਹ ਫ਼ਿਲਮ ਪੰਜਾਬ ਦੇ ਮਹਾਨ ਸ਼ਹੀਦ ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਜਸਵੰਤ ਸਿੰਘ ਜੀ ਖਾਲੜਾ ਦੇ ਜੀਵਨ ਅਤੇ ਉਨ੍ਹਾਂ ਦੇ ਮਨੁੱਖਤਾ ਲਈ ਕੀਤੇ ਸੰਘਰਸ਼ 'ਤੇ ਆਧਾਰਿਤ ਹੈ। ਇਸ ਫ਼ਿਲਮ ਵਿੱਚ ਸ਼ਹੀਦ ਜਸਵੰਤ ਸਿੰਘ ਜੀ ਖਾਲੜਾ ਦੀ ਭੂਮਿਕਾ ਮਸ਼ਹੂਰ ਅਦਾਕਾਰ ਦਿਲਜੀਤ ਸਿੰਘ ਦੋਸਾਂਝ ਨੇ ਨਿਭਾਈ ਹੈ ਜੋ ਫ਼ਿਲਮ ਵਿੱਚ ਦੇਖਣ ਸਮੇਂ ਬਿਲਕੁਲ ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਵਰਗੇ ਹੀ ਨਜ਼ਰ ਆਉਂਦੇ ਹਨ। ਦਿਲਜੀਤ ਸਿੰਘ ਦੁਸਾਂਝ ਦੀ ਇਹ ਖਾਸੀਅਤ ਹੈ ਕਿ ਉਹ ਹਰ ਫ਼ਿਲਮ ਵਿੱਚ ਮਿਲੇ ਕਿਰਦਾਰ ਨੂੰ ਨਿਭਾਉਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਹਿੰਦੇ ਹਨ।

ਫ਼ਿਲਮ 'ਸਤਲੁਜ' ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਨੇ ਪੰਜਾਬ ਪੁਲਿਸ ਦੁਆਰਾ ਕੀਤੇ ਗਏ ਕਥਿਤ ਫਰਜ਼ੀ ਮੁਕਾਬਲਿਆਂ ਅਤੇ ਹਜ਼ਾਰਾਂ (ਲਗਭਗ 25,000) ਅਣਪਛਾਤੀਆਂ ਲਾਸ਼ਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਸ਼ਮਸ਼ਾਨਘਾਟਾਂ ਵਿੱਚ ਸਸਕਾਰ ਕਰਨ ਦੇ ਸੱਚ ਨੂੰ ਦੁਨੀਆ ਦੇ ਸਾਹਮਣੇ ਲਿਆ ਰੱਖਿਆ ਸੀ। ਉਨ੍ਹਾਂ ਦੇ ਇਸੇ ਮਹਾਨ ਕਾਰਜ ਤੋਂ ਬਾਅਦ ਸਤੰਬਰ 1995 ਵਿੱਚ ਪੁਲਿਸ ਦੁਆਰਾ ਉਨ੍ਹਾਂ ਨੂੰ ਅਗਵਾ ਕੀਤੇ ਜਾਣਾ ਅਤੇ ਉਨ੍ਹਾਂ ਦੀ ਸ਼ਹਾਦਤ ਦੇ ਦਰਦਨਾਕ ਸਫ਼ਰ ਨੂੰ ਪੇਸ਼ ਕੀਤਾ ਗਿਆ ਹੈ। ਫਿਲਮ ਦੇਖਣ ਸਮੇਂ ਸਾਡੇ ਆਲੇ ਦੁਆਲੇ ਪਿੰਡਾਂ ਸ਼ਹਿਰਾਂ ਦੇ ਉਹ ਨੌਜਵਾਨ ਵੀ ਯਾਦ ਆਉਂਦੇ ਹਨ ਜਿਹੜੇ ਉਸ ਸਮੇਂ ਘਰੋਂ ਕਿਸੇ ਕੰਮ ਲਈ ਗਏ ਪਰ ਮੁੜ ਅੱਜ ਤੱਕ ਵਾਪਸ ਨਾ ਪਰਤੇ।

ਫ਼ਿਲਮ ਨਿਰਦੇਸ਼ਕ ਹਨੀ ਤ੍ਰੇਹਨ ਵੱਲੋਂ ਬਹੁਤ ਵਧੀਆ ਭੂਮਿਕਾਵਾਂ ਪੇਸ਼ ਕੀਤੀਆਂ ਗਈਆਂ ਹਨ। ਦਿਲਜੀਤ ਸਿੰਘ ਦੋਸਾਂਝ ਤੋਂ ਇਲਾਵਾ ਇਸ ਫ਼ਿਲਮ ਵਿੱਚ ਅਰਜੁਨ ਰਾਮਪਾਲ, ਕੰਵਲਜੀਤ ਸਿੰਘ, ਸੁਵਿੰਦਰ ਵਿੱਕੀ, ਅਤੇ ਗੀਤਿਕਾ ਵਿਦਿਆ ਓਹਲਿਆਨ ਵਰਗੇ ਮਸ਼ਹੂਰ ਪੰਜਾਬੀ ਕਲਾਕਾਰਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਭਾਰਤ ਵਿੱਚ ਡਿਜੀਟਲ ਪਲੇਟਫਾਰਮ ਤੋਂ ਹਟਾਏ ਜਾਣ ਤੋਂ ਬਾਅਦ ਇਹ ਫ਼ਿਲਮ ਪੰਜਾਬ ਦੇ ਕਈ ਪਿੰਡਾਂ, ਲੰਗਰ ਹਾਲਾਂ, ਸਕੂਲਾਂ, ਕਾਲਜਾਂ ਵਿੱਚ ਸਾਂਝੀਆਂ ਸਕ੍ਰੀਨਿੰਗਾਂ ਤੇ ਦਿਖਾਈ ਜਾ ਰਹੀ ਹੈ। ਸਰਕਾਰੀ ਤੌਰ ਤੇ ਭਾਵੇਂ ਫ਼ਿਲਮ ਤੇ ਪਾਬੰਦੀ ਲਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਗਿਆ ਪਰ ਹਰ ਪੰਜਾਬੀ ਨੇ ਆਪਣਾ ਫਰਜ਼ ਸਮਝਦਿਆਂ ਇਸ ਫ਼ਿਲਮ ਨੂੰ ਕੁਝ ਕੁ ਘੰਟਿਆਂ ਵਿੱਚ ਸ਼ੇਅਰ ਕਰਕੇ ਇਹ ਸਾਬਤ ਕੀਤਾ ਹੈ ਕਿ ਜੇਕਰ ਪੰਜਾਬੀ ਰਲ ਜਾਣ ਤਾਂ ਸਭ ਕੁਝ ਸੰਭਵ ਹੈ। ਪ੍ਰਣਾਮ ਸ਼ਹੀਦਾਂ ਨੂੰ !

# ਬਾਬਾ ਫੌਜਾ ਸਿੰਘ ਨੂੰ ਯਾਦ ਕਰਦਿਆਂ

## ਬਰਸੀ 'ਤੇ ਵਿਸ਼ੇਸ਼

ਪ੍ਰਿੰ. ਸਰਵਣ ਸਿੰਘ



ਬਾਬਾ ਫੌਜਾ ਸਿੰਘ ਨੂੰ ਗੁਜ਼ਰਿਆਂ ਇੱਕ ਸਾਲ ਹੋ ਗਿਐ। ਉਸ ਦੇ ਅੰਤਮ ਸੰਸਕਾਰ ਸਮੇਂ ਪੰਜਾਬ ਦੇ ਗਵਰਨਰ ਤੇ ਮੁੱਖ ਮੰਤਰੀ ਬਿਆਸ ਪਿੰਡ ਆਏ ਸਨ ਤੇ ਸ਼ਰਧਾਂਜਲੀਆਂ ਦੇ ਗਏ ਸਨ। ਕੁਝ ਵਾਇਦੇ ਵੀ ਕਰ ਗਏ ਸਨ ਪਰ ਉਹ ਅਜੇ ਤਕ ਪੂਰੇ ਨਹੀਂ ਹੋਏ। ਪ੍ਰਧਾਨ ਮੰਤਰੀ ਨੇ ਵੀ ਪਰਿਵਾਰ ਨਾਲ ਹਾਰਦਿਕ ਸੰਵੇਦਨਾ ਪਰਗਟ ਕੀਤੀ ਸੀ। ਪੰਜਾਬ ਪੁਲਿਸ ਨੇ ਉਸ ਗੱਡੀ ਦਾ ਡਰਾਈਵਰ ਲੱਭ ਲਿਆ ਸੀ ਜਿਸ ਨਾਲ ਹੋਏ ਹਾਦਸੇ 'ਚ ਬਾਬੇ ਦੀ ਜਾਨ ਚਲੀ ਗਈ ਸੀ। ਹਾਦਸੇ ਦਾ ਕਾਰਨ ਸੀ ਦੂਹਰੀ ਸੜਕ ਪਾਰ ਕਰਨ ਲਈ ਯੋਗ ਪ੍ਰਬੰਧ ਦਾ ਨਾ ਹੋਣਾ। ਫੌਜਾ ਸਿੰਘ ਆਪਣੇ ਖੇਤ ਤੇ ਪੁੱਤਰ ਦੀ ਯਾਦ ਵਿੱਚ ਬਣੇ ਕੁਲਦੀਪ ਵੈਸ਼ਨੂੰ ਢਾਬੇ ਵੱਲ ਜਾਣ ਲਈ ਕਿੱਥੋਂ ਦੀ ਲੰਘਦਾ? ਉਨ੍ਹਾਂ ਪਿੰਡਾਂ ਲਾਗੋਂ ਲੰਘਦੀ ਮੁੱਖ ਸੜਕ ਨੂੰ ਪਾਰ ਕਰਨ ਦਾ ਅਜੇ ਵੀ ਕੋਈ ਯੋਗ ਪ੍ਰਬੰਧ ਨਹੀਂ ਕੀਤਾ ਗਿਆ। ਚਲੋ ਦੂਜੀ ਬਰਸੀ ਤਕ ਹੀ ਹੋ ਜਾਵੇ, ਧੰਨਵਾਦੀ ਹੋਵਾਂਗੇ।

ਬਾਬੇ ਦੀ ਜੀਵਨ ਗਾਥਾ ਜੱਗੋਂ ਨਿਆਰੀ ਹੈ। ਬਿਰਧ ਅਵੱਸਥਾ ਨੂੰ ਪੁੱਜਾ ਉਹ ਆਪਣੀ ਧੀ, ਪਤਨੀ ਤੇ ਜੁਆਨ ਪੁੱਤ ਦੀਆਂ ਮੌਤਾਂ ਨਾਲ ਹੋਰ ਜਿਓਣ ਤੋਂ ਪੱਲਾ ਝਾੜ ਬੈਠਾ ਸੀ। ਕਹਿਣ ਲੱਗ ਪਿਆ ਸੀ ਕਿ ਹੁਣ ਜਿਉਂ ਕੇ ਕੀ ਲੈਣਾ? ਉਹ ਸ਼ੁਦਾਈ ਹੋਇਆ ਸਿਵਿਆਂ 'ਚ ਬੈਠਾ ਰਹਿੰਦਾ। ਉਸ ਨੇ ਉਪਰਾਮਤਾ ਤੇ ਨਿਰਾਸ਼ਤਾ 'ਚ ਮਰ ਜਾਣਾ ਸੀ ਜੇ ਵਲੈਤੀਏ ਪੁੱਤਰ ਅਤੇ ਰਿਸ਼ਤਦਾਰਾਂ ਦੇ ਆਖੇ ਇੰਗਲੈਂਡ ਨਾ ਜਾਂਦਾ ਤੇ ਬੁੱਢਵਾਰੇ ਚੈਰਟੀ ਦੌੜਾਂ 'ਚ ਭਾਗ ਨਾ ਲੈਣ ਲੱਗਦਾ।

ਭਲਾ ਹੋਵੇ ਦੌੜਾਂ ਦੇ ਕੋਚ ਹਰਮੰਦਰ ਸਿੰਘ ਦਾ ਜਿਸ ਨੇ ਇਲਫੋਰਡ ਦੇ ਪਾਰਕ ਵਿੱਚ ਸਿਰ ਸੁੱਟੀ ਬੈਠੇ ਬਾਬੇ ਨੂੰ ਵੈਟਰਨ ਦੌੜਾਕ ਬਣਨ ਲਈ ਪ੍ਰੇਰ ਲਿਆ। ਉਸ ਨੇ ਬਾਬਾ ਫੌਜਾ ਸਿੰਘ ਨੂੰ ਧਰਵਾਸ ਦਿੰਦਿਆਂ ਕਿਹਾ ਕਿ ਮੇਰਾ ਬਾਪ ਵੀ ਕੁਝ ਦਿਨ ਪਹਿਲਾਂ ਹੀ ਪੂਰਾ ਹੋਇਐ। ਮਰ ਗਿਆਂ ਨਾਲ ਮਰ ਥੋੜ੍ਹੇ ਜਾਈਦਾ? ਮੈਨੂੰ ਦੇਖ ਮੈਂ ਫੇਰ ਵੀ ਦੌੜ ਰਿਹਾਂ। ਖ਼ੁਦ ਦੌੜਾਕ ਰਿਹਾ ਕੋਚ ਉਹਦੇ ਲਈ ਮਸੀਹਾ ਬਣ ਕੇ ਬਹੁੜਿਆ। ਉਹਦੀ ਅਗਵਾਈ ਤੇ ਸਿਖਲਾਈ ਸਦਕਾ ਫੌਜਾ ਸਿੰਘ ਦਾ ਨਵਾਂ ਜਨਮ ਹੋ ਗਿਆ। ਨਿਰਾਸ਼ਾ 'ਚੋਂ ਨਿਕਲ ਕੇ ਉਹ ਆਸ ਉਮੀਦ ਨਾਲ ਉੱਠ ਖੜ੍ਹਾ ਹੋਇਆ। ਪਹਿਲਾਂ ਹੌਲੀ ਤੇ ਫੇਰ ਤੇਜ਼ ਦੌੜਨ ਲੱਗ ਪਿਆ। 2000 'ਚ ਲੰਡਨ ਦੀ ਮੈਰਾਥਨ ਲਾਉਣ ਵੇਲੇ ਉਹਦੀ ਪੱਗ ਦਾੜ੍ਹੀ ਦੇ ਨਿਆਰੇ ਸਰੂਪ ਨੇ ਮੀਡੀਏ ਦੀਆਂ ਨਜ਼ਰਾਂ ਖਿੱਚ ਲਈਆਂ। ਕੈਮਰੇ ਉਹਦੇ 'ਤੇ ਕਲਿਕ ਕਰਨ ਲੱਗੇ। ਬੁੱਢੇ ਦੌੜਾਕ ਦੀਆਂ ਫੋਟੋ ਛਪਣ ਲੱਗੀਆਂ। ਇੰਜ ਉਹ ਮੈਰਾਥਨ ਦਾ 'ਸਟਾਰ ਦੌੜਾਕ ਬਣ ਗਿਆ। ਕੁਦਰਤ ਦੀ ਬਖ਼ਸ਼ਿਸ਼ ਵੇਖੋ ਕਿ ਮੈਰਾਥਨ ਦਾ ਵੈਟਰਨ ਦੌੜਾਕ ਬਣਨ ਨਾਲ ਹੀ ਉਹ 114 ਸਾਲ 3 ਮਹੀਨੇ 13 ਦਿਨਾਂ ਦਾ ਸਿਹਤਮੰਦ ਜੀਵਨ ਜੀਵਿਆ। ਹਾਦਸਾ ਨਾ ਵਾਪਰਦਾ ਤਾਂ ਪਤਾ ਨਹੀਂ ਹੋਰ ਕਿੰਨਾ ਚਿਰ ਜੀਂਦਾ?

ਪਹਿਲਾਂ ਪਹਿਲ ਉਹ ਵੈਟਰਨ ਦੌੜਾਕ ਵਜੋਂ ਚੈਰਟੀ ਦੌੜਾਂ ਲਾਉਣ ਲੱਗਾ ਸੀ ਜਿਸ ਨਾਲ ਅਨਾਥ ਬੱਚਿਆਂ ਦੀ ਮਦਦ ਹੁੰਦੀ। 2000 'ਚ ਜਦੋਂ ਉਹ 89 ਸਾਲਾਂ ਦਾ ਸੀ ਤਾਂ ਪਹਿਲੀ ਵਾਰ ਲੰਡਨ ਦੀ ਵਿਸ਼ਵ ਪ੍ਰਸਿੱਧ ਮੈਰਾਥਨ ਦੌੜਿਆ। ਉਸ ਦੌੜ ਨਾਲ ਉਹ ਦੁਨੀਆ ਭਰ ਦੇ ਬਜ਼ੁਰਗਾਂ ਦਾ ਰੋਲ ਮਾਡਲ ਬਣ ਗਿਆ। 2001, 2002 ਤੇ 2003 ਵਿੱਚ ਵੀ ਉਸ ਨੇ ਲੰਡਨ ਦੀਆਂ ਮੈਰਾਥਨ ਦੌੜਾਂ ਲਾਈਆਂ ਤੇ ਟਾਈਮ ਵਿੱਚ ਸੁਧਾਰ ਕਰਦਾ ਗਿਆ। 92 ਸਾਲ ਦੀ ਉਮਰੇ ਉਸ ਨੇ ਟੋਰਾਂਟੋ ਦੀ ਵਾਟਰਫਰੰਟ ਮੈਰਾਥਨ-2003, 5 ਘੰਟੇ 40 ਮਿੰਟ ਦੇ ਨਵੇਂ ਵਿਸ਼ਵ ਰਿਕਾਰਡ ਨਾਲ ਲਾ ਕੇ ਪੱਗ ਦਾੜ੍ਹੀ ਵਾਲੇ ਬਾਬੇ ਦੀ ਗੁੱਡੀ ਅਸਮਾਨੀ ਚੜ੍ਹਾਅ ਦਿੱਤੀ! ਉਥੇ ਮੈਂ ਪਹਿਲੀ ਵਾਰ ਉਸ ਨਾਲ ਗੱਲਬਾਤ ਕੀਤੀ।

2004 'ਚ ਖੇਡ ਪਹਿਰਨ ਬਣਾਉਣ ਵਾਲੀ ਐਡੀਡਾਸ ਕੰਪਨੀ ਨੇ ਉਸ ਨੂੰ ਮੁੱਕੇਬਾਜ਼ ਮੁਹੰਮਦ ਅਲੀ ਤੇ ਫੁੱਟਬਾਲ ਸਟਾਰ ਡੇਵਿਡ ਬੈਖਮ ਵਾਂਗ ਆਪਣਾ ਬਰਾਂਡ ਮਾਡਲ ਬਣਾ ਕੇ ਸਨਮਾਨਿਤ ਕੀਤਾ। ਐਡੀਡਾਸ ਦੇ ਬਣਾਏ ਦੌੜਨ ਵਾਲੇ ਸੱਜੇ ਬੂਟ ਉਤੇ 'ਫੌਜਾ ਤੇ ਖੱਬੇ ਉਤੇ 'ਸਿੰਘ ਸੀਤਾ ਗਿਆ। ਐਡੀਡਾਸ ਮਾਡਲ ਬਣਨ ਨਾਲ ਪਗੜੀ ਤੇ ਦਾੜ੍ਹੀ ਵਾਲੇ ਬਾਬੇ ਦੀ ਮਸ਼ਹੂਰੀ ਹੋਰ ਵੀ ਹੋਣ ਲੱਗ ਪਈ। ਉਸ ਨੂੰ ਮੈਰਾਥਨ ਦੌੜਨ ਲਈ ਦੇਸਾਂ ਪ੍ਰਦੇਸਾਂ ਤੋਂ ਸੱਦੇ ਆਉਣ ਲੱਗੇ। ਦੌੜਾਂ ਲਾਉਣ ਲਈ ਉਸ ਨੇ ਏਸ਼ੀਆ, ਯੂਰਪ, ਅਮਰੀਕਾ, ਅਫਰੀਕਾ ਤੇ ਆਸਟ੍ਰੇਲੀਆ ਮਹਾਂਦੀਪਾਂ ਦੇ ਕਈ ਮੁਲਕ ਗਾਹੇ ਤੇ ਧੰਨ-ਧੰਨ ਕਰਾਈ

ਬਰਤਾਨੀਆ ਦੀ ਮਹਾਰਾਣੀ ਐਲਜ਼ਾਬੈੱਥ ਦੂਜੀ ਨੇ ਬਾਬਾ ਫੌਜਾ ਸਿੰਘ ਨੂੰ ਸੌ ਸਾਲਾਂ ਦਾ ਹੋ ਜਾਣ 'ਤੇ ਵਧਾਈ ਪੱਤਰ ਭੇਜਿਆ ਤੇ ਆਦਰ ਮਾਣ ਨਾਲ ਮਹਿਲਾਂ 'ਚ ਖਾਣੇ 'ਤੇ ਸੱਦਿਆ। ਉਸ ਨੂੰ ਹੋਰ ਵੀ ਕਈ ਦੇਸ਼ਾਂ ਦੇ ਮੁਖੀਆਂ ਨੇ ਵਧਾਈਆਂ ਦਿੱਤੀਆਂ। ਉਹ 2012 ਦੀਆਂ ਓਲੰਪਿਕ ਖੇਡਾਂ ਦੀ ਮਸ਼ਾਲ ਲੈ ਕੇ ਲੰਡਨ ਦੀਆਂ ਸੜਕਾਂ 'ਤੇ ਦੌੜਿਆ ਤਾਂ ਸਿੰਘਾਂ ਦੀਆਂ ਛਬੀਲਾਂ 'ਤੇ ਲੰਗਰ ਓਲੰਪਿਕ ਖੇਡਾਂ ਦਾ ਰੰਗ ਭਾਗ ਬਣ ਗਏ। ਉਸ ਨੇ ਪੱਗ ਤੇ ਝੂਲਦੀ ਦਾੜ੍ਹੀ ਨਾਲ ਦੌੜਦਿਆਂ ਸਿੱਖ ਸਰੂਪ ਦੀ ਪਛਾਣ ਕਰੋੜਾਂ ਵਿਦੇਸ਼ੀਆਂ ਨੂੰ ਕਰਾਈ। ਉਸ ਸਿੱਧੇ-ਸਾਦੇ, ਸੱਚੇ-ਸੁੱਚੇ ਤੇ ਖੁੱਲ੍ਹ-ਦਿਲੇ ਸੁਹਿਰਦ ਇਨਸਾਨ ਦਾ ਜੀਵਨ ਉਤਸ਼ਾਹ ਵਧਾਊ ਵੀ ਹੈ ਤੇ ਆਦਰਸ਼ਕ ਵੀ। ਕੋਈ ਫਿਲਮ ਨਿਰਮਾਤਾ ਉੱਦਮ ਕਰੇ ਤਾਂ ਮੈਰਾਥਨ ਦੌੜਾਂ ਦੇ ਵੈਟਰਨ ਚੈਂਪੀਅਨ ਬਾਬੇ ਫੌਜਾ ਸਿੰਘ ਬਾਰੇ ਫਿਲਮ 'ਦੌੜ ਬਾਬਾ ਦੌੜ ਬਣਾ ਸਕਦਾ ਹੈ ਜਿਵੇਂ 'ਫਲਾਈਂਗ ਸਿੱਖ ਮਿਲਖਾ ਸਿੰਘ ਉਤੇ 'ਭਾਗ ਮਿਲਖਾ ਭਾਗ ਬਣੀ ਸੀ। ਹੋ ਸਕਦੈ ਕੋਈ ਲੇਖਕ ਉਹਦੇ 'ਤੇ ਹੈਮਿੰਗਵੇ ਵਾਂਗ 'ਬੁੱਢਾ ਤੇ ਸਮੁੰਦਰ ਵਰਗਾ ਨਾਵਲ ਹੀ ਲਿਖ ਧਰੇ।

ਫੌਜਾ ਸਿੰਘ ਕਹਿੰਦਾ ਹੁੰਦਾ ਸੀ ਕਿ ਉਹ ਕੁਦਰਤ ਦੇ ਰੰਗਾਂ 'ਚ ਰਾਜ਼ੀ ਹੈ। ਰੱਬ ਨੇ ਅਪਾਰ ਕਿਰਪਾ ਕੀਤੀ ਹੈ। ਉਹ ਸੰਜਮੀ ਸੀ, ਸੰਤੋਖੀ ਸੀ, ਸੁਹਿਰਦ ਸੀ, ਸਿਰੜੀ ਸੀ, ਸਿਦਕੀ ਸੀ, ਪ੍ਰਹੇਜ਼ਗਾਰ ਸੀ ਤੇ ਲੋਭ ਲਾਲਚ ਤੋਂ ਪਰੇ ਸੀ। ਕਹਿੰਦਾ ਹੁੰਦਾ ਸੀ, "ਕਮਾਉਣ ਨੂੰ ਤਾਂ ਭਾਵੇਂ ਮੈਂ ਮਿਲੀਅਨ ਪੌਂਡ ਕਮਾ ਲੈਂਦਾ ਪਰ ਕਰਨੇ ਕੀ ਸੀ? ਰੱਬ ਦਾ ਲੋੜ ਜੋਗਾ ਦਿੱਤਾ ਬਹੁਤ ਕੁੱਝ ਹੈ। ਬੱਸ ਤੰਦਰੁਸਤੀ ਚਾਹੀਦੀ ਐ। ਜੀਹਦੇ ਕੋਲ ਤੰਦਰੁਸਤੀ ਐ ਉਹਦੇ ਕੋਲ ਦੁਨੀਆ ਦੀਆਂ




ਸਾਰੀਆਂ ਦੌਲਤਾਂ ਸਮਝੋ।" ਉਸ ਨੂੰ ਜੋ ਇਨਾਮੀ ਮਾਇਆ ਮਿਲਦੀ ਉਥੇ ਹੀ ਵੰਡ ਦਿੰਦਾ ਤੇ ਗੁਰੂਘਰ ਤੋਂ ਮਿਲੀ ਮਾਇਆ ਗੋਲਕ ਵਿੱਚ ਪਾ ਦਿੰਦਾ। ਕਹਿੰਦਾ, ਮੈਥੋਂ ਤਾਂ ਪੈਨਸ਼ਨ ਈ ਨਹੀਂ ਮੁੱਕਦੀ।

ਮਾਰਚ 2025 'ਚ ਹੋਈ ਆਖ਼ਰੀ ਮੁਲਾਕਾਤ ਸਮੇਂ ਮੈਂ ਬਾਬੇ ਨੂੰ ਪੁਛਿਆ ਸੀ, "ਅੱਜਕੱਲ੍ਹ ਕੀ ਮਹਿਸੂਸ ਕਰਦੇ ਓ?" ਬਾਬੇ ਨੇ ਦੋਵੇਂ ਹੱਥ ਉਪਰ ਨੂੰ ਜੋੜਦਿਆਂ ਕਿਹਾ ਸੀ, "ਰੱਬ ਦਾ ਸ਼ੁਕਰ ਐ। ਕਦੇ ਚਿੱਤ ਚੇਤੇ ਵੀ ਨਾ ਸੀ ਕਿ ਉਹ ਐਨੀਆਂ ਰਹਿਮਤਾਂ ਦੀ ਬਰਖਾ ਕਰੇਗਾ। ਜਦੋਂ ਮੈਂ ਸਦਮੇ 'ਚੋਂ ਗੁਜ਼ਰ ਰਿਹਾ ਸੀ ਤਾਂ ਉਹਨੇ ਮੇਰੇ ਅੰਦਰ ਦੌੜਨ ਦੀ ਚੁਆਤੀ ਲਾਈ ਤੇ ਆਪਣੀ ਬੁੱਕਲ 'ਚ ਸਮੋ ਲਿਆ। ਮੈਨੂੰ ਜੋ ਪੈਸਾ ਧੇਲਾ ਦੌੜਾਂ 'ਚੋਂ ਮਿਲਿਆ, ਉਹ ਚੈਰਟੀ ਦੇ ਲੇਖੇ ਲਾ-ਤਾ। ਸੋਚਦਾਂ ਓਹਨਾਂ ਦਾ ਵੀ ਭਲਾ ਹੋਊ ਜਿਨ੍ਹਾਂ ਦੀਆਂ ਅਸੀਸਾਂ ਨਾਲ ਦੌੜੀ ਜਾ ਰਿਹਾਂ।"

ਉਹ ਸੈਂਕੜਿਆਂ 'ਚ ਨੀ, 'ਵੀਹਾਂ 'ਚ ਹਿਸਾਬ ਕਰਨ ਵਾਲਾ ਬੰਦਾ ਸੀ। ਚੈਰਟੀ ਦੌੜਾਂ ਲਾਉਣ ਤੱਕ ਉਸ ਨੂੰ ਮੀਲ ਤੇ ਕਿਲੋਮੀਟਰ ਦੇ ਫਰਕ ਦਾ ਵੀ ਪਤਾ ਨਹੀਂ ਸੀ। 42 ਕਿਲੋਮੀਟਰ ਦੀ ਮੈਰਾਥਨ ਦੌੜ 'ਚੋਂ ਭਾਵੇਂ ਦਸ ਕਿਲੋਮੀਟਰ ਹੋਰ ਬਾਕੀ ਹੁੰਦੀ, ਉਹਦਾ ਕੋਚ ਹੌਂਸਲਾ ਵਧਾਉਂਦਾ ਕਹਿੰਦਾ, "ਬੱਸ ਛੇ ਮੀਲ ਰਹਿਗੇ!" ਤੇ ਬਾਬਾ ਥੱਕਿਆ ਹੋਣ ਦੇ ਬਾਵਜੂਦ ਵਾਹਿਗੁਰੂ ਵਾਹਿਗੁਰੂ ਜਪਦਾ ਦੌੜੀ ਜਾਂਦਾ। ਉਹ ਦਸਖ਼ਤ ਕਰਨੇ ਵੀ ਬੁੱਢੇਵਾਰੇ ਸਿੱਖਿਆ ਜੋ ਬੁਢਾਪਾ ਪੈਨਸ਼ਨ ਲੈਣ ਵੇਲੇ ਕਰਨੇ ਹੁੰਦੇ। ਉਸ ਨੇ ਪਹਿਲੀ ਵਾਰ ਲੰਡਨ ਦੀ ਮੈਰਾਥਨ 89 ਸਾਲ ਦੀ ਉਮਰੇ ਦੌੜੀ ਸੀ ਤੇ ਆਖ਼ਰੀ ਵਾਰ ਉਹ ਹਾਂਗਕਾਂਗ ਦੀ ਦਸ ਕਿਲੋਮੀਟਰ ਦੌੜ 102 ਸਾਲ ਦੀ ਉਮਰੇ ਦੌੜ ਕੇ 'ਦੌੜਾਂ ਤੋਂ ਰਿਟਾਇਰ ਹੋਇਆ ਸੀ।

ਫੌਜਾ ਸਿੰਘ ਕਿਹਾ ਕਰਦਾ ਸੀ ਕਿ ਬੰਦਾ ਠੋਹਕਰ ਖਾਧੇ ਬਿਨਾਂ ਨਹੀਂ ਸੁਧਰਦਾ। ਉਸ ਨੇ ਖ਼ੁਦ ਠੋਹਕਰਾਂ ਖਾਧੀਆਂ। ਫਿਰ ਵੈਟਰਨ ਦੌੜਾਕ ਵਜੋਂ ਮੈਰਾਥਨ ਦੌੜਾਂ ਦਾ ਸ਼ਿੰਗਾਰ ਰਿਹਾ। ਉਸ ਨੂੰ ਵਿਸ਼ਵ ਦੇ ਬੜੇ ਵੱਡੇ ਮਾਣ ਸਨਮਾਨ ਮਿਲੇ। ਮਹਾਰਾਣੀ ਐਲਜ਼ਾਬੈੱਥ ਨੇ ਉਸ ਨੂੰ ਮਹਿਲਾਂ 'ਚ ਸੱਦ ਕੇ ਖਾਣਾ ਖੁਆਇਆ। ਅਮਰੀਕਾ ਦੇ ਪ੍ਰਧਾਨ ਜਾਰਜ ਬੁਸ਼ ਤੇ ਬਰਾਕ ਓਬਾਮਾ, ਪਾਕਿਸਤਾਨ ਦੇ ਸਦਰ ਪ੍ਰਵੇਜ਼ ਮੁਸ਼ੱਰਫ਼ ਤੇ ਹੋਰ ਕਈ ਦੇਸ਼ਾਂ ਦੇ ਮੁਖੀਆਂ ਨੂੰ ਮਿਲਣ ਦੇ ਮੌਕੇ ਮਿਲੇ। ਖੇਡਾਂ ਦੇ ਪਹਿਰਨ ਬਣਾਉਣ ਵਾਲੀ ਕੰਪਨੀ ਐਡੀਡਾਸ ਨੇ ਫੌਜਾ ਸਿੰਘ ਨੂੰ ਆਪਣਾ ਬਰਾਂਡ ਅੰਬੈਸਡਰ ਬਣਾਇਆ। ਵਡੇਰੀ ਉਮਰ ਦਾ ਸੰਦੇਸ਼ ਦਿੱਤਾ ਕਿ 'ਅਸੰਭਵ ਕੁਝ ਵੀ ਨਹੀਂ ਹੁੰਦਾ।

ਵਿਸ਼ਵ ਪੱਧਰ 'ਤੇ ਪੱਗ ਦਾੜ੍ਹੀ ਦੀ ਜਿੰਨੀ ਪ੍ਰਦਰਸ਼ਨੀ ਬਾਬਾ ਫੌਜਾ ਸਿੰਘ ਨੇ ਕੀਤੀ/ਕਰਵਾਈ ਸ਼ਾਇਦ ਹੀ ਕਿਸੇ ਹੋਰ ਨੇ ਕਰਵਾਈ ਹੋਵੇ। ਉਹ ਆਪ ਕਹਿੰਦਾ ਰਿਹਾ ਕਿ ਮੇਰੀ ਮਸ਼ਹੂਰੀ ਪੱਗ-ਦਾੜ੍ਹੀ ਨਾਲ ਵਧੇਰੇ ਹੋਈ, ਨਹੀਂ ਤਾਂ 'ਗੰਜੇ ਸਿਰ ਵਾਲੇ ਬੁੱਢੜੇ ਨੂੰ ਕੀਹਨੇ ਪੁੱਛਣਾ ਸੀ? ਮੈਰਾਥਨ ਦੌੜਾਕਾਂ 'ਚ ਵੱਖਰੇ ਮੁਹਾਂਦਰੇ ਭਾਵ ਪੱਗ ਦਾੜ੍ਹੀ ਵਾਲਾ ਚਿਹਰਾ ਕੈਮਰਿਆਂ ਦੀ ਖਿੱਚ ਦਾ ਕੇਂਦਰ ਰਿਹਾ। ਐਵੇਂ ਨਹੀਂ ਸੀ ਗੋਰੀਆਂ ਉਹਦੇ ਮਗਰ ਕੋਕ ਚੁੱਕੀ ਫਿਰਦੀਆਂ। ਉਨ੍ਹਾਂ ਦੀ ਚਾਹਤ ਹੁੰਦੀ ਸੀ ਕਿ ਅਸੀਂ ਵੀ ਫੌਜਾ ਸਿੰਘ ਨਾਲ ਤਸਵੀਰਾਂ 'ਚ ਦਿਸੀਏ!

ਪਹਿਲੇ ਪੰਜ ਸਾਲ ਉਹ ਪੰਜ ਕਦਮ ਤੁਰਨ ਜੋਗਾ ਵੀ ਨਹੀਂ ਸੀ। ਪਰ ਬੁੱਢੇਵਾਰੇ ਏਨਾ ਤੁਰਿਆ ਤੇ ਦੌੜਿਆ ਕਿ ਕੁਲ ਦੁਨੀਆ 'ਚ 'ਫੌਜਾ-ਫੌਜਾ ਕਰਾ ਦਿੱਤੀ। ਉਹਦੇ ਪਾਸਪੋਰਟ 'ਤੇ ਉਹਦੀ ਜਨਮ ਤਾਰੀਖ਼ 1 ਅਪ੍ਰੈਲ 1911 ਲਿਖੀ ਹੋਈ ਸੀ। ਉਸੇ ਜਨਮ ਤਾਰੀਖ ਨਾਲ ਉਸ ਨੇ 2000 'ਚ ਪਹਿਲੀ ਵਾਰ ਲੰਡਨ ਦੀ ਮੈਰਾਥਨ ਦੌੜੀ ਸੀ ਜਿਸ ਵਿੱਚ 33 ਹਜ਼ਾਰ ਦੌੜਾਕ ਸ਼ਾਮਲ ਸਨ। ਉਨ੍ਹਾਂ ਵਿਚਕਾਰ ਪੱਗ ਤੇ ਖੁੱਲ੍ਹੀ ਦਾਹੜੀ ਨਾਲ ਦੌੜਦਾ ਉਹ ਸਭਨਾਂ ਦੀ ਖਿੱਚ ਦਾ ਕੇਂਦਰ ਸੀ। ਉਸ ਪਿੱਛੋਂ ਉਹ 102 ਸਾਲ ਦੀ ਉਮਰ ਤਕ ਚਾਰ ਮਹਾਂਦੀਪਾਂ ਦੇ ਦਰਜਨ ਕੁ ਸ਼ਹਿਰਾਂ ਵਿੱਚ ਮੈਰਾਥਨ ਤੇ ਹਾਫ਼ ਮੈਰਾਥਨ ਦੌੜਾਂ ਦੌੜਿਆ। ਆਖ਼ਰ 2013 'ਚ ਹਾਂਗਕਾਂਗ ਦੀ 10 ਕਿਲੋਮੀਟਰ ਮੈਰਾਥਨ ਦੌੜ ਕੇ ਉਹ ਦੌੜਾਂ ਦੌੜਨ ਤੋਂ ਰਿਟਾਇਰ ਹੋਇਆ।

ਰਿਟਾਇਰ ਹੋਣ ਪਿੱਛੋਂ ਉਹ 14 ਜੁਲਾਈ 2025 ਤਕ ਕਸਰਤਾਂ ਕਰਦਾ ਤੁਰਦਾ ਫਿਰਦਾ ਰਿਹਾ ਤੇ ਤੁਰਿਆ ਫਿਰਦਾ ਹੀ ਕਾਰ ਦੀ ਫੇਟ ਵੱਜਣ ਨਾਲ ਅਕਾਲ ਚਲਾਣਾ ਕਰ ਗਿਆ। ਉਹਦੀ ਸ਼ੋਭਾ ਕੁਲ ਦੁਨੀਆ 'ਚ ਹੋਈ ਪਰ ਉਹ ਇਹੋ ਕਹਿੰਦਾ ਰਿਹਾ ਕਿ ਮੈਂ ਕੁਝ ਨਹੀਂ ਕੀਤਾ। ਜੋ ਕੀਤਾ ਉਹ ਕੁਦਰਤ ਨੇ ਕੀਤਾ ਕਰਵਾਇਆ। ਮੈਂ ਕੌਣ ਸੀ ਬੁੱਢਵਾਰੇ ਦੌੜਨ ਵਾਲਾ? ਮੈਂ ਤਾਂ ਝੋਟੇ ਕੁੱਟ ਹਲਵਾਹਕ ਸੀ ਪਰ ਕੁਦਰਤ ਮੇਰੇ 'ਤੇ ਦਿਆਲ ਰਹੀ। ਮੈਨੂੰ ਦੁੱਖਾਂ ਕਲੇਸ਼ਾਂ 'ਚੋਂ ਕੱਢ ਕੇ ਖ਼ੁਸ਼ੀਆਂ ਨਾਲ ਨਿਹਾਲ ਕਰਦੀ ਰਹੀ।

ਬਾਬਾ ਫੌਜਾ ਸਿੰਘ ਦੀ ਜੀਵਨ ਕਹਾਣੀ ਦਾ ਸਾਰ ਇਹੋ ਹੈ ਕਿ ਬੰਦੇ ਦੇ ਜੀਵਨ ਪੰਧ 'ਚ ਕਿੰਨੇ ਵੀ ਅੜਿੱਕੇ ਆਏ ਹੋਣ, ਕਿੰਨੇ ਵੀ ਦੁੱਖ ਸਹਿਣੇ ਪਏ ਹੋਣ ਤੇ ਉਹ ਕਿੱਡੀ ਵੀ ਵੱਡੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇਕਰ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਹਰ ਤਰ੍ਹਾਂ ਦੀਆਂ ਮੁਸ਼ਕਲਾਂ ਤੇ ਪਰੇਸ਼ਾਨੀਆਂ 'ਤੇ ਜਿੱਤ ਹਾਸਲ ਕਰ ਸਕਦਾ ਹੈ। ਜੋ ਜੀਵਨ-ਦੌੜ ਬਾਬਾ ਫੌਜਾ ਸਿੰਘ ਨੇ ਦੌੜੀ ਉਹ ਆਉਂਦੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਬਣੀ ਰਹੇਗੀ। ਪਹਿਲੀ ਬਰਸੀ 'ਤੇ ਬਾਬੇ ਦੀ ਨੇਕ ਰੂਹ ਨੂੰ ਫਤਿਹ, ਪ੍ਰਣਾਮ, ਸਲਾਮ ਤੇ ਗੁੱਡ ਬਾਏ!

*principalsarwansingh@gmail.com*

# • ਪੰਜਾਬੀ ਫ਼ਿਲਮ ਦਰਪਣ •

## ਪਰਮਜੀਤ ਖਾਲੜਾ ਦਾ ਕਿਰਦਾਰ ਚੇਲਿੰਜ ਸੀ ਗੀਤਿਕਾ ਵਿਦਿਆ



ਅੱਜ ਕਲ ਹਰ ਪੰਜਾਬ ਦੇ ਘਰ ਪਹੁੰਚੀ ਤੇ ਪਿੰਡਾਂ ਵਿੱਚ ਵੱਡੀਆਂ ਸਕਰੀਨ ਲਾ ਕਿ ਦਿਖਾਈ ਜਾ ਰਹੀ ਫਿਲਮ "ਸਤਲੁਜ" ਚ ਜਸਵੰਤ ਸਿੰਘ ਖਾਲੜਾ ਸ਼ਹੀਦ ਦੀ ਪਤਨੀ ਪਰਮਜੀਤ ਕੌਰ ਦਾ ਕਿਰਦਾਰ ਹਰਿਆਣੇ ਦੀ ਗੀਤਿਕਾ ਵਿਦਿਆ ਓਲ੍ਹਨ ਨੇ ਅਦਾ ਕੀਤਾ ਹੈ। ਗੰਭੀਰ ਨਜ਼ਰ ਆਈ ਗੀਤ ਨੇ ਕਿਹਾ ਕਿ ਐਨੀ ਫਿਲਮ ਓ ਟੀ ਤੇ ਬੇਨ ਹੋਣ ਤੇ ਵੀ ਚਲੇਗੀ ਸੋਚਿਆ ਨਹੀ ਸੀ ਤੇ ਵਿਦਿਆ ਨੇ ਕਿਹਾ ਕਿਸੇ ਮਨੁੱਖੀ ਅਧਿਕਾਰਾਂ ਦੇ ਨਾਇਕ ਖਾਲੜਾ ਦੀ ਪਤਨੀ ਪਰਮਜੀਤ ਦਾ ਕਿਰਦਾਰ ਕਰਨਾ ਓਹਨਾਂ ਲਈ ਭਾਗਸ਼ਾਲੀ ਯਾਦ ਹੈ। ਇਸ ਫਿਲਮ ਲਈ ਓਸ ਦਿਲਜੀਤ ਦੋਸਾਂਝ ਦੇ ਸਹਯੋਗ ਤੇ ਹਨੀ ਤਰੇਹਨ ਨਿਰਦੇਸ਼ਕ ਦੀ ਗੱਲ ਕੀਤੀ। ਆਓ ਵਿਦਿਆ ਓਲ੍ਹਨ ਦਾ ਧੰਨਵਾਦ ਕਰੀਏ ਜਿਸ ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਦਾ ਕਿਰਦਾਰ ਬਾਖੂਬ ਅਦਾ ਕੀਤਾ ਹੈ। ਐਸੇ ਕਿਰਦਾਰ ਸਦਾ ਇਤਿਹਾਸਕ ਬਣਦੇ ਹਨ ਤੇ ਗੀਤਿਕਾ ਅਨੁਸਾਰ ਓਸ ਨੂੰ ਸਦਾ "ਸਤਲੁਜ" ਯਾਦ ਰਹੇਗੀ।

## ਰਣਬੀਰ ਰੰਧਾਵਾ ਤੇ ਨਸੀਬ ਫ਼ਿਲਮਜ਼ ਦਾ ਸਿਮਰਨ ਐਸ ਸ਼ਨੀ




ਨਸੀਬ ਫ਼ਿਲਮਜ਼ ਐਂਟਰਟੇਨਮੈਂਟ ਸਰਗਰਮ ਹੋ ਗਈ ਹੈ ਤੇ ਪਿਛਲੇ ਦਿਨੀਂ ਸਾਡੇ ਵੱਲੋਂ ਦਿੱਤੀਆਂ ਖਬਰਾਂ ਸਹੀ ਨਿੱਕਲੀਆਂ ਨੇ ਕਿ ਨਸੀਬ ਫ਼ਿਲਮਜ਼ ਐਂਟਰਟੇਨਮੈਂਟ ਦੇ ਅੱਛੇ ਦਿਨ ਆਉਣ ਵਾਲੇ ਨੇ ਤੇ ਹੁਣ ਇਹ ਪ੍ਰੋਡਕਸ਼ਨ "ਸ਼ਨੀ" ਲਿਆ ਰਹੀ ਹੈ। ਇਸ ਨੂੰ ਬ੍ਰਿਟਿਸ਼ ਪੰਜਾਬੀ ਮਿਊਜ਼ਿਕ ਵਾਲੇ ਪੇਸ਼ ਕਰ ਰਹੇ ਨੇ ਤੇ ਚੰਦ ਦਿਨਾਂ ਵਿੱਚ "ਸ਼ਨੀ" ਬਾਬਤ ਫੁੱਲ ਜਾਣਕਾਰੀ ਮਿਲੇਗੀ। ਰਣਬੀਰ ਰੰਧਾਵਾ ਇਸ ਦੇ ਨਿਰਦੇਸ਼ਕ ਹਨ ਜਦ ਕਿ ਇਸ ਗੀਤ ਨੂੰ ਸਿਮਰਨ ਐਸ ਨੇ ਗਾਇਆ ਏ ਤੇ ਤਰਜ਼ ਵੀ ਓਸ ਦੀ ਆਪਣੀ ਹੈ। ਮਿਊਜ਼ਿਕ ਵੀ ਸਿੰਘ ਦਾ ਹੈ ਤੇ ਕਹਾਣੀ ਸਾਬੀ ਅਟਵਾਲ ਦੀ ਹੈ। ਸਤਨਾਮ ਸਿੰਘ ਸੰਧੂ ਇਸ ਪ੍ਰੋਜੈਕਟ ਦੇ ਨਿਰਮਾਤਾ ਹਨ। ਇਸ ਦੇ ਡੀ ਓ ਪੀ ਅਨਮੋਲ ਹੁੰਦਲ ਹਨ। ਸਿਮਰਨ ਐਸ ਤੇ ਨਸੀਬ ਰੰਧਾਵਾ ਦੇ ਨਾਲ ਰਣਬੀਰ ਰੰਧਾਵਾ ਤੇ ਸਤਨਾਮ ਸਿੰਘ ਸੰਧੂ ਦੀ ਟੀਮ ਨੂੰ "ਸ਼ਨੀ" ਦੇ ਬਿਹਤਰ ਸਾਬਿਤ ਹੋਣ ਲਈ ਸ਼ੁਭ ਕਾਮਨਾਵਾਂ। ਰਣਬੀਰ ਰੰਧਾਵਾ ਲਈ ਇਹ ਇੱਕ ਓਹ ਪ੍ਰੋਜੈਕਟ ਹੋਊ ਜਿਸ ਨਾਲ ਓਸ ਦੀ ਗੱਲਬਾਤ ਬਾਲੀਵੁੱਡ ਚ ਖੂਬ ਹੋਏਗੀ।

## ਕਾਮਯਾਬੀ ਤਾਂ ਮਿਲਣੀ ਹੀ ਹੈ ਲਾਡੀ ਢਿੱਲੋਂ



ਚਲੋ ਕੁੱਝ ਵੀ ਹੋਏ ਕੋਈ ਲਾਡੀ ਢਿੱਲੋਂ ਦੇ ਲਾਰਿਆਂ ਤੇ ਕੁਆਰੇ ਬੰਦੇ ਦੀ ਤਰਾਂ ਸਾਲ ਲੰਘਾ ਗਿਆ ਹੋਏ ਪਰ ਫਿਰ ਵੀ ਕਹਿਣਾ ਪਏਗਾ ਕਿ ਲਾਡੀ ਢਿੱਲੋਂ ਵੀਡੀਓ ਨਿਰਦੇਸ਼ਕ ਬਣ ਸ਼ੋਰਟ ਫ਼ਿਲਮ ਖੇਤਰ ਵਿੱਚ ਵੀ ਤੇਜ਼ੀ ਨਾਲ ਉੱਭਰ ਸਾਹਵੇਂ ਆਇਆ ਹੈ ਮਾਡਲ ਐਕਟ੍ਰੈਸ ਪ੍ਰਿਅੰਕਾ ਆਖੇ ਕਿ ਲਾਡੀ ਢਿੱਲੋਂ ਤਕਰੀਬਨ ਫਿਲਮ ਲਾਈਨ ਵਿੱਚ ਆਪਣੀ ਮੰਜ਼ਿਲ ਵੱਲ ਹਨ ਤੇ ਛੇਤੀ ਓਹ ਕੋਈ ਖੁਸ਼ਖਬਰੀ ਦੇਣਗੇ ਜਦ ਕਿ ਮੜਕ ਨਾਲ ਚਲਦੀ ਮਾਡਲ ਨਮਰਤਾ ਨੇ ਵੀ ਕਿਹਾ ਕਿ ਮੰਜ਼ਿਲ ਦੇ ਬਹੁਤ ਨਜ਼ਦੀਕ ਨੇ ਲਾਡੀ ਢਿੱਲੋਂ ਜੀ ਤੇ ਪਾਲੀਵੁੱਡ ਚ ਓਹ ਵੀ ਸਿਮਰਨਜੀਤ ਹੁੰਦਲ, ਸਿਮਰਜੀਤ ਸਿੰਘ, ਅਮਰਜੀਤ ਸਿੰਘ ਸਾਰੋ, ਪੰਕਜ ਬੱਤਰਾ ਦੀ ਤਰਾਂ ਸਥਾਪਿਤ ਹੋਣ ਵਾਲੇ ਹਨ। ਪ੍ਰਿਯੰਕਾ ਤੇ ਨਮਰਤਾ ਮੂੰਹ ਖੰਡ ਸ਼ੱਕਰ ਲਾਡੀ ਢਿੱਲੋਂ ਮੰਜ਼ਿਲ ਵਾਅਜਾਂ ਮਾਰੇ। ਲਾਡੀ ਆਖਦੇ ਨੇ ਕਿ ਆਖਿਰ ਕਾਮਯਾਬੀ ਇੱਕ ਰੋਜ਼ ਓਹਨਾਂ ਕੋਲ ਆਉਣੀ ਹੀ ਹੈ ਬਸ ਇਹ ਹੈ ਕਿ ਦੇਰ ਹੈ ਅੰਧੇਰ ਨਹੀਂ।

## ਬਲਜੀਤ ਮਚਰਾਵਾਂ ਦੱਸੇ ਨਰਿੰਦਰ ਮਾਵੀ ਦੀਆਂ ਇੰਸਟਾਗ੍ਰਾਮ ਤੇ ਸਹੇਲੀਆਂ

ਦਿਨ ਜਦ ਸਿੱਧੇ ਹੁੰਦੇ ਨੇ ਤਦ ਪੁੱਠੀਆਂ ਸਿੱਧੀਆਂ ਹੋਣ ਤੇ ਬਲਜੀਤ ਮਚਰਾਵਾਂ ਦੇ ਅੱਜ ਕਲ ਗੀਤ ਤੇ ਗੀਤ ਆ ਰਹੇ ਨੇ ਤੇ ਇਹ ਗੀਤ ਆ ਕਿ ਹਿੱਟ ਹੋ ਰਹੇ ਹਨ। ਨਰਿੰਦਰ ਮਾਵੀ ਦਾ ਪੰਜਾਬੀ ਗਾਇਕਾ ਬਣ ਨਾਮ ਰਿਹਾ ਤੇ ਅੱਜ ਕਲ ਓਹ ਵਿਆਹ ਕਰਵਾ ਪ੍ਰਦੇਸ ਹੈ ਤੇ ਓਥੋਂ ਓਹ ਟਰੈਕ ਕਰਵਾ ਲੋਕਾਂ ਚ ਫ਼ੇਰ ਆਪਣੇ ਨਾਮ ਤੇ ਗਾਇਕੀ ਦਾ ਅਹਿਸਾਸ ਕਰਵਾ ਰਹੀ ਹੈ। ਆਪਣੇ ਹੀ




ਚੈਨਲ ਤੇ ਆਪ ਨੂੰ ਪੇਸ਼ ਓਹ ਕਰਨ ਜਾ ਰਹੀ ਹੈ ਤੇ ਨਰਿੰਦਰ ਮਾਵੀ ਦੇ ਨਵੇਂ ਆ ਰਹੇ ਗਾਣੇ ਦਾ ਪੋਸਟਰ ਆ ਗਿਆ ਹੈ। ਇਸ ਅਨੁਸਾਰ ਨਰਿੰਦਰ ਮਾਵੀ ਦੇ ਟਰੈਕ ਦਾ ਨਾਮ "ਇੰਸਟਾਗ੍ਰਾਮ ਤੇ ਸਹੇਲੀਆਂ" ਹਨ। ਬਲਜੀਤ ਦੇ ਲਿਖਤ ਖੂਬਸੂਰਤ ਨਗਮੇ ਨੂੰ ਰਹਿਮਤ ਬੀਟ ਦੇ ਸੰਗੀਤ ਦੀ ਰਹਿਮਤ ਨਸੀਬ ਹੋਈ ਹੈ ਤੇ ਬਾਕੀ ਕੋਈ ਕਸਰ ਨਾ ਰਹੇ ਮਣੀ ਕਾਕੋਵਾਲ ਨੇ ਨਰਿੰਦਰ ਮਾਵੀ ਦੇ ਇਸ ਨਵੇਂ ਗੀਤ ਦਾ ਵੀਡੀਓ ਵੀ ਅੱਤੀ ਉੱਤਮ ਬਣਾ ਕਿ ਦਿੱਤਾ ਹੈ। ਰਜਿੰਦਰ ਅਜ਼ਾਦ ਜਿਹੜੇ ਡੀ ਓ ਪੀ ਵੀਡੀਓ ਨੇ ਬੋਲੇ ਕਿ ਨਰਿੰਦਰ ਮਾਵੀ ਮੁੜ ਲੋਕਾਂ ਚ ਆਪਣਾ ਨਾਂਅ ਮਜ਼ਬੂਤ "ਇੰਸਟਾਗ੍ਰਾਮ ਤੇ ਸਹੇਲੀਆਂ" ਨਾਲ ਬਣਾਉਣ ਵਾਲੀ ਹੈ ਤੇ ਸਿਹਰਾ ਗੀਤਕਾਰ ਬਲਜੀਤ ਮਚਰਾਵਾਂ ਨੂੰ ਮਿਲੇਗਾ।

## ਪਾਲੀਵੁੱਡ ਦੇ ਬਾਅਦ ਬਾਲੀਵੁੱਡ ਰੋਮੀ ਸਿੰਘ



ਰੋਮੀ ਸਿੰਘ ਸੰਗੀਤ ਨਗਰ ਦਾ ਲੋਕ ਪ੍ਰਿਯ ਮਿਊਜ਼ਿਕ ਡਾਇਰੈਕਟਰ ਹੈ ਤੇ ਓਹਨਾਂ ਦੇ ਬਹੁਤ ਸਾਰੇ ਸੰਗੀਤ ਬਧ ਕੀਤੇ ਗਾਣੇ ਜੁਬਾਨ ਤੇ ਚੜੇ ਹਨ।ਵੱਡੀ ਗੱਲ ਇਹ ਹੈ ਕਿ ਰੋਮੀ ਸਿੰਘ ਪੰਜਾਬੀ ਫ਼ਿਲਮ ਨਗਰ ਦੇ ਚਰਚਿਤ ਮਿਊਜ਼ਿਕ ਡਾਇਰੈਕਟਰ ਹਨ। ਰੋਮੀ ਨੇ "ਗੁਰਮੁਖ" ਫਿਲਮ ਆਪਣੇ ਸੰਗੀਤ ਨਾਲ ਸਜਾਈ ਤੇ ਇਸ ਵੇਲੇ ਦੋ ਨਵੀਆਂ ਮੂਵੀਜ਼ ਦੇ ਨਾਲ "ਪਿਉ ਨਾਲ ਸਰਦਾਰੀ" ਦਾ ਸੰਗੀਤ ਓਹ ਦੇ ਰਹੇ ਹਨ। "ਰੰਗ ਰੱਤਾ" ਦਾ ਸੰਗੀਤ ਵੀ ਓਹਨਾਂ ਦਿੱਤਾ ਤੇ ਓਹ ਆਖਦੇ ਨੇ ਕਿ ਆਮ ਗੀਤ ਤੇ ਫ਼ਿਲਮੀ ਗੀਤਾਂ ਵਿੱਚ ਬਹੁਤ ਅੰਤਰ ਹੈ। ਪਿੱਠਵਰਤੀ ਆਵਾਜ਼ ਦੇ ਅਨੁਕੂਲ ਮਿਊਜ਼ਿਕ ਦੇਣਾ ਹੁੰਦਾ ਹੈ ਤੇ ਨਿਰਮਾਤਾ ਨਿਰਦੇਸ਼ਕ ਚਾਹੁੰਦੇ ਹਨ ਕਿ ਓਹਨਾਂ ਦਾ ਹਰ ਗਾਣਾ ਆਲਾ ਮਿਠਾਸ ਵਾਲਾ ਬਣੇ ਤਾਂ ਕਿ ਫਿਲਮ ਘੱਟ ਤੋਂ ਘੱਟ ਸੰਗੀਤ ਸਿਰ ਤੇ ਵੀ ਨਾਂਅ ਕਮਾਏ। ਰੋਮੀ ਸਿੰਘ ਆ ਰਹੇ ਵਕਤ ਵਿੱਚ ਜਤਿੰਦਰ ਸ਼ਾਹ, ਸੁਰਿੰਦਰ ਕੋਹਲੀ , ਐਸ ਮਦਨ ਦੀ ਤਰਾਂ ਸਟਾਰ ਫਿਲਮ ਮਿਊਜ਼ਿਕ ਡਾਇਰੈਕਟਰ ਹੋਣਗੇ। ਰੋਮੀ ਸਿੰਘ ਦਾ ਕੰਮ ਤੇ ਸੁਭਾਅ ਓਸ ਦੀ ਕਾਮਯਾਬੀ ਦੇ ਹੋਰ ਰਾਜ ਹਨ।

## ਹਿੰਦੀ ਵੈੱਬ ਸੀਰੀਜ਼ "ਪ੍ਰਤੀਸ਼ੋਧ" ਨਾਲ ਛਾ ਗਏ ਰਾਜਨ ਭਰਾਨੀ

ਰਾਜਨ ਭਰਾਨੀ ਦਾ ਨਿਰਦੇਸ਼ਕ ਵਜੋਂ ਕੰਮ ਜ਼ਾਰੀ ਹੈ ਤੇ ਗੋਲਡਨ ਅਰਾ ਫ਼ਿਲਮਜ਼ ਲਈ ਓਹਨਾਂ ਦੀ ਵੈੱਬ ਹਿੰਦੀ ਸੀਰੀਜ਼ ਦਾ ਪਾਰਟ ਪਹਿਲਾ ਸਫਲ ਰਿਹਾ ਹੈ। ਬਾਲੀਵੁੱਡ ਟਾਈਪ ਹਿੰਦੀ ਵੈੱਬ ਸੀਰੀਜ਼ ਦਾ ਦੂਜਾ ਪਾਰਟ ਸ਼ੂਟ ਕਰ ਲਿਆ ਹੈ। ਗੋਲਡਨ ਇਰਾ ਫ਼ਿਲਮਜ਼ ਨਿਰਮਾਣ ਭਵਿੱਖ ਵਿੱਚ ਵੈੱਬ ਸੀਰੀਜ਼ ਤੇ ਫ਼ਿਲਮਾਂ ਤਿਆਰ ਕਰ ਲੋਕ ਪ੍ਰਿਯ ਬੈਨਰ ਹੋਊ ਸਟੀਵਨ ਕੰਡਾ ਦੀ ਲਿਖੀ ਕਹਾਣੀ ਤੇ ਰਾਜਨ ਨੇ ਦੂਜਾ ਪਾਰਟ ਅੱਤੀ ਆਧੁਨਿਕ ਬਣਾ ਬਣਾ ਕਿ ਵੈੱਬ ਸੀਰੀਜ਼ "ਪ੍ਰਤਿਸ਼ੋਧ" ਹਿੱਟ ਕਰਨੀ ਹੈ। ਚੰਦਨ ਮਹਿਰਾ ਇਸ ਦੇ ਡੀ ਓ ਪੀ ਹਨ ਤੇ ਓਹਨਾਂ ਸੰਪਾਦਨ ਤੇ ਡੀ ਆਈ ਵੀ ਪਿਆਰੀ ਕਰ "ਪ੍ਰਤੀਸ਼ੋਧ" ਨੂੰ ਸ਼ਾਨਦਾਰ ਵੈੱਬ ਸੀਰੀਜ਼ ਬਣਾਇਆ ਹੈ। ਇਸ ਦੇ ਬਾਕੀ ਭਾਗ ਵੀ ਜਜ਼ਬਾਤੀ ਤੇ ਸਸਪੈਂਸ ਵਾਲੇ ਬਣਨਗੇ। ਚੰਦਨ ਮਹਿਰਾ ਤੇ ਮਿਸ ਸੋਨਾ ਧਰਮ ਹੇਮਾ ਮਾਲਿਨੀ ਲੱਗਣ। ਸੁਖਜੀਤ ਕੌਰ ਹਿੱਟ ਹੈ, ਬੇਬੀ ਐਵਲਿਨ, ਮਨਦੀਪ ਸਿੰਘ, ਸਟੀਵਨ ਕੰਡਾ ਸ਼ਾਬਾਸ਼ ਟੌਪ ਐਕਟਿੰਗ। ਰਾਜਨ ਦੀ ਇਹ ਹਿੰਦੀ ਵੈੱਬ ਲੜੀ ਹਿੱਟ ਸੁਪਰ ਹਿੱਟ। ਇਸ ਤਰਾਂ ਰਾਜਨ ਭਰਾਨੀ ਵੈੱਬ ਬਜ਼ਾਰ ਓਹ ਵੀ ਹਿੰਦੀ ਦਾ ਬੱਲੇ ਬੱਲੇ।

-ਅੰਮ੍ਰਿਤ ਪਵਾਰ

